ਬੁੱਧਵਾਰ, 7 ਜੂਨ, 2023
24 ਜੇਠ { ਨਾਨਕਸ਼ਾਹੀ 555 / ਬਿਕਰਮੀ 2080
ਜਿਲਦ/VOL. : 72
ਅੰਕ/NO. : 6

# ਨਵਾਂ ਜ਼ਮਾਨਾ

DAILY NAWAN ZAMANA • WEDNESDAY, 7 JUNE, 2023 ਜਲੰਧਰ

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ
ਪੁੱਛ-ਗਿੱਛ (ਰਿਸੈਪਸ਼ਨ) 0181-5097300
ਇਸ਼ਤਿਹਾਰ ਵਿਭਾਗ 0181-5097302
ਸਾਹਿਤ ਸੰਪਾਦਕ (ਐਤਵਾਰਤਾ) 0181-5097305
ਕੰਪਿਊਟਰ ਰੂਮ 0181-5097310
ਵੈੱਬ ਟੀ ਵੀ 0181-5133160

YouTube nawan zamana TV

ਕੀਮਤ/PRICE : 5.00 ਰੁਪਏ   Regd. No : Pb/JL-123/2021-23, (R.N.I.)-00068/57   E-mail : nawanzamana@gmail.com   www.nawanzamana.in   ਸਫ਼ੇ : 12

## ਬੋਤਲਾਂ ਵੱਲ ਭੱਜੇ



**ਹੈਦਰਾਬਾਦ :** ਆਂਧਰਾ ਦੇ ਅਨਕਾਪੱਲੀ ਜ਼ਿਲ੍ਹੇ 'ਚ ਬੀਅਰ ਦੀਆਂ ਬੋਤਲਾਂ ਨਾਲ ਭਰਿਆ ਟਰੱਕ ਪਲਟਣ ਤੋਂ ਬਾਅਦ ਲੋਕਾਂ ਨੇ ਬੋਤਲਾਂ ਚੋਰੀ ਕਰ ਲਈਆਂ। ਬੀਅਰ ਦੀਆਂ ਬੋਤਲਾਂ ਦੇ 200 ਡੱਬਿਆਂ ਨਾਲ ਭਰਿਆ ਟਰੱਕ ਉਲਟਣ ਬਾਅਦ ਲੋਕਾਂ ਨੇ ਜ਼ਖ਼ਮੀ ਡਰਾਈਵਰ ਤੇ ਕਲੀਨਰ ਦੀ ਮਦਦ ਕਰਨ ਦੀ ਥਾਂ ਬੋਤਲਾਂ ਚੋਰੀ ਕਰਨੀਆਂ ਸ਼ੁਰੂ ਕਰ ਦਿੱਤੀਆਂ।

## ਬ੍ਰਿਜ ਭੂਸ਼ਣ ਦੇ ਕਾਰਿੰਦਿਆਂ ਦੇ ਬਿਆਨ ਦਰਜ

**ਨਵੀਂ ਦਿੱਲੀ :** ਦਿੱਲੀ ਪੁਲਸ ਨੇ ਭਾਰਤੀ ਕੁਸ਼ਤੀ ਫੈਡਰੇਸ਼ਨ ਦੇ ਪ੍ਰਧਾਨ ਬ੍ਰਿਜ ਭੂਸ਼ਣ ਸ਼ਰਣ ਸਿੰਘ 'ਤੇ ਲੱਗੇ ਜਿਨਸੀ ਸ਼ੋਸ਼ਣ ਦੇ ਦੋਸ਼ਾਂ ਦੀ ਜਾਂਚ ਦੇ ਸੰਬੰਧ 'ਚ ਉੱਤਰ ਪ੍ਰਦੇਸ਼ ਦੇ ਗੋਂਡਾ ਸਥਿਤ ਉਸ ਦੇ ਘਰ 'ਚ ਕੰਮ ਕਰਨ ਵਾਲਿਆਂ ਦੇ ਬਿਆਨ ਦਰਜ ਕੀਤੇ ਹਨ। ਨਾਬਾਲਗ ਭਲਵਾਨ ਕੁੜੀ ਦੇ ਬਿਆਨਾਂ ਦੇ ਆਧਾਰ 'ਤੇ ਉਸ ਖਿਲਾਫ ਪ੍ਰੋਟੈਕਸ਼ਨ ਆਫ ਚਿਲਡਰਨ ਫਰਾਮ ਸੈਕਸੂਅਲ ਐਕਸਪਲੋਇਟੇਸ਼ਨ (ਪੋਕਸੋ) ਐਕਟ ਤਹਿਤ ਕੇਸ ਦਰਜ ਕੀਤਾ ਗਿਆ ਸੀ।

## 215 ਸਿੱਖ ਸ਼ਰਧਾਲੂਆਂ ਨੂੰ ਵੀਜ਼ੇ

**ਨਵੀਂ ਦਿੱਲੀ :** ਪਾਕਿਸਤਾਨੀ ਹਾਈ ਕਮਿਸ਼ਨ ਨੇ ਟਵੀਟ ਰਾਹੀਂ ਜਾਣਕਾਰੀ ਦਿੱਤੀ ਹੈ ਕਿ ਉਸ ਨੇ 8 ਤੋਂ 17 ਜੂਨ ਤੱਕ ਪਾਕਿਸਤਾਨ ਵਿਚ ਪੰਜਵੇਂ ਪਾਤਸ਼ਾਹ ਗੁਰੂ ਅਰਜਨ ਦੇਵ ਜੀ ਦੇ ਮਨਾਏ ਜਾ ਰਹੇ ਸ਼ਹੀਦੀ ਗੁਰਪੁਰਬ ਵਿਚ ਹਿੱਸਾ ਲੈਣ ਲਈ ਭਾਰਤ ਦੇ ਸਿੱਖ ਸ਼ਰਧਾਲੂਆਂ ਨੂੰ 215 ਵੀਜ਼ੇ ਜਾਰੀ ਕੀਤੇ ਹਨ।

## ਯੂਕਰੇਨ ਦਾ ਵੱਡਾ ਡੈਮ ਢਹਿ ਗਿਆ



**ਕੀਵ :** ਯੂਕਰੇਨ ਨੇ ਰੂਸੀ ਬਲਾਂ 'ਤੇ ਦੱਖਣੀ ਯੂਕਰੇਨ ਵਿਚ ਵੱਡੇ ਡੈਮ ਅਤੇ ਹਾਈਡ੍ਰੋਇਲੈਕਟ੍ਰਿਕ ਪਾਵਰ ਸਟੇਸ਼ਨ ਕਾਖੋਵਕਾ ਨੂੰ ਉਡਾਉਣ ਦਾ ਦੋਸ਼ ਲਗਾਇਆ ਅਤੇ ਨਾਇਪਰ ਨਦੀ ਦੇ ਕਿਨਾਰੇ ਦੇ ਵਸਨੀਕਾਂ ਨੂੰ ਚਿਤਾਵਨੀ ਦਿੱਤੀ ਹੈ ਕਿ ਹੇਠਲੇ ਇਲਾਕਿਆਂ ਵਿਚ ਹੜ੍ਹ ਆ ਸਕਦੇ ਹਨ ਤੇ ਉਹ ਸੁਰੱਖਿਅਤ ਸਥਾਨ 'ਤੇ ਚਲੇ ਜਾਣ। ਰੂਸ ਦੀ ਸਮਾਚਾਰ ਏਜੰਸੀ ਤਾਸ ਨੇ ਸਰਕਾਰੀ ਅਧਿਕਾਰੀ ਦੇ ਹਵਾਲੇ ਨਾਲ ਕਿਹਾ ਕਿ ਡੈਮ ਪਹਿਲਾਂ ਹੀ ਨੁਕਸਾਨਿਆ ਗਿਆ ਸੀ, ਜਿਸ ਕਾਰਨ ਇਹ ਢਹਿ ਗਿਆ।

## ਕਮਲੇ ਨੇ ਜਹਾਜ਼ 'ਚ ਬੰਬ ਦਾ ਰੌਲਾ ਪਾ ਦਿੱਤਾ

**ਕੋਲਕਾਤਾ :** ਇਥੇ ਹਵਾਈ ਅੱਡੇ 'ਤੇ ਦਹਿਸ਼ਤ ਫੈਲ ਗਈ, ਜਦੋਂ ਇਕ ਵਿਅਕਤੀ ਨੇ ਉਡਾਣ ਭਰਨ ਤੋਂ ਪਹਿਲਾਂ ਜਹਾਜ਼ 'ਚ ਬੰਬ ਹੋਣ ਦਾ ਰੌਲਾ ਪਾਉਣਾ ਸ਼ੁਰੂ ਕਰ ਦਿੱਤਾ। ਸਾਰੇ ਯਾਤਰੀਆਂ ਨੂੰ ਜਹਾਜ਼ ਤੋਂ ਉਤਾਰ ਦਿੱਤਾ ਗਿਆ। ਕਤਰ ਏਅਰਵੇਜ਼ ਦੀ ਉਡਾਣ 541 ਯਾਤਰੀਆਂ ਨਾਲ ਦੋਹਾ ਹੁੰਦੀ ਹੋਈ ਲੰਡਨ ਜਾਣੀ ਸੀ। ਮੰਗਲਵਾਰ ਤੜਕੇ 3.29 ਵਜੇ ਜਹਾਜ਼ ਉਡਾਣ ਭਰਨ ਲਈ ਤਿਆਰ ਸੀ, ਜਦੋਂ ਯਾਤਰੀ ਨੇ ਰੌਲਾ ਪਾਉਣਾ ਸ਼ੁਰੂ ਕਰ ਦਿੱਤਾ ਕਿ ਜਹਾਜ਼ 'ਚ ਬੰਬ ਹੈ। ਸਾਰੇ ਯਾਤਰੀ ਉਤਾਰ ਕੇ ਤਲਾਸ਼ੀ ਲਈ ਗਈ ਤਾਂ ਕੁੱਝ ਨਹੀਂ ਮਿਲਿਆ ਤੇ ਰੌਲਾ ਪਾਉਣ ਵਾਲੇ ਨੂੰ ਕਾਬੂ ਕਰ ਲਿਆ ਗਿਆ। ਪੁਲਸ ਨੇ ਉਸ ਵਿਅਕਤੀ ਦੇ ਪਿਤਾ ਨੂੰ ਸੱਦਿਆ, ਜਿਸ ਨੇ ਦੱਸਿਆ ਕਿ ਉਸ ਦਾ ਪੁੱਤ ਮਨੋਰੋਗੀ ਹੈ ਤੇ ਉਸ ਦਾ ਇਲਾਜ ਚੱਲ ਰਿਹਾ ਹੈ।

## ਏਸ਼ੀਆ ਕੱਪ ਕ੍ਰਿਕਟ ਟੂਰਨਾਮੈਂਟ ਬਾਰੇ ਰੋਲ-ਘਚੋਲਾ

**ਕਰਾਚੀ :** ਸ੍ਰੀਲੰਕਾ, ਬੰਗਲਾਦੇਸ਼ ਅਤੇ ਅਫਗਾਨਿਸਤਾਨ ਵੱਲੋਂ ਪ੍ਰਸਤਾਵਤ 'ਹਾਈਬ੍ਰਿਡ ਮਾਡਲ' ਨੂੰ ਰੱਦ ਕਰਨ ਤੋਂ ਬਾਅਦ ਮੇਜ਼ਬਾਨ ਪਾਕਿਸਤਾਨ ਸਤੰਬਰ 'ਚ ਹੋਣ ਵਾਲੇ ਏਸ਼ੀਆ ਕੱਪ ਕ੍ਰਿਕਟ ਟੂਰਨਾਮੈਂਟ 'ਚੋਂ ਬਾਹਰ ਹੋ ਸਕਦਾ ਹੈ। ਇਸ ਹਾਲਤ 'ਚ ਟੂਰਨਾਮੈਂਟ ਰੱਦ ਹੋ ਸਕਦਾ ਹੈ। ਪਾਕਿਸਤਾਨ ਕ੍ਰਿਕਟ ਬੋਰਡ ਦੇ ਮੁਖੀ ਨਜਮ ਸੇਠੀ ਵੱਲੋਂ ਪ੍ਰਸਤਾਵਤ ਹਾਈਬ੍ਰਿਡ ਮਾਡਲ ਅਨੁਸਾਰ ਪਾਕਿਸਤਾਨ ਨੇ ਏਸ਼ੀਆ ਕੱਪ ਦੇ ਤਿੰਨ ਜਾਂ ਚਾਰ ਮੈਚ ਘਰੇਲੂ ਮੈਦਾਨ 'ਚ ਕਰਵਾਉਣੇ ਸਨ, ਜਦੋਂ ਕਿ ਭਾਰਤ ਦੇ ਮੈਚ ਕਿਸੇ ਹੋਰ ਥਾਂ ਖੇਡੇ ਜਾ ਸਕਦੇ ਸਨ। ਸੁਰੱਖਿਆ ਚਿੰਤਾਵਾਂ ਕਾਰਨ ਭਾਰਤ ਵੱਲੋਂ ਪਾਕਿਸਤਾਨ ਦਾ ਦੌਰਾ ਕਰਨ ਤੋਂ ਇਨਕਾਰ ਕਰਨ ਤੋਂ ਬਾਅਦ ਇਹ ਵਿਚਾਰ ਪੇਸ਼ ਕੀਤਾ ਗਿਆ ਸੀ। ਹਾਲਾਂਕਿ ਹੁਣ ਇਹ ਸਪੱਸ਼ਟ ਹੋ ਗਿਆ ਹੈ ਕਿ ਸ੍ਰੀਲੰਕਾ, ਬੰਗਲਾਦੇਸ਼ ਅਤੇ ਅਫਗਾਨਿਸਤਾਨ ਨੇ ਟੂਰਨਾਮੈਂਟ ਨੂੰ ਪਾਕਿਸਤਾਨ ਤੋਂ ਬਾਹਰ ਕਰਨ ਲਈ ਭਾਰਤੀ ਕ੍ਰਿਕਟ ਬੋਰਡ ਦਾ ਸਮਰਥਨ ਕੀਤਾ ਹੈ।

# ਚਰਚਾ ਛਿੜ ਗਈ ਖੜਗੇ ਦੀ



**ਨਵੀਂ ਦਿੱਲੀ :** ਕੌਮੀ ਰਾਜਧਾਨੀ ਵਿਚ ਚਰਚਾ ਹੈ ਕਿ ਕਾਂਗਰਸ ਦਲਿਤ ਪੱਤਾ ਖੇਡਦਿਆਂ 2024 ਦੀਆਂ ਲੋਕ ਸਭਾ ਚੋਣਾਂ 'ਚ ਮੋਦੀ ਦੇ ਮੁਕਾਬਲੇ ਆਪਣੇ ਪ੍ਰਧਾਨ ਮਲਿਕਾਰਜੁਨ ਖੜਗੇ ਨੂੰ ਚਿਹਰਾ ਬਣਾਏਗੀ। ਹਾਲਾਂਕਿ ਕਾਂਗਰਸੀ ਸੂਤਰਾਂ ਨੇ ਇਸ ਚਰਚਾ ਨੂੰ ਨਿਰੀ ਕਿਆਸਅਰਾਈ ਕਰਾਰ ਦਿੱਤਾ ਹੈ। ਅਬਜ਼ਰਵਰਾਂ ਦਾ ਕਹਿਣਾ ਹੈ ਕਿ ਕਾਂਗਰਸ ਦਾ ਇਹ ਫੈਸਲਾ ਮਾਸਟਰਸਟਰੋਕ ਹੋ ਸਕਦਾ ਹੈ। ਆਪੋਜ਼ੀਸ਼ਨ ਪਾਰਟੀਆਂ ਨੂੰ ਇਕੱਠੇ ਕਰਨ ਲਈ ਯਤਨਸ਼ੀਲ ਬਿਹਾਰ ਦੇ ਮੁੱਖ ਮੰਤਰੀ ਤੇ ਜਨਤਾ ਦਲ (ਯੂਨਾਈਟਿਡ) ਦੇ ਆਗੂ ਨਿਤੀਸ਼ ਕੁਮਾਰ ਵੱਲੋਂ 12 ਜੂਨ ਨੂੰ ਆਪੋਜ਼ੀਸ਼ਨ ਪਾਰਟੀਆਂ ਦੀ ਪਟਨਾ ਵਿਚ ਸੱਦੀ ਮੀਟਿੰਗ ਸੋਮਵਾਰ ਮੁਲਤਵੀ ਕਰ ਦੇਣ ਦੇ ਐਲਾਨ ਤੋਂ ਬਾਅਦ ਆਪੋਜ਼ੀਸ਼ਨ ਦੇ ਇਕ ਹਿੱਸੇ ਵਿਚ ਸਵਾਲ ਉਠਾਇਆ ਗਿਆ ਹੈ ਕਿ ਨਿਤੀਸ਼ ਨੇ ਮੀਟਿੰਗ ਦੀ ਤਰੀਕ ਬਾਰੇ ਸਾਰੇ ਆਪੋਜ਼ੀਸ਼ਨ ਆਗੂਆਂ ਨਾਲ ਪੂਰਾ ਸਲਾਹ-ਮਸ਼ਵਰਾ ਨਹੀਂ ਕੀਤਾ। ਕਿਹਾ ਜਾ ਰਿਹਾ ਹੈ ਕਿ ਕਾਂਗਰਸ ਤੇ ਡੀ ਐੱਮ ਕੇ ਦੇ ਕਹਿਣ 'ਤੇ ਪਟਨਾ ਮੀਟਿੰਗ ਮੁਲਤਵੀ ਕੀਤੀ ਗਈ ਹੈ। ਨਿਤੀਸ਼ ਨੇ ਕਿਹਾ ਹੈ ਕਿ ਉਹ ਚਾਹੁੰਦੇ ਸਨ ਕਿ ਮੀਟਿੰਗ ਵਿਚ ਸਾਰੀਆਂ ਪਾਰਟੀਆਂ ਦੇ ਪ੍ਰਧਾਨ ਹਿੱਸਾ ਲੈਣ, ਪਰ ਕੁਝ ਪਾਰਟੀਆਂ ਦੇ ਪ੍ਰਧਾਨ ਉਸ ਦਿਨ ਹੋਰ ਕਿਤੇ ਬਿਜ਼ੀ ਹਨ, ਇਸ ਕਰਕੇ ਮੀਟਿੰਗ 22 ਜੂਨ ਤੋਂ ਬਾਅਦ ਕੀਤੀ ਜਾਵੇਗੀ। ਰਾਹੁਲ ਗਾਂਧੀ ਇਸ ਵੇਲੇ ਅਮਰੀਕਾ ਵਿਚ ਹਨ ਅਤੇ ਖੜਗੇ ਤੇ ਡੀ ਐੱਮ ਕੇ ਦੇ ਮੁਖੀ ਐੱਮ ਕੇ ਸਟਾਲਿਨ ਨੇ ਕਿਹਾ ਕਿ ਉਹ 12 ਜੂਨ ਨੂੰ ਕਿਤੇ ਹੋਰ ਥਾਂ ਬਿਜ਼ੀ ਰਹਿਣਗੇ।

ਨਿਤੀਸ਼ ਨੇ ਆਪੋਜ਼ੀਸ਼ਨ ਪਾਰਟੀਆਂ ਨੂੰ ਇਕ ਮੰਚ 'ਤੇ ਲਿਆਉਣ ਲਈ ਕਾਂਗਰਸ ਦੇ ਖੜਗੇ ਤੇ ਰਾਹੁਲ, ਆਮ ਆਦਮੀ ਪਾਰਟੀ ਦੇ ਅਰਵਿੰਦ ਕੇਜਰੀਵਾਲ, ਐੱਨ ਸੀ ਪੀ ਦੇ ਸ਼ਰਦ ਪਵਾਰ, ਟੀ ਐੱਮ ਸੀ ਦੀ ਮਮਤਾ ਬੈਨਰਜੀ ਤੇ ਖੱਬੀਆਂ ਪਾਰਟੀਆਂ ਦੇ ਆਗੂਆਂ ਨਾਲ ਮੀਟਿੰਗਾਂ ਕੀਤੀਆਂ ਸਨ। ਨਿਤੀਸ਼ ਕੁਮਾਰ ਕੁਰਮੀ (ਓ ਬੀ ਸੀ) ਹਨ, ਜਦਕਿ ਖੜਗੇ ਦਲਿਤ ਹਨ, ਹਾਲਾਂਕਿ ਖੜਗੇ ਦਲਿਤ ਆਗੂ ਵਾਂਗ ਨਹੀਂ ਵਿਚਰਦੇ। ਖੜਗੇ ਕਾਂਗਰਸ ਦੇ ਉਦੋਂ ਪ੍ਰਧਾਨ ਬਣੇ, ਜਦੋਂ ਭਾਜਪਾ ਦਲਿਤਾਂ ਨੂੰ ਆਪਣੇ ਮਗਰ ਲਾਉਣ ਲਈ ਜ਼ੋਰ ਲਾ ਰਹੀ ਸੀ। ਅਬਜ਼ਰਵਰਾਂ ਦਾ ਕਹਿਣਾ ਹੈ ਕਿ ਭਵਿੱਖ ਬਾਰੇ ਕੁਝ ਕਿਹਾ ਨਹੀਂ ਜਾ ਸਕਦਾ, ਪਰ ਖੜਗੇ ਨੂੰ ਪ੍ਰਧਾਨ ਮੰਤਰੀ ਦਾ ਚਿਹਰਾ ਬਣਾਉਣ ਦਾ ਇਸ਼ਾਰਾ ਹੀ ਕਾਂਗਰਸ ਨੂੰ ਕਾਫੀ ਫਾਇਦਾ ਪਹੁੰਚਾ ਸਕਦਾ ਹੈ।

ਖੜਗੇ ਕਰਨਾਟਕ ਅਸੰਬਲੀ ਚੋਣਾਂ ਵਿਚ ਕਾਂਗਰਸ ਦੀ ਜਿੱਤ ਤੋਂ ਬਾਅਦ ਸ਼ਕਤੀਸ਼ਾਲੀ ਹੋ ਕੇ ਉਭਰੇ ਹਨ। 80 ਸਾਲਾ ਖੜਗੇ ਪਹਿਲੇ ਗੈਰ-ਗਾਂਧੀ ਹਨ, ਜਿਹੜੇ ਕਈ ਦਹਾਕਿਆਂ ਤੋਂ ਬਾਅਦ ਕਾਂਗਰਸ ਦੇ ਪ੍ਰਧਾਨ ਬਣੇ ਹਨ। ਉਹ ਦਮੋਦਰਨ ਸੰਜੀਵਯਾ ਤੇ ਜਗਜੀਵਨ ਰਾਮ ਤੋਂ ਬਾਅਦ ਕਾਂਗਰਸ ਦੇ ਤੀਜੇ ਦਲਿਤ ਪ੍ਰਧਾਨ ਹਨ। ਕਾਂਗਰਸ ਕਰਨਾਟਕ ਤੋਂ ਬਾਅਦ ਹਿੰਦੀ ਭਾਸ਼ੀ ਮੱਧ ਪ੍ਰਦੇਸ਼, ਰਾਜਸਥਾਨ ਤੇ ਛੱਤੀਸਗੜ੍ਹ ਵੱਲ ਦੇਖ ਰਹੀ ਹੈ, ਜਿੱਥੇ ਇਸ ਸਾਲ ਦੇ ਅੰਤ ਵਿਚ ਚੋਣਾਂ ਹੋਣੀਆਂ ਹਨ। ਇਨ੍ਹਾਂ ਰਾਜਾਂ ਦੇ ਨਤੀਜੇ ਦਿਖਾਉਣਗੇ ਕਿ ਖੜਗੇ ਪਾਰਟੀ ਲਈ ਕਿੰਨੇ ਕਾਰਗਰ ਹਨ। ਕਰਨਾਟਕ ਵਿਚ ਮੁੱਖ ਮੰਤਰੀ ਦੇ ਅਹੁਦੇ ਦੇ ਕਈ ਦਾਅਵੇਦਾਰ ਸਨ, ਪਰ ਖੜਗੇ ਨੇ ਸਥਿਤੀ ਵਧੀਆ ਢੰਗ ਨਾਲ ਸੰਭਾਲੀ। ਤਿੰਨ ਹਿੰਦੀ ਭਾਸ਼ੀ ਰਾਜਾਂ ਵਿਚ ਕਾਂਗਰਸ ਵਧੀਆ ਪ੍ਰਦਰਸ਼ਨ ਕਰ ਗਈ ਤਾਂ ਖੜਗੇ ਦੇ ਇਕ ਹੋਰ ਕਲਗੀ ਲੱਗ ਜਾਵੇਗੀ।

ਭਾਰਤੀ ਮੂਲ ਦੇ ਰਿਸ਼ੀ ਸੂਨਕ ਨੂੰ 2022 ਵਿਚ 'ਚ ਬਰਤਾਨੀਆ ਦਾ ਪ੍ਰਧਾਨ ਮੰਤਰੀ ਨਿਯੁਕਤ ਕਰਨ ਦੌਰਾਨ ਭਾਜਪਾ ਤੇ ਕਾਂਗਰਸ ਵਿਚਾਲੇ ਸ਼ਬਦੀ ਜੰਗ ਦਰਮਿਆਨ ਬਸਪਾ ਪ੍ਰਧਾਨ ਮਾਇਆਵਤੀ ਨੇ ਦੋਹਾਂ ਪਾਰਟੀਆਂ 'ਤੇ ਸਵਾਲ ਚੁੱਕਿਆ ਸੀ ਕਿ ਭਾਰਤ ਵਿਚ ਦਲਿਤ ਪ੍ਰਧਾਨ ਮੰਤਰੀ ਕਿਉਂ ਨਹੀਂ ਬਣਿਆ। ਦਲਿਤ ਆਗੂ ਇਹ ਸਵਾਲ ਹਮੇਸ਼ਾ ਚੁੱਕਦੇ ਆਏ ਹਨ।

## ਸਭ ਤੋਂ ਪ੍ਰਦੂਸ਼ਤ ਸ਼ਹਿਰਾਂ 'ਚ 15 ਸਾਡੇ



**ਨਵੀਂ ਦਿੱਲੀ :** ਸਵਿਸ ਏਅਰ ਕੁਆਲਿਟੀ ਟੈਕਨਾਲੋਜੀ ਕੰਪਨੀ ਵੱਲੋਂ 2022 ਲਈ ਹਵਾ ਦੀ ਕੁਆਲਿਟੀ ਨੂੰ ਲੈ ਕੇ ਜਾਰੀ ਸਾਲਾਨਾ ਰਿਪੋਰਟ ਮੁਤਾਬਕ ਸਭ ਤੋਂ ਪ੍ਰਦੂਸ਼ਤ ਦੁਨੀਆ ਦੇ 20 ਸ਼ਹਿਰਾਂ ਵਿੱਚੋਂ 15 ਭਾਰਤ ਦੇ ਸਨ। ਸੂਚੀ ਮੁਤਾਬਕ ਪਾਕਿਸਤਾਨ ਦਾ ਲਾਹੌਰ ਸਭ ਤੋਂ ਵੱਧ ਪ੍ਰਦੂਸ਼ਤ ਸ਼ਹਿਰ ਸੀ। ਉਸ ਤੋਂ ਬਾਅਦ ਹੋਟਨ (ਚੀਨ), ਭਿਵੰਡੀ (ਭਾਰਤ), ਦਿੱਲੀ (ਭਾਰਤ), ਪੇਸ਼ਾਵਰ (ਪਾਕਿਸਤਾਨ), ਦਰਭੰਗਾ (ਭਾਰਤ), ਆਸੋਪੁਰ (ਭਾਰਤ), ਐਨਜਮੇਨਾ (ਛਾਡ), ਨਵੀਂ ਦਿੱਲੀ (ਭਾਰਤ), ਪਟਨਾ (ਭਾਰਤ), ਗਾਜ਼ੀਆਬਾਦ (ਭਾਰਤ), ਧਾਰੂਹੇੜਾ (ਭਾਰਤ), ਬਗਦਾਦ (ਇਰਾਕ), ਛਪਰਾ (ਭਾਰਤ), ਮੁਜ਼ੱਫਰਨਗਰ (ਭਾਰਤ), ਫੈਸਲਾਬਾਦ (ਪਾਕਿਸਤਾਨ), ਗ੍ਰੇਟਰ ਨੋਇਡਾ (ਭਾਰਤ), ਬਹਾਦਰਗੜ੍ਹ (ਭਾਰਤ), ਫਰੀਦਾਬਾਦ (ਭਾਰਤ) ਤੇ ਮੁਜ਼ੱਫਰਪੁਰ (ਭਾਰਤ)।

## ਮਾਨ ਵੱਲੋਂ ਕੇਂਦਰੀ ਪੂਲ 'ਚੋਂ ਵਾਧੂ ਬਿਜਲੀ ਲਈ ਕੇਂਦਰੀ ਮੰਤਰੀ ਨੂੰ ਪੱਤਰ

**ਚੰਡੀਗੜ੍ਹ (ਗੁਰਜੀਤ ਬਿੱਲਾ)**

ਝੋਨੇ ਦੇ ਸੀਜ਼ਨ ਦੌਰਾਨ ਬਿਜਲੀ ਦੀ ਮੰਗ ਵਧਣ ਦੇ ਮੱਦੇਨਜ਼ਰ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਮੰਗਲਵਾਰ ਨੂੰ ਕੇਂਦਰੀ ਬਿਜਲੀ ਮੰਤਰੀ ਆਰ ਕੇ ਸਿੰਘ ਨੂੰ ਅਪੀਲ ਕੀਤੀ ਕਿ ਭਾਰੀ ਮੰਗ ਨੂੰ ਪੂਰਾ ਕਰਨ ਲਈ ਸੂਬੇ ਨੂੰ ਕੇਂਦਰੀ ਪੂਲ ਵਿੱਚੋਂ ਵਾਧੂ ਬਿਜਲੀ ਮੁਹੱਈਆ ਕੀਤੀ ਜਾਵੇ।

ਕੇਂਦਰੀ ਬਿਜਲੀ ਮੰਤਰੀ ਨੂੰ ਲਿਖੀ ਚਿੱਠੀ ਵਿੱਚ ਭਗਵੰਤ ਮਾਨ ਨੇ ਆਗਾਮੀ ਝੋਨੇ ਦੇ ਸੀਜ਼ਨ ਦੇ ਮੱਦੇਨਜ਼ਰ ਬਿਜਲੀ ਦੀ ਭਾਰੀ ਲੋੜ ਹੋਣ ਦਾ ਮੁੱਦਾ ਚੁੱਕਿਆ। ਮੁੱਖ ਮੰਤਰੀ ਨੇ ਕਿਹਾ ਕਿ ਪੰਜਾਬ ਦੇ ਕਿਸਾਨਾਂ ਨੂੰ ਨਿਰਵਿਘਨ ਬਿਜਲੀ ਦੀ ਸਪਲਾਈ ਮੁਹੱਈਆ ਕਰਨ ਲਈ ਪੰਜਾਬ ਰਾਜ ਪਾਵਰ ਕਾਰਪੋਰੇਸ਼ਨ ਲਿਮਟਿਡ (ਪੀ ਐੱਸ ਪੀ ਸੀ ਐੱਲ) ਲਗਾਤਾਰ 'ਪੁਸ਼ਪ ਪੋਰਟਲ' ਉਤੇ ਬਿਜਲੀ ਦੀ ਉਪਲਬਧਤਾ ਉਤੇ ਨਜ਼ਰ ਰੱਖ ਰਿਹਾ ਹੈ। ਉਨ੍ਹਾ ਕਿਹਾ ਕਿ ਪਤਾ ਲੱਗਿਆ ਹੈ ਕਿ ਹਾਲ ਦੀ ਘੜੀ ਇਸ ਪੋਰਟਲ ਉਤੇ ਬਿਜਲੀ ਦੀ ਉਪਲੱਬਧਤਾ ਅਨਿਸਚਤ ਹੈ ਅਤੇ ਇੱਥੇ ਸਿਰਫ਼ ਥੋੜ੍ਹੇ ਸਮੇਂ ਜਾਂ ਰੋਜ਼ਾਨਾ ਦੇ ਆਧਾਰ ਉਤੇ ਹੀ ਬਿਜਲੀ ਉਪਲੱਬਧ ਹੈ।

ਮੁੱਖ ਮੰਤਰੀ ਨੇ ਕਿਹਾ ਕਿ ਬਿਜਲੀ ਵਟਾਂਦਰੇ ਦੀ ਸਾਂਝੀ ਤਬਾਦਲਾ ਸ਼੍ਰੇਣੀ ਰਾਹੀਂ ਬਿਜਲੀ ਦੀ ਪੂਰਤੀ ਦੀ ਭਰੋਸੇਯੋਗਤਾ ਨਾ ਹੋਣ ਕਾਰਨ ਸੂਬੇ ਨੂੰ 15 ਜੂਨ ਤੋਂ 15 ਅਕਤੂਬਰ ਤੱਕ ਦੇ ਸਮੇਂ ਲਈ ਰੋਜ਼ਾਨਾ 24 ਘੰਟੇ ਇਕ ਹਜ਼ਾਰ ਮੈਗਾਵਾਟ ਦੀ ਬਿਜਲੀ ਸਪਲਾਈ ਦੀ ਲੋੜ ਹੈ। ਉਨ੍ਹਾ ਕਿਹਾ ਕਿ ਭਾਰਤੀ ਮੌਸਮ ਵਿਭਾਗ (ਆਈ ਐੱਮ ਡੀ) ਵੱਲੋਂ ਹਾਲ ਹੀ ਵਿੱਚ ਪੰਜਾਬ ਸਣੇ ਪੂਰੇ ਉੱਤਰ-ਪੱਛਮ ਭਾਰਤ ਵਿੱਚ ਘੱਟ ਬਰਸਾਤ ਹੋਣ ਦੀ ਭਵਿੱਖਬਾਣੀ ਨੂੰ ਦੇਖਦਿਆਂ ਵਾਧੂ ਬਿਜਲੀ ਦੀ ਲੋੜ ਹੋਰ ਵਧ ਜਾਂਦੀ ਹੈ। ਮਾਨ ਨੇ ਕਿਹਾ ਕਿ ਖੁਰਾਕ ਸੁਰੱਖਿਆ ਬਾਰੇ ਕੌਮੀ ਹਿੱਤਾਂ ਨੂੰ ਧਿਆਨ ਵਿੱਚ ਰੱਖਦਿਆਂ ਝੋਨੇ ਦੀ ਫ਼ਸਲ ਦੀ ਸੁਚਾਰੂ ਤੇ ਬਿਨਾਂ ਕਿਸੇ ਅੜਿੱਕੇ ਤੋਂ ਕਾਸ਼ਤ ਨੂੰ ਲਾਜ਼ਮੀ ਤੌਰ ਉਤੇ ● ਬਾਕੀ ਸਫ਼ਾ 2 'ਤੇ

## ਪ੍ਰਿੰਸ ਹੈਰੀ ਗਵਾਹੀ ਦੇਣ ਪੁੱਜਾ

**ਲੰਡਨ :** ਬਰਤਾਨੀਆ ਦੇ ਪ੍ਰਿੰਸ ਹੈਰੀ 'ਮਿਰਰ ਗਰੁੱਪ ਨਿਊਜ਼ ਪੇਪਰਜ਼' ਦੇ ਪੱਤਰਕਾਰਾਂ ਵੱਲੋਂ ਕਥਿਤ ਗੈਰ-ਕਾਨੂੰਨੀ ਢੰਗ ਨਾਲ ਜਾਣਕਾਰੀ ਇਕੱਠੀ ਕਰਨ ਅਤੇ ਫੋਨ ਹੈਕ ਕਰਨ ਦੇ ਮਾਮਲੇ 'ਚ ਹਾਈ ਕੋਰਟ 'ਚ ਪੇਸ਼ ਹੋਏ। ਉਹ 100 ਸਾਲਾਂ ਤੋਂ ਵੱਧ ਸਮੇਂ 'ਚ ਕਿਸੇ ਮੁਕੱਦਮੇ 'ਚ ਗਵਾਹੀ ਦੇਣ ਲਈ ਅਦਾਲਤ 'ਚ ਪੇਸ਼ ਹੋਣ ਵਾਲੇ ਸ਼ਾਹੀ ਪਰਵਾਰ ਦੇ ਪਹਿਲੇ ਸੀਨੀਅਰ ਮੈਂਬਰ ਹਨ।

'ਡਿਊਕ ਆਫ ਸਸੈਕਸ' ਹੈਰੀ (38) ਸ਼ਾਹੀ ਪਰਵਾਰ ਛੱਡ ਕੇ ਆਪਣੀ ਪਤਨੀ ਮੇਗਨ ਅਤੇ ਦੋ ਬੱਚਿਆਂ ਆਰਚੀ ਅਤੇ ਲਿਲੀਬੇਟ ਨਾਲ ਅਮਰੀਕਾ ਰਹਿ ਰਹੇ ਹਨ। ਉਸ ਨੇ ਦੋਸ਼ ਲਾਇਆ ਹੈ ਕਿ ਮਿਰਰ ਗਰੁੱਪ ਵੱਲੋਂ ਵਰਤੇ ਗਲਤ ਤਰੀਕਿਆਂ ਨੇ ਉਨ੍ਹਾ ਦੀ ਨਿੱਜੀ ਜ਼ਿੰਦਗੀ ਨੂੰ ਪ੍ਰਭਾਵਤ ਕੀਤਾ ਹੈ।

## ਪੰਜਾਬ ਦੇਵੇਗਾ 10 ਹਜ਼ਾਰ ਨੌਕਰੀਆਂ, ਪਲੇਸਮੈਂਟ ਮੁਹਿੰਮ ਅੱਜ

**ਚੰਡੀਗੜ੍ਹ (ਗੁਰਜੀਤ ਬਿੱਲਾ)**

ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਦੀ ਵਚਨਬੱਧਤਾ ਅਨੁਸਾਰ ਸੂਬੇ ਦੇ ਨੌਜਵਾਨਾਂ ਲਈ ਵੱਧ ਤੋਂ ਵੱਧ ਰੁਜ਼ਗਾਰ ਦੇ ਮੌਕੇ ਪੈਦਾ ਕਰਨ ਲਈ ਪੰਜਾਬ ਦੇ ਰੁਜ਼ਗਾਰ ਉਤਪਤੀ, ਹੁਨਰ ਵਿਕਾਸ ਅਤੇ ਸਿਖਲਾਈ ਵਿਭਾਗ ਵੱਲੋਂ 7 ਜੂਨ (ਬੁੱਧਵਾਰ) ਨੂੰ ਸਾਰੇ ਜ਼ਿਲ੍ਹਿਆਂ ਵਿੱਚ ਪਲੇਸਮੈਂਟ ਮੁਹਿੰਮ ਵਿੱਢੀ ਜਾਵੇਗੀ।

ਰੁਜ਼ਗਾਰ ਉਤਪਤੀ, ਹੁਨਰ ਵਿਕਾਸ ਅਤੇ ਸਿਖਲਾਈ ਮੰਤਰੀ ਅਮਨ ਅਰੋੜਾ ਨੇ ਦੱਸਿਆ ਕਿ ਇਸ ਮੁਹਿੰਮ ਦੌਰਾਨ ਚਾਹਵਾਨ ਨੌਜਵਾਨਾਂ ਨੂੰ 8,000 ਰੁਪਏ ਤੋਂ ਲੈ ਕੇ 60,000 ਰੁਪਏ ਤੱਕ ਤਨਖ਼ਾਹ ਵਾਲੀਆਂ 10,000 ਤੋਂ ਵੱਧ ਨੌਕਰੀਆਂ ਦੀ ਪੇਸ਼ਕਸ਼ ਕੀਤੀ ਜਾਵੇਗੀ। ਉਨ੍ਹਾ ਕਿਹਾ ਕਿ ਇਹ ਮੁਹਿੰਮ ਇੱਕੋ ਸਮੇਂ ਸੂਬੇ ਦੇ ਸਾਰੇ ਜ਼ਿਲ੍ਹਿਆਂ ਵਿੱਚ ਚਲਾਈ ਜਾਵੇਗੀ। ਇਸ ਪਲੇਸਮੈਂਟ ਮੁਹਿੰਮ ਵਿੱਚ ਰੁਜ਼ਗਾਰ ਲਈ ਨੌਜਵਾਨਾਂ ਦੀ ਚੋਣ ਕਰਨ ਵਾਸਤੇ ਵਰਧਮਾਨ, ਸਪੋਰਟਕਿੰਗ, ਫਲਿੱਪਕਾਰਟ, ਏਅਰਟੈੱਲ ਅਤੇ ਰਿਲਾਇੰਸ ਸਮੇਤ 425 ਪ੍ਰਮੁੱਖ ਕੰਪਨੀਆਂ ਸ਼ਾਮਲ ਹੋਣਗੀਆਂ। ਇਸ ਪਲੇਸਮੈਂਟ ਮੁਹਿੰਮ ਵਿੱਚ ਪੋਸਟ ਗ੍ਰੈਜੂਏਟ, ਗ੍ਰੈਜੂਏਟ (ਤਕਨੀਕੀ/ਗ਼ੈਰ-ਤਕਨੀਕੀ), ਆਈ ਟੀ ਆਈ, ਡਿਪਲੋਮਾ ਹੋਲਡਰ, 12ਵੀਂ ਪਾਸ, ਮੈਟ੍ਰਿਕ ਪਾਸ ਨੌਜਵਾਨਾਂ ਸਮੇਤ ਉਨ੍ਹਾਂ ਨੌਜਵਾਨ ਨੂੰ ਵੀ ਨੌਕਰੀਆਂ ਪ੍ਰਾਪਤ ਕਰਨ ਦੇ ਮੌਕੇ ਦਿੱਤੇ ਜਾਣਗੇ, ਜਿਨ੍ਹਾਂ ਨੇ ਕੋਈ ਵਿਦਿਅਕ ਯੋਗਤਾ ਪ੍ਰਾਪਤ ਨਹੀਂ ਕੀਤੀ।

ਰੁਜ਼ਗਾਰ ਉਤਪਤੀ ਵਿਭਾਗ ਵੱਲੋਂ ਇਸ ਪਲੇਸਮੈਂਟ ਮੁਹਿੰਮ ਵਿੱਚ ਹਿੱਸਾ ਲੈਣ ਵਾਲੇ ਚਾਹਵਾਨ ਉਮੀਦਵਾਰਾਂ ਦੀ ਸਹੂਲਤ ਲਈ ਪੁਖ਼ਤਾ ਪ੍ਰਬੰਧ ਕੀਤੇ ਗਏ ਹਨ।

ਅਮਨ ਅਰੋੜਾ ਨੇ ਕਿਹਾ ਕਿ ਚਾਹਵਾਨ ਉਮੀਦਵਾਰ ਜੌਬ ਪੋਰਟਲ (http://www.pgrkam.com) 'ਤੇ ਲੌਗਇਨ ਕਰਕੇ ਜਾਂ ਜ਼ਿਲ੍ਹਾ ਰੁਜ਼ਗਾਰ ਅਤੇ ਉੱਦਮ ਬਿਊਰੋ ਰਾਹੀਂ ਖ਼ੁਦ ਨੂੰ ਰਜਿਸਟਰ ਕਰ ਸਕਦੇ ਹਨ ਜਾਂ ਸਿੱਧੇ ਪਲੇਸਮੈਂਟ ਡਰਾਈਵ ਵਾਲੀ ਥਾਂ 'ਤੇ ਵੀ ਆ ਸਕਦੇ ਹਨ। ਉਨ੍ਹਾਂ ਕਿਹਾ ਕਿ ਪਲੇਸਮੈਂਟ ਮੁਹਿੰਮ ਸਬੰਧੀ ਸਥਾਨਾਂ ਦੇ ਵੇਰਵੇ ਵਿਭਾਗ ਦੇ ● ਬਾਕੀ ਸਫ਼ਾ 2 'ਤੇ

## ਦੋ ਪਾਕਿਸਤਾਨੀ ਵਾਪਸ ਪਰਤਾਏ

**ਨਵੀਂ ਦਿੱਲੀ :** ਬੀ ਐੱਸ ਐੱਫ ਨੇ ਕਿਹਾ ਹੈ ਕਿ ਗਲਤੀ ਨਾਲ ਸਰਹੱਦ ਪਾਰ ਕਰਕੇ ਭਾਰਤ 'ਚ ਦਾਖਲ ਹੋਣ ਤੋਂ ਬਾਅਦ ਫੜੇ ਦੋ ਪਾਕਿਸਤਾਨੀ ਨਾਗਰਿਕਾਂ ਨੂੰ ਪਾਕਿਸਤਾਨ ਰੇਂਜਰਾਂ ਦੇ ਹਵਾਲੇ ਕਰ ਦਿੱਤਾ ਗਿਆ ਹੈ। ਸੋਮਵਾਰ ਸ਼ਬੀਬ ਖਾਨ (25) ਅਤੇ ਮੁਹੰਮਦ ਚਾਂਦ (21) ਨੂੰ ਤਰਨ ਤਾਰਨ ਜ਼ਿਲ੍ਹੇ ਦੇ ਪਿੰਡ ਨੌਸ਼ਹਿਰਾ ਢਾਲਾ ਨੇੜੇ ਗ੍ਰਿਫਤਾਰ ਕਰ ਲਿਆ ਗਿਆ ਸੀ। ਪੁੱਛ-ਪੜਤਾਲ ਦੌਰਾਨ ਇਹ ਗੱਲ ਸਾਹਮਣੇ ਆਈ ਕਿ ਦੋਵੇਂ ਅਣਜਾਣੇ ਵਿਚ ਸਰਹੱਦ ਪਾਰ ਕਰ ਗਏ ਸਨ। ਕੁਝ ਨਿੱਜੀ ਸਾਮਾਨ ਅਤੇ 1,000 ਰੁਪਏ ਦੀ ਪਾਕਿਸਤਾਨੀ ਕਰੰਸੀ ਤੋਂ ਇਲਾਵਾ ਉਨ੍ਹਾਂ ਕੋਲੋਂ ਕੁਝ ਵੀ ਇਤਰਾਜ਼ਯੋਗ ਨਹੀਂ ਮਿਲਿਆ। ਬੀ ਐੱਸ ਐੱਫ ਨੇ ਇਸ ਸੰਬੰਧੀ ਪਾਕਿਸਤਾਨ ਰੇਂਜਰਾਂ ਕੋਲ ਪਹੁੰਚ ਕੇ ਵਿਰੋਧ ਦਰਜ ਕਰਵਾਇਆ ਤੇ ਸੋਮਵਾਰ ਰਾਤ 1 ਵਜੇ ਦੇ ਕਰੀਬ ਦੋਹਾਂ ਪਾਕਿਸਤਾਨੀ ਨਾਗਰਿਕਾਂ ਨੂੰ ਪਾਕਿਸਤਾਨ ਰੇਂਜਰਜ਼ ਦੇ ਹਵਾਲੇ ਕਰ ਦਿੱਤਾ ਗਿਆ।

## ਆਰ ਐੱਸ ਚੀਮਾ ਮੁੜ ਬਣੇ ਕੌਮੀ ਪ੍ਰਧਾਨ

**ਤ੍ਰਿਵਿੰਦਰਮ (ਪਰਮਜੀਤ ਢਾਬਾਂ)**

■ ਹਰਚੰਦ ਸਿੰਘ ਬਾਠ ਨੂੰ ਇੰਟਰਨੈਸ਼ਨਲ ਐਸੋਸੀਏਸ਼ਨ ਆਫ ਡੈਮੋਕਰੇਟਿਕ ਲਾਇਰਜ਼ ਦਾ ਮੈਂਬਰ ਚੁਣਿਆ



ਦੇਸ਼ ਦੇ ਵਕੀਲਾਂ ਦੀ ਜਥੇਬੰਦੀ ਇੰਡੀਅਨ ਐਸੋਸੀਏਸ਼ਨ ਆਫ ਲਾਇਰਜ਼ ਦੀ ਨੈਸ਼ਨਲ ਕਾਨਫਰੰਸ ਕੇਰਲਾ ਦੀ ਰਾਜਧਾਨੀ ਤ੍ਰਿਵਿੰਦਰਮ ਵਿਖੇ ਸਫਲਤਾਪੂਰਵਕ ਨੇਪਰੇ ਚੜ੍ਹੀ। ਕਾਨਫਰੰਸ ਦੇ ਆਖਰੀ ਦਿਨ ਦੇਸ਼ ਭਰ ਦੇ ਵਕੀਲਾਂ ਦੀ ਨੁਮਾਇੰਦਗੀ ਕਰਨ ਲਈ ਵੱਖ-ਵੱਖ ਸੂਬਿਆਂ ਤੋਂ ਕੌਮੀ ਕਾਰਜਕਾਰਨੀ ਅਤੇ ਕੌਮੀ ਕੌਂਸਲ ਮੈਂਬਰ ਚੁਣੇ ਗਏ। ਚੁਣੀ ਗਈ ਕੌਮੀ ਕਾਰਜਕਾਰਨੀ ਵੱਲੋਂ ਸੀਨੀਅਰ ਐਡਵੋਕੇਟ ਆਰ ਐੱਸ ਚੀਮਾ ਨੂੰ ਐਸੋਸੀਏਸ਼ਨ ਦਾ ਮੁੜ ਪ੍ਰਧਾਨ ਚੁਣਨ ਲਈ ਨਾਂਅ ਪੇਸ਼ ਕੀਤਾ ਗਿਆ, ਜਿਸ ਨੂੰ ਸਮੂਹ ਡੈਲੀਗੇਟਾਂ ਵੱਲੋਂ ਸਰਬਸੰਮਤੀ ਨਾਲ ਪਾਸ ਕੀਤਾ ਗਿਆ। ਇਸੇ ਤਰ੍ਹਾਂ ਮੁਰਲੀਧਰਨ ਨੂੰ ਸਰਬਸੰਮਤੀ ਨਾਲ ਕੌਮੀ ਜਨਰਲ ਸਕੱਤਰ ਚੁਣਿਆ ਗਿਆ। ਪੰਜਾਬ ਤੋਂ ਗਏ ਡੈਲੀਗੇਟਾਂ ਨੂੰ ਦੇਸ਼ ਅਤੇ ਵਿਦੇਸ਼ ਲਈ ਵਕੀਲਾਂ ਦੀ ਨੁਮਾਇੰਦਗੀ ਕਰਨ ਲਈ ਅਹਿਮ ਜਗ੍ਹਾ ਦਿੱਤੀ ਗਈ। ਪੰਜਾਬ ਨਾਲ ਸੰਬੰਧਤ ਐਡਵੋਕੇਟ ਹਰਚੰਦ ਸਿੰਘ ਬਾਠ ਨੂੰ ਇੰਟਰਨੈਸ਼ਨਲ ਐਸੋਸੀਏਸ਼ਨ ਆਫ ਡੈਮੋਕਰੇਟਿਕ ਲਾਇਰਜ਼ ਦਾ ਮੈਂਬਰ ਚੁਣਿਆ ਗਿਆ। ਇਸ ਤੋਂ ਇਲਾਵਾ ਐਸੋਸੀਏਸ਼ਨ ਦੀ ਹੋਈ ਚੋਣ ਵਿੱਚ ਐਡਵੋਕੇਟ ਜਸਪਾਲ ਸਿੰਘ ਦੱਪਰ ਨੂੰ ਕੌਮੀ ਸਕੱਤਰ ਚੁਣਿਆ ਗਿਆ। ਇਸ ਚਾਰ ਰੋਜ਼ਾ ਵਕੀਲਾਂ ਦੀ ਕਾਨਫਰੰਸ ਵਿਚ ਕਈ ਅਹਿਮ ਮਤੇ ਪਾਸ ਕੀਤੇ ਗਏ, ਜਿਸ ਵਿਚ ਸਭ ਤੋਂ ਮਹੱਤਵਪੂਰਨ ਮਤਾ ਨਵੇਂ ਬਣੇ ਵਕੀਲਾਂ ਦੇ ਸ਼ੁਰੂਆਤੀ ਦੌਰ 'ਚ ਇੰਡੀਅਨ ਐਸੋਸੀਏਸ਼ਨ ਆਫ ਲਾਇਰਜ਼ ਵੱਲੋਂ ਨਵੇਂ ਵਕੀਲਾਂ ਨੂੰ ਪ੍ਰੈਕਟਿਸ ਸ਼ੁਰੂ ਕਰਨ ਲਈ ਕੇਰਲਾ ਸੂਬੇ ਦੀ ਤਰਜ਼ 'ਤੇ 10 ਹਜ਼ਾਰ ਰੁਪਏ ਪ੍ਰਤੀ ਮਹੀਨਾ ਦਿਵਾਉਣ ਲਈ ਮਤਾ ਪਾਸ ਕੀਤਾ ਗਿਆ। ਵਕੀਲਾਂ ਦੀ ਐਸੋਸੀਏਸ਼ਨ ਵੱਲੋਂ ਪਾਸ ਕੀਤੇ ਇਸ ਮਤੇ ਦੀ ਦੇਸ਼ ਦੇ ਸਮੂਹ ਨਵੇਂ ਵਕੀਲਾਂ ਵੱਲੋਂ ਸ਼ਲਾਘਾ ਕੀਤੀ ਜਾ ਰਹੀ ਹੈ।

## ਓਵਰ ਸਪੀਡ 'ਤੇ ਇਕ ਕਰੋੜ ਜੁਰਮਾਨਾ



**ਹੇਲਸਿੰਕੀ :** ਫਿਨਲੈਂਡ ਦੇ ਇਕ ਅਮੀਰਜ਼ਾਦੇ ਨੂੰ ਓਵਰ ਸਪੀਡ ਕਾਰ ਚਲਾਉਣ 'ਤੇ 129544 ਡਾਲਰ (ਲਗਭਗ ਇਕ ਕਰੋੜ ਰੁਪਏ) ਦਾ ਜੁਰਮਾਨਾ ਕੀਤਾ ਗਿਆ। ਆਂਦਰੇਸ ਵਿਕਲੋਫ ਸ਼ਨੀਵਾਰ 50 ਕਿੱਲੋਮੀਟਰ ਦੀ ਰਫਤਾਰ ਵਾਲੇ ਇਲਾਕੇ 'ਚ 82 ਕਿੱਲੋਮੀਟਰ ਪ੍ਰਤੀ ਘੰਟੇ ਦੀ ਰਫਤਾਰ ਨਾਲ ਕਾਰ ਚਲਾ ਰਿਹਾ ਸੀ, ਜਦੋਂ ਪੁਲਸ ਨੇ ਉਸ ਨੂੰ ਰੋਕਿਆ। ਜੁਰਮਾਨਾ ਕਰਨ ਤੋਂ ਇਲਾਵਾ ਉਸ ਦਾ ਲਸੰਸ ਵੀ 10 ਦਿਨਾਂ ਲਈ ਮੁਅੱਤਲ ਕਰ ਦਿੱਤਾ ਗਿਆ। ਟਰੱਕ ਭਾੜੇ, ਹੈਲੀਕਾਪਟਰ, ਰਿਅਲ ਅਸਟੇਟ ਤੇ ਟੂਰਿਜ਼ਮ ਦਾ ਕਾਰੋਬਾਰ ਕਰਨ ਵਾਲਾ ਵਿਕਲੋਫ 2018 ਵਿਚ ਵੀ ਓਵਰ ਸਪੀਡ ਕਾਰ ਚਲਾਉਣ 'ਤੇ 102000 ਡਾਲਰ ਦਾ ਜੁਰਮਾਨਾ ਭਰ ਚੁੱਕਿਆ ਹੈ। ਫਿਨਲੈਂਡ ਵਿਚ ਜੁਰਮਾਨਾ ਬੰਦੇ ਦੀ ਦੌਲਤ ਦੇ ਹਿਸਾਬ ਨਾਲ ਲਾਇਆ ਜਾਂਦਾ ਹੈ।

## ਡਾਰਕਨੈੱਟ ਨਾਲ ਨਸ਼ੇ ਦੀ ਤਸਕਰੀ ਕਰਨ ਵਾਲੇ 6 ਫੜੇ

**ਨਵੀਂ ਦਿੱਲੀ :** ਨਾਰਕੋਟਿਕਸ ਕੰਟਰੋਲ ਬਿਊਰੋ (ਐੱਨ ਸੀ ਬੀ) ਨੇ ਦੇਸ਼-ਭਰ 'ਚ 'ਡਾਰਕਨੈੱਟ' ਰਾਹੀਂ ਨਸ਼ੀਲੇ ਪਦਾਰਥਾਂ ਦੀ ਤਸਕਰੀ ਕਰਨ ਵਾਲੇ ਗਰੋਹ ਦਾ ਪਰਦਾਫਾਸ਼ ਕੀਤਾ ਹੈ ਅਤੇ ਐੱਲ ਐੱਸ ਡੀ ਦੀ ਹੁਣ ਤੱਕ ਦੀ ਸਭ ਤੋਂ ਵੱਡੀ ਖੇਪ ਜ਼ਬਤ ਕਰਨ ਦਾ ਦਾਅਵਾ ਕੀਤਾ ਹੈ। ਮਾਮਲੇ ਸੰਬੰਧੀ ਔਰਤ ਸਣੇ 6 ਨੂੰ ਗ੍ਰਿਫਤਾਰ ਕੀਤਾ ਗਿਆ ਹੈ। ਮੁਲਜ਼ਮਾਂ ਪਾਸੋਂ 15000 ਬੋਤਲਾਂ ਐੱਲ ਐੱਸ ਡੀ ਜਾਂ ਲਾਈਸਰਜਿਕ ਐਸਿਡ ਡਾਇਥਾਈਲਾਮਾਈਡ ਬਰਾਮਦ ਕੀਤੀਆਂ ਹਨ। ਅਸਲ 'ਚ ਇਹ ਸਿੰਥੈਟਿਕ ਰਸਾਇਣ ਅਧਾਰਤ ਨਸ਼ੀਲਾ ਪਦਾਰਥ ਹੈ। 'ਡਾਰਕ ਵੈੱਬ' ਇੰਟਰਨੈੱਟ ਦਾ ਮਤਲਬ ਡੂੰਘਾਈ 'ਚ ਲੁਕੇ ਉਨ੍ਹਾਂ ਮੰਚਾਂ ਤੋਂ ਹੈ, ਜੋ ਨਸ਼ੇ ਵੇਚਣ, ਅਸ਼ਲੀਲ ਸਮੱਗਰੀ ਦਾ ਆਦਾਨ-ਪ੍ਰਦਾਨ ਕਰਨ ਅਤੇ ਹੋਰ ਗੈਰ-ਕਾਨੂੰਨੀ ਗਤੀਵਿਧੀਆਂ ਕਰਨ ਲਈ ਵਰਤੇ ਜਾਂਦੇ ਹਨ। ਇੰਟਰਨੈੱਟ 'ਤੇ ਇਸ ਨੂੰ ਬੜੇ ਖੁਫੀਆ ਢੰਗ ਨਾਲ ਚਲਾਇਆ ਜਾਂਦਾ ਹੈ। ਇਨ੍ਹਾਂ ਨੂੰ ਕਾਬੂ ਕਰਨ ਲਈ ਕਾਫੀ ਨਿਗਰਾਨੀ ਕਰਨੀ ਪੈਂਦੀ ਹੈ।

## ਜੀਹਨੇ 100 ਮੀਟਰ ਦੌੜ ਦਾ ਸਮਾਂ 10 ਸਕਿੰਟ ਤੋਂ ਥੱਲੇ ਲਿਆਂਦਾ ਸੀ...



**ਨਿਊ ਯਾਰਕ :** 100 ਮੀਟਰ ਫਰਾਟਾ ਦੌੜ ਦਾ ਸਮਾਂ 10 ਸਕਿੰਟ ਤੋਂ ਹੇਠਾਂ ਲਿਆਉਣ ਵਾਲੇ ਅਮਰੀਕੀ ਦੌੜਾਕ ਜਿਮ ਹਾਈਨਸ ਦਾ 76 ਸਾਲ ਦੀ ਉਮਰ 'ਚ ਦੇਹਾਂਤ ਹੋ ਗਿਆ। ਉਸ ਨੇ 1968 'ਚ ਸੈਕਰਾਮੈਂਟੋ ਵਿਚ ਹੋਈ ਅਮਰੀਕੀ ਚੈਂਪੀਅਨਸ਼ਿਪ 'ਚ 9.9 ਸਕਿੰਟ ਦਾ ਸਮਾਂ ਕੱਢਿਆ ਸੀ। ਉਸੇ ਸਾਲ ਉਸ ਨੇ ਮੈਕਸੀਕੋ ਸਿਟੀ ਉਲੰਪਿਕ 'ਚ 100 ਮੀਟਰ ਦੌੜ 'ਚ ਸੋਨ ਤਮਗਾ ਜਿੱਤਿਆ ਤੇ 9.95 ਸਕਿੰਟ ਨਾਲ ਵਿਸ਼ਵ ਰਿਕਾਰਡ ਬਣਾਇਆ। ਉਸ ਦਾ ਰਿਕਾਰਡ 15 ਸਾਲ ਕਾਇਮ ਰਿਹਾ, ਜਿਸ ਨੂੰ ਅਮਰੀਕਾ ਦੇ ਹੀ ਕੈਲਵਿਨ ਸਮਿਥ ਨੇ 1983 ਵਿਚ 9.93 ਸਕਿੰਟ ਨਾਲ ਤੋੜਿਆ। ਹਾਈਨਸ 4 ਗੁਣਾਂ 100 ਮੀਟਰ ਰਿਲੇਅ ਵਿਚ ਉਲੰਪਿਕ ਸੋਨ ਤਮਗਾ ਜਿੱਤਣ ਵਾਲੀ ਅਮਰੀਕੀ ਟੀਮ ਦਾ ਵੀ ਹਿੱਸਾ ਰਿਹਾ। ਉਲੰਪਿਕ ਦੇ ਛੇਤੀ ਬਾਅਦ ਚੋਰ ਉਸ ਦੇ ਹਾਊਸਟਨ ਸਥਿਤ ਘਰ ਵਿੱਚੋਂ ਉਸ ਦੇ ਸੋਨ ਤਮਗੇ ਚੁਰਾ ਕੇ ਲੈ ਗਏ। ਉਸ ਨੇ ਅਖਬਾਰ ਵਿਚ ਖਬਰ ਦੇ ਕੇ ਤਮਗੇ ਵਾਪਸ ਕਰਨ ਦੀ ਅਪੀਲ ਕੀਤੀ ਤਾਂ ਚੋਰਾਂ ਨੇ ਪਾਰਸਲ ਰਾਹੀਂ ਮੋੜ ਦਿੱਤੇ। ਹਾਈਨਸ ਨੇ ਸਤੰਬਰ 1946 ਵਿਚ ਡੂਮਸ (ਅਰਕਾਸਸ) 'ਚ ਉਸਾਰੀ ਮਜ਼ਦੂਰ ਦੇ ਘਰ ਜਨਮ ਲਿਆ ਸੀ, ਪਰ ਵੱਡਾ ਓਕਲੈਂਡ (ਕੈਲੀਫੋਰਨੀਆ) ਵਿਚ ਹੋਇਆ। ਉਹ ਸ਼ੁਰੂ ਵਿਚ ਬੇਸਬਾਲ ਦਾ ਦੀਵਾਨਾ ਸੀ, ਪਰ ਕੋਚ ਜਿਮ ਕੋਲਮੈਨ ਨੇ ਉਸ ਦੀ ਪ੍ਰਤਿਭਾ ਨੂੰ ਪਛਾਣਦਿਆਂ ਉਸ ਨੂੰ ਦੌੜਨ ਵੱਲ ਪ੍ਰੇਰਤ ਕੀਤਾ। ਉਹ 17 ਸਾਲ ਦੀ ਉਮਰ ਵਿਚ ਦੁਨੀਆ ਦੇ 100 ਮੀਟਰ ਦੌੜ ਦੇ ਟਾਪ ਦੇ 20 ਐਥਲੀਟਾਂ ਵਿਚ ਸ਼ੁਮਾਰ ਹੋ ਗਿਆ ਸੀ। 1968 ਦੀ ਉਲੰਪਿਕ ਤੋਂ ਬਾਅਦ ਉਸ ਨੇ ਦੌੜਨਾ ਛੱਡ ਕੇ ਪ੍ਰੋਫੈਸ਼ਨਲ ਨੈਸ਼ਨਲ ਫੁੱਟਬਾਲ ਲੀਗ 'ਚ ਹੱਥ ਅਜ਼ਮਾਇਆ। ਉਹ ਮਿਆਮੀ ਡੌਲਫਿਨਸ ਤੇ ਕਨਸਾਸ ਸਿਟੀ ਚੀਫਸ ਵੱਲੋਂ ਖੇਡਿਆ, ਪਰ ਉਹ ਸਫਲ ਨਹੀਂ ਰਿਹਾ।

## ਅੱਜ-ਨਾਮਾ

ਚੰਡੀਗੜ੍ਹ ਵਿੱਚ ਨਿਗਮ ਦੀ ਹੋਈ ਮੀਟਿੰਗ,
ਸੁਣਿਆ ਪੈਂਦੀ ਰਹੀ ਬਹੁਤ ਹੈ ਖੱਪ ਬੇਲੀ।
ਹੋਇਆ ਆਪ ਨਾਲ ਭੇੜ ਕੁਝ ਭਾਜਪਾ ਦਾ,
ਸਿਆਸੀ ਲੀਡਰ ਬੱਸ ਰਹੇ ਸੀ ਟੱਪ ਬੇਲੀ।
ਭੱਜ ਕੇ ਪੈਂਦੇ ਸੀ ਇਸ ਤਰ੍ਹਾਂ ਦੂਜਿਆਂ ਨੂੰ,
ਸੰਘੀ ਅਗਲੇ ਦੀ ਲੈਣੀ ਜਿਉਂ ਨੱਪ ਬੇਲੀ।
ਦੂਸ਼ਣਬਾਜ਼ੀ ਦੀ ਕੋਈ ਨਹੀਂ ਕਸਰ ਬਾਕੀ,
ਹਰ ਇੱਕ ਦੋਸ਼ ਉਹ ਰਹੇ ਸਨ ਥੱਪ ਬੇਲੀ।
ਵਿਗੜਦੀ ਸ਼ਹਿਰ ਦੀ ਜਾਂਵਦੀ ਦਿੱਖ ਜਿੱਦਾਂ,
ਉਸ ਦੀ ਕਰਨ ਨਹੀਂ ਸੋਚ-ਵਿਚਾਰ ਆਗੂ।
ਪੜ੍ਹੇ-ਲਿਖਿਆਂ ਦਾ ਆਖਦੇ ਸ਼ਹਿਰ ਜੀਹਨੂੰ,
ਅਨਪੜ੍ਹਾਂ ਵਾਂਗ ਪਏ ਕਰਨ ਵਿਹਾਰ ਆਗੂ।

-ਤੀਸ ਮਾਰ ਖਾਂ

## ਸੱਭਿਆਚਾਰਕ ਮੇਲਿਆਂ ਦੀ ਲੜੀ ਕਰਵਾਉਣ ਨੂੰ ਪ੍ਰਵਾਨਗੀ



**ਚੰਡੀਗੜ੍ਹ (ਗੁਰਜੀਤ ਬਿੱਲਾ)**

ਮੁੱਖ ਮੰਤਰੀ ਭਗਵੰਤ ਮਾਨ ਨੇ ਮੰਗਲਵਾਰ ਨੂੰ ਸੂਬੇ ਦੇ ਅਮੀਰ ਸੱਭਿਆਚਾਰ, ਕਲਾ ਅਤੇ ਵਿਰਾਸਤ ਨੂੰ ਦਰਸਾਉਣ ਦੇ ਮੱਦੇਨਜ਼ਰ ਸੂਬੇ ਭਰ 'ਚ ਸੱਭਿਆਚਾਰਕ ਮੇਲਿਆਂ ਦੀ ਲੜੀ ਕਰਵਾਉਣ ਨੂੰ ਪ੍ਰਵਾਨਗੀ ਦਿੱਤੀ ਤਾਂ ਜੋ ਸੂਬੇ ਨੂੰ ਵਿਸ਼ਵ ਪੱਧਰੀ ਸੈਰਗਾਹ ਵਜੋਂ ਉਭਾਰਿਆ ਜਾ ਸਕੇ। ਮੁੱਖ ਮੰਤਰੀ ਨੇ ਇਸ ਸੰਬੰਧੀ ਫੈਸਲਾ ਮੰਗਲਵਾਰ ਇੱਥੇ ਪੰਜਾਬ ਸਿਵਲ ਸਕੱਤਰੇਤ-1 'ਚ ਆਪਣੇ ਦਫਤਰ ਵਿਖੇ ਸੈਰ-ਸਪਾਟਾ ਵਿਭਾਗ ਦੀ ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਲਿਆ। ਇਸ ਦੌਰਾਨ ਵਿਚਾਰ-ਵਟਾਂਦਰੇ 'ਚ ਸ਼ਿਰਕਤ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਇਸ ਕਦਮ ਦਾ ਮੰਤਵ ਸੂਬੇ 'ਚ ਸੈਲਾਨੀਆਂ ਦੀ ਆਮਦ ਨੂੰ ਵਧਾਉਣਾ ਅਤੇ ਆਉਣ ਵਾਲੇ ਸਾਲਾਂ 'ਚ ਪੰਜਾਬ ਨੂੰ ਵਿਸ਼ਵ ਪੱਧਰੀ ਸੈਰ-ਸਪਾਟਾ ਸਥਾਨ ਵਜੋਂ ਸਥਾਪਤ ਕਰਨਾ ਹੈ। ਮੁੱਖ ਮੰਤਰੀ ਨੇ ਕਿਹਾ ਕਿ ਪੰਜਾਬ ਦੀ ਪਵਿੱਤਰ ਧਰਤੀ ਆਪਣੇ ਸਦੀਆਂ ਪੁਰਾਣੇ ਸ਼ਾਨਾਮੱਤੇ ਇਤਿਹਾਸ ਤੇ ਅਮੀਰ ਸੱਭਿਆਚਾਰਕ ਵਿਰਸੇ ਕਾਰਨ ਸੈਲਾਨੀਆਂ/ਯਾਤਰੂਆਂ ਨੂੰ ਆਕਰਸ਼ਿਤ ਕਰਨ ਦੇ ਸਮਰੱਥ ਹੈ। ਉਨ੍ਹਾ ਅਫਸੋਸ ਜ਼ਾਹਰ ਕਰਦਿਆਂ ਕਿਹਾ ਕਿ ਪਿਛਲੀਆਂ ਰਾਜ ਸਰਕਾਰਾਂ ਦੀ ਅਣਗਹਿਲੀ ਕਾਰਨ ਸੈਰ-ਸਪਾਟਾ ਖੇਤਰ 'ਚ ਪੰਜਾਬ ਦੀਆਂ ਵਿਸ਼ਾਲ ਸੰਭਾਵਨਾਵਾਂ ਅਣਵਰਤੀਆਂ ਹੀ ਰਹਿ ਗਈਆਂ ਹਨ। ਭਗਵੰਤ ਮਾਨ ਨੇ ਸੈਰ-ਸਪਾਟਾ ਵਿਭਾਗ ਨੂੰ ਹਦਾਇਤ ਕੀਤੀ ਕਿ ਇਨ੍ਹਾਂ ਸੱਭਿਆਚਾਰਕ ਮੇਲਿਆਂ ਨੂੰ ਨਿਯਮਤ ਤੌਰ 'ਤੇ ਕਰਵਾਉਣ ਲਈ ਇੱਕ ਮੁਕੰਮਲ ਸਾਰਨੀ (ਟੇਬਲ) ਤਿਆਰ ਕੀਤੀ ਜਾਵੇ। ਭਗਵੰਤ ਮਾਨ ਨੇ ਕਿਹਾ ਕਿ ਸੂਬੇ ਵਿੱਚ ਆਰਥਕ ਗਤੀਵਿਧੀਆਂ ਨੂੰ ਉਤਸ਼ਾਹਤ ਕਰਨਾ ਸਮੇਂ ਦੀ ਲੋੜ ਹੈ, ਜਿਸ ਨਾਲ ਲੋਕਾਂ ਦੇ ਜੀਵਨ 'ਚ ਤਬਦੀਲੀ ਲਿਆਂਦੀ ਜਾ ਸਕਦੀ ਹੈ।

## ਅਕਾਲ ਤਖਤ ਦੀ ਸਰਪ੍ਰਸਤੀ ਹੇਠ ਇਕੱਠੇ ਹੋਣ ਦਾ ਸੱਦਾ

**ਅੰਮ੍ਰਿਤਸਰ (ਜਸਬੀਰ ਸਿੰਘ)**

6 ਜੂਨ 1984 ਦੇ ਬਲਿਊ ਸਟਾਰ ਅਪ੍ਰੇਸ਼ਨ ਦੀ ਯਾਦ ਵਿਚ ਮੰਗਲਵਾਰ ਅਕਾਲ ਤਖਤ ਵਿਖੇ ਘੱਲੂਘਾਰਾ ਦਿਵਸ ਸਮਾਗਮ ਸ਼ਰਧਾਂਜਲੀ ਭੇਟ ਕਰਦਿਆਂ ਅਤੇ ਖਾਲਿਸਤਾਨ ਪੱਖੀ ਨਾਅਰੇਬਾਜ਼ੀ ਦੇ ਨਾਲ ਸਮਾਪਤ ਹੋ ਗਿਆ। ਦਲ ਖਾਲਸਾ ਵੱਲੋਂ ਦਿੱਤੇ ਅੰਮ੍ਰਿਤਸਰ ਬੰਦ ਦੇ ਸੱਦੇ ਤਹਿਤ ਸ਼ਹਿਰ ਵਿਚ ਕਾਰੋਬਾਰੀ ਤੇ ਵਪਾਰਕ ਅਦਾਰੇ ਬੰਦ ਰਹੇ।

ਸਵੇਰੇ ਅਕਾਲ ਤਖਤ ਵਿਖੇ ਆਖੰਡ ਪਾਠ ਦੇ ਭੋਗ ਪਾਏ ਗਏ। ਅਕਾਲ ਤਖਤ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਸਿੱਖ ਕੌਮ ਦੇ ਨਾਂਅ ਸੰਦੇਸ਼ ਜਾਰੀ ਕਰਦਿਆਂ ਕਿਹਾ ਕਿ ਸਮੇਂ ਦੀ ਹਕੂਮਤ ਵੱਲੋਂ ਜੂਨ 1984 ਵਿਚ ਹਰਿਮੰਦਰ ਸਾਹਿਬ ਅਤੇ ਅਕਾਲ ਤਖਤ ਸਮੇਤ ਹੋਰ ਗੁਰਧਾਮਾਂ 'ਤੇ ਫੌਜੀ ਹਮਲਾ ਕਰਕੇ ਦਿੱਤੇ ਜ਼ਖਮਾਂ ਦੇ ਨਿਸ਼ਾਨ ਸਿੱਖ ਕੌਮ ਕਦੇ ਵੀ ਭੁੱਲ ਨਹੀਂ ਸਕਦੀ। ਉਨ੍ਹਾ ਸਮੁੱਚੀ ਸਿੱਖ ਕੌਮ ਨੂੰ ਅਕਾਲ ਤਖਤ ਦੀ ਸਰਪ੍ਰਸਤੀ ਹੇਠ ਇਕੱਠੇ ਹੋਣ ਦਾ ਸੱਦਾ ਦਿੱਤਾ। ਸਮੂਹ ਸਿੱਖ ਜਥੇਬੰਦੀਆਂ ਨੂੰ ਕਿਹਾ ਕਿ ਇਕੱਠੇ ਹੋ ਕੇ ਪਿੰਡਾਂ ਵੱਲ ਪ੍ਰਚਾਰ ਮੁਹਿੰਮ ਵਿੱਢੀ ਜਾਵੇ ਤਾਂ ਜੋ ਨੌਜਵਾਨ ਸਿੱਖ ਸ਼ਕਤੀ ਨੂੰ ਨਸ਼ਿਆਂ ਵਰਗੀ ਸਮਾਜਿਕ ਕੁਰੀਤੀ ਤੋਂ ਬਚਾਇਆ ਜਾ ਸਕੇ। ਇਸ ਮੌਕੇ ਮੁਤਵਾਜ਼ੀ ਜਥੇਦਾਰ ਭਾਈ ਧਿਆਨ ਸਿੰਘ ਮੰਡ ਵੱਲੋਂ ਵੱਖਰਾ ਸੰਦੇਸ਼ ਵੀ ਜਾਰੀ ਕੀਤਾ ਗਿਆ। ਅਕਾਲੀ ਦਲ ਅੰਮ੍ਰਿਤਸਰ ਦੇ ਪ੍ਰਧਾਨ ਅਤੇ ਸੰਸਦ ਮੈਂਬਰ ਸਿਮਰਨਜੀਤ ਸਿੰਘ ਮਾਨ ਨੇ ਵੀ ਗੁਰਦੁਆਰਾ ਥੜ੍ਹਾ ਸਾਹਿਬ ਨੇੜੇ ਇਕੱਠੇ ਹੋਏ ਲੋਕਾਂ ਨੂੰ ਸੰਬੋਧਨ ਕੀਤਾ। ਜਿਵੇਂ ਹੀ ਅਖੰਡ ਪਾਠ ਦਾ ਭੋਗ ਪਿਆ, ਦਲ ਖਾਲਸਾ, ਸਿੱਖ ਯੂਥ ਫੈਡਰੇਸ਼ਨ ਭਿੰਡਰਾਂਵਾਲਾ ਅਤੇ ਹੋਰ ਨੌਜਵਾਨ ਸਿੱਖ ਜਥੇਬੰਦੀਆਂ ਵੱਲੋਂ ਖਾਲਿਸਤਾਨ ਪੱਖੀ ਨਾਅਰੇਬਾਜ਼ੀ ਕੀਤੀ ਗਈ।

## ਪਬਲਿਕ ਸਕੂਲ ਵੱਲੋਂ ਵਿਦਿਆਰਥਣਾਂ ਦਾ ਸਨਮਾਨ



**ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)**-ਇਲਾਕੇ 'ਚ ਲੜਕੀਆਂ ਨੂੰ ਸਿੱਖਿਆ ਦਾ ਚਾਨਣ ਵੰਡਦੀ ਆ ਰਹੀ ਸਮਾਜ ਸੇਵੀ ਸੰਸਥਾ ਪੁਬਲਿਕ ਗਰਲਜ਼ ਸਕੂਲ/ਕਾਲਜ ਟਰੱਸਟ ਪਾਤੜਾਂ ਦੇ ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਐਲਾਨੇ ਗਏ ਨਤੀਜਿਆਂ ਵਿੱਚ ਸ਼ਾਨਦਾਰ ਪ੍ਰਦਰਸ਼ਨ ਕਰਨ ਵਾਲੀਆਂ ਵਿਦਿਆਰਥਣਾਂ ਨੂੰ ਸਕੂਲ ਮੈਨੇਜਮੈਂਟ ਟਰੱਸਟ ਵੱਲੋਂ ਵਿਸ਼ੇਸ਼ ਤੌਰ 'ਤੇ ਸਨਮਾਨਤ ਕੀਤਾ ਗਿਆ। ਜਾਣਕਾਰੀ ਦਿੰਦਿਆਂ ਪ੍ਰਿੰਸੀਪਲ ਗੁਰਿੰਦਰ ਸੰਧੂ ਨੇ ਦੱਸਿਆ ਕਿ ਇਸ ਸਾਲ ਬਾਰਵੀਂ ਤੇ ਦਸਵੀਂ ਕਲਾਸ ਦਾ ਨਤੀਜਾ ਸੌ ਪ੍ਰਤੀਸ਼ਤ ਰਿਹਾ, ਜਿਸ ਵਿੱਚ ਪਹਿਲੀ, ਦੂਸਰੀ ਤੇ ਤੀਸਰੀ ਪੁਜ਼ੀਸ਼ਨ ਲੈਣ ਵਾਲੀਆਂ ਵਿਦਆਰਥਣਾਂ ਨੂੰ ਵਿਸ਼ਸ਼ ਤੌਰ 'ਤੇ ਸਨਮਾਨਤ ਕੀਤਾ ਗਿਆ। ਪ੍ਰਬੰਧਕ ਕਮੇਟੀ ਦੇ ਮੈਂਬਰ ਬਲਦੇਵ ਸਿੰਘ ਨਿਹਾਲਗੜ੍ਹ ਤੇ ਕੇਵਲ ਸ਼ਰਮਾ ਨੇ ਸਕੂਲ ਦੀਆਂ ਕਾਰਗੁਜ਼ਾਰੀਆਂ ਅਤੇ ਦਿੱਤੀ ਜਾ ਰਹੀ ਸਸਤੀ ਮਿਆਰੀ ਸਿੱਖਿਆ ਸਬੰਧੀ ਜਾਣਕਾਰੀ ਦਿੰਦਿਆਂ ਕਿਹਾ ਕਿ ਸਕੂਲ 'ਚ ਬਹੁਤ ਹੀ ਘੱਟ ਫੀਸਾਂ 'ਤੇ ਸਿੱਖਿਆ ਦਿੱਤੀ ਜਾਂਦੀ ਹੈ ਤੇ ਆਉਣ ਵਾਲੇ ਸਮੇਂ 'ਚ ਵਧੀਆਂ ਪੁਜ਼ੀਸ਼ਨਾਂ ਲੈਣ ਵਾਲੇ ਵਿਦਿਆਰਥੀਆਂ ਤੇ ਉਨ੍ਹਾਂ ਦੇ ਅਧਿਆਪਕਾਂ ਨੂੰ ਵੀ ਕਾਮਰੇਡ ਹਰਪਾਲ ਸਿੰਘ ਘੱਗਾ ਐਵਾਰਡ ਨਾਲ ਸਨਮਾਨਤ ਕੀਤਾ ਜਾਵੇਗਾ।

## ਸ੍ਰੀ ਗੁਰੂ ਹਰਗੋਬਿੰਦ ਸਾਹਿਬ ਦਾ ਪ੍ਰਕਾਸ਼ ਦਿਹਾੜਾ ਮਨਾਇਆ




**ਖੰਨਾ (ਸੁਖਵਿੰਦਰ ਸਿੰਘ ਭਾਦਲਾ, ਪਰਮਿੰਦਰ ਸਿੰਘ ਮੋਨੂੰ)**-ਗੁਰਦਆਰਾ ਸ਼੍ਰੋਮਣੀ ਭਗਤ ਨਾਮਦੇਵ ਜੀ ਲਲਹੇੜੀ ਰੋਡ ਖੰਨਾ ਵਿਖੇ ਛੇਵੇਂ ਗੁਰੂ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਦਾ ਪ੍ਰਕਾਸ਼ ਦਿਹਾੜਾ ਸ਼ਰਧਾ ਤੇ ਸਤਿਕਾਰ ਸਹਿਤ ਮਨਾਇਆ ਗਿਆ, ਜਿਸ ਵਿੱਚ ਸਵੇਰੇ ਨਿੱਤਨੇਮ ਦੀਆਂ ਬਾਣੀਆਂ ਤੇ ਸ੍ਰੀ ਸੁਖਮਨੀ ਸਾਹਿਬ ਜੀ ਦੇ ਪਾਠਾਂ ਦੇ ਭੋਗ ਉਪਰੰਤ ਹਜ਼ੂਰੀ ਰਾਗੀ ਭਾਈ ਪਰਮਜੀਤ ਸਿੰਘ ਰਹਿਮਤ ਦੇ ਜਥੇ ਨੇ ਗੁਰੂ ਸਾਹਿਬ ਜੀ ਦੀ ਜੀਵਨ ਬਾਰੇ ਕਥਾ ਵਿਖਿਆਨ ਤੇ ਗੁਰਬਾਣੀ ਦੇ ਮਨੋਹਰ ਕੀਰਤਨ ਨਾਲ ਸੰਗਤਾਂ ਨੂੰ ਨਿਹਾਲ ਕੀਤਾ। ਇਸ ਮੌਕੇ ਵੱਡੀ ਗਿਣਤੀ 'ਚ ਗੁਰੂ ਘਰ ਨਤਮਸਕ ਹੋਈਆਂ ਸੰਗਤਾਂ ਦਾ ਸਭਾ ਦੇ ਜਨਰਲ ਸਕੱਤਰ ਦਵਿੰਦਰ ਸਿੰਘ ਤੱਗੜ ਨੇ ਧੰਨਵਾਦ ਕੀਤਾ। ਮੁੱਖ ਗ੍ਰੰਥੀ ਭਾਈ ਗੁਰਸ਼ਰਨ ਸਿੰਘ ਵੱਲੋਂ ਸਰਬੱਤ ਦੇ ਭਲੇ ਦੀ ਅਰਦਾਸ ਉਪਰੰਤ ਮਿੱਸੇ ਪ੍ਰਸ਼ਾਦਿਆਂ ਦਹੀਂ, ਮੱਖਣ, ਲੱਸੀ ਤੇ ਜਲੇਬੀਆਂ ਦੇ ਲੰਗਰ ਅਤੁੱਟ ਵਰਤਾਏ ਗਏ। ਇਸ ਮੌਕੇ ਹੋਰਨਾਂ ਤੋਂ ਇਲਾਵਾ ਸੰਤ ਨਾਮਦੇਵ ਸਭਾ ਖੰਨਾ ਦੇ ਪ੍ਰਧਾਨ ਕਰਮਜੀਤ ਸਿੰਘ, ਮੀਤ ਪ੍ਰਧਾਨ ਅਮਰਜੀਤ ਸਿੰਘ ਔਲਖ, ਜਨਰਲ ਸਕੱਤਰ ਦਵਿੰਦਰ ਸਿੰਘ ਤੱਗੜ, ਖਜ਼ਾਨਚੀ ਗੁਰਦਰਸ਼ਨ ਸਿੰਘ ਮੋਹਲ, ਸਹਿ ਸਕੱਤਰ ਜਰਨੈਲ ਸਿੰਘ ਤੱਗੜ, ਦਵਿੰਦਰ ਸਿੰਘ ਮੋਹਲ, ਹਰਮੀਤ ਸਿੰਘ ਕੈਂਥ, ਮਨੀ ਸਿੰਘ, ਕੁਲਵੰਤ ਸਿੰਘ, ਅਰਵਿੰਦਰ ਸਿੰਘ, ਮਨਦੀਪ ਸਿੰਘ ਮਰਜਾਰਾ, ਗੁਰਮੀਤ ਸਿੰਘ, ਰਜਿੰਦਰ ਸਿੰਘ ਤੱਗੜ, ਡਾਕਟਰ ਭਾਗ ਸਿੰਘ, ਪ੍ਰੇਮ ਸਿੰਘ ਭੰਬਰਾ, ਜਗਤਰਨਦੀਪ ਸਿੰਘ ਆਦਿ ਹਾਜ਼ਰ ਸਨ।

## ਰਿਟਾਇਰੀ ਅਧਿਆਪਕਾਂ ਦੀ ਮਹੀਨਾਵਾਰ ਮੀਟਿੰਗ 'ਚ ਦਰਪੇਸ਼ ਮੁਸ਼ਕਲਾਂ ਬਾਰੇ ਚਰਚਾ



**ਰਾਮਪੁਰਾ ਫੂਲ (ਦਰਸ਼ਨ ਜਿੰਦਲ)**-ਸਥਾਨਕ ਸ਼ਹਿਰ ਤੇ ਇਲਾਕੇ ਦੇ ਰਿਟਾਇਰੀ ਅਧਿਆਪਕ ਹਰ ਮਹੀਨੇ ਦੇ ਪਹਿਲੇ ਸ਼ਨੀਵਾਰ ਜਾਂ ਐਤਵਾਰ ਨੂੰ ਉਨ੍ਹਾਂ ਨੂੰ ਆਉਂਦੀਆਂ ਸਮੱਸਿਆਵਾਂ ਤੇ ਲੋੜੀਂਦੀਆਂ ਜਾਣਕਾਰੀਆਂ ਹਾਸਲ ਕਰਨ ਲਈ ਇਕੱਠੇ ਹੁੰਦੇ ਆ ਰਹੇ ਹਨ। ਇਸ ਵਾਰ ਇਕੱਠੇ ਹੋਏ ਰਿਟਾਇਰੀ ਅਧਿਆਪਕ ਦੀ ਪ੍ਰਧਾਨਗੀ ਕਰਨ ਦਾ ਮਾਨ ਕਰਾੜਵਾਲਾ ਤੋਂ ਰਿਟਾਇਰ ਹੋਏ ਪੰਜਾਬੀ ਮਾਸਟਰ ਦਰਸ਼ਨ ਸਿੰਘ ਨੂੰ ਮਿਲਿਆ। ਸਟੇਜ ਸਕੱਤਰ ਦੀ ਜ਼ੁੰਮੇਵਾਰੀ ਸਾਇੰਸ ਮਾਸਟਰ ਚਮਨ ਲਾਲ ਗਰਗ ਨੇ ਨਿਭਾਈ। ਉਨ੍ਹਾਂ ਆਮਦਨ ਕਰ ਬਾਰੇ ਹਾਜ਼ਰੀਨ ਨਾਲ ਅੱਪਡੇਟ ਸਾਂਝੀ ਕੀਤੀ। ਐਸੋਸੀਏਸ਼ਨ ਦੇ ਸਤਿਕਾਰਤ ਬੀਰ ਬਹਾਦਰ ਗੁਪਤਾ, ਜਵਾਹਰ ਲਾਲ ਨੇ ਵੀ ਵਿਚਾਰ ਸਾਂਝੇ ਕੀਤੇ। ਰਿਟਾਇਰੀ ਮੁੱਖ ਅਧਿਆਪਕ ਸੁਖਮੰਦਰ ਸਿੰਘ ਨੇ ਵਹਿਮਾਂ ਭਰਮਾਂ ਵਿਸ਼ੇ 'ਤੇ ਤਰਕਸ਼ੀਲ ਐਂਗਲ ਤੋਂ ਆਪਣੇ ਵਿਚਾਰ ਰੱਖੇ। ਹਾਜ਼ਰੀਨ ਨੇ ਬਾਲਾਸਰ ਰੇਲ ਹਾਦਸੇ 'ਚ ਮਰਨ ਵਾਲਿਆਂ 'ਤੇ ਦੁੱਖ ਦਾ ਪ੍ਰਗਟਾਵਾ ਕੀਤਾ ਤੇ ਮੋਦੀ ਸਰਕਾਰ ਦੀ ਰੇਲਵੇ ਸੁਰੱਖਿਆ ਕਵਚ ਨਾ ਦੇਣ 'ਤੇ ਜ਼ੋਰ ਦੇ ਕੇ ਕਿਹਾ ਕਿ ਲੋਕਾਂ ਦੀਆਂ ਕੀਮਤੀ ਜਾਨਾਂ ਬਚ ਸਕਦੀਆਂ ਸਨ, ਜੇਕਰ ਸੁਰੱਖਿਆ ਕਵਚ ਹੁੰਦਾ। ਇਸੇ ਤਰ੍ਹਾਂ ਔਰਤ ਪਹਿਲਵਾਨਾਂ ਦੇ ਹੱਕ ਵਿੱਚ ਤੇ ਬ੍ਰਿਜ ਭੂਸ਼ਣ ਸਰਨ ਸਿੰਘ ਨੂੰ ਫੌਰੀ ਗ੍ਰਿਫਤਾਰ ਕਰਨ ਦੀ ਵੀ ਮੰਗ ਕੀਤੀ। ਹਾਜ਼ਰੀਨ ਨੇ ਜੁਲਾਈ ਮਹੀਨੇ ਦੀ ਮੀਟਿੰਗ 02/07/23 ਨੂੰ ਸਵੇਰੇ 9-00 ਵਜੇ ਕਰਨ ਦਾ ਪ੍ਰੋਗਰਾਮ ਸਰਵ-ਸੰਮਤੀ ਨਾਲ ਪਾਸ ਕੀਤਾ। ਪ੍ਰੈੱਸ ਨਾਲ ਇਹ ਜਾਣਕਾਰੀ ਮਾਸਟਰ ਸੁਰਿੰਦਰ ਗੁਪਤਾ ਨੇ ਸਾਂਝੀ ਕੀਤੀ।

## ਹੈਲਥ ਵੈੱਲਨੈੱਸ ਸੈਂਟਰ ਮਹਿਦੂਦਾਂ ਵਿਖੇ ਮਲੇਰੀਆ ਸੰਬੰਧੀ ਕੀਤਾ ਜਾਗਰੂਕ




**ਦੋਰਾਹਾ (ਹਰਮਿੰਦਰ ਸੇਠ)**-ਸਿਵਲ ਸਰਜਨ ਲੁਧਿਆਣਾ ਤੇ ਸੀਨੀਅਰ ਮੈਡੀਕਲ ਅਫਸਰ ਡਾਕਟਰ ਰਵੀ ਦੱਤ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਮਲੇਰੀਆ ਸਬੰਧੀ ਜਾਗਰੂਕਤਾ ਕੈਂਪ ਹੈਲਥ ਵੈੱਲਨੈੱਸ ਸੈਂਟਰ ਮਹਿਦੂਦਾਂ (ਸੀ.ਐੱਚ.ਸੀ. ਮਾਨੂੰਪੁਰ) ਵਿਖੇ ਲਗਾਇਆ ਗਿਆ। ਕੈਂਪ ਸਮੇਂ ਹੈਲਥ ਇੰਸਪੈਕਟਰ ਜਰਨੈਲ ਸਿੰਘ ਵੱਲੋਂ ਕੈਂਪ ਵਿੱਚ ਲੋਕਾਂ ਨੂੰ ਦੱਸਿਆ ਗਿਆ ਕਿ ਸਿਹਤ ਵਿਭਾਗ ਵੱਲੋਂ ਮਹੀਨਾ ਜੂਨ ਐਂਟੀ ਮਲੇਰੀਆ ਦੇ ਤੌਰ 'ਤੇ ਮਨਾਇਆ ਜਾਂਦਾ ਹੈ, ਜਿਸ ਵਿੱਚ ਵੱਧ ਤੋਂ ਵੱਧ ਜਾਗਰੂਕਤਾ ਕੈਂਪ ਲਗਾਏ ਜਾਂਦੇ ਹਨ, ਜੋ ਕਿ ਬਲਾਕ ਦੇ ਸਾਰੇ ਸਬ ਸੈਂਟਰਾਂ 'ਤੇ ਲਗਾਏ ਜਾਂਦੇ ਹਨ। ਕੈਂਪ ਦੌਰਾਨ ਦੱਸਿਆ ਕਿ ਇਹ ਬੁਖਾਰ ਮਾਦਾ ਐਨਾਫਲੀਜ਼ ਮੱਛਰ ਦੇ ਕੱਟਣ ਨਾਲ ਹੁੰਦਾ ਹੈ, ਜੋ ਕਿ ਸਵੇਰੇ ਤੇ ਸ਼ਾਮ ਕੱਟਦਾ ਹੈ ਤੇ ਖੜੇ ਪਾਣੀ ਉੱਪਰ ਪਲਦਾ ਹੈ। ਠੰਢ ਤੇ ਕਾਂਬਾ ਲੱਗਣਾ, ਤੇਜ਼ ਬੁਖਾਰ, ਸਿਰਦਰਦ, ਉਲਟੀਆਂ ਪਸੀਨਾ ਆਉਣਾ, ਥਕਾਵਟ ਤੇ ਕਮਜ਼ੋਰੀ ਮਹਿਸੂਸ ਹੋਣਾ ਇਸ ਦੇ ਮੁੱਖ ਲੱਛਣ ਹਨ। ਬਚਾਅ ਲਈ ਫਰਿਜ ਕੂਲਰ ਆਦਿ ਵਿੱਚ ਪਾਣੀ ਇਕੱਠਾ ਨਾ ਹੋਣ ਦਿੱਤਾ ਜਾਵੇ, ਟਾਇਰ ਗਮਲੇ ਤੇ ਵਾਧੂ ਸਾਮਾਨ ਵਿੱਚ ਪਾਣੀ ਇਕੱਠਾ ਨਾ ਹੋਣ ਦਿੱਤਾ ਜਾਵੇ। ਇਸ ਦਾ ਇਲਾਜ ਤੇ ਟੈਸਟ ਸਾਰੇ ਸਰਕਾਰੀ ਹਸਪਤਾਲ ਵਿੱਚ ਮੁਫਤ ਹੁੰਦਾ ਹੈ। ਉਨ੍ਹਾਂ ਡਰਾਈ ਡੇ, ਫਰਾਈਡੇ ਮਨਾਉਣ ਬਾਰੇ ਦੱਸਿਆ। ਕੈਂਪ ਦੇ ਅਖੀਰ ਵਿੱਚ ਕੁਲਦੀਪ ਸਿੰਘ ਐੱਮ ਪੀ ਐੱਚ ਡਬਲਯੂ (ਐੱਮ) ਨੇ ਆਏ ਲੋਕਾਂ ਦਾ ਧੰਨਵਾਦ ਕੀਤਾ। ਇਸ ਮੌਕੇ ਡਾਕਟਰ ਨਾਲਿਨੀ ਸਕਲਾਨੀ ਆਯੁਰਵੈਦਿਕ ਮੈਡੀਕਲ ਅਫਸਰ, ਡਾਕਟਰ ਦਿਪਿਕਾ ਪੁਰੀ ਮੈਡੀਕਲ ਅਫਸਰ, ਹੈਲਥ ਇੰਸਪੈਕਟਰ ਜਰਨੈਲ ਸਿੰਘ, ਇੰਦਰਪਾਲ ਤਿਵਾੜੀ ਫਾਰਮੇਸੀ ਅਫਸਰ, ਡਾਕਟਰ ਅਨਮੋਲ ਵਸ਼ਿਸ਼ਟ ਸੀ ਐੱਚ ਓ, ਰਮਨਦੀਪ ਕੌਰ ਐੱਸ ਐੱਨ, ਕਮਲਜੀਤ ਕੌਰ ਐੱਸ ਐੱਨ, ਰੁਪਿੰਦਰ ਕੌਰ ਐੱਮ ਪੀ ਐੱਚ ਡਬਲਯੂ (ਐੱਫ), ਸਤਨਾਮ ਸਿੰਘ ਆਯੁਰਵੇਦ ਫਾਰਮੇਸੀ ਅਫਸਰ, ਜਸਵਿੰਦਰ ਕੌਰ ਏ ਐੱਨ ਐੱਮ, ਜਸਵਿੰਦਰ ਸਿੰਘ ਸਫਾਈ ਸੇਵਕ ਆਦਿ ਹਾਜ਼ਰ ਸਨ।

## ਨਿਰਵੈਰ ਸਿੰਘ ਗਹਿਲ ਦਾ ਸੇਵਾ-ਮੁਕਤੀ 'ਤੇ ਸਨਮਾਨ



**ਮਹਿਲ ਕਲਾਂ (ਪ੍ਰਦੀਪ ਸਿੰਘ ਲੋਹਗੜ੍ਹ)**-ਸਰਕਾਰੀ ਮਿਡਲ ਸਕੂਲ ਰਾਏਸਰ ਪਟਿਆਲਾ (ਬਰਨਾਲਾ) ਵਿਖੇ ਸੇਵਾਵਾਂ ਨਿਭਾਉਣ ਉਪਰੰਤ ਸੇਵਾ ਮੁਕਤ ਹੋਏ ਇੰਚਾਰਜ ਨਿਰਵੈਰ ਸਿੰਘ ਗਹਿਲ ਨੂੰ ਸਕੂਲ ਸਟਾਫ, ਵੱਖ ਵੱਖ ਸੰਸਥਾਵਾਂ, ਮੁਹਤਬਰਾਂ ਵੱਲੋਂ ਸਨਮਾਨਤ ਕਰਕੇ ਨਿੱਘੀ ਵਿਦਾਇਗੀ ਦਿੱਤੀ ਗਈ। ਇਸ ਮੌਕੇ ਮੁੱਖ ਮਹਿਮਾਨ ਉੱਪ ਜ਼ਿਲ੍ਹਾ ਸਿੱਖਿਆ ਅਫਸਰ ਬਰਜਿੰਦਰ ਪਾਲ ਸਿੰਘ, ਸੀਨੀਅਰ ਸਹਾਇਕ ਰੇਸ਼ਮ ਸਿੰਘ, ਕ੍ਰਿਸ਼ਨ ਸਿੰਘ ਦੁੱਗਾਂ, ਬਿਮਲਜੀਤ ਕੌਰ, ਗੁਰਬਾਜ ਸਿੰਘ ਵਿਰਕ, ਸ੍ਰੀਮਤੀ ਰਾਜਵਿੰਦਰ ਕੌਰ, ਭੁਪਿੰਦਰ ਕੁਮਾਰ ਸ਼ਰਮਾ, ਬੁੱਧ ਸਿੰਘ ਰਾਏਕੋਟ, ਸੁਖਪਾਲ ਜੇਠੀ, ਡਾ: ਸੋਮ ਨਾਥ, ਅਕਾਸ਼ਦੀਪ ਸਿੰਘ ਰਾਏਸਰ, ਸਾਉਣ ਸਿੰਘ ਗਹਿਲ ਆਦਿ ਹਾਜ਼ਰ ਸਨ। ਆਗੂਆਂ ਨੇ ਕਿਹਾ ਕਿ ਅਧਿਆਪਕ ਦਾ ਦਰਜਾ ਜਿੰਨਾ ਉੱਚਾ ਹੈ, ਉਸ ਨੂੰ ਨਿਭਾਉਣਾ ਉਸ ਤੋਂ ਵੀ ਜ਼ਿਆਦਾ ਉੱਚਾ ਹੈ, ਜਿਸ ਨੂੰ ਮਾਸਟਰ ਨਿਰਵੈਰ ਸਿੰਘ ਨੇ ਮਿਹਨਤ, ਲਗਨ ਨਾਲ ਨਿਭਾਉਣ ਉਪਰੰਤ ਜੰਗਲ ਵਿੱਚ ਮੰਗਲ ਲਾ ਦਿੱਤਾ ਹੈ। ਇਸ ਮੌਕੇ ਬੀਬੀ ਹਰਬੰਸ ਕੌਰ, ਅਵਤਾਰ ਸਿੰਘ, ਅੰਮ੍ਰਿਤ ਲਾਲ ਗੋਇਲ, ਨਛੱਤਰ ਸਿੰਘ, ਗੁਰਚਰਨ ਸਿੰਘ ਪੰਛੀ, ਦੇਵ ਰਾਜ ਆਦਿ ਤੋਂ ਇਲਾਵਾ ਵੱਡੀ ਗਿਣਤੀ 'ਚ ਪਤਵੰਤੇ ਹਾਜ਼ਰ ਸਨ।

## ਗੁਲਮੋਹਰ ਦੇ ਬੂਟੇ ਲਾ ਕੇ ਵਿਸ਼ਵ ਵਾਤਾਵਰਨ ਦਿਵਸ ਮਨਾਇਆ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)**-ਪਿੰਡ ਕੋਟਲੀ ਦੇਵਨ ਦੇ ਸਰਕਾਰੀ ਪ੍ਰਾਇਮਰੀ ਸਮਾਰਟ ਸਕੂਲ ਤੇ ਵੱਖ ਵੱਖ ਥਾਵਾਂ ਤੇ ਸੰਕਲਪ ਐਜੂਕੇਸ਼ਨਲ ਵੈੱਲਫੇਅਰ ਸੁਸਾਇਟੀ (ਰਜਿ:) ਵੱਲੋਂ ਗੁਲਮੋਹਰ ਦੇ ਬੂਟੇ ਲਾ ਕੇ "ਵਿਸ਼ਵ ਵਾਤਾਵਰਨ ਦਿਵਸ" ਮਨਾਇਆ ਗਿਆ। ਜਾਣਕਾਰੀ ਦਿੰਦਿਆਂ ਸੰਸਥਾ ਦੇ ਪ੍ਰਧਾਨ ਨਰਿੰਦਰ ਸਿੰਘ ਸੰਧੂ ਨੇ ਦੱਸਿਆ ਕਿ ਸਕੂਲ ਮੁਖੀ ਗੁਰਪ੍ਰੀਤ ਸਿੰਘ ਸੰਧੂ ਦੇ ਸਹਿਯੋਗ ਨਾਲ ਹਰ ਸਾਲ ਦੀ ਤਰ੍ਹਾਂ ਸੰਸਥਾ ਦੁਆਰਾ ਇਸ ਵਾਰ ਵੀ ਵਿਸ਼ਵ ਵਾਤਾਵਰਨ ਦਿਵਸ ਮੌਕੇ ਜਿੱਥੇ ਬੂਟੇ ਲਾਏ ਗਏ, ਉੱਥੇ ਇਨ੍ਹਾਂ ਨੂੰ ਪਾਲਣ ਦਾ ਪ੍ਰਣ ਵੀ ਲਿਆ ਗਿਆ। ਇਸ ਮੌਕੇ ਬੋਲਦਿਆਂ ਸਕੂਲ ਮੁਖੀ ਗੁਰਪ੍ਰੀਤ ਸਿੰਘ ਸੰਧੂ ਨੇ ਲੋਕਾਂ ਨੂੰ ਸੰਦੇਸ਼ ਦਿੱਤਾ ਕਿ ਜੇਕਰ ਅਸੀਂ ਇਸ ਗੱਲ ਦਾ ਅਹਿਦ ਕਰੀਏ ਕਿ ਕੁਦਰਤ ਨੂੰ ਬਚਾ ਕੇ ਰੱਖਣਾ ਹੈ ਤਾਂ ਦੁਨੀਆ ਦੀ ਕੋਈ ਵੀ ਤਾਕਤ ਇਸ ਦਾ ਕੁਝ ਨਹੀਂ ਵਿਗਾੜ ਸਕਦੀ, ਪਰ ਅਫਸੋਸ ਕਿ ਮਨੁੱਖ ਆਪਣੇ ਸਵਾਰਥ ਖਾਤਰ ਖੁਦ ਆਪਣੇ ਹੱਥੀਂ ਇਸ ਦਾ ਸਰਵਨਾਸ਼ ਕਰਨ 'ਤੇ ਤੁਲਿਆ ਹੋਇਆ ਹੈ।

# ਕਿਰਤੀ ਕਿਸਾਨ ਯੂਨੀਅਨ ਨੇ ਬ੍ਰਿਜ ਭੂਸ਼ਣ ਦੇ ਪਿੰਡਾਂ 'ਚ ਫੂਕੇ ਪੁਤਲੇ






**ਮੁਕਤਸਰ (ਸ਼ਮਿੰਦਰਪਾਲ, ਪੂਜਾ)**
ਸੰਯੁਕਤ ਕਿਸਾਨ ਮੋਰਚੇ ਦੇ ਸੱਦੇ ਨੂੰ ਲਾਗੂ ਕਰਦਿਆਂ ਕਿਰਤੀ ਕਿਸਾਨ ਯੂਨੀਅਨ ਵੱਲੋਂ ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ ਦੇ ਪਿੰਡ ਝਬੇਲ ਵਾਲੀ, ਲੰਡੇ ਰੋਡੇ, ਗੋਨਿਆਣਾ, ਥਾਂਦੇਵਾਲਾ, ਵੜਿੰਗ, ਜੰਡੋਕੇ, ਲੁਬਾਣਿਆਂ ਵਾਲੀ, ਤਖਤ ਮੁਲਾਨਾ, ਡੋਹਕ, ਚੱਕ ਗਾਂਧਾ ਸਿੰਘ ਵਾਲਾ, ਸਰਾਵਾਂ ਬੋਦਲਾ, ਚੋਟੀਆਂ, ਤਖਤਮੁਲਾਨਾ, ਰੁਪਾਣਾ ਸਮੇਤ ਹੋਰ ਬਹੁਤ ਸਾਰੇ ਪਿੰਡਾਂ ਵਿੱਚ ਪੁਤਲੇ ਸਾੜੇ ਗਏ। ਇਸ ਸਮੇਂ ਸੰਬੋਧਨ ਕਰਦਿਆਂ ਸੂਬਾ ਵਿੱਤ ਸਕੱਤਰ ਜਸਵਿੰਦਰ ਸਿੰਘ ਝਬੇਲਵਾਲੀ, ਸੂਬਾ ਕਮੇਟੀ ਮੈਂਬਰ ਤੇ ਜ਼ਿਲ੍ਹਾ ਪ੍ਰਧਾਨ ਬਲਜੀਤ ਸਿੰਘ ਲੰਡੇ ਰੋਡੇ, ਜ਼ਿਲ੍ਹਾ ਸਕੱਤਰ ਜਥੇਦਾਰ ਹਰਪ੍ਰੀਤ ਸਿੰਘ ਝਬੇਲਵਾਲੀ, ਨਿਰਮਲ ਸਿੰਘ ਗੋਨਿਆਣਾ ਜ਼ਿਲ੍ਹਾ ਮੀਤ ਪ੍ਰਧਾਨ ਨੇ ਕਿਹਾ ਕਿ ਦੇਸ਼ ਦੀਆਂ ਨਾਮਵਰ ਓਲੰਪਿਕ ਤਮਗਾ ਜੇਤੂ ਪਹਿਲਵਾਨ ਧੀਆਂ ਭਾਜਪਾ ਸੰਸਦ ਬ੍ਰਿਜ ਭੂਸ਼ਣ ਦੀ ਗ੍ਰਿਫਤਾਰੀ ਦੀ ਮੰਗ ਨੂੰ ਲੈ ਕੇ ਪਿਛਲੇ ਛੇ ਮਹੀਨਿਆਂ ਤੋਂ ਆਵਾਜ਼ ਉਠਾ ਰਹੀਆਂ ਹਨ, ਉਨ੍ਹਾਂ ਦੀ ਸੁਣਵਾਈ ਤਾਂ ਕੀ ਹੋਣੀ ਸੀ, ਸਗੋਂ ਜੰਤਰ ਮੰਤਰ 'ਤੇ ਸ਼ਾਂਤਮਈ ਢੰਗ ਨਾਲ ਧਰਨਾ ਦੇ ਰਹੀਆਂ ਪਹਿਲਵਾਨ ਧੀਆਂ ਦੇ ਨਾ ਸਿਰਫ ਟੈਂਟ ਉਖਾੜ ਦਿੱਤੇ ਗਏ, ਸਗੋਂ ਉਨ੍ਹਾਂ ਖਿਲਾਫ ਸੰਗੀਨ ਧਰਾਵਾਂ ਤਹਿਤ ਕੇਸ ਦਰਜ ਕਰ ਦਿੱਤੇ ਗਏ, ਪਰ ਮੋਦੀ ਦੀ ਹਕੂਮਤ ਤੇ ਪੁਲਸ ਤੰਤਰ ਦੋਸ਼ੀ ਦੀ ਗ੍ਰਿਫਤਾਰੀ ਕਰਨ ਦੀ ਬਜਾਏ ਉਸ ਦੀ ਪੁਸ਼ਤਪਨਾਹੀ ਕਰ ਰਹੀ ਹੈ, ਇਸ ਤੋਂ ਸਿੱਧ ਹੁੰਦਾ ਹੈ ਕਿ ਸੈਂਟਰ ਦੀ ਬੀਜੇਪੀ, ਆਰ ਐੱਸ ਐੱਸ ਦੀ ਔਰਤਾਂ ਪ੍ਰਤੀ ਕੀ ਸੋਚ ਹੈ? ਜਥੇਬੰਦੀ ਦੇ ਆਗੂ ਜਰਨੈਲ ਸਿੰਘ ਸਰਵਾਂ ਬੋਦਲਾ, ਰਣਜੀਤ ਸਿੰਘ ਝਬੇਲਵਾਲੀ, ਗੁਰਟੇਕ ਸਿੰਘ ਲੰਡੇ ਰੋਡੇ, ਜਸਮਨ ਦੀਪ ਸਿੰਘ ਝਬੇਲਵਾਲੀ, ਪ੍ਰਦੀਪ ਕੌਰ ਚੱਕ ਗਾਂਧਾ ਵਾਲਾ, ਮਿਠਾ ਸਿੰਘ ਨੇ ਮੰਗ ਕੀਤੀ ਹੈ ਕਿ ਦੋਸ਼ੀ ਭਾਜਪਾ ਸੰਸਦ ਬ੍ਰਿਜ ਭੂਸ਼ਣ ਨੂੰ ਤੁਰੰਤ ਗ੍ਰਿਫਤਾਰ ਕਰਕੇ ਜੇਲ੍ਹ ਬੰਦ ਕੀਤਾ ਜਾਵੇ, ਨਹੀਂ ਤਾਂ ਆਉਣ ਵਾਲੇ ਸਮੇਂ ਵਿੱਚ ਸੰਯੁਕਤ ਕਿਸਾਨ ਮੋਰਚੇ ਦੇ ਸੱਦੇ ਨੂੰ ਲਾਗੂ ਕਰਦਿਆਂ ਸੰਘਰਸ਼ ਨੂੰ ਹੋਰ ਤਿੱਖਾ ਕੀਤਾ ਜਾਵੇਗਾ।

**ਜਗਰਾਉਂ (ਨਛੱਤਰ ਸੰਧੂ)**-ਸੰਯੁਕਤ ਕਿਸਾਨ ਮੋਰਚੇ ਦੇ ਸੱਦੇ 'ਤੇ ਕਿਰਤੀ ਕਿਸਾਨ ਯੂਨੀਅਨ ਵੱਲੋਂ ਇਲਾਕੇ ਦੇ ਪਿੰਡਾਂ ਅੱਚਰਵਾਲ, ਝੋਰੜਾਂ ਵਿੱਚ ਬਲਾਤਕਾਰ ਦੇ ਦੋਸ਼ਾਂ ਦਾ ਸਾਹਮਣਾ ਕਰ ਰਹੇ ਭਾਜਪਾ ਦੇ ਚਰਚਿਤ ਸੰਸਦ ਮੈਂਬਰ ਬ੍ਰਿਜ ਭੂਸ਼ਣ ਦੇ ਪੁਤਲੇ ਫੂਕੇ ਗਏ ਤੇ ਭਾਰਤ ਸਰਕਾਰ ਵਿਰੁੱਧ ਰੱਜ ਕੇ ਭੜਾਸ ਕੱਢੀ। ਕਿਰਤੀ ਕਿਸਾਨ ਯੂਨੀਅਨ ਦੇ ਜ਼ਿਲ੍ਹਾ ਪ੍ਰਧਾਨ ਤਰਲੋਚਨ ਸਿੰਘ ਝੋਰੜਾਂ ਤੇ ਜ਼ਿਲ੍ਹਾ ਸਕੱਤਰ ਸਾਧੂ ਸਿੰਘ ਅੱਚਰਵਾਲ ਨੇ ਕਿਹਾ ਕਿ ਦੇਸ਼ ਦੀਆਂ ਦੁਨੀਆ ਪੱਧਰ ਦੀਆਂ ਮਹਿਲਾ ਪਹਿਲਵਾਨਾਂ ਵੱਲੋਂ ਆਪਣੇ ਨਾਲ ਹੋਏ ਜਿਨਸੀ ਸ਼ੋਸ਼ਣ ਖਿਲਾਫ ਸੰਘਰਸ਼ ਕੀਤਾ ਜਾ ਰਿਹਾ ਹੈ, ਪਰ ਮੋਦੀ ਦੀ ਪੁਲਸ ਪਹਿਲਵਾਨਾਂ ਦੇ ਸੰਘਰਸ਼ ਨੂੰ ਸਰਕਾਰੀ ਦਹਿਸ਼ਤ ਰਾਹੀਂ ਕੁਚਲਣਾ ਚਾਹੁੰਦੀ ਹੈ। ਉਨ੍ਹਾਂ ਮੰਗ ਕੀਤੀ ਕਿ ਭਾਜਪਾ ਦੇ ਸੰਸਦ ਮੈਂਬਰ ਬ੍ਰਿਜ ਭੂਸ਼ਣ ਨੂੰ ਜੇਲ੍ਹ ਵਿੱਚ ਬੰਦ ਕੀਤਾ ਜਾਵੇ ਤੇ ਪਹਿਲਵਾਨਾਂ ਨੂੰ ਇਨਸਾਫ ਦਿੱਤਾ ਜਾਵੇ। ਕਿਰਤੀ ਕਿਸਾਨ ਯੂਨੀਅਨ ਮਹਿਲਾ ਵਿੰਗ ਦੀ ਆਗੂ ਚਰਨਜੀਤ ਕੌਰ ਤੇ ਹਰਦੀਪ ਕੌਰ ਨੇ ਕਿਹਾ ਕਿ ਭਾਜਪਾ ਸਰਕਾਰ ਦੀ ਸੋਚ ਹੀ ਔਰਤ ਵਿਰੋਧੀ ਹੈ, ਇਸ ਕਰਕੇ ਹੀ ਸਰਕਾਰ ਨੇ ਉਸ ਖਿਲਾਫ ਕਾਰਵਾਈ ਨਹੀਂ ਕੀਤੀ। ਉਨ੍ਹਾਂ ਕਿਹਾ ਕਿ ਅਸੀਂ ਪਹਿਲਵਾਨ ਕੁੜੀਆਂ ਨਾਲ ਡੱਟ ਕੇ ਖੜੇ ਹਾਂ। ਇਸ ਮੌਕੇ ਗੁਰਚਰਨ ਸਿੰਘ ਅੱਚਰਵਾਲ, ਦਰਸ਼ਨ ਸਿੰਘ, ਸੁਖਦੇਵ ਚਕਰ, ਜਲੌਰ ਸਿੰਘ, ਰਮਨਜੀਤ ਸਿੰਘ, ਗੁਰਨਾਮ ਸਿੰਘ, ਬਲਵੰਤ ਸਿੰਘ, ਗੁਰਮੀਤ ਸਿੰਘ, ਪਰਮਜੀਤ ਕੌਰ, ਜਸਵਿੰਦਰ ਕੌਰ, ਬਲਜੀਤ ਕੌਰ ਆਦਿ ਹਾਜ਼ਰ ਸਨ।

## ਰਾਮਗੜ੍ਹੀਆ ਵੈੱਲਫੇਅਰ ਕੌਂਸਲ ਨੇ ਜ਼ਰੂਰਤਮੰਦ ਪਰਵਾਰਾਂ ਨੂੰ ਰਾਸ਼ਨ ਵੰਡਿਆ



**ਜਗਰਾਉਂ (ਅਮਿਤ ਖੰਨਾ)**-ਰਾਮਗੜ੍ਹੀਆ ਵੈੱਲਫੇਅਰ ਕੌਂਸਲ (ਰਜਿ: 171) ਤੇ ਬਿਲਡਿੰਗ ਠੇਕੇਦਾਰ ਐਸੋਸੀਏਸ਼ਨ (ਰਜਿ:133) ਜਗਰਾਉਂ ਵੱਲੋਂ ਗੁਰਦਵਾਰਾ ਵਿਸ਼ਕਰਮਾ ਮੰਦਰ ਅੱਡਾ ਰਾਏਕੋਟ ਵਿਖੇ ਹਰੇਕ ਮਹੀਨੇ ਦੀ ਤਰ੍ਹਾਂ ਇਸ ਮਹੀਨੇ 17 ਜ਼ਰੂਰਤਮੰਦ ਪਰਿਵਾਰਾਂ ਨੂੰ ਰਾਸ਼ਨ ਵੰਡਿਆ ਗਿਆ। ਇਸ ਮੌਕੇ ਸਰਪ੍ਰਸਤ ਬਾਬਾ ਮੋਹਣ ਸਿੰਘ ਸੱਗੂ ਤੇ ਹਰਜਿੰਦਰ ਸਿੰਘ ਮੁਧੜ ਜਗਦੇਵ ਸਿੰਘ ਮਠਾੜੂ ਨੇ ਕਿਹਾ ਕਿ ਇਹ ਸੰਸਥਾ ਪਿਛਲੇ 12 ਸਾਲਾਂ ਤੋਂ ਲਗਾਤਾਰ ਰਾਸ਼ਨ ਵੰਡਦੇ ਆ ਰਹੀ ਹੈ, ਸਾਨੂੰ ਜ਼ਰੂਰਤਮੰਦ ਲੋਕਾਂ ਦੀ ਸੇਵਾ ਕਰਨੀ ਚਾਹੀਦੀ ਹੈ ਤੇ ਸਮਾਜ ਦੇ ਵਿੱਚ ਸਮਾਜ ਸੇਵੀ ਕੰਮ ਕਰਨੇ ਚਾਹੀਦੇ ਹਨ। ਇਸ ਮੌਕੇ ਸਰਪ੍ਰਸਤ ਦਰਸ਼ਨ ਸਿੰਘ ਸੱਗੂ, ਸਰਪ੍ਰਸਤ ਬਾਬਾ ਮੋਹਣ ਸਿੰਘ ਸੱਗੂ, ਸਰਪ੍ਰਸਤ ਬਲਵੰਤ ਸਿੰਘ ਪਨੇਸਰ, ਸੁਰਜੀਤ ਸਿੰਘ ਐੱਸ ਡੀ ਓ ਖਜ਼ਾਨਚੀ ਦਰਸ਼ਨ ਸਿੰਘ ਕਲਸੀ, ਜਸਵੰਤ ਸਿੰਘ ਸੱਗੂ, ਰਾਜਵੰਤ ਸਿੰਘ ਸੱਗੂ, ਨਛੱਤਰ ਸਿੰਘ ਕਲਸੀ, ਪ੍ਰਿੰਸੀਪਲ ਜਗਮੋਹਨ ਸਿੰਘ, ਮਨਮੋਹਨ ਸਿੰਘ ਕਲਸੀ, ਭੁਪਿੰਦਰ ਸਿੰਘ ਉੱਭੀ, ਤਰਲੋਚਨ ਸਿੰਘ ਪਨੇਸਰ, ਹਰਜਿੰਦਰ ਸਿੰਘ ਮੁਧੜ, ਭਵਨਜੀਤ ਸਿੰਘ ਉੱਭੀ, ਹਰਦਿਆਲ ਸਿੰਘ ਮੁੰਡੇ, ਬਿਲਡਿੰਗ ਠੇਕੇਦਾਰ ਐਸੋਸੀਏਸ਼ਨ ਪ੍ਰਧਾਨ ਰਾਜਿੰਦਰ ਸਿੰਘ ਰਿੱਕੂ, ਸਰਪ੍ਰਸਤ ਜਗਦੇਵ ਸਿੰਘ ਮਠਾੜੂ, ਭਵਨਜੀਤ ਸਿੰਘ ਉੱਭੀ, ਬਲਵਿੰਦਰ ਸਿੰਘ ਪੱਪਾ, ਗੁਰਸੇਵਕ ਸਿੰਘ ਮੱਲ੍ਹਾ, ਰਾਜਵੰਤ ਸਿੰਘ ਸੱਗੂ, ਜਿੰਦਰ ਸਿੰਘ ਵਿਰਦੀ ਆਦਿ ਹਾਜ਼ਰ ਸਨ।

# ਕੌਂਸਲਰ ਜਗਦੀਪ ਸਿੰਘ ਜੱਗੂ ਆਪ 'ਚ ਸ਼ਾਮਲ



**ਮੋਗਾ (ਅਮਰਜੀਤ ਬੱਬਰੀ)**-ਮੁੱਖ ਮੰਤਰੀ ਪੰਜਾਬ ਭਗਵੰਤ ਮਾਨ ਦੀਆਂ ਨੀਤੀਆਂ ਤੋਂ ਪ੍ਰਭਾਵਤ ਹੋ ਕੇ ਹਲਕਾ ਮੋਗਾ ਦੀ ਵਿਧਾਇਕ ਡਾ. ਅਮਨਦੀਪ ਕੌਰ ਅਰੋੜਾ, ਹਲਕਾ ਧਰਮਕੋਟ ਦੇ ਵਿਧਾਇਕ ਦਵਿੰਦਰਜੀਤ ਸਿੰਘ ਲਾਡੀ ਢੋਸ, ਜ਼ਿਲ੍ਹਾ ਯੋਜਨਾ ਬੋਰਡ ਦੇ ਚੇਅਰਮੈਨ ਹਰਮਨਜੀਤ ਸਿੰਘ ਦੀ ਅਗਵਾਈ ਹੇਠ ਵਾਰਡ ਨੰਬਰ-45 ਦੇ ਕੌਂਸਲਰ ਜਗਦੀਪ ਸਿੰਘ ਜੱਗੂ ਆਪਣੀ ਪਤਨੀ ਮਨਦੀਪ ਕੌਰ ਦੇ ਨਾਲ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋ ਗਏ, ਜਿਨ੍ਹਾਂ ਨੂੰ ਵਿਧਾਇਕਾ ਤੇ ਚੇਅਰਮੈਨ ਨੇ ਪਾਰਟੀ ਦਾ ਸਿਰੋਪਾ ਪਾ ਕੇ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਕਰਦਿਆ ਸੁਆਗਤ ਕੀਤਾ। ਇਸ ਮੌਕੇ ਹਲਕਾ ਮੋਗਾ ਦੀ ਵਿਧਾਇਕ ਡਾ. ਅਮਨਦੀਪ ਕੌਰ ਅਰੋੜਾ ਤੇ ਵਿਧਾਇਕ ਦਵਿੰਦਰਜੀਤ ਸਿੰਘ ਲਾਡੀ ਢੋਸ ਨੇ ਕਿਹਾ ਕਿ ਪੰਜਾਬ ਦੀ ਭਗਵੰਤ ਮਾਨ ਸਰਕਾਰ ਦੀਆਂ ਨੀਤੀਆਂ ਨੂੰ ਵੇਖਦੇ ਹੋਏ ਤੇ ਸ਼ਹਿਰ ਦੇ ਵਿਕਾਸ ਕਾਰਜਾਂ ਨੂੰ ਲੈ ਕੇ ਕੌਂਸਲਰ ਪਾਰਟੀਬਾਜ਼ੀ ਤੋਂ ਉਪਰ ਉੱਠ ਕੇ ਪਾਰਟੀ ਵਿੱਚ ਸ਼ਾਮਲ ਹੋ ਰਹੇ ਹਨ। ਉਨ੍ਹਾਂ ਕਿਹਾ ਕਿ ਪਾਰਟੀ ਵਿੱਚ ਸ਼ਾਮਲ ਹੋਣ ਵਾਲਿਆਂ ਨੂੰ ਬਣਦਾ ਮਾਨ ਸਨਮਾਨ ਦਿੱਤਾ ਜਾਵੇਗਾ। ਇਸ ਮੌਕੇ ਕੌਂਸਲਰ ਜਗਦੀਪ ਸਿੰਘ ਜੱਗੂ ਤੇ ਉਸ ਦੀ ਪਤਨੀ ਮਨਦੀਪ ਕੌਰ ਨੇ ਕਿਹਾ ਕਿ ਉਹ ਪੰਜਾਬ ਦੀ ਭਗਵੰਤ ਮਾਨ ਸਰਕਾਰ ਦੀ ਵਿਕਾਸ ਪੱਖੀ ਸੋਚ ਨੂੰ ਵੇਖਦੇ ਹੋਏ ਪਾਰਟੀ ਵਿੱਚ ਸ਼ਾਮਲ ਹੋਏ ਹਨ, ਜੋ ਉਨ੍ਹਾਂ ਨੂੰ ਪਾਰਟੀ ਜ਼ੁੰਮੇਵਾਰੀ ਸੌਂਪੇਗੀ, ਉਹ ਉਸ ਨੂੰ ਪੂਰੀ ਤਨਦੇਹੀ ਨਾਲ ਨਿਭਾਉਣਗੇ। ਇਸ ਮੌਕੇ ਆਮ ਆਦਮੀ ਪਾਰਟੀ ਦੇ ਵਲੰਟੀਅਰ ਤੇ ਅਹੁਦੇਦਾਰ ਹਾਜ਼ਰ ਸਨ।

## ਸਾਵਨ ਮੱਲ ਅੱਗਰਵਾਲ ਸਕੂਲ ਦੇ ਵਿਦਿਆਰਥੀਆਂ ਵਿੱਦਿਅਕ ਖੇਤਰ 'ਚ ਮਾਰੀਆਂ ਮੱਲਾਂ



**ਜ਼ੀਰਾ (ਨਰਿੰਦਰ ਅਨੇਜਾ)**-ਸ੍ਰੀ ਸਾਵਨ ਮੱਲ ਅੱਗਰਵਾਲ ਸੀਨੀਅਰ ਸੈਕੰਡਰੀ ਸਕੂਲ ਦੇ ਵਿਦਿਆਰਥੀਆਂ ਨੇ ਵਿੱਦਿਅਕ ਖੇਤਰ ਦੇ ਵਿੱਚ ਮੱਲਾਂ ਮਾਰੀਆਂ ਹਨ।

ਸਕੂਲ ਦੀ ਮੈਨੇਜਮੈਂਟ ਵੱਲੋਂ ਦੱਸਿਆ ਗਿਆ ਕਿ ਬਾਰਵੀਂ ਕਲਾਸ ਵਿੱਚ ਪ੍ਰਭਲੀਨ ਕੌਰ, ਕਰਨ ਸ਼ਰਮਾ, ਲਵਪ੍ਰੀਤ ਸਿੰਘ, ਮੰਗਤ ਰਾਮ ਪਾਸੀ ਨੇ 90 ਫੀਸਦੀ ਤੋਂ ਵੱਧ ਅੰਕ ਪ੍ਰਾਪਤ ਕਰਕੇ ਪਹਿਲੀਆਂ ਪੁਜ਼ੀਸ਼ਨਾਂ ਹਾਸਲ ਕੀਤੀਆਂ ਹਨ। ਇਸੇ ਹੀ ਤਰ੍ਹਾਂ ਦਸਵੀਂ ਕਲਾਸ ਦੇ ਵਿਚ ਗੁਰਸਿਮਰਨ ਕੌਰ, ਜਾਨੀਆਂ ਤੇ ਮੁਨੀਸ਼ਾ ਪਹਿਲੇ ਸਥਾਨ 'ਤੇ ਰਹੀਆਂ ਹਨ। ਜੇਕਰ ਪੰਜਵੀਂ ਕਲਾਸ ਦੀ ਗੱਲ ਕੀਤੀ ਜਾਵੇ ਤਾਂ ਸਕੂਲ ਦੇ ਵਿਦਿਆਰਥੀ ਪੰਜਵੀਂ ਕਲਾਸ ਦੇ ਵਿੱਚ ਹੀ ਕਾਫੀ ਹੁਸ਼ਿਆਰ ਹਨ। ਇਸ ਜਮਾਤ ਦੀ ਪ੍ਰਭਜੋਤ ਕੌਰ, ਜੰਨਤ ਸ਼ਰਮਾ, ਨਵਦੀਦ ਸਹੋਤਾ ਨੇ ਵੀ ਛੋਟੀ ਉਮਰੇ ਵੱਡੀਆਂ ਪ੍ਰਾਪਤੀਆਂ ਨੂੰ ਛੂਹਿਆ ਹੈ। ਸਕੂਲ ਦੇ ਪ੍ਰਧਾਨ ਰਜੀਵ ਬਾਂਸਲ ਨੇ ਦੱਸਿਆ ਕਿ ਬੱਚਿਆਂ ਦਾ ਭਵਿੱਖ ਸੰਵਾਰਨ ਦੇ ਲਈ ਮੈਨੇਜਮੈਂਟ ਪੂਰੀ ਤਰ੍ਹਾਂ ਯਤਨਸ਼ੀਲ ਹੈ। ਪ੍ਰਧਾਨ ਬਾਂਸਲ ਨੇ ਕਿਹਾ ਕਿ ਟੌਪ ਕਰਨ ਵਾਲੇ ਬੱਚਿਆਂ ਨੂੰ ਹਰ ਤਰ੍ਹਾਂ ਦੀਆਂ ਸਹੂਲਤਾਂ ਮੁਹੱਈਆ ਕਰਵਾਈਆਂ ਜਾਣਗੀਆਂ। ਉਨ੍ਹਾਂ ਕਿਹਾ ਕਿ ਬੱਚਿਆਂ ਦੇ ਇਸ ਪ੍ਰਾਪਤੀ ਦਾ ਸਿਹਰਾ ਸਕੂਲ ਦੇ ਮਿਹਨਤੀ ਸਟਾਫ ਨੂੰ ਜਾਂਦਾ ਹੈ, ਸਾਡੀਆਂ ਸੰਸਥਾਵਾਂ ਬੱਚਿਆਂ ਨੂੰ ਵਧੀਆ ਸਿੱਖਿਆ ਦੇਣ ਦੇ ਲਈ ਵਚਨਬੱਧ ਹਨ।

# ਡਾਕਟਰ ਰਜਿੰਦਰ ਪਾਲ ਸਿੰਘ ਔਲਖ ਹੋਏ ਸੇਵਾ-ਮੁਕਤ

### ਖੇਤ ਰਤਨ ਐਵਾਰਡ ਨਾਲ ਕੀਤਾ ਸਨਮਾਨਤ





**ਲੁਧਿਆਣਾ (ਐੱਮ ਐੱਸ ਭਾਟੀਆ, ਰੈਕਟਰ ਕਥੂਰੀਆ)**-ਪੰਜਾਬ ਖੇਤੀਬਾੜੀ ਵਿਕਾਸ ਮਹਿਕਮੇ ਵਿੱਚੋਂ ਪਿਛਲੇ 31 ਸਾਲਾਂ ਦੀ ਸ਼ਾਨਮੱਤੀ ਸੇਵਾ ਨਿਭਾਉਣ ਉਪਰੰਤ ਐਗਰੀਕਲਚਰ ਅਫਸਰ ਲੁਧਿਆਣਾ ਡਾ. ਰਜਿੰਦਰਪਾਲ ਸਿੰਘ ਔਲਖ 31 ਮਈ ਨੂੰ ਸੇਵਾ ਮੁਕਤ ਹੋ ਗਏ ਹਨ। ਉਨ੍ਹਾਂ ਦੀ ਸੇਵਾ ਮੁਕਤੀ ਸਬੰਧੀ ਪੰਜਾਬ ਪੱਧਰ ਦਾ ਸਮਾਗਮ 28 ਮਈ ਨੂੰ ਰੱਖਿਆ ਗਿਆ ਸੀ, ਜਿਸ ਵਿੱਚ ਸਾਰੇ ਪੰਜਾਬ ਦੇ ਐਗਰੀਕਲਚਰ ਡਿਵੈੱਲਪਮੈਂਟ ਅਫਸਰ, ਐਗਰੀਕਲਤਰ ਅਫਸਰ, ਡਿਪਟੀ ਡਾਇਰੈਕਟਰ ਤੇ ਕਈ ਮੁੱਖ ਖੇਤੀਬਾੜੀ ਅਫਸਰ ਸ਼ਾਮਲ ਹੋਏ। ਲਾਇਨਜ਼ਜ਼ ਭਵਨ ਵਿਖੇ ਹੋਏ ਇਸ ਪ੍ਰਭਾਵਸ਼ਾਲੀ ਸਮਾਗਮ ਵਿੱਚ ਕਈ ਉੱਘੀਆਂ ਸ਼ਖ਼ਸੀਅਤਾਂ ਸ਼ਾਮਲ ਹੋਈਆਂ, ਜਿਨ੍ਹਾਂ ਵਿੱਚ ਕਾਮਰੇਡ ਹਰਦੇਵ ਅਰਸ਼ੀ, ਜੋ ਪੰਜਾਬ ਦੇ ਦੋ ਵਾਰੀ ਐਮ.ਐਲ.ਏ. ਰਹੇ ਤੇ ਆਗੂ ਕੁੱਲ ਹਿੰਦ ਕਿਸਾਨ ਸਭਾ (1936) ਦੇ ਕੌਮੀ ਆਗੂ ਹਨ, ਡਾ. ਜਸਵਿੰਦਰ ਪਾਲ ਸਿੰਘ ਗਰੇਵਾਲ-ਸੰਯੁਕਤ ਡਾਇਰੈਕਟਰ ਖੇਤੀਬਾੜੀ ਪੰਜਾਬ ਕਮ ਚੇਅਰਮੈਨ ਐਗਰੀਕਲਚਰ ਟੈਕਨੋਕਰੇਟਸ ਐਕਸ਼ਨ ਕਮੇਟੀ (ਐਮਟੈਕ) ਪੰਜਾਬ, ਡਾ. ਹਰਿੰਦਰ ਸਿੰਘ ਪ੍ਰਧਾਨ ਡਿਪਟੀ ਡਾਇਰੈਕਟਰ ਐਗਰੀਕਲਤਰ ਐਸੋਸੀਏਸ਼ਨ ਪੰਜਾਬ, ਡਾ. ਸਾਹਬਾਜ਼ ਸਿੰਘ ਚੀਮਾ ਪ੍ਰਧਾਨ ਐਗਰੀਕਲਚਰ ਆਫਿਸਰਜ਼ ਐਸੋਸੀਏਸ਼ਨ ਪੰਜਾਬ, ਡਾ. ਜਸਵਿੰਦਰ ਸਿੰਘ ਸਿੱਧੂ ਪ੍ਰਧਾਨ ਪਲਾਂਟ ਡਾਕਟਰਜ਼ ਸਰਵਿਸਜ਼ ਐਸੋਸੀਏਸ਼ਨ ਪੰਜਾਬ, ਡੀ ਪੀ ਮੌੜ ਪ੍ਰਧਾਨ ਤੇ ਨਰੇਸ਼ ਗੌੜ ਜਨਰਲ ਸਕੱਤਰ ਜੁਆਇੰਟ ਕੌਂਸਲ ਆਫ ਟਰੇਡ ਯੂਨੀਅਨਜ਼ ਲੁਧਿਆਣਾ, ਡਾ. ਜਸਵਿੰਦਰ ਪਾਲ ਸਿੰਘ ਬਰਾੜ ਚੇਅਰਮੈਨ ਐਗਰੀਕਲਚਰ ਆਫੀਸਰਜ਼ ਐਸੋਸੀਏਸ਼ਨ ਪੰਜਾਬ, ਡਾ. ਸਤਨਾਮ ਸਿੰਘ ਅਜਨਾਲਾ ਜਨਰਲ ਸਕੱਤਰ ਜਮਹੂਰੀ ਕਿਸਾਨ ਸਭਾ ਪੰਜਾਬ, ਡਾ. ਨਵਦੀਪ ਸਿੰਘ ਜੌੜਾ ਖੇਤੀਬਾੜੀ ਅਫਸਰ ਤੇ ਡਾ. ਕੁਲਦੀਪ ਸਿੰਘ ਮੱਤੇਵਾਲ ਡਿਪਟੀ ਡਾਇਰੈਕਟਰ ਖੇਤੀਬਾੜੀ ਪੰਜਾਬ ਸ਼ਾਮਲ ਸਨ। ਇਸ ਸਮੇਂ ਡਾ. ਔਲਖ ਵੱਲੋਂ ਬਲਾਕ ਦਫਤਰ ਕੰਪਲੈਕਸ ਵਿਖੇ ਫਲਦਾਰ, ਫੁੱਲਦਾਰ ਤੇ ਛਾਂ ਵਾਲੇ ਬੂਟੇ ਲਗਾ ਕੇ ਵਾਤਾਵਰਨ ਦੀ ਸਾਂਭ ਸੰਭਾਲ ਦੀ ਮੁਹਿੰਮ ਦਾ ਆਗਾਜ਼ ਕੀਤਾ। ਪਾਰਟੀ ਵਿੱਚ ਵਿਸ਼ੇਸ਼ ਤੌਰ 'ਤੇ ਡਾ. ਜਗਦੇਵ ਸਿੰਘ ਭਨੋਹੜ, ਖੇਤੀਬਾੜੀ ਅਫਸਰ ਹਾਜ਼ਰ ਹੋਏ। ਇਸ ਉਪਰੰਤ ਬਲਾਕ ਸਟਾਫ ਵੱਲੋਂ ਡਾ. ਔਲਖ ਨੂੰ ਸਨਮਾਨਤ ਕੀਤਾ ਗਿਆ ਤੇ ਲੰਚ ਪਾਰਟੀ ਕੀਤੀ ਗਈ। ਇਸ ਸਮੇਂ ਡਾ. ਹਰਿੰਦਰ ਸਿੰਘ ਸੰਧੂ, ਡਾ. ਜਤਿੰਦਰ ਸਿੰਘ, ਡਾ. ਸੁਖਵੀਰ ਸਿੰਘ, ਡਾ. ਰਮਨ ਚੋਪੜਾ, ਸੰਦੀਪ ਸਿੰਘ, ਰਜਿੰਦਰ ਸਿੰਘ, ਬਲਵੰਤ ਸਿੰਘ, ਮੈਡਮ ਰੋਜ਼ੀ, ਰਵਿੰਦਰਪਾਲ ਸਿੰਘ, ਸਰਬਜੀਤ ਸਿੰਘ, ਰਵਿੰਦਰ ਸਿੰਘ, ਜਸਵਿੰਦਰ ਸਿੰਘ ਤੇ ਅਕਾਸ਼ਦੀਪ ਸਿੰਘ ਹਾਜ਼ਰ ਸਨ। ਸਮੂਹ ਸਟਾਫ ਵੱਲੋਂ 31 ਮਈ ਨੂੰ ਵਿਦਾਇਗੀ ਪਾਰਟੀ ਮੁੱਖ ਖੇਤੀਬਾੜੀ ਅਫਸਰ ਦਫਤਰ ਵਿਖੇ ਕੀਤੀ ਗਈ, ਜਿਸ ਵਿੱਚ ਹੋਰਨਾਂ ਤੋਂ ਇਲਾਵਾ ਮਨਮੀਤ ਕੌਰ ਮਾਨਵ, ਧੰਨ ਰਾਜ ਏ.ਡੀ.ਓ. ਲਖਵੀਰ ਸਿੰਘ ਏ ਓ, ਗੁਰਦੀਪ ਸਿੰਘ ਏ ਓ ਤੇ ਸੀਨੀਅਰ ਰਿਟਾਇਰਡ ਆਫੀਸਰਜ਼ ਬਲਦੇਵ ਸਿੰਘ ਸੀਬੀਆ, ਸੁਖਪਾਲ ਸਿੰਘ ਸੇਖੋਂ ਤੇ ਬਲਬੀਰ ਸਿੰਘ ਸਿੱਧੂ ਨੇ ਆਪਣੇ ਵਿਚਾਰ ਪ੍ਰਗਟ ਕੀਤੇ।

ਅੰਤ ਵਿੱਚ ਮੁੱਖ ਖੇਤੀਬਾੜੀ ਅਫਸਰ ਡਾ. ਨਰਿੰਦਰ ਸਿੰਘ ਬੈਨੀਪਾਲ ਨੇ ਸੰਬੋਧਨ ਕੀਤਾ। ਸਟੇਜ ਸਕੱਤਰ ਦੀ ਜ਼ਿੰਮੇਵਾਰੀ ਗਗਨਦੀਪ ਕੌਰ ਨੇ ਬਾਖੂਬੀ ਨਿਭਾਈ। ਇਸ ਮੌਕੇ ਡਿਪਟੀ ਡਾਇਰੈਕਟਰ ਐਸੋਸੀਏਸ਼ਨ ਵੱਲੋਂ ਡਾ. ਰਜਿੰਦਰ ਪਾਲ ਸਿੰਘ ਔਲਖ ਨੂੰ ਖੇਤ ਰਤਨ ਐਵਾਰਡ ਨਾਲ ਸਨਮਾਨਤ ਕੀਤਾ ਗਿਆ। ਅੰਤ ਵਿੱਚ ਡਾ. ਰਾਜਿੰਦਰਪਾਲ ਸਿੰਘ ਔਲਖ ਨੇ ਸਾਰਿਆਂ ਦਾ ਧੰਨਵਾਦ ਕੀਤਾ।

## ਭਾਕਿਯੂ (ਏਕਤਾ) ਸਿੱਧੂਪੁਰ ਦੀਆਂ 31 ਪਿੰਡ ਕਮੇਟੀਆਂ ਨੇ ਦਿੱਤੇ ਅਸਤੀਫੇ



**ਮਾਨਸਾ (ਆਤਮਾ ਸਿੰਘ ਪਮਾਰ)**-ਮਾਨਸਾ ਜ਼ਿਲ੍ਹੇ ਦੇ ਜੁਝਾਰੂ ਵਰਕਰਾਂ ਵੱਲੋਂ ਲਖਵੀਰ ਸਿੰਘ ਅਕਲੀਆ ਦੇ ਹੱਕ ਵਿੱਚ ਡੇਰਾ ਖੂਹੀ ਵਾਲਾ ਵਿਖੇ ਇੱਕ ਮੀਟਿੰਗ ਕੀਤੀ ਗਈ, ਜਿਸ ਵਿੱਚ 31 ਪਿੰਡ ਕਮੇਟੀਆਂ ਨੇ ਸ਼ਮੂਲੀਅਤ ਕੀਤੀ। ਇਸ ਸਮੇਂ ਬੋਲਦਿਆਂ ਲਖਵੀਰ ਸਿੰਘ ਅਕਲੀਆ ਨੇ ਮੀਟਿੰਗ ਵਿੱਚ ਆਏ ਹੋਏ ਜੁਝਾਰੂ ਵਰਕਰਾਂ ਦਾ ਧੰਨਵਾਦ ਕੀਤਾ। ਉਨ੍ਹਾਂ ਕਿਹਾ ਕਿ ਦੱਬੀ ਕੁਚਲੀ ਕਿਸਾਨੀ ਦੀ ਲੜਾਈ ਤਨਦੇਹੀ ਨਾਲ ਲੋਕਾਂ ਨੂੰ ਨਾਲ ਲੈ ਕੇ ਲੜੀ ਜਾਵੇਗੀ। ਮੱਖਣ ਭੈਣੀ ਬਾਘਾ ਨੇ ਇਕੱਠ ਬਾਰੇ ਜਾਣਕਾਰੀ ਦਿੰਦੇ ਹੋਏ ਕਿਹਾ ਕਿ ਇਹ ਮੀਟਿੰਗ ਅਗਲੀ ਰਣਨੀਤੀ ਤੈਅ ਕਰਨ ਬਾਰੇ ਰੱਖੀ ਗਈ ਸੀ। ਇਸ ਮੀਟਿੰਗ ਵਿੱਚ ਜਮਹੂਰੀ ਤਰੀਕੇ ਨਾਲ ਲੋਕਾਂ ਦਾ ਪੱਖ ਲਿਆ ਗਿਆ ਤੇ ਆਉਂਦੇ ਦਿਨਾਂ ਵਿੱਚ ਅਗਲਾ ਫੈਸਲਾ ਲਿਆ ਜਾਵੇਗਾ। ਇਸ ਮੌਕੇ ਜ਼ਿਲ੍ਹਾ ਸੰਗਠਨ ਸਕੱਤਰ ਜਗਦੇਵ ਸਿੰਘ ਕੋਟਲੀ ਦੀ ਅਗਵਾਈ ਵਿੱਚ ਹਾਜ਼ਰ 31 ਪਿੰਡ ਕਮੇਟੀਆਂ ਨੇ ਸਮੂਹਕ ਅਸਤੀਫੇ ਦਿੱਤੇ। ਮੀਟਿੰਗ ਵਿੱਚ ਗੁਰਚਰਨ ਉੱਲਕ ਨੇ ਸੱਚ ਦਾ ਸਾਥ ਦੇਣ ਲਈ ਲੋਕਾਂ ਦੀ ਸ਼ਲਾਘਾ ਕੀਤੀ। ਇਸ ਮੌਕੇ ਬਲਜੀਤ ਸਿੰਘ ਭੈਣੀ ਬਾਘਾ, ਮਿੱਠੂ ਸਿੰਘ ਪੇਰੋਂ, ਲਾਭ ਸਿੰਘ, ਰੂਪ ਸ਼ਰਮਾ, ਲੀਲਾ ਸਿੰਘ, ਬਚਿੱਤਰ ਸਿੰਘ ਮੂਸਾ, ਦਰਸ਼ਨ ਸਿੰਘ ਕਰਮਗੜ੍ਹ, ਬਲਵੀਰ ਸਿੰਘ ਬੋੜਾਵਾਲ, ਕੇਵਲ ਸਿੰਘ ਹੀਰੇਵਾਲਾ, ਅਮਰੀਕ ਬੁਰਜ ਰਾਠੀ, ਗੁਰਮੇਲ ਚਕੇਰੀਆਂ, ਬਿੰਦਰ ਖੜਕ ਸਿੰਘ ਵਾਲਾ, ਲਾਭ ਸਿੰਘ ਬੁਰਜ ਹਰੀਕੇ, ਬਸੀਰਾ ਸਿੰਘ ਰੱਲਾ, ਰੂਪ ਸਿੰਘ ਅਕਲੀਆ, ਬੂਟਾ ਸਿੰਘ ਰੜ੍ਹ, ਮੱਖਣ ਸਿੰਘ ਅਤਲਾ ਕਲਾਂ, ਜੀਤ ਸਿੰਘ ਖਿਆਲਾ ਖੁਰਦ, ਨਛੱਤਰ ਸਿੰਘ ਚੋਟੀਆਂ, ਬਿੰਦਰ ਸਿੰਘ ਪੇਰੋਂ, ਜਰਨੈਲ ਸਿੰਘ ਰਾਮਾਨੰਦੀ, ਗੁਰਾ ਬੁਰਜ ਭਲਾਈਕੇ, ਬਿੰਦਰ ਸਿੰਘ ਭੰਮੇ ਖੁਰਦ, ਰਾਜ ਸਿੰਘ ਖਾਰਾ, ਤੇਜਾ ਸਿੰਘ ਨੰਗਲ ਕਲਾਂ, ਵਰਿਆਮ ਸਿੰਘ, ਸਿਕੰਦਰ ਸਿੰਘ ਖਿਆਲਾ ਕਲਾਂ ਆਦਿ ਹਾਜ਼ਰ ਸਨ।

# ਸਰਕਾਰੀ ਸਮਾਰਟ ਸਕੂਲ (ਲੜਕੀਆਂ) ਦੀ ਮੈਨੇਜਮੈਂਟ ਕਮੇਟੀ ਗਠਤ, ਜਸਬੀਰ ਸਿੰਘ ਚੇਅਰਮੈਨ ਨਿਯੁਕਤ



**ਮਮਦੋਟ (ਜਸਬੀਰ ਸਿੰਘ ਕੰਬੋਜ, ਹਰਪਾਲ ਸੋਢੀ)**
ਪੰਜਾਬ ਸਕੂਲ ਸਿੱਖਿਆ ਵਿਭਾਗ ਦੀਆਂ ਹਦਾਇਤਾਂ ਮੁਤਾਬਿਕ ਸਰਕਾਰੀ ਸਮਾਰਟ ਸੀਨੀਅਰ ਸੈਕੰਡਰੀ ਸਕੂਲ ਮਮਦੋਟ (ਲੜਕੀਆਂ) ਦੀ ਸਕੂਲ ਮੈਨੇਜਮੈਂਟ ਕਮੇਟੀ ਗਠਨ ਕਰਨ ਸਬੰਧੀ ਵਿਸ਼ੇਸ਼ ਮੀਟਿੰਗ ਸਕੂਲ ਦੇ ਪ੍ਰਿੰਸੀਪਲ ਮੈਡਮ ਰੁਬੀਨਾ ਚੋਪੜਾ ਸਕੱਤਰ ਦੀ ਅਗਵਾਈ ਹੇਠ ਸਕੂਲ ਵਿਖੇ ਹੋਈ। ਇਸ ਮੌਕੇ ਸਕੂਲ ਵਿੱਚ ਸਿੱਖਿਆ ਪ੍ਰਾਪਤ ਕਰ ਰਹੇ ਵਿਦਿਆਰਥੀਆਂ ਦੇ ਮਾਪੇ, ਨਗਰ ਪੰਚਾਇਤ ਦੇ ਨੁਮਾਇੰਦੇ, ਸਮਾਜ ਸੇਵਕ, ਸਿੱਖਿਆ ਸ਼ਾਸਤਰੀ, ਅਧਿਆਪਕ ਤੇ ਇੱਕ ਵਿਦਿਆਰਥੀ 'ਤੇ ਅਧਾਰਤ ਸਕੂਲ ਮੈਨੇਜਮੈਂਟ ਕਮੇਟੀ ਦਾ ਗਠਨ ਕੀਤਾ ਗਿਆ। ਇਸ ਮੌਕੇ ਜਸਬੀਰ ਸਿੰਘ ਨੂੰ ਚੇਅਰਮੈਨ, ਪ੍ਰਿੰਸੀਪਲ ਰੋਬੀਨਾ ਚੋਪੜਾ ਸਕੱਤਰ, ਸੀਨੀਅਰ ਅਧਿਆਪਕ ਰਾਜੇਸ਼ ਜੈਨ, ਮਨੀਸ਼ਾ ਰਾਣੀ (ਵਿਦਿਆਰਥੀ), ਕਿਰਨਦੀਪ ਕੌਰ ਪਤਨੀ ਰੂਪਾ ਸਿੰਘ, ਗੀਤਾ ਪਤਨੀ ਸੱਤਪਾਲ, ਹਰਜੀਤ ਪਤਨੀ ਵਿਜੈ ਕੁਮਾਰ, ਰੇਖਾ ਪਤਨੀ ਸੁਰਿੰਦਰ ਕੁਮਾਰ, ਗੀਤਾ ਪਤਨੀ ਵਿਜੈ ਕੁਮਾਰ, ਗੀਤਾ ਪਤਨੀ ਪ੍ਰੇਮ, ਜੱਜ ਪੁੱਤਰ ਚੰਦ, ਪ੍ਰਤਾਪ ਸਿੰਘ ਪੁੱਤਰ ਬਚਨ ਸਿੰਘ (ਸਾਰੇ ਵਿਦਿਆਰਥੀ ਮਾਪੇ), ਅਨੁਰਾਧਾ ਐੱਮ ਸੀ ਵਾਰਡ ਨੰਬਰ ਪੰਜ ਪਤਨੀ ਕੇਵਲ ਕ੍ਰਿਸ਼ਨ ਵਿਪਿਨ ਸਥਾਨਕ ਅਥਾਰਟੀ, ਜਸਬੀਰ ਸਿੰਘ ਪੁੱਤਰ ਇੰਦਰ ਸਿੰਘ ਵਾਸੀ ਜੋਧਪੁਰ ਨੂੰ ਸੋਸ਼ਲ ਵਰਕਰ, ਸੂਬਾ ਸਿੰਘ ਸਿੱਖਿਆ ਸ਼ਾਸਤਰੀ ਰਿਟਾ: ਅਧਿਆਪਕ ਨੂੰ ਬਤੌਰ ਮੈਨੇਜਮੈਂਟ ਕਮੇਟੀ ਮੈਂਬਰ ਚੁਣਿਆ ਗਿਆ।

# ਮੁਕਤਸਰ ਵਿਕਾਸ ਮਿਸ਼ਨ ਵੱਲੋਂ ਹਰਜੀਤ ਤੇ ਸੁਖਬੀਰ ਦਾ ਸਨਮਾਨ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)**-ਸਮਾਜ ਦੇ ਭਲੇ ਤੇ ਵਿਕਾਸ ਨੂੰ ਸਮਰਪਤ ਪ੍ਰਮੁੱਖ ਗੈਰ-ਸਰਕਾਰੀ ਸਮਾਜ ਸੇਵੀ ਸੰਸਥਾ ਮੁਕਤਸਰ ਵਿਕਾਸ ਮਿਸ਼ਨ ਵੱਲੋਂ ਪਵਨ ਹੋਟਲ ਐਂਡ ਸਵੀਟਸ ਸ਼ਾਪ ਵਿਖੇ ਨੌਜਵਾਨ ਹਰਜੀਤ ਤੇ ਸੁਖਬੀਰ ਸਨਮਾਨ ਸਮਾਰੋਹ ਕੀਤਾ ਗਿਆ। ਮਿਸ਼ਨ ਮੁਖੀ ਪ੍ਰਸਿੱਧ ਸਮਾਜ ਸੇਵਕ ਜਗਦੀਸ਼ ਰਾਏ ਢੋਸੀਵਾਲ ਦੀ ਅਗਵਾਈ ਹੇਠਲੇ ਇਸ ਸਮਾਗਮ ਦੌਰਾਨ ਮਿਸ਼ਨ ਦੇ ਚੇਅਰਮੈਨ ਇੰਜ. ਅਸ਼ੋਕ ਕੁਮਾਰ ਭਾਰਤੀ, ਸੀਨੀਅਰ ਮੀਤ ਪ੍ਰਧਾਨ ਨਿਰੰਜਣ ਸਿੰਘ ਰੱਖਰਾ, ਜਨਰਲ ਸਕੱਤਰ ਡਾ. ਜਸਵਿੰਦਰ ਸਿੰਘ, ਡਾ. ਸੁਰਿੰਦਰ ਗਿਰਧਰ, ਪ੍ਰਸ਼ੋਤਮ ਗਿਰਧਰ ਆਰ.ਏ., ਚੌ. ਬਲਬੀਰ ਸਿੰਘ, ਗੁਰਮੁੱਖ ਸਿੰਘ ਦਿਓਲ, ਓ.ਪੀ. ਖਿੱਚੀ, ਨਰਿੰਦਰ ਕਾਕਾ ਫੋਟੋ ਗ੍ਰਾਫਰ, ਬਰਨੇਕ ਸਿੰਘ ਦਿਓਲ, ਬਲਜਿੰਦਰ ਕੌਰ ਦਿਓਲ ਤੇ ਰਾਮ ਸਿੰਘ ਪੱਪੀ ਸਾਬਕਾ ਕੌਂਸਲਰ ਆਦਿ ਮੌਜੂਦ ਸਨ। ਦਿਵਿਆਂਗ ਹੋਣ ਕਰਕੇ ਆਪਣੇ ਹੱਥਾਂ ਨਾਲ ਨਾ ਲਿਖ ਸਕਣ ਵਾਲੇ ਤੇ ਪੈਰਾਂ ਨਾਲ ਲਿਖਣ ਅਤੇ ਕੰਪਿਊਟਰ ਚਲਾਉਣ ਵਾਲੇ ਸਥਾਨਕ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ (ਲੜਕੇ) ਦੇ ਵਿਦਿਆਰਥੀ ਸੁਖਬੀਰ, ਜਿਸ ਨੇ ਇਸ ਸਾਲ ਮੈਟ੍ਰਿਕ ਦੀ ਸਾਲਾਨਾ ਪ੍ਰੀਖਿਆ ਵਿੱਚੋਂ ਕਰੀਬ 91 ਅੰਕ ਪ੍ਰਾਪਤ ਕਰਕੇ 279 ਵਿਦਿਆਰਥੀਆਂ ਵੱਲੋਂ ਪਹਿਲਾ ਸਥਾਨ ਹਾਸਲ ਕੀਤਾ ਹੈ, ਨੂੰ ਸਮਾਰੋਹ ਦੌਰਾਨ ਸ਼ਾਨਦਾਰ ਮੋਮੈਂਟੋ ਦੇ ਕੇ ਸਨਮਾਨਤ ਕੀਤਾ ਗਿਆ। ਇਸ ਤੋਂ ਇਲਾਵਾ ਸਰੀਰਕ ਅਪੰਗਤਾ ਨੂੰ ਦਰਕਿਨਕਰ ਕਰਦੇ ਹੋਏ ਫਰੀਦਕੋਟ ਨਿਵਾਸੀ ਦਿਵਿਆਂਗ ਹਰਜੀਤ ਸਿੰਘ ਨੂੰ 'ਸਪੈਸ਼ਲ ਓਲੰਪਿਕਸ ਵਰਲਡ ਗੇਮਜ਼, ਬਰਲਿਨ-2023" ਚੁਣੇ ਜਾਣ 'ਤੇ ਸਨਮਾਨਤ ਕੀਤਾ ਗਿਆ। ਮਿਸ਼ਨ ਵੱਲੋਂ ਸਨਮਾਨਤ ਕੀਤੇ ਜਾਣ ਦੀ ਇਹ ਰਸਮ ਉੱਘੀ ਨਾਵਲ ਲੇਖਿਕਾ, ਕਾਲਮ ਨਵੀਸ, ਸਿੱਖਿਆ ਸ਼ਾਸਤਰੀ ਤੇ ਅਧਿਆਪਕਾ, ਸਟੇਟ ਐਵਾਰਡੀ ਮਿਸ ਹਰਪਿੰਦਰ ਰਾਣਾ ਵੱਲੋਂ ਅਦਾ ਕੀਤੀ ਗਈ। ਆਪਣੇ ਸੰਬੋਧਨ ਦੌਰਾਨ ਪ੍ਰਧਾਨ ਢੋਸੀਵਾਲ ਨੇ ਸਨਮਾਨਤ ਕੀਤੇ ਗਏ ਦੋਹਾਂ ਨੌਜਵਾਨਾਂ ਨੂੰ ਵਧਾਈ ਦਿੱਤੀ ਤੇ ਉਨ੍ਹਾਂ ਦੇ ਉਜਲੇ ਭਵਿੱਖ ਦਾ ਕਾਮਨਾ ਕੀਤੀ। ਸਮਾਰੋਹ ਦੌਰਾਨ ਪ੍ਰਸਿੱਧ ਕਹਾਣੀਕਾਰ ਪ੍ਰਗਟ ਸਿੰਘ ਜੰਬਰ ਤੋਂ ਇਲਾਵਾ ਹਰਜੀਤ ਨੂੰ ਫੁੱਟਬਾਲ ਦੀ ਸਫਲ ਟ੍ਰੇਨਿੰਗ ਦੇਣ ਵਾਲੇ ਕੋਚ ਇਕਬਾਲ ਸਿੰਘ ਸਰਾਂ ਤੇ ਜਗਦੇਵ ਸਿੰਘ ਤੋਂ ਇਲਾਵਾ ਸੁਖਬੀਰ ਦੇ ਪਿਤਾ ਹਰਦੇਵ ਸੁਰੀਲਾ, ਅਰਸ਼ ਬੱਤਰਾ, ਅਨੂਪ, ਅਮਰਜੀਤ ਕੌਰ, ਸ਼ੰਮਾ ਸਿੰਘ, ਵਿਜੇ, ਹਰਜੀਤ, ਗੀਤਾ ਤੇ ਹਰਪ੍ਰੀਤ ਕੌਰ ਆਦਿ ਸਮੇਤ ਕਈ ਹੋਰ ਪ੍ਰਮੁੱਖ ਸਖਸ਼ੀਅਤਾਂ ਮੌਜੂਦ ਸਨ।

## ...ਸਫ਼ਾ 1 ਦੇ ਬਾਕੀ

### ਮਾਨ ਵੱਲੋਂ ਕੇਂਦਰੀ ਪੂਲ 'ਚੋਂ...

ਯਕੀਨੀ ਬਣਾਉਣ ਦੀ ਲੋੜ ਹੈ। ਮੁੱਖ ਮੰਤਰੀ ਨੇ ਕੇਂਦਰੀ ਮੰਤਰੀ ਆਰ ਕੇ ਸਿੰਘ ਦੇ ਧਿਆਨ ਵਿੱਚ ਲਿਆਂਦਾ ਕਿ ਉਹ ਸੂਬੇ ਨੂੰ ਕੇਂਦਰੀ ਖ਼ੇਤਰ ਦੇ ਬਿਜਲੀ ਉਤਪਾਦਨ ਸਟੇਸ਼ਨਾਂ ਤੋਂ ਵਾਧੂ ਬਿਜਲੀ ਦਾ ਨਿਰਧਾਰਨ ਕਰਨ। ਪੰਜਾਬ ਨੂੰ ਆਪਣੇ ਤਾਪ ਬਿਜਲੀ ਘਰਾਂ ਲਈ ਪਛਵਾੜਾ (ਕੇਂਦਰੀ) ਕੋਲਾ ਖਾਣ ਤੋਂ ਬਕਾਇਦਾ ਆਧਾਰ ਉਤੇ ਕੋਲੇ ਦੀ ਸਪਲਾਈ ਮਿਲ ਰਹੀ ਹੈ। ਉਹਨਾ ਦੱਸਿਆ ਕਿ ਇਸ ਦੇ ਬਾਵਜੂਦ ਸੂਬੇ ਦੀ ਕੁੱਲ ਬਿਜਲੀ ਉਤਪਦਾਨ ਸਮਰੱਥਾ 6500 ਮੈਗਾਵਾਟ ਹੈ, ਜਦੋਂ ਕਿ ਝੋਨੇ ਦੇ ਸੀਜ਼ਨ ਵੇਲੇ ਇਸ ਮੰਗ ਦੇ 15,500 ਮੈਗਾਵਾਟ ਤੱਕ ਪੁੱਜਣ ਦੀ ਸੰਭਾਵਨਾ ਹੈ। ਉਹਨਾ ਆਖਿਆ ਕਿ ਇਸ ਲਈ ਬਿਜਲੀ ਦੀ ਭਾਰੀ ਮੰਗ ਦੀ ਪੂਰਤੀ ਲਈ ਆਗਾਮੀ ਝੋਨੇ/ ਗਰਮੀਆਂ ਦੇ ਸੀਜ਼ਨ ਦੌਰਾਨ ਪੰਜਾਬ ਨੂੰ ਕੇਂਦਰੀ ਸਹਾਇਤਾ ਦੀ ਲੋੜ ਹੈ। ਇਕ ਹੋਰ ਮਸਲਾ ਚੁੱਕਦਿਆਂ ਉਨ੍ਹਾ ਕਿਹਾ ਕਿ ਬਿਜਲੀ ਮੰਤਰਾਲੇ ਨੇ 20 ਫਰਵਰੀ ਨੂੰ ਦਰਾਮਦ ਕੋਲਾ ਆਧਾਰਤ ਪਲਾਂਟਾਂ ਲਈ ਬਿਜਲੀ ਐਕਟ 2003 ਦੀ ਧਾਰਾ 1 ਨੂੰ ਲਾਗੂ ਕਰਨ ਦੀਆਂ ਹਦਾਇਤਾਂ ਜਾਰੀ ਕੀਤੀਆਂ ਸਨ ਅਤੇ ਇਹ 15 ਜੂਨ ਤੱਕ ਲਾਗੂ ਰਹਿਣੀਆਂ ਹਨ। ਉਹਨਾ ਕਿਹਾ ਕਿ ਗਰਮੀਆਂ ਦੇ ਆ ਰਹੇ ਸੀਜ਼ਨ ਕਾਰਨ ਸੀ ਜੀ ਪੀ ਐੱਲ ਮੁੰਦਰਾ ਵਿੱਚ ਸਾਡੇ 475 ਮੈਗਾਵਾਟ ਦੇ ਹਿੱਸੇ ਕਾਰਨ ਪੰਜਾਬ ਦੇ ਮਾਮਲੇ ਵਿੱਚ ਇਹ ਹਦਾਇਤਾਂ ਕਾਫ਼ੀ ਮਹੱਤਵਪੂਰਨ ਹਨ। ਮੁੱਖ ਮੰਤਰੀ ਨੇ ਕਿਹਾ ਕਿ ਪੰਜਾਬ ਵਿੱਚ ਭਾਰੀ ਮੰਗ ਤੇ ਝੋਨੇ ਦਾ ਸੀਜ਼ਨ 10 ਜੂਨ ਤੋਂ ਸ਼ੁਰੂ ਹੋ ਰਿਹਾ ਹੈ, ਜਿਸ ਕਾਰਨ ਇਸ ਸਮੇਂ ਦੌਰਾਨ ਸੂਬੇ ਨੂੰ 24 ਘੰਟੇ ਬਿਜਲੀ ਦੀ ਬੇਹੱਦ ਲੋੜ ਹੈ। ਇਸ ਲਈ ਉਨ੍ਹਾਂ ਕੇਂਦਰੀ ਬਿਜਲੀ ਮੰਤਰੀ ਨੂੰ ਇਹ ਹਦਾਇਤਾਂ 15 ਅਕਤੂਬਰ ਤੱਕ ਵਧਾਉਣ ਲਈ ਆਖਿਆ ਤਾਂ ਕਿ ਸਮਾਜ ਦੇ ਹਰੇਕ ਵਰਗ ਦੀਆਂ ਬਿਜਲੀ ਲੋੜਾਂ ਦੀ ਪੂਰਤੀ ਕੀਤੀ ਜਾ ਸਕੇ। ਉਹਨਾ ਕਿਹਾ ਕਿ ਸੂਬੇ ਦੇ ਕਿਸਾਨ ਦੇਸ਼ ਨੂੰ ਖੁਰਾਕ ਉਤਪਾਦਨ ਵਿੱਚ ਆਤਮ ਨਿਰਭਰ ਬਣਾਉਣ ਲਈ ਅਹਿਮ ਭੂਮਿਕਾ ਨਿਭਾ ਰਹੇ ਹਨ, ਜਿਸ ਕਾਰਨ ਕੇਂਦਰ ਸਰਕਾਰ, ਪੰਜਾਬ ਨੂੰ ਨਿਰੰਤਰ ਵਾਧੂ ਬਿਜਲੀ ਸਪਲਾਈ ਜ਼ਰੂਰ ਯਕੀਨੀ ਬਣਾਵੇ ਤਾਂ ਜੋ ਕਿਸਾਨਾਂ ਨੂੰ ਫਾਇਦਾ ਮਿਲ ਸਕੇ।

### ਪੰਜਾਬ ਦੇਵੇਗਾ 10...

ਜੌਬ ਪੋਰਟਲ 'ਤੇ ਵੀ ਉਪਲਬਧ ਹਨ। ਡਾਇਰੈਕਟਰ ਰੁਜ਼ਗਾਰ ਉਤਪਤੀ ਦੀਪਤੀ ਉੱਪਲ ਨੇ ਦੱਸਿਆ ਕਿ ਰੁਜ਼ਗਾਰ ਉਤਪਤੀ ਵਿਭਾਗ ਇਸ ਮੁਹਿੰਮ ਰਾਹੀਂ ਰੋਜ਼ਗਾਰਦਾਤਾਵਾਂ ਨੂੰ ਯੋਗ ਉਮੀਦਵਾਰ ਲੱਭਣ ਦੇ ਨਾਲ-ਨਾਲ ਨੌਜਵਾਨਾਂ ਨੂੰ ਰੁਜ਼ਗਾਰ ਦੇ ਨਵੇਂ ਮੌਕੇ ਪ੍ਰਦਾਨ ਕਰਨ ਲਈ ਮੰਚ ਪ੍ਰਦਾਨ ਕਰਨ ਦੀ ਨਿਰੰਤਰ ਕੋਸ਼ਿਸ਼ ਕਰ ਰਿਹਾ ਹੈ। ਇਸ ਪਲੇਸਮੈਂਟ ਮੁਹਿੰਮ ਰਾਹੀਂ ਸੰਭਾਵਿਤ ਤੌਰ 'ਤੇ ਘੱਟੋ-ਘੱਟ 10,000 ਨੌਜਵਾਨਾਂ ਨੂੰ ਰੁਜ਼ਗਾਰ ਦੇ ਮੌਕੇ ਮਿਲਣਗੇ।

G20 | **ਉੱਤਰ ਰੇਲਵੇ** | ਆਜ਼ਾਦੀ ਦਾ ਅੰਮ੍ਰਿਤ ਮਹੋਤਸਵ

**ਈ-ਨਿਵਿਦਾ ਸੂਚਨਾ**

**ਨਿਵਿਦਾ ਸੂਚਨਾ ਪੱਤਰ ਨੰ.:- 770-W/169/WA-1/FZR/56-2023-24-ADEN-II-ASR** Date: 06.06.2023

ਮੰਡਲ ਇੰਜੀਨੀਅਰ-ਤੀਜਾ, ਫਿਰੋਜ਼ਪੁਰ ਦੁਆਰਾ ਭਾਰਤ ਦੇ ਰਾਸ਼ਟਰਪਤੀ ਦੇ ਵੱਲੋਂ ਤੋਂ ਹੇਠਾਂ ਲਿਖਤ ਈ-ਟੈਂਡਰ ਬੋਲੀ ਅੰਤਮ ਮਿਤੀ 27.06.2023 ਸਮਾਂ 15:00 ਵਜੇ ਤਕ www.ireps.gov.in ਤੇ ਮੰਗ ਕੀਤੀ ਜਾਂਦੀ ਹੈ। ਨਿਵਿਦਾਕਰਤਾ ਆਪਣੇ ਮੂਲ/ਸੰਸ਼ੋਧਿਤ ਟੈਂਡਰ ਬੰਦ ਹੋਣ ਦੀ ਮਿਤੀ ਅਤੇ ਸਮੇਂ ਤਕ ਪੇਸ਼ ਕਰ ਸਕਦੇ ਹਨ। ਮੈਨੂਅਲ ਪ੍ਰਸਤਾਵ ਇਸ ਟੈਂਡਰ ਦੇ ਲਈ ਮਾਨਯ ਨਹੀਂ ਹਨ ਅਤੇ ਐਸੇ ਕਿਸੇ ਵੀ ਪ੍ਰਸਤਾਵ ਨੂੰ ਸਵੀਕਾਰ ਨਹੀਂ ਕੀਤਾ ਜਾਵੇਗਾ। ਠੇਕੇਦਾਰ ਟੈਂਡਰ ਫਾਰਮ ਦੀ ਬਿਆਨਾ ਰਾਸ਼ੀ ਦੀ ਜਗ੍ਹਾ ਦਾ ਭੁਗਤਾਨ www.ireps.gov.in ਪੋਰਟਲ 'ਤੇ ਉਪਲਬਧ ਆਨ ਲਾਈਨ ਸਾਧਨਾਂ ਦੇ ਮਾਧਿਅਮ ਨਾਲ ਜਿਵੇਂ ਨੈਟ ਬੈਂਕਿੰਗ, ਡੇਬਿਟ ਕਾਰਡ ਕਰੈਡਿਟ ਕਾਰਡ ਆਦਿ ਦੇ ਭੁਗਤਾਨ ਨਾਲ ਕਰ ਸਕਦੇ ਹਨ। ਡਿਮਾਂਡ ਡ੍ਰਾਫਟ, ਬੈਂਕਰਸ ਚੈਕ, ਐਫ.ਡੀ.ਆਰ. ਤੇ ਰਸੀਦਾਂ ਆਦਿ ਦੇ ਮਾਧਿਅਮ ਨਾਲ ਭੁਗਤਾਨ ਦੀ ਇਜਾਜਤ ਨਹੀਂ ਹੈ।

| ਨਿਵਿਦਾ ਪ੍ਰਕਾਰ | ਨਿਵਿਦਾ ਅਨੁਭਾਗ | ਬੋਲੀ ਪ੍ਰਣਾਲੀ |
|---|---|---|
| ਖੁਲ੍ਹਾ | ਕੰਮ | ਏਕਲ ਬੋਲੀ ਪ੍ਰਣਾਲੀ |
| **ਟੈਂਡਰ ਅਪਲੋਡ ਕਰਨ ਦੀ ਮਿਤੀ** | ਬੋਲੀ ਸ਼ੁਰੂ ਦੀ ਮਿਤੀ | ਬੋਲੀ ਸਮਾਪਨ ਦੀ ਮਿਤੀ ਅਤੇ ਸਮਾਂ |
| 06.06.2023 | 13.06.2023 | 27.06.2023/ 15:00 ਵਜੇ |

| ਲੜੀ ਨੰਬਰ | ਨਿਵਿਦਾ ਨੰਬਰ | ਨਿਵਿਦਾ ਦਾ ਵੇਰਵਾ | | | |
|---|---|---|---|---|---|
| 1 | 56-2023-24-ADEN-II-ASR | ਸਹਾਇਕ ਮੰਡਲ ਇੰਜੀਨੀਅਰ-ਸੈਕਿੰਡ/ ਅੰਮ੍ਰਿਤਸਰ ਦੇ ਤਹਿਤ ਵੇਰਕਾ-ਡੇਰਾ ਬਾਬਾ ਨਾਨਕ ਸੈਕਸ਼ਨ ਵਿਚ ਐਲਐਚਐਸ ਦੇ ਲੇਵਲ ਕ੍ਰਾਸਿੰਗ ਨੰਬਰ ਸੀ-61 ਤੇ ਕਵਰ ਸ਼ੇਡ ਦਾ ਪ੍ਰਾਵਧਾਨ ਲਈ। | | | |
| | | ਵਿਗਿਆਪਨ ਮੁੱਲ (ਰੁ) | ਬਿਆਨਾ ਰਾਸ਼ੀ | ਆਫਰ ਦੀ ਵੈਲੇਡਿਟੀ | ਸਮਾਪਤੀ ਦਾ ਸਮਾਂ |
| | | 79,78,295.41/- | 1,59,600/- | 60 ਦਿਨ | 04 ਮਹੀਨੇ |
| | | **ਸਮਾਨ ਨੇਚਰ ਦਾ ਕੰਮ : - ਟ੍ਰੈਕ ਕੰਮ ਦੇ ਇਲਾਵਾ ਕੋਈ ਵੀ ਸਿਵਿਲ ਕੰਮ।** | | | |

ਨੋਟ 1. ਨਿਵਿਦਾ ਪਾਉਣ ਤੋਂ ਪਹਿਲਾਂ, ਨਿਵਿਦਾਕਰਤਾ ਨਿਵਿਦਾ ਦੇ ਸਬੰਧ ਵਿਚ ਜਾਰੀ ਕੀਤੇ ਗਏ ਕਿਸੇ ਵੀ ਸ਼ੁਧੀਪੱਤਰ ਦੀ ਜਾਂਚ ਕਰਨਗੇ। 1735/2023

**ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ**

**ਨਵਾਂ ਜ਼ਮਾਨਾ**
**ਪੋਸਟ ਬਾਕਸ ਨੰ. 134**

Printed and Published by **Gurmit Singh Shugli** for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar. Editor: **Chand Fatehpuri**
ਸੰਪਾਦਕ : **ਚੰਦ ਫਤਿਹਪੁਰੀ** * ਪੀ ਆਰ ਬੀ ਐਕਟ ਤਹਿਤ ਖ਼ਬਰਾਂ ਦੀ ਚੋਣ ਲਈ ਜ਼ਿੰਮੇਵਾਰ। ਪ੍ਰਕਾਸ਼ਕ ਤੇ ਛਾਪਕ **ਗੁਰਮੀਤ ਸਿੰਘ ਸ਼ੁਗਲੀ** ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ।
ਫੋਨ ਨੰਬਰ ਪ੍ਰਬੰਧਕੀ ਵਿਭਾਗ : 0181-5097300, ਸਮਾਚਾਰ ਵਿਭਾਗ : 0181-5097310, ਈ-ਮੇਲ : nawanzamana@gmail.com * Web : www.nawanzamana.in

7-June-PAGE-3.qxd 6/6/2023 10:37 PM Page 1



# ਕਿਸਾਨ-ਮਜ਼ਦੂਰ ਜਥੇਬੰਦੀ/ਬੀਕੇਯੂ ਏਕਤਾ ਆਜ਼ਾਦ ਵੱਲੋਂ ਭਲਕੇ ਇਕ ਰੋਜ਼ਾ ਧਰਨਿਆਂ ਦਾ ਐਲਾਨ



**ਤਰਨ ਤਾਰਨ (ਪ੍ਰਿਤਪਾਲ ਸਿੰਘ)**-ਮਾਨੋਚਾਹਲ ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਦੇ ਜ਼ਿਲ੍ਹਾ ਤਰਨਤਾਰਨ ਦੇ ਪ੍ਰੈੱਸ ਸਕੱਤਰਾਂ ਦੀ ਮੀਟਿੰਗ ਪ੍ਰਿੰਸੀਪਲ ਨਵਤੇਜ ਸਿੰਘ ਏਕਲ ਗੱਡਾ ਅਤੇ ਰਣਜੋਧ ਸਿੰਘ ਗੱਗੋਬੂਆ ਦੀ ਪ੍ਰਧਾਨਗੀ ਹੇਠ ਅਤੇ ਜ਼ਿਲ੍ਹੇ ਦੇ ਵਲੰਟੀਅਰਾਂ ਦੀ ਮੀਟਿੰਗ ਜਵਾਹਰ ਸਿੰਘ ਟਾਂਡਾ ਦੀ ਪ੍ਰਧਾਨਗੀ ਹੇਠ ਗੁਰਦੁਆਰਾ ਬਾਬਾ ਕਾਹਨ ਸਿੰਘ ਜੀ ਦੇ ਅਸਥਾਨ ਪਿੱਦੀ ਵਿਖੇ ਕੀਤੀ ਗਈ ਜਿਸ ਵਿੱਚ ਜ਼ਿਲ੍ਹਾ ਪ੍ਰਧਾਨ ਸਤਨਾਮ ਸਿੰਘ ਮਾਨੋਚਾਹਲ ਨੇ ਪ੍ਰੈੱਸ ਸਕੱਤਰਾ ਅਤੇ ਵਲੰਟੀਅਰਾਂ ਦੀ ਮੀਟਿੰਗ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਪ੍ਰੀਪੇਡ ਮੀਟਰਾਂ ਖਿਲਾਫ਼ ਬਿਜਲੀ ਸੰਬੰਧੀ ਮੁਸ਼ਕਿਲਾਂ ਨੂੰ ਲੈ ਕੇ ਭਲਕੇ ਬਿਜਲੀ ਵਿਭਾਗ ਦੇ ਸੈਂਕੜੇ ਐੱਸ. ਡੀ. ਓ. ਦਫਤਰਾਂ ਅੱਗੇ ਇੱਕ ਦਿਨਾ ਰੋਸ ਮੁਜ਼ਾਹਰੇ ਕੀਤੇ ਜਾਣਗੇ। ਇਸ ਸਬੰਧੀ ਪ੍ਰੈੱਸ ਨੋਟ ਜਾਰੀ ਕਰਦਿਆਂ ਜ਼ਿਲ੍ਹਾ ਆਗੂ ਫਤਿਹ ਸਿੰਘ ਪਿੱਦੀ, ਬਲਜਿੰਦਰ ਸਿੰਘ ਸੇਰੋਂ ਨੇ ਕਿਹਾ ਕਿ ਪੰਜਾਬ ਭਰ ਵਿੱਚ ਭਗਵੰਤ ਮਾਨ ਸਰਕਾਰ ਵੱਲੋਂ ਪਿੱਛਲੇ ਕਈ ਮਹੀਨਿਆਂ ਤੋਂ ਮੋਦੀ ਸਰਕਾਰ ਦੀ ਬਿਜਲੀ ਮਹਿਕਮੇ ਨੂੰ ਪ੍ਰਾਈਵੇਟ ਹੱਥਾਂ ਵਿੱਚ ਵੇਚਣ ਦੇ ਮਨਸੂਬਿਆਂ ਦੀ ਪੂਰਤੀ ਵਿੱਚ ਹਿੱਸੇਦਾਰੀ ਪਾਉਣ ਦੀ ਕੋਸ਼ਿਸ਼ ਦੇ ਚੱਲਦੇ ਪ੍ਰੀਪੇਡ ਮੀਟਰ ਲਗਾਉਣ ਲਈ ਅੱਡੀ ਚੋਟੀ ਦਾ ਜ਼ੋਰ ਲਗਾ ਰਹੀ ਹੈ। ਇਹ ਪੂਰਨ ਨਿੱਜੀਕਰਨ ਵੱਲ ਵਧਣ ਦਾ ਇੱਕ ਕਦਮ ਹੈ, ਜਿਸ ਨਾਲ "ਨੋ ਪ੍ਰੋਫਿਟ ਨੋ ਲੌਸ" ਦੇ ਸਿਧਾਂਤ ਤੇ ਸ਼ੁਰੂ ਹੋਇਆ ਬਿਜਲੀ ਅਦਾਰਾ ਪੂਰੀ ਤਰ੍ਹਾਂ ਕਾਰਪੋਰੇਟ ਕੰਪਨੀਆਂ ਦੇ ਹੱਥ ਚਲਾ ਜਾਵੇਗਾ ਅਤੇ ਗਰੀਬ ਜਨਤਾ ਦੀ ਅੰਨ੍ਹੀ ਲੁੱਟ ਦਾ ਸਾਧਨ ਬਣ ਜਾਵੇਗਾ। ਉਨ੍ਹਾ ਦੱਸਿਆ ਕਿ ਮੋਰਚੇ ਦੀ ਮੰਗ ਹੈ ਕਿ ਪ੍ਰੀਪੇਡ ਮੀਟਰ ਲਗਾਉਣੇ ਬੰਦ ਕੀਤੇ ਜਾਣ ਅਤੇ ਸੜੇ ਤੇ ਨਵੇਂ ਲੱਗਣ ਵਾਲੇ ਮੀਟਰ ਪਹਿਲੀ ਤਕਨੀਕ ਵਾਲੇ ਹੀ ਲਗਾਏ ਜਾਣ, ਬਿਜਲੀ ਸੋਧ ਬਿੱਲ ਦਾ ਸਟੈਂਡਿੰਗ ਕਮੇਟੀ ਕੋਲ ਪਿਆ ਖਰੜਾ ਮੁੱਢੋਂ ਰੱਦ ਕੀਤਾ ਜਾਵੇ, ਪਾਵਰਕੌਮ ਵਿੱਚ ਠੇਕੇਦਾਰੀ ਸਿਸਟਮ ਬੰਦ ਕਰਕੇ ਪੱਕੀ ਭਰਤੀ ਕੀਤੀ ਜਾਵੇ, ਓਵਰਲੋਡ ਟਰਾਂਸਫਾਰਮਰ, ਗਰਿੱਡ, ਫੀਡਰ ਡੀਲੋਡ ਕੀਤੇ ਜਾਣ, ਵੀ.ਡੀ. ਐੱਸ. ਸਕੀਮ ਖੋਲ੍ਹ ਕੇ ਪ੍ਰਤੀ ਹਾਰਸਪਾਵਰ 1200 ਰੁਪਏ ਦੇ ਹਿਸਾਬ ਨਾਲ ਲੋਡ ਵਧਾਉਣ ਦੀ ਖੁੱਲ ਦਿੱਤੀ ਜਾਵੇ, ਪਿੰਡਾਂ ਅਤੇ ਮੋਟਰਾਂ ਦੀ ਬਿਜਲੀ 16 ਘੰਟੇ ਨਿਰਵਿਘਨ ਦਿੱਤੀ ਜਾਵੇ, ਖਰਾਬ ਤੇ ਖਸਤਾ ਹਾਲਤ ਤਾਰਾਂ ਅਤੇ ਜੀਓ ਸਵਿੱਚ ਤੁਰੰਤ ਬਦਲੇ ਜਾਣ। ਇਸ ਮੌਕੇ ਹਰਜਿੰਦਰ ਸਿੰਘ ਘੱਗੇ, ਕਰਨਬੀਰ ਸਿੰਘ, ਕੁਲਦੀਪ ਸਿੰਘ ਬੁੱਗਾ, ਰਮਨਜੀਤ ਸਿੰਘ ਐਮਾ ਕਲਾਂ, ਕੁਲਜੀਤ ਸਿੰਘ ਛੀਨਾ, ਹਰਮਨਦੀਪ ਸਿੰਘ ਸੇਰੋਂ, ਸ਼ਮਸ਼ੇਰ ਸਿੰਘ ਤਰਨਤਾਰਨ, ਅਨਮੋਲ ਸਿੰਘ, ਯਾਦਵਿੰਦਰ ਸਿੰਘ ਟਾਡਾ, ਪਿੰਟਾ ਔਲਖ, ਗੁਰਦੇਵ ਸਿੰਘ ਝਾਮਕਾ, ਰਣਜੀਤ ਸਿੰਘ, ਮਾਨ ਸਿੰਘ, ਮਨਜੀਤ ਸਿੰਘ, ਸੁਖਚੈਨ ਸਿੰਘ, ਕੁਲਵੰਤ ਸਿੰਘ, ਬਲਵਿੰਦਰ ਸਿੰਘ, ਲਖਵਿੰਦਰ ਸਿੰਘ, ਦਰਬਾਰਾ ਸਿੰਘ, ਗੁਰਦੇਵ ਸਿੰਘ, ਮੰਗਲ ਸਿੰਘ, ਅੰਗਰੇਜ ਸਿੰਘ, ਕੁਲਜੀਤ ਸਿੰਘ, ਅਵਤਾਰ ਸਿੰਘ ਤਰਸੇਮ ਸਿੰਘ ਏਕਲਗੱਡਾ ਹਾਜ਼ਰ ਸਨ।

# 10 ਕੀਟਨਾਸ਼ਕਾਂ ਦੀ ਵਰਤੋਂ 'ਤੇ ਪੰਜਾਬ ਸਰਕਾਰ ਨੇ ਲਗਾਈ ਪਾਬੰਦੀ

**ਗੁਰਦਾਸਪੁਰ, (ਜਨਕ ਮਹਾਜਨ)**-ਪੰਜਾਬ ਸਰਕਾਰ ਵੱਲੋਂ ਬਾਸਮਤੀ ਦੇ ਚਾਵਲ ਦੇ ਨਿਰਯਾਤ ਵਿਚ ਰੁਕਾਵਟ ਪਾਉਣ ਵਾਲੇ ਕੁਝ ਕੀਟਨਾਸ਼ਕਾਂ ਦੀ ਵਿਕਰੀ, ਵੰਡ ਤੇ ਵਰਤੋਂ ਕਰਨ 'ਤੇ ਪਾਬੰਦੀ ਲਗਾ ਦਿੱਤੀ ਗਈ ਹੈ। ਇਹ ਨਿਰਦੇਸ਼ ਬਾਸਮਤੀ ਚਾਵਲ ਦੀ ਗੁਣਵੱਤਾ ਵਿਚ ਸੁਧਾਰ ਲਈ ਕਿਸਾਨਾਂ ਦੇ ਪੱਖ ਵਿਚ ਜਾਰੀ ਕੀਤੇ ਗਏ ਹਨ। ਖੇਤੀਬਾੜੀ ਵਿਭਾਗ ਦੇ ਜ਼ਿਲ੍ਹਾ ਸਿਖਲਾਈ ਅਫ਼ਸਰ ਡਾ. ਅਮਰੀਕ ਸਿੰਘ ਨੇ ਕਿਹਾ ਕਿ ਰਾਜ ਸਰਕਾਰ ਨੇ ਇਹ ਫੈਸਲਾ ਇਸ ਲਈ ਲਿਆ ਹੈ, ਕਿਉਂਕਿ ਪਾਬੰਦੀਸ਼ੁਦਾ ਕੀਟਨਾਸ਼ਕਾਂ ਦੀ ਵਰਤੋਂ ਬਾਸਮਤੀ ਚਾਵਲ ਉਤਪਾਦਕਾਂ ਦੇ ਹਿੱਤ ਵਿਚ ਨਹੀਂ ਹੈ। ਉਨ੍ਹਾਂ ਕਿਹਾ ਕਿ ਐਸੀਫੇਟ, ਕਲੋਰੋਪਾਇਰੀਫਾਸ, ਥਿਇਆਥਿਮੌਕਸਮ, ਕਾਰਬੈਂਡਾਜਿਮ, ਟ੍ਰਾਈਸਾਈਕਲਾਜੋਲ, ਬੁਪਰੋਫੇਜਿਨ, ਪ੍ਰੋਫੀਨੋਫੋਸ, ਪ੍ਰੋਪੀਕੋਨਾਜੋਲ, ਆਈਸੋਪ੍ਰੋਥਾਇਓਲੇਨ,ਜ਼ ਅਤੇ ਮੀਥਾਮੀਡੋਫੋਸ ਵਰਗੇ ਕੀਟਨਾਸ਼ਕਾਂ ਦੀ ਵਿਕਰੀ, ਭੰਡਾਰ, ਵੰਡ ਤੇ ਵਰਤੋਂ ਚਾਵਲ ਖਾਸ ਕਰਕੇ ਬਾਸਮਤੀ ਚਾਵਲ ਦੇ ਨਿਰਯਾਤ ਤੇ ਖਪਤ ਵਿਚ ਸੰਭਾਵੀ ਰੁਕਾਵਟਾਂ ਬਣ ਰਹੀਆਂ ਸਨ। ਉਨ੍ਹਾਂ ਕਿਹਾ ਕਿ ਉਪਰੋਕਤ ਕੀਟਨਾਸ਼ਕਾਂ 'ਤੇ ਪੰਜਾਬ ਵਿਚ ਅਗਲੇ 2 ਮਹੀਨਿਆਂ ਦੀ ਮਿਆਦ ਲਈ ਪਾਬੰਦੀ ਲਗਾਈ ਗਈ ਹੈ ਤਾਂ ਜੋ ਵਧੀਆ ਗੁਣਵੱਤਾ ਵਾਲੇ ਬਾਸਮਤੀ ਚਾਵਲ ਪੈਦਾ ਕੀਤੇ ਜਾ ਸਕਣ। ਉਨਾਂ ਕਿਹਾ ਕਿ ਜਿਹੜਾ ਵੀ ਕੀਟਨਾਸ਼ਕ ਵੇਚਣ ਵਾਲਾ ਦੁਕਾਨਦਾਰ ਇਹ ਪਾਬੰਦੀਸ਼ੁਦਾ ਕੀਟਨਾਸ਼ਕ ਵੇਚੇਗਾ ਉਸ ਖਿਲਾਫ ਦਿਾ ਇਨਸੈਕਟੀਸਾਈਡ ਐਕਟ 1968 ਦੀ ਧਾਰਾ 27 ਦੇ ਅਧੀਨ ਕੀਤੀਆਂ ਹਦਾਇਤਾਂ ਦੀ ਉਲੰਘਣਾ ਤਹਿਤ ਤਿੰਨ ਸਾਲ ਦੀ ਕੈਦ ਅਤੇ 75000 ਰੁਪਏ ਤੱਕ ਦਾ ਜੁਰਮਾਨਾ ਹੋ ਸਕਦਾ ਹੈ।

# ਸੰਯੁਕਤ ਕਿਸਾਨ ਮੋਰਚੇ ਦੇ ਸੱਦੇ 'ਤੇ ਪਿੰਡ-ਪਿੰਡ ਬ੍ਰਿਜ ਭੂਸ਼ਣ ਦੇ ਪੁਤਲੇ ਫੂਕੇ

**ਮਜੀਠਾ (ਸੋਇਮ ਆਨੰਦ)**-ਸੰਯੁਕਤ ਕਿਸਾਨ ਮੋਰਚੇ ਦੇ ਸੱਦੇ 'ਤੇ ਬਲਾਕ ਮਜੀਠਾ ਦੇ ਕਿਸਾਨਾਂ ਅਤੇ ਮਜ਼ਦੂਰਾਂ ਨੇ ਮਿਲ ਕੇ ਬ੍ਰਿਜ ਭੂਸ਼ਣ ਦੇ ਵੱਖ-ਵੱਖ ਪਿੰਡਾਂ ਵਿੱਚ ਪੁਤਲੇ ਫੂਕੇ। ਇਸ ਵੇਲੇ ਸਾਥੀ ਬਲਕਾਰ ਸਿੰਘ ਦੁਧਾਲਾ, ਸੁਖਵਿੰਦਰ ਸਿੰਘ ਚਵਿੰਡਾ ਦੇਵੀ, ਲਖਵਿੰਦਰ ਸਿੰਘ ਗੋਪਾਲਪੁਰਾ ਨੇ ਵੱਖ-ਵੱਖ ਪਿੰਡਾਂ ਵਿੱਚ ਸੰਬੋਧਨ ਕੀਤਾ। ਪਿੰਡ ਲੈਹਰਕਾ ਵਿਖੇ ਹਰਵਿੰਦਰ ਸਿੰਘ, ਸੱਤਾ ਸਿੰਘ, ਨਰਿੰਦਰ ਸਿੰਘ, ਮੱਖਣ ਸਿੰਘ ਨੇ ਸਕੂਲ ਵਿੱਚ ਪਿੰਡ ਦੇ ਲੋਕਾਂ ਦੇ ਇਕੱਠ ਨੂੰ ਸੰਬੋਧਨ ਕੀਤਾ। ਇਸ ਤੋਂ ਬਾਅਦ ਪਿੰਡ ਚਵਿੰਡਾ ਦੇਵੀ ਵਿੱਚ ਗੁਰਨਾਮ ਸਿੰਘ, ਕੁਲਦੀਪ ਸਿੰਘ, ਸੀਤਲ ਲਾਲ ਮੰਗਤ ਰਾਮ ਤੇ ਕੀਰਤ ਨੇ ਇਕੱਠ ਕਰਕੇ ਪਿੰਡ ਵਿੱਚ ਲਖਵਿੰਦਰ ਗੋਪਾਲਪੁਰ ਨੇ ਲੋਕਾਂ ਨੂੰ ਬ੍ਰਿਜ ਭੂਸ਼ਨ ਸਿੰਘ ਦੀਆਂ ਕਰਤੂਤਾਂ ਤੋਂ ਜਾਣੂ ਕਰਵਾਇਆ। ਚਵਿੰਡਾ ਦੇਵੀ ਪੁਤਲਾ ਫੂਕਣ ਤੋਂ ਬਾਅਦ ਜਦੋਂ ਪਿੰਡ ਅਬਦਾਲ ਵਿਖੇ ਪਹੁੰਚੇ ਤਾਂ ਮੇਜਰ ਸਿੰਘ, ਅੰਗਰੇਜ਼ ਸਿੰਘ, ਬਲਵਿੰਦਰ ਸਿੰਘ, ਬਾਬਾ ਕੁੰਨਣ ਸਿੰਘ ਤੇ ਅਵਤਾਰ ਸਿੰਘ ਨੇ ਇਕ ਹਵੇਲੀ ਵਿੱਚ ਭਾਰੀ ਇਕੱਠ ਕੀਤਾ।



ਸੁਖਵਿੰਦਰ ਸਿੰਘ ਚਵਿੰਡਾ ਦੇਵੀ ਨੇ ਕੇਂਦਰ ਸਰਕਾਰ 'ਤੇ ਬ੍ਰਿਜ ਭੂਸ਼ਣ ਦੀ ਪਿੱਠ ਥਾਪੜਨ ਦਾ ਦੋਸ਼ ਲਾਉਂਦਿਆਂ ਕਿਹਾ ਕਿ ਪਹਿਲਵਾਨ ਲੜਕੀਆਂ ਨਾਲ ਕੀਤੀ ਗਈ ਜ਼ਿਆਦਤੀ ਦਾ ਦੇਸ਼ ਦੇ ਲੋਕ ਮੋਦੀ ਸਰਕਾਰ ਨੂੰ ਜ਼ਰੂਰ ਸਬਕ ਸਿਖਾਉਣਗੇ। ਕਸਬਾ ਕੱਥੂਨੰਗਲ ਅੱਡੇ ਵਿੱਚ ਸਾਥੀ ਹਰਜਿੰਦਰ ਸਿੰਘ, ਕਸ਼ਮੀਰ ਕੌਰ, ਸਵਿੰਦਰ ਕੌਰ, ਮੰਨਾ ਸਿੰਘ, ਸੇਵਾ ਸਿੰਘ ਤੇ ਕਸ਼ਮੀਰ ਸਿੰਘ ਨੇ ਨਰੇਗਾ ਮਜ਼ਦੂਰਾਂ ਨੂੰ ਇਕੱਠੇ ਕੀਤਾ ਜਿਨ੍ਹਾਂ ਨੂੰ ਸਾਥੀ ਬਲਕਾਰ ਦੁਧਾਲਾ ਨੇ ਬ੍ਰਿਜ ਭੂਸ਼ਨ ਵੱਲੋਂ ਪਹਿਲਵਾਨ ਲੜਕੀਆਂ ਨਾਲ ਕੀਤੇ ਦੁਰਵਿਵਹਾਰ ਬਾਰੇ ਦੱਸਿਆ। ਸਾਥੀਆਂ ਨੇ ਚਿਤਾਵਨੀ ਦਿੱਤੀ ਕਿ ਜੇ ਸਰਕਾਰ ਇਨਸਾਫ ਨਹੀਂ ਕਰਦੀ ਤਾਂ ਦੇਸ਼ ਦੇ ਕਿਸਾਨ ਤੇ ਮਜ਼ਦੂਰ ਇਕੱਠੇ ਹੋ ਕੇ ਵੱਡਾ ਸੰਘਰਸ਼ ਕਰਨ ਵਾਸਤੇ ਮਜਬੂਰ ਹੋਣਗੇ।

## ਪ੍ਰੈੱਸ ਜਰਨਲਿਸਟ ਐਸੋਸੀਏਸ਼ਨ ਇਕਾਈ ਝਬਾਲ ਦਾ ਗਠਨ



**ਝਬਾਲ (ਹਰਜਿੰਦਰ ਸਿੰਘ ਸੋਨੀ/ਰੌਬਿਨ ਸਿੰਘ ਸੋਨੀ)**-ਪ੍ਰੈੱਸ ਜਰਨਲਿਸਟ ਐਸੋਸੀਏਸਨ ਇਕਾਈ ਝਬਾਲ ਦੀ ਮੀਟਿੰਗ ਮਾਝਾ ਜ਼ੋਨ ਦੇ ਚੇਅਰਮੈਨ ਕਿਰਪਾਲ ਸਿੰਘ ਸੋਹਲ ਦੀ ਪ੍ਰਧਾਨਗੀ ਹੇਠ ਹੋਈ ਜਿਸ ਵਿੱਚ ਸਮੂਹ ਮੈਂਬਰਾਂ ਨੇ ਹਿੱਸਾ ਲਿਆ। ਇਸ ਮੀਟਿੰਗ ਵਿੱਚ ਇਕਾਈ ਝਬਾਲ ਦਾ ਗਠਨ ਕੀਤਾ ਗਿਆ ਜਿਸ ਵਿੱਚ ਮਦਨ ਲਾਲ ਝਬਾਲ ਨੂੰ ਪ੍ਰਧਾਨ, ਹਰਜਿੰਦਰ ਲਿੰਘ ਲਾਲਾ ਸਰਪ੍ਰਸਤ, ਸੀਨੀਅਰ ਮੀਤ ਪ੍ਰਧਾਨ ਜਤਿੰਦਰ ਸ਼ਰਮਾ, ਮੀਤ ਪ੍ਰਧਾਨ ਦਵਿੰਦਰਪਾਲ ਝਬਾਲ, ਖਜ਼ਾਨਚੀ ਹਰਪਾਲ ਸਿੰਘ ਸੋਨਾ, ਪ੍ਰੈੱਸ ਸਕੱਤਰ ਦਲਜੀਤ ਸਿੰਘ ਚੱਢਾ, ਜਨਰਲ ਸਕੱਤਰ ਗੁਰਸ਼ਰਨ ਸਿੰਘ ਔਲਖ, ਸ਼ਿਵਦੀਪ ਸਿੰਘ ਧਾਲੀਵਾਲ ਸੀਨੀਅਰ ਜਨਰਲ ਸਕੱਤਰ, ਰੌਬਿਨ ਲਿੰਘ ਸੋਨੀ ਸਕੱਤਰ, ਨਿਸ਼ਾਨ ਸਿੰਘ ਮੂਸੇ ਸਕੱਤਰ ਨਿਯੁਕਤ ਕੀਤੇ ਗਏ। ਇਸ ਮੌਕੇ ਫੀਲਡ ਵਿੱਚ ਪੱਤਰਕਾਰਾਂ ਨੂੰ ਆਉਂਦੀਆਂ ਮੁਸ਼ਕਿਲਾਂ ਬਾਰੇ ਵਿਚਾਰਾਂ ਕੀਤੀਆਂ ਗਈਆਂ ਤੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੂੰ ਅਪੀਲ ਕੀਤੀ ਕਿ ਫੀਲਡ ਵਿੱਚ ਕੰਮ ਕਰਨ ਵਾਲੇ ਪੱਤਰਕਾਰਾਂ ਦੀਆਂ ਮੁਸ਼ਕਿਲਾਂ ਪਹਿਲ ਦੇ ਆਧਾਰ 'ਤੇ ਹੱਲ ਕੀਤੀਆਂ ਜਾਣ।

## ਘੱਲੂਘਾਰਾ ਦਿਵਸ ਮਨਾਇਆ



**ਬਟਾਲਾ (ਤਰਲੋਕ ਬੱਗਾ)**-ਛੇਵੀਂ ਪਾਤਸ਼ਾਹੀ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਦੇ ਵੱਡੇ ਸਪੁੱਤਰ ਬਾਬਾ ਗੁਰਦਿੱਤਾ ਜੀ ਦੇ ਵਿਆਹ ਅਸਥਾਨ ਇਤਿਹਾਸਕ ਗੁਰਦੁਆਰਾ ਸਤਿਕਰਤਾਰੀਆਂ ਸਾਹਿਬ ਵਿਖੇ ਜੂਨ '84 ਦੇ ਸਮੂਹ ਸ਼ਹੀਦਾਂ ਨੂੰ ਸਮਰਪਿਤ ਘੱਲੂਘਾਰਾ ਦਿਵਸ ਮਨਾਇਆ ਗਿਆ। ਇਸ ਮੌਕੇ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਗਏ। ਉਪਰੰਤ ਧਾਰਮਿਕ ਦੀਵਾਨ ਸਜਾਏ ਗਏ ਜਿਸ ਵਿੱਚ ਭਾਈ ਮਨਜੀਤ ਸਿੰਘ ਹਜ਼ੂਰੀ ਰਾਗੀ ਜਥੇ ਵਲੋਂ ਕੀਰਤਨ ਕਰਕੇ ਸੰਗਤਾਂ ਨੂੰ ਨਿਹਾਲ ਕੀਤਾ ਗਿਆ। ਇਸ ਸਮਾਗਮ ਦੀ ਅਰਦਾਸ ਭਾਈ ਅਮਨਦੀਪ ਸਿੰਘ ਕਾਦੀਆਂ ਵੱਲੋਂ ਕੀਤੀ ਗਈ। ਸੰਗਤਾਂ ਨੇ ਤਖਤ ਸ੍ਰੀ ਅਕਾਲ ਤਖਤ ਸਾਹਿਬ, ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਸ੍ਰੀ ਦਰਬਾਰ ਸਾਹਿਬ ਵਿਖੇ ਜੂਨ 84 ਦੇ ਘੱਲੂਘਾਰੇ ਸਮੇਂ ਸ਼ਹੀਦ ਹੋਏ ਸਿੰਘਾਂ ਦੀ ਅਰਦਾਸ ਕਰਕੇ ਸਾਂਝੇ ਤੌਰ 'ਤੇ ਸ਼ਹੀਦਾਂ ਨੂੰ ਸ਼ਰਧਾਂਜਲੀਆਂ ਭੇਟ ਕੀਤੀਆਂ। ਇਸ ਮੌਕੇ ਜਥੇਦਾਰ ਗੁਰਿੰਦਰਪਾਲ ਸਿੰਘ ਗੋਰਾ ਮੈਂਬਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਮਨਜੀਤ ਸਿੰਘ ਜਫਰਵਾਲ ਮੈਨੇਜਰ ਗੁਰਦੁਆਰਾ ਡੇਹਰਾ ਸਾਹਿਬ ਸਤਿਕਰਤਾਰੀਆਂ ਸਾਹਿਬ, ਬਾਬਾ ਅਮੋਲਕ ਸਿੰਘ ਕਾਰ ਸੇਵਾ ਖਡੂਰ ਸਾਹਿਬ ਵਾਲੇ, ਐਡਵੋਕੇਟ ਰਜਿੰਦਰ ਸਿੰਘ ਪਦਮ ਪ੍ਰਧਾਨ ਸੁਖਮਨੀ ਸਾਹਿਬ ਸੇਵਾ ਸੁਸਾਇਟੀ, ਕੁਲਵੰਤ ਸਿੰਘ ਐਮ ਸੀ, ਮਾਸਟਰ ਜੋਗਿੰਦਰ ਸਿੰਘ ਅੱਚਲੀ ਗੇਟ, ਕਰਤਾਰ ਸਿੰਘ ਪ੍ਰਧਾਨ, ਹਰਜੀਤ ਸਿੰਘ ਪ੍ਰਧਾਨ, ਅਰਸਪ੍ਰੀਤ ਸਿੰਘ ਭਾਟੀਆ, ਨਵਪ੍ਰੀਤ ਸਿੰਘ ਪ੍ਰਿੰਸ, ਗੁਰਮੁੱਖ ਸਿੰਘ ਬਸਰਾਵਾਂ, ਹਰਪਿੰਦਰ ਸਿੰਘ, ਕੁਲਦੀਪ ਸਿੰਘ ਸੰਗਰਾਵਾਂ, ਗੁਰਦੀਪ ਸਿੰਘ ਪੰਜਗਰਾਈਂ, ਅਮਨਦੀਪ ਸਿੰਘ ਕਾਦੀਆਂ ਅਤੇ ਸੰਗਤਾਂ ਹਾਜ਼ਰ ਸਨ।

## ਆਬਾਦਕਾਰ ਕਿਸਾਨਾਂ ਤੋਂ ਸਰਕਾਰ ਨੂੰ ਨਹੀਂ ਖੋਹਣ ਦੇਵਾਂਗੇ ਜ਼ਮੀਨਾਂ : ਕੋਟ ਬੁੱਢਾ



**ਮਾਨਾਂਵਾਲਾ (ਮਨਦੀਪ ਸਿੰਘ ਜੰਮੂ)**-ਕਿਸਾਨ ਸੰਘਰਸ਼ ਕਮੇਟੀ ਪੰਜਾਬ ਕੋਟ ਬੁੱਢਾ ਦੀ ਮੀਟਿੰਗ ਜੰਡਿਆਲਾ ਗੁਰੂ ਵਿਖੇ ਮੰਗਲ ਸਿੰਘ ਰਾਮਪੁਰਾ ਗੁਰਸਾਹਿਬ ਸਿੰਘ ਚਾਟੀਵਿੰਡ ਦੀ ਪ੍ਰਧਾਨਗੀ ਵਿੱਚ ਕੀਤੀ ਗਈ। ਇਸ ਮੌਕੇ ਜਥੇਬੰਦੀ ਦੇ ਸੂਬਾ ਪ੍ਰਧਾਨ ਇੰਦਰਜੀਤ ਸਿੰਘ ਕੋਟ ਬੁੱਢਾ ਨੇ ਕਿਹਾ ਕਿ ਪੰਜਾਬ ਵਿੱਚ ਵੱਖ-ਵੱਖ ਥਾਵਾਂ ਤੇ ਕਿਸਾਨਾਂ ਨੇ ਕਈ ਮੁਸ਼ਕਲਾਂ ਵਿੱਚੋਂ ਲੰਘ ਕੇ ਜ਼ਮੀਨਾਂ ਨੂੰ ਆਬਾਦ ਕੀਤਾ ਪਰ ਸਮੇਂ ਦੀਆਂ ਸਰਕਾਰਾਂ ਉਨ੍ਹਾਂ ਨੂੰ ਖੋਹਣ ਵਾਸਤੇ ਪੂਰਾ ਜ਼ੋਰ ਲਾ ਰਹੀਆਂ ਨੇ ਪਰ ਇਹ ਕਿਸੇ ਵੀ ਕੀਮਤ 'ਤੇ ਖੁੱਸਣ ਨਹੀਂ ਦਿੱਤੀਆਂ ਜਾਣਗੀਆਂ। ਇਸ ਮੌਕੇ ਹੋਰਨਾਂ ਤੋਂ ਇਲਾਵਾ ਜਥੇਬੰਦੀ ਦੇ ਸੂਬਾ ਕਮੇਟੀ ਮੈਂਬਰ ਸੁੱਚਾ ਸਿੰਘ ਲੱਧੂ, ਸੁਖਵੰਤ ਸਿੰਘ ਦੁਬਲੀ, ਬਾਬਾ ਪਰਗਟ ਸਿੰਘ, ਬਲਦੇਵ ਸਿੰਘ ਘਰਿਆਲਾ, ਬਲਵੰਤ ਸਿੰਘ ਪੰਡੋਰੀ, ਸੋਨੂੰ ਮਾਲ ਸੁਲਤਾਨਵਿੰਡ, ਹਰਪਾਲ ਸਿੰਘ ਪੰਡੋਰੀ, ਜਥੇਦਾਰ ਕੁਲਵੰਤ ਸਿੰਘ, ਜਗਤਾਰ ਸਿੰਘ ਨੰਦਵਾਲਾ, ਦਲਜੀਤ ਸਿੰਘ ਸੁੱਖੇਵਾਲ, ਪਰਗਟ ਸਿੰਘ ਜੰਡਿਆਲਾ, ਟੋਨੀ ਬਾਜਵਾ, ਸੰਦੀਪ ਸਿੰਘ ਚੌਹਾਨ, ਬਿਕਰਮ ਸਿੰਘ ਨਵਾਂ ਕੋਟ, ਬਲਵਿੰਦਰ ਸਿੰਘ ਬਾਵਾ, ਹਰਪਿੰਦਰ ਸਿੰਘ ਬੰਡਾਲਾ, ਗੁਰਪ੍ਰੀਤ ਸਿੰਘ ਕਾਨਪੁਰ, ਅਮਰਜੀਤ ਸਿੰਘ ਗੁਨੋਵਾਲ ਹਵੇਲੀਆਂ, ਪਰਮਿੰਦਰ ਸਿੰਘ ਭਿੰਡਰ, ਸਰਬਜੀਤ ਸਿੰਘ, ਸਰਪੰਚ ਬਿੱਟੂ ਸ਼ਾਹ, ਸ਼ਮਸ਼ੇਰ ਸਿੰਘ ਵਰਪਾਲ, ਅੰਗਰੇਜ ਸਿੰਘ ਚਾਟੀਵਿੰਡ, ਸ਼ਮਸ਼ੇਰ ਸਿੰਘ ਵਰਪਾਲ ਆਦਿ ਆਗੂ ਹਾਜ਼ਰ ਸਨ।

## ਸਕੂਲ 'ਚ ਵਿਸ਼ਵ ਵਾਤਾਵਰਨ ਦਿਵਸ ਮਨਾਇਆ



**ਧਾਰੀਵਾਲ, (ਮਨਦੀਪ ਸਿੰਘ ਵਿੱਕੀ)**-ਗੁਰੂ ਤੇਗ ਬਹਾਦਰ ਇੰਟਰਨੈਸ਼ਨਲ (ਜੀ.ਟੀ.ਬੀ.ਆਈ.) ਸਕੂਲ ਕਲਿਆਨਪੁਰ (ਧਾਰੀਵਾਲ) ਵਿੱਚ ਵਿਸ਼ਵ ਵਾਤਾਵਰਨ ਦਿਵਸ ਮਨਾਇਆ ਗਿਆ। ਸਕੂਲ ਦੇ ਪ੍ਰਿੰਸੀਪਲ ਡਾ: ਰਵਨੀਤ ਕੌਰ, ਚੇਅਰਮੈਨ ਤਰਸੇਮ ਸਿੰਘ ਅਤੇ ਡਾਇਰੈਕਟਰ ਸੁਰਜੀਤ ਸਿੰਘ ਵਲੋਂ ਬੱਚਿਆਂ ਨੂੰ ਵਾਤਾਵਰਨ ਦੀ ਸਾਂਭ-ਸੰਭਾਲ ਤੇ ਵੱਧ ਤੋਂ ਵੱਧ ਦਰੱਖਤ ਲਗਾਉਣ ਲਈ ਪ੍ਰੇਰਿਤ ਕਰਦਿਆਂ ਕਿਹਾ ਆਕਸੀਜਨ ਤੋਂ ਬਿਨਾਂ ਮਨੁੱਖ ਦਾ ਜਿਊਣਾ ਨਾਮੁਮਕਿਨ ਹੈ। ਇਹ ਆਕਸੀਜਨ ਸਾਨੂੰ ਦਰੱਖਤਾਂ ਤੋਂ ਹੀ ਮਿਲਦੀ ਹੈ। ਇਸ ਲਈ ਸਾਨੂੰ ਵਧੇਰੇ ਪੌਦੇ ਲਗਾਉਣੇ ਚਾਹੀਦੇ ਹਨ। ਸਹੀ ਜੀਵਨ ਜਿਊਣ ਲਈ ਸਾਨੂੰ ਆਪਣੇ ਕੁਦਰਤੀ ਸਰੋਤਾਂ ਨੂੰ ਬਚਾਉਣਾ ਅਤੇ ਵਾਤਾਵਰਨ ਦੀ ਸੰਭਾਲ ਕਰਨਾ ਬਹੁਤ ਜ਼ਰੂਰੀ ਹੈ। ਪ੍ਰਿੰਸੀਪਲ ਡਾ: ਰਵਨੀਤ ਨੇ ਕਿਹਾ ਵਾਤਾਵਰਨ ਦੀ ਸਾਂਭ ਸੰਭਾਲ ਨਾ ਕਰਨ ਕਰਕੇ ਹੀ ਅੱਜ ਆਕਸੀਜਨ ਦੀ ਘਾਟ ਵਰਗੀਆਂ ਸਮੱਸਿਆਂਵਾਂ ਅਤੇ ਕਈ ਬਿਮਾਰੀਆਂ ਨਾਲ ਮਨੁੱਖ ਨੂੰ ਜੂਝਣਾ ਪੈ ਰਿਹਾ ਹੈ। ਉਨ੍ਹਾਂ ਕਿਹਾ ਸਾਨੂੰ ਪਲਾਸਟਿਕ ਦੀ ਵਰਤੋਂ ਨਹੀਂ ਕਰਨ ਚਾਹੀਦੀ ਅਤੇ ਪ੍ਰਦੂਸ਼ਣ ਪੈਦਾ ਕਰਨ ਵਾਲੇ ਵਾਹਨ ਦੀ ਵਰਤੋਂ ਨਹੀਂ ਕਰਨੀ ਚਾਹੀਦੀ। ਇਸ ਮੌਕੇ ਸਕੂਲ ਦੇ ਵਿਦਿਆਰਥੀਆਂ ਵਲੋਂ 'ਰੁੱਖ ਲਗਾਓ ਆਕਸੀਜਨ ਮੁਫਤ ਪਾਓ, ਵਾਤਾਵਰਣ ਨੂੰ ਸਵੱਛ ਬਣਾਵਾਂਗੇ, ਮਿਲ ਕੇ ਪਾਣੀ ਬਚਾਵਾਂਗੇ' ਆਦਿ ਵਾਤਾਵਰਨ ਸੰਭਾਲ ਸਬੰਧੀ ਸੰਦੇਸ਼ ਭਰਪੂਰ ਨਾਅਰੇ ਲਗਾਏ ਗਏ। ਵਿਦਿਆਰਥੀਆਂ ਨੇ ਪਲਾਸਟਿਕ ਦੀ ਵਰਤੋਂ ਨਾ ਕਰਨ ਅਤੇ ਵੱਧ ਤੋਂ ਵੱਧ ਪੌਦੇ ਲਗਾਉਣ ਅਤੇ ਲਾਈਟ ਦੀ ਵਰਤੋਂ ਸੰਜਮ ਨਾਲ ਕਰਨ ਦਾ ਅਹਿਦ ਲਿਆ। ਇਸ ਮੌਕੇ ਤੇ ਬੱਚਿਆਂ ਨੇ ਫਲਾਂ ਅਤੇ ਦਵਾਈਆਂ ਦੇ ਬੂਟੇ ਵੀ ਲਗਾਏ ਤੇ ਦਰੱਖਤਾਂ ਦੀ ਤਸਵੀਰ ਵੀ ਬਣਾਈ। ਇਸ ਮੌਕੇ ਪ੍ਰਿੰਸੀਪਲ ਡਾ: ਰਵਨੀਤ ਕੌਰ ਨੇ ਵਿਦਿਆਰਥੀਆਂ ਨਾਲ ਮਿਲ ਕੇ ਪੌਦੇ ਵੀ ਲਗਾਏ।

## ਡਾ. ਸੋਹਲ ਨੂੰ ਬਦਨਾਮ ਕਰਨ ਵਾਲਿਆਂ ਦੀ ਸਾਜ਼ਿਸ਼ ਨਹੀਂ ਹੋਵੇਗੀ ਕਾਮਯਾਬ: ਮਾਨ ਕਲੇਰ



**ਸਰਾਏ ਅਮਾਨਤ ਖਾਂ (ਮੱਖਣ ਮਨੋਜ)**—ਆਮ ਆਦਮੀ ਪਾਰਟੀ ਦੇ ਆਗੂ ਮਾਨ ਸਿੰਘ ਕਲੇਰ ਨੇ ਸੋਸ਼ਲ ਮੀਡੀਆ ਰਾਹੀਂ ਪਿੰਡਾਂ ਦੀਆਂ ਲਾਈਟਾਂ ਦੇ ਸਬੰਧ ਵਿੱਚ ਤਰਨ ਤਾਰਨ ਦੇ ਵਿਧਾਇਕ ਡਾਕਟਰ ਕਸ਼ਮੀਰ ਸਿੰਘ ਸੋਹਲ ਨੂੰ ਝੂਠੇ ਅਤੇ ਬੇਬੁਨਿਆਦ ਦੋਸ਼ ਲਾ ਕੇ ਬਦਨਾਮ ਕਰਨ ਨੂੰ ਸਿਆਸੀ ਸਾਜ਼ਿਸ਼ ਦੱਸਿਆ। ਮਾਨ ਨੇ ਆਪ ਵਲੰਟੀਅਰਾਂ ਦੀ ਇੱਕ ਬੈਠਕ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਡਾਕਟਰ ਸੋਹਲ ਇਕ ਇਮਾਨਦਾਰ, ਸੂਝਵਾਨ ਅਤੇ ਇਲਾਕੇ ਦੇ ਲੋਕਾਂ ਦੀ ਸੇਵਾ ਨੂੰ ਸਮਰਪਿਤ ਇਨਸਾਨ ਹਨ ਅਤੇ ਅਜਿਹੇ ਵਿਅਕਤੀ ਤੇ ਬੇਬੁਨਿਆਦ ਦੋਸ਼ ਲਗਾ ਕੇ ਬਦਨਾਮ ਕਰਨ ਦੀ ਸਾਜ਼ਿਸ਼ ਦੀ ਜਿੰਨੀ ਵੀ ਨਿੰਦਾ ਕੀਤੀ ਜਾਵੇ ਥੋੜੀ ਹੈ। ਉਨਾਂ ਦੱਸਿਆ ਕਿ ਪਿੰਡਾਂ ਦੀਆਂ ਲਾਈਟਾਂ ਲਗਾਉਣ ਵਿਚ ਸਰਕਾਰੀ ਵਿਭਾਗ ਅਤੇ ਏਜੰਸੀ ਸ਼ਾਮਲ ਹੈ ਅਤੇ ਡਾਕਟਰ ਸੋਹਲ ਦੇ ਯਤਨਾਂ ਸਦਕਾ ਸਰਕਾਰੀ ਰੇਟ ਤੇ 12 ਵਾਟ ਲਾਈਟ ਦੀ ਥਾਂ 30 ਵਾਟ ਦੀਆਂ ਲਾਈਟਾਂ ਲਗਾਈਆਂ ਜਾ ਰਹੀਆਂ ਹਨ ਅਤੇ ਇਸ ਕੰਮ ਦੀ ਇਲਾਕਾ ਨਿਵਾਸੀਆਂ ਵੱਲੋਂ ਤਾਰੀਫ ਕੀਤੀ ਜਾ ਰਹੀ ਹੈ। ਕਲੇਰ ਨੇ ਦੱਸਿਆ ਕਿ ਇਲਾਕੇ ਦੇ ਲੋਕਾਂ ਵੱਲੋਂ ਡਾਕਟਰ ਸੋਹਲ ਨੂੰ ਬਹੁਤ ਪਿਆਰ ਅਤੇ ਸਤਿਕਾਰ ਮਿਲ ਰਿਹਾ ਹੈ ਜੋ ਸਿਆਸੀ ਵਿਰੋਧੀਆਂ ਨੂੰ ਚੰਗਾ ਨਹੀਂ ਲੱਗ ਰਿਹਾ ਅਤੇ ਉਹ ਝੂਠੇ ਅਤੇ ਬੇਬੁਨਿਆਦ ਦੋਸ਼ ਲਗਾ ਕੇ ਆਪਣੀ ਘਟੀਆ ਸੋਚ ਦਾ ਪ੍ਰਗਟਾਵਾ ਕਰ ਰਹੇ ਹਨ। ਉਨ੍ਹਾਂ ਅਜਿਹੇ ਸ਼ਰਾਰਤੀ ਅਨਸਰਾਂ ਵਿਰੁੱਧ ਸਖਤ ਕਾਰਵਾਈ ਦੀ ਮੰਗ ਕੀਤੀ ਹੈ। ਇਸ ਮੌਕੇ ਕਲੇਰ ਦੇ ਨਾਲ ਆਪ ਆਗੂ ਲਖਬੀਰ ਸਿੰਘ ਰਟੌਲ, ਨਵਦੀਪ ਸਿੰਘ ਅਰੋੜਾ ਅਤੇ ਹਰਪਾਲ ਸਿੰਘ ਵੀ ਮੌਜੂਦ ਸਨ।

## ਚੇਅਰਮੈਨ ਰਮਨ ਬਹਿਲ ਨੇ ਪੌਦੇ ਲਗਾ ਕੇ ਮਨਾਇਆ ਵਿਸ਼ਵ ਵਾਤਾਵਰਨ ਦਿਵਸ



**ਗੁਰਦਾਸਪੁਰ (ਜਨਕ ਮਹਾਜਨ)**-ਪੰਜਾਬ ਹੈਲਥ ਸਿਸਟਮਜ਼ ਕਾਰਪੋਰੇਸ਼ਨ ਦੇ ਚੇਅਰਮੈਨ ਰਮਨ ਬਹਿਲ ਨੇ ਆਪਣੇ ਸਾਥੀਆਂ ਨਾਲ ਸ਼ਹੀਦ ਮੇਜਰ ਬਲਵਿੰਦਰ ਸਿੰਘ ਬਾਜਵਾ ਪਾਰਕ ਵਿਖੇ ਪੌਦੇ ਲਗਾ ਕੇ ਵਿਸ਼ਵ ਵਾਤਾਵਰਣ ਦਿਵਸ ਮਨਾਇਆ। ਇਸ ਮੌਕੇ ਬਹਿਲ ਨੇ ਕਿਹਾ ਕਿ ਪ੍ਰਦੂਸ਼ਣ ਮੁਕਤ ਤੇ ਸਿਹਤਮੰਦ ਵਾਤਾਵਰਣ ਸਿਰਜਣ ਲਈ ਵੱਧ ਤੋਂ ਵੱਧ ਬੂਟੇ ਲਗਾ ਕੇ ਹਰਿਆ-ਭਰਿਆ ਚੌਗਿਰਦਾ ਬਣਾਉਣਾ ਹਰੇਕ ਇਨਸਾਨ ਦਾ ਫਰਜ਼ ਹੈ। ਉਨ੍ਹਾਂ ਕਿਹਾ ਕਿ ਹੁਣ ਸਮਾਂ ਆ ਚੁੱਕਾ ਹੈ ਕਿ ਅਸੀਂ ਸੰਜੀਦਗੀ ਨਾਲ ਵਾਤਾਵਰਨ ਦੀ ਸੰਭਾਲ ਲਈ ਅੱਗੇ ਆਈਏ ਅਤੇ ਆਪਣੀ ਧਰਤੀ ਮਾਂ ਤੇ ਵਾਤਾਵਰਣ ਦੀ ਸੰਭਾਲ ਲਈ ਨਿੱਜੀ ਅਤੇ ਸਮੂਹਿਕ ਉਪਰਾਲੇ ਕਰੀਏ। ਉਨ੍ਹਾਂ ਕਿਹਾ ਕਿ ਕੁਦਰਤ ਦਾ ਸੰਤੁਲਨ ਬਣਾਈ ਰੱਖਣ ਲਈ ਪਸ਼ੂ, ਪੰਛੀ, ਪਵਨ, ਪਾਣੀ ਤੇ ਧਰਤੀ ਦਾ ਸਤਿਕਾਰ ਅਤੇ ਸੰਭਾਲ ਬੇਹੱਦ ਜਰੂਰੀ ਹੈ। ਉਨ੍ਹਾਂ ਅੱਗੇ ਕਿਹਾ ਕਿ ਹਰ ਵਿਅਕਤੀ ਨੂੰ ਵੱਧ ਤੋਂ ਵੱਧ ਪੌਦੇ ਲਗਾਉਣੇ ਚਾਹੀਦੇ ਹਨ, ਮੋਮੀ ਲਿਫਾਫਿਆਂ ਦੀ ਵਰਤੋਂ ਬਿਲਕੁਲ ਨਹੀਂ ਕਰਨੀ ਚਾਹੀਦੀ, ਮੋਟਰ-ਗੱਡੀਆਂ 'ਤੇ ਉੱਚੀ ਆਵਾਜ਼ ਵਾਲੇ ਹਾਰਨ ਨਹੀਂ ਲਗਾਉਣੇ ਚਾਹੀਦੇ ਹਨ। ਉਨ੍ਹਾਂ ਕਿਹਾ ਕਿ ਬੱਚਿਆਂ ਨੂੰ ਆਪਣੇ ਵਾਤਾਵਰਣ ਦੀ ਸੰਭਾਲ ਲਈ ਹੁਣ ਤੋਂ ਹੀ ਜਾਗਰੂਕ ਕੀਤਾ ਜਾਵੇ ਅਤੇ ਉਨ੍ਹਾਂ ਨੂੰ ਨਾਲ ਲੈ ਕੇ ਚੌਗਿਰਦੇ ਨੂੰ ਹਰਿਆ-ਭਰਿਆ ਬਣਾਉਣ ਲਈ ਯਤਨ ਕੀਤੇ ਜਾਣ।

## ਸਰਕਾਰੀ ਸਕੂਲ ਕਾਦੀਆਂ 'ਚ ਵਿਸ਼ਵ ਵਾਤਾਵਰਨ ਦਿਵਸ ਮਨਾਇਆ



**ਕਾਦੀਆਂ (ਯਾਦਵਿੰਦਰ ਸਿੰਘ ਮਲਹੋਤਰਾ)**-ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਕਾਦੀਆਂ ਵਿੱਚ ਪ੍ਰਿੰਸੀਪਲ ਡਾਕਟਰ ਸੁਨੀਤਾ ਕੌਸ਼ਲ ਦੀ ਅਗਵਾਈ ਹੇਠ ਵਿਸ਼ਵ ਵਾਤਾਵਰਨ ਦਿਵਸ ਮਨਾਇਆ ਗਿਆ। ਸਕੂਲ ਨੂੰ ਹਰਿਆ-ਭਰਿਆ ਤੇ ਖੁਸ਼ਹਾਲ ਰੱਖਣ ਲਈ ਸਕੂਲ ਦੀ ਬਿਲਡਿੰਗ ਵਿਚ ਸਮੂਹ ਸਟਾਫ ਵੱਲੋਂ ਫਲਦਾਰ ਅਤੇ ਸੰਘਣੀ ਛਾਂ ਵਾਲੇ ਪੌਦੇ ਲਗਾਏ ਗਏ। ਇਸ ਮੌਕੇ ਪ੍ਰਿੰ. ਡਾ. ਸੁਨੀਤਾ ਕੌਸ਼ਲ ਨੇ ਗੱਲਬਾਤ ਕਰਦਿਆਂ ਹੋਇਆਂ ਕਿਹਾ ਕਿ ਧਰਤੀ ਨੂੰ ਸਾਫ ਸੁਥਰਾ ਅਤੇ ਹਰਿਆ ਰੱਖਣ ਲਈ ਰੁੱਖਾਂ ਦਾ ਹੋਣਾ ਜ਼ਰੂਰੀ ਹੈ। ਇਸ ਲਈ ਹਰ ਇਨਸਾਨ ਨੂੰ ਆਪਣੀ ਜ਼ਿੰਦਗੀ ਵਿਚ ਇਕ ਰੁੱਖ ਜ਼ਰੂਰ ਲਗਾਉਣਾ ਚਾਹੀਦਾ ਹੈ। ਇਸ ਨਾਲ ਵਾਤਾਵਰਨ ਸਾਫ-ਸੁਥਰਾ ਰਹਿੰਦਾ ਹੈ ਅਤੇ ਜਿਸ ਨਾਲ ਧਰਤੀ ਉੱਤੇ ਵਧੇਰੇ ਆਕਸੀਜਨ ਹੋਵੇਗੀ ਜਿਸ ਨਾਲ ਇਨਸਾਨਾਂ ਨੂੰ ਹੋਣ ਵਾਲੀਆਂ ਭਿਆਨਕ ਅਤੇ ਖਤਰਨਾਕ ਬਿਮਾਰੀਆਂ ਤੋਂ ਬਚਾਇਆ ਜਾ ਸਕਦਾ ਹੈ। ਇਸ ਮੌਕੇ ਸਕੂਲ ਪ੍ਰਿੰ. ਕੌਸ਼ਲ ਤੋਂ ਇਲਾਵਾ ਪ੍ਰਦੀਪ ਕੁਮਾਰ, ਵਿਪਨ ਕੁਮਾਰ, ਕਾਂਤਾ ਦੇਵੀ, ਗੁਰਟੇਕ ਸਿੰਘ, ਅਜੇ ਕੁਮਾਰ, ਬਲਵਿੰਦਰ ਕੁਮਾਰ, ਜਗਦੀਸ, ਸੋਨੀਆ ਆਦਿ ਸਟਾਫ ਮੈਂਬਰ ਹਾਜ਼ਰ ਸਨ।

## ਰਾਜਪਾਲ ਬਨਵਾਰੀ ਲਾਲ ਪੁਰੋਹਿਤ ਵੱਲੋਂ ਪਿੰਡਾਂ ਦੇ ਸਰਪੰਚਾਂ ਤੇ ਮੋਹਤਬਰਾਂ ਨਾਲ ਰੂ-ਬ-ਰੂ ਅੱਜ



**ਡੇਰਾ ਬਾਬਾ ਨਾਨਕ, (ਰਮੇਸ਼ ਸ਼ਰਮਾ)**-ਪੰਜਾਬ ਦੇ ਰਾਜਪਾਲ ਬਨਵਾਰੀ ਲਾਲ ਪੁਰੋਹਿਤ 7 ਜੂਨ ਨੂੰ ਡੇਰਾ ਬਾਬਾ ਨਾਨਕ ਨਜ਼ਦੀਕ ਪਿੰਡ ਧਰਮਕੋਟ ਰੰਧਾਵਾ ਵਿਖੇ ਸਰਹੱਦੀ ਪਿੰਡਾਂ ਦੇ ਸਰਪੰਚਾਂ ਅਤੇ ਮੋਹਤਬਰਾਂ ਦੇ ਰੂਬਰੂ ਹੋਣਗੇ। ਇਸ ਮੌਕੇ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਸਰਕਾਰੀ ਸੀਨੀਅਰ ਸੈਕਡਰੀ ਸਕੂਲ ਧਰਮਕੋਟ ਰੰਧਾਵਾ ਵਿਖੇ ਮਿਸ਼ਨ ਅਬਾਦ ਤਹਿਤ ਵਿਸ਼ੇਸ਼ ਕੈਂਪ ਵੀ ਲਗਾਇਆ ਜਾਵੇਗਾ ਜਿਸ ਵਿੱਚ ਸਰਹੱਦੀ ਖੇਤਰ ਦੇ ਵਸਨੀਕਾਂ ਨੂੰ ਸਰਕਾਰ ਦੀਆਂ ਭਲਾਈ ਯੋਜਨਾਵਾਂ ਦਾ ਲਾਭ ਦਿੱਤਾ ਜਾਵੇਗਾ। ਰਾਜਪਾਲ ਪੰਜਾਬ ਦੀ ਡੇਰਾ ਬਾਬਾ ਨਾਨਕ ਫੇਰੀ ਨੂੰ ਲੈ ਕੇ ਅੱਜ ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਅਤੇ ਐੱਸਐੱਸਪੀ ਬਟਾਲਾ ਮੈਡਮ ਅਸ਼ਵਨੀ ਗੋਤਿਆਲ ਵੱਲੋਂ ਜ਼ਿਲ੍ਹਾ ਅਧਿਕਾਰੀਆਂ ਦੇ ਨਾਲ ਤਿਆਰੀਆਂ ਦਾ ਜਾਇਜ਼ਾ ਲਿਆ ਗਿਆ। ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਨੇ ਦੱਸਿਆ ਕਿ ਪੰਜਾਬ ਦੇ ਰਾਜਪਾਲ ਬਨਵਾਰੀ ਲਾਲ ਪੁਰੋਹਿਤ ਆਪਣੀ ਡੇਰਾ ਬਾਬਾ ਨਾਨਕ ਫੇਰੀ ਦੌਰਾਨ ਸਰਹੱਦੀ ਪਿੰਡਾਂ ਦੇ ਪੰਚਾਂ-ਸਰਪੰਚਾਂ, ਵਿਲੇਜ ਡਿਫੈਂਸ ਕਮੇਟੀਆਂ ਦੇ ਨੁਮਾਇੰਦਿਆਂ ਅਤੇ ਹੋਰ ਮੋਹਤਬਰ ਵਿਅਕਤੀਆਂ ਨਾਲ ਮੀਟਿੰਗ ਕਰਕੇ ਸੁਰੱਖਿਆ ਪ੍ਰਬੰਧਾਂ ਦਾ ਜਾਇਜ਼ਾ ਲੈਣਗੇ ਅਤੇ ਨਾਲ ਹੀ ਸਰਹੱਦੀ ਲੋਕਾਂ ਨੂੰ ਦੇਸ਼ ਦੀ ਸੁਰੱਖਿਆ ਵਿੱਚ ਬੀਐੱਸਐੱਫ ਤੇ ਹੋਰ ਸੁਰੱਖਿਆ ਏਜੰਸੀਆਂ ਦਾ ਸਾਥ ਦੇਣ ਲਈ ਪ੍ਰੇਰਿਤ ਕਰਨਗੇ। ਇਸ ਦੌਰਾਨ ਰਾਜਪਾਲ ਪੰਜਾਬ ਵੱਲੋਂ ਅਧਿਕਾਰੀਆਂ ਨਾਲ ਮੀਟਿੰਗ ਵੀ ਕੀਤੀ ਜਾਵੇਗੀ। ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਨੇ ਅੱਗੇ ਦੱਸਿਆ ਕਿ ਮਾਣਯੋਗ ਰਾਜਪਾਲ ਦੀ ਫੇਰੀ ਦੌਰਾਨ ਜ਼ਿਲ੍ਹਾ ਪ੍ਰਸ਼ਾਸਨ ਗੁਰਦਾਸਪੁਰ ਵੱਲੋਂ ਸਰਕਾਰੀ ਸੀਨੀਅਰ ਸਕੈਂਡਰੀ ਸਕੂਲ, ਧਰਮਕੋਟ ਰੰਧਾਵਾ ਵਿਖੇ ਮਿਸ਼ਨ ਅਬਾਦ ਤਹਿਤ ਵਿਸ਼ੇਸ਼ ਕੈਂਪ ਵੀ ਲਗਾਇਆ ਜਾਵੇਗਾ ਜਿਸ ਵਿੱਚ ਸਰਹੱਦੀ ਖੇਤਰ ਦੇ ਵਸਨੀਕਾਂ ਨੂੰ ਸਰਕਾਰ ਦੀਆਂ ਵੱਖ-ਵੱਖ ਭਲਾਈ ਯੋਜਨਾਵਾਂ ਦਾ ਲਾਭ ਦਿੱਤਾ ਜਾਵੇਗਾ। ਉਨ੍ਹਾਂ ਕਿਹਾ ਕਿ ਰਾਜਪਾਲ ਪੰਜਾਬ ਦੀ ਫੇਰੀ ਦੀਆਂ ਸਾਰੀਆਂ ਤਿਆਰੀਆਂ ਮੁਕੰਮਲ ਹੋ ਗਈਆਂ ਹਨ। ਇਸ ਮੌਕੇ ਉਨ੍ਹਾਂ ਨਾਲ ਵਧੀਕ ਡਿਪਟੀ ਕਮਿਸ਼ਨਰ (ਜਨਰਲ) ਡਾ. ਨਿਧੀ ਕੁਮੁਦ ਬਾਮਬਾ, ਵਧੀਕ ਡਿਪਟੀ ਕਮਿਸ਼ਨਰ (ਵਿਕਾਸ) ਮਨਮੋਹਨ ਸਿੰਘ, ਐੱਸਡੀਐੱਮ ਅਮਨਦੀਪ ਕੌਰ ਘੁੰਮਣ, ਸਹਾਇਕ ਕਮਿਸ਼ਨਰ (ਜਨਰਲ) ਸਚਿਨ ਪਾਠਕ, ਜ਼ਿਲ੍ਹਾ ਸਿੱਖਿਆ ਅਫਸਰ ਅਮਰਜੀਤ ਸਿੰਘ ਭਾਟੀਆ, ਸਿਵਲ ਸਰਜਨ ਡਾ. ਹਰਭਜਨ ਰਾਮ, ਮੁੱਖ ਖੇਤੀਬਾੜੀ ਅਫ਼ਸਰ ਡਾ. ਕ੍ਰਿਪਾਲ ਸਿੰਘ ਢਿੱਲੋਂ, ਡੀਡੀਪੀਓ ਸਤੀਸ਼ ਕੁਮਾਰ, ਐਕਸੀਅਨ ਪੀਡਬਲਿਊਡੀ ਹਰਜੋਤ ਸਿੰਘ, ਐਕਸੀਅਨ ਮੰਡੀ ਬੋਰਡ ਬਲਦੇਵ ਸਿੰਘ, ਤਹਿਸੀਲਦਾਰ ਜਗਤਾਰ ਸਿੰਘ ਤੋਂ ਇਲਾਵਾ ਹੋਰ ਅਧਿਕਾਰੀ ਵੀ ਹਾਜ਼ਰ ਸਨ।

## ਜੀ ਐੱਨ ਡੀ ਯੂ ਨੂੰ ਮਿਲਿਆ 'ਸ਼ਹੀਦ ਭਗਤ ਸਿੰਘ ਪੰਜਾਬ ਸਟੇਟ ਸਾਲਾਨਾ ਵਾਤਾਵਰਣ ਐਵਾਰਡ-2023'



**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)**-ਸੂਬੇ ਦੇ ਵਾਤਾਵਰਣ ਨੂੰ ਬਿਹਤਰ ਬਣਾਉਣ ਅਤੇ ਸੁੱਰਖਿਅਤ ਰੱਖਣ ਵਾਸਤੇ ਸ਼ਾਨਦਾਰ ਉਪਰਾਲੇ ਅਤੇ ਮਹੱਤਵਪੂਰਨ ਯੋਗਦਾਨ ਦੇਣ ਲਈ ਗੁਰੂ ਨਾਨਕ ਦੇਵ ਯੂਨੀਵਰਸਿਟੀ ਨੂੰ 'ਸ਼ਹੀਦ ਭਗਤ ਸਿੰਘ ਪੰਜਾਬ ਸਟੇਟ ਸਾਲਾਨਾ ਵਾਤਾਵਰਨ ਐਵਾਰਡ-2023' ਨਾਲ ਪੰਜਾਬ ਸਰਕਾਰ ਵੱਲੋਂ ਵਾਤਾਵਰਨ ਦਿਵਸ 'ਤੇ ਸਨਮਾਨਿਤ ਕੀਤਾ ਗਿਆ। ਇਹ ਸਨਮਾਨ ਪੰਜਾਬ ਦੇ ਮੁੱਖ ਮੰਤਰੀ ਸਰਦਾਰ ਭਗਵੰਤ ਮਾਨ ਵੱਲੋਂ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਉਪ-ਕੁਲਪਤੀ ਪ੍ਰੋ. ਡਾ. ਜਸਪਾਲ ਸਿੰਘ ਸੰਧੂ ਨੂੰ ਭੇਟ ਕੀਤਾ ਗਿਆ ਹੈ ਜਿਸ ਵਿਚ ਇੱਕ ਲੱਖ ਰੁਪਏ ਦੀ ਰਾਸ਼ੀ, ਇੱਕ ਪ੍ਰਸ਼ੰਸਾ ਪੱਤਰ, ਇੱਕ ਚਾਂਦੀ ਦੀ ਪਲੇਟ ਸ਼ਾਮਿਲ ਹੈ। ਇਹ ਐਵਾਰਡ ਦੇਸ਼ ਦੀ ਸਭ ਤੋਂ ਚੋਟੀ ਦੀ ਦੂਜੇ ਨੰਬਰ ਦੀ ਯੂਨੀਵਰਸਿਟੀ ਨੂੰ ਮਿਲਣ ਤੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਕੈਂਪਸ ਵਿਚ ਖ਼ੁਸ਼ੀ ਦਾ ਮਾਹੌਲ ਸੀ। ਯੂਨੀਵਰਸਿਟੀ ਦੇ ਡੀਨ ਅਕਾਦਮਿਕ ਮਾਮਲੇ ਪ੍ਰੋ. ਸਰਬਜੋਤ ਸਿੰਘ ਬਹਿਲ, ਰਜਿਸਟਰਾਰ ਪ੍ਰੋ. ਡਾ. ਕਰਨਜੀਤ ਕਾਹਲੋਂ, ਡੀਨ ਵਿਦਿਆਰਥੀ ਭਲਾਈ ਪ੍ਰੋ. ਪ੍ਰੀਤ ਮੋਹਿੰਦਰ ਸਿੰਘ ਬੇਦੀ ਨੇ ਖ਼ੁਸ਼ੀ ਜ਼ਾਹਿਰ ਕਰਦਿਆਂ ਕਿਹਾ ਕਿ ਵਾਈਸ ਚਾਂਸਲਰ ਡਾ. ਸੰਧੂ ਦੀ ਦੂਰਦਰਸ਼ੀ ਅਗਵਾਈ ਅਧੀਨ ਯੂਨੀਵਰਸਿਟੀ ਵੱਲੋਂ ਵਾਤਾਵਰਣ ਨੂੰ ਬਚਾਉਣ ਲਈ ਜੋ ਸਮੇਂ ਸਮੇਂ ਉਪਰਾਲੇ ਕੀਤੇ ਗਏ ਹਨ, ਦੀ ਬਦੌਲਤ ਹੀ ਅੱਜ ਪੰਜਾਬ ਸਰਕਾਰ ਵੱਲੋਂ ਇਹ ਐਵਾਰਡ ਦੇ ਕੇ ਮੋਹਰ ਲਗਾ ਦਿੱਤੀ ਹੈ ਕਿ ਗੁਰੂ ਨਾਨਕ ਦੇਵ ਯੂਨੀਵਰਸਿਟੀ ਜਿੱਥੇ ਵਾਤਾਵਰਣ ਪ੍ਰਤੀ ਪੂਰੀ ਤਰ੍ਹਾਂ ਜਾਗਿਤ ਹੈ ਉਥੇ ਉਸ ਵੱਲੋਂ ਉਚੇਰੀ ਸਿੱਖਿਆ ਦੇ ਹੋਰ ਖੇਤਰਾਂ ਵਿਚ ਵੀ ਮਾਅਰਕੇ ਮਾਰੇ ਜਾ ਰਹੇ ਹਨ ਜਿਸ ਦੀ ਬਦੌਲਤ ਦੇਸ਼ਾਂ-ਵਿਦੇਸ਼ਾ ਵਿਚ ਗੁਰੂ ਨਾਨਕ ਦੇਵ ਯੂਨੀਵਰਸਿਟੀ ਦਾ ਵੱਕਾਰ ਵਧਿਆ ਹੈ। ਗੁਰੂ ਨਾਨਕ ਦੇਵ ਯੂਨੀਵਰਸਿਟੀ ਦਾ ਜ਼ੀਰੋ ਵੇਸਟ ਗਰੀਨ ਕੈਂਪਸ ਇਕ ਮਿਸਾਲ ਬਣ ਗਿਆ ਹੈ ਜੋ ਦੂਸਰਿਆਂ ਅਦਾਰਿਆਂ ਦੇ ਲਈ ਪ੍ਰੇਰਨਾ ਸਰੋਤ ਬਣ ਕੇ ਉਭਰ ਚੁੱਕਾ ਹੈ। ਇਹਨਾਂ ਉਪਰਾਲਿਆਂ ਦੇ ਨਾਲ ਹੀ ਯੂਨੀਵਰਸਿਟੀ ਦੇ ਕੈਂਪਸ ਵਿਚ ਜੋ ਰਹਿੰਦ-ਖੂੰਹਦ ਨੂੰ ਮੁੜ ਵਰਤੋਂ ਵਿਚ ਲਿਆ ਕੇ ਕੀਤੇ ਗਏ ਸਫਲ ਤਜਰਬੇ ਵੀ ਯੂਨੀਵਰਸਿਟੀ ਦੇ ਨਾਂ ਨੂੰ ਉੱਚਾ ਕਰ ਰਹੇ ਹਨ ।

## ਮਗਹਰ 'ਚ ਗੁਰਦੁਆਰਾ ਭਗਤ ਕਬੀਰ ਜੀ ਵਿਖੇ ਵਿਸ਼ਾਲ ਗੁਰਮਤਿ ਸਮਾਗਮ ਆਯੋਜਿਤ



**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)**-ਸਿੱਖ ਪੰਥ ਦੀ ਨੁਮਾਇੰਦਾ ਸੰਸਥਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਧਰਮ ਪ੍ਰਚਾਰ ਕਮੇਟੀ ਵੱਲੋਂ ਉੱਤਰ ਪ੍ਰਦੇਸ਼ ਸਿੱਖ ਮਿਸ਼ਨ ਹਾਪੜ ਰਾਹੀਂ ਸੰਗਤਾਂ ਦੇ ਸਹਿਯੋਗ ਨਾਲ ਭਗਤ ਕਬੀਰ ਜੀ ਦੇ ਜਨਮ ਦਿਹਾੜੇ ਮੌਕੇ ਗੁਰਦੁਆਰਾ ਭਗਤ ਕਬੀਰ ਜੀ ਮਗਹਰ (ਗੋਰਖਪੁਰ) ਵਿਖੇ ਵਿਸ਼ਾਲ ਗੁਰਮਤਿ ਸਮਾਗਮ ਕਰਵਾਇਆ ਗਿਆ। ਸਮਾਗਮ 'ਚ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ, ਧਰਮ ਪ੍ਰਚਾਰ ਲਹਿਰ ਦੇ ਮੁਖੀ ਅਤੇ ਸ਼੍ਰੋਮਣੀ ਕਮੇਟੀ ਮੈਂਬਰ ਭਾਈ ਰਾਜਿੰਦਰ ਸਿੰਘ ਮਹਿਤਾ, ਧਰਮ ਪ੍ਰਚਾਰ ਕਮੇਟੀ ਦੇ ਮੈਂਬਰ ਭਾਈ ਅਜਾਇਬ ਸਿੰਘ ਅਭਿਆਸੀ ਅਤੇ ਸਕੱਤਰ ਬਲਵਿੰਦਰ ਸਿੰਘ ਕਾਹਲਵਾਂ ਨੇ ਵਿਸ਼ੇਸ਼ 'ਤੇ ਸ਼ਮੂਲੀਅਤ ਕੀਤੀ। ਇਸ ਮੌਕੇ ਸੰਗਤਾਂ ਦੀ ਮੰਗ ਅਨੁਸਾਰ ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਸੰਗਤਾਂ ਦੇ ਠਹਿਰਣ ਲਈ ਸਰਾਂ (ਯਾਤਰੀ ਨਿਵਾਸ) ਅਤੇ ਲੰਗਰ ਹਾਲ ਦਾ ਨੀਂਹ ਪੱਥਰ ਵੀ ਰੱਖਿਆ, ਜਿਸ ਦੀ ਕਾਰਸੇਵਾ ਬਾਬਾ ਕਸ਼ਮੀਰ ਸਿੰਘ ਭੂਰੀ ਵਾਲਿਆਂ ਵੱਲੋਂ ਕਰਵਾਈ ਜਾਵੇਗੀ। ਸਮਾਗਮ ਦੌਰਾਨ ਸੰਬੋਧਨ ਕਰਦਿਆਂ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਸ਼੍ਰੋਮਣੀ ਭਗਤ ਵਜੋਂ ਸਤਿਕਾਰੇ ਜਾਂਦੇ ਭਗਤ ਕਬੀਰ ਜੀ ਨੇ ਕ੍ਰਾਂਤੀਕਾਰੀ ਉਪਦੇਸ਼ਾਂ ਰਾਹੀਂ ਧਾਰਮਿਕ ਨਿਘਾਰ 'ਤੇ ਕਰਾਰੀ ਚੋਟ ਮਾਰੀ। ਭਗਤ ਕਬੀਰ ਜੀ ਨੇ ਮਾਨਵਤਾ ਨੂੰ ਸੱਚ ਦਾ ਉਪਦੇਸ਼ ਦਿੰਦਿਆਂ ਸਮਾਜ ਵਿਚ ਆ ਚੁੱਕੀਆਂ ਕੁਰੀਤੀਆਂ ਦਾ ਵਿਰੋਧ ਕੀਤਾ ਅਤੇ ਕਰਤਾ ਪੁਰਖ ਦੀ ਭਗਤੀ ਲਈ ਪ੍ਰੇਰਿਆ। ਸ਼੍ਰੋਮਣੀ ਕਮੇਟੀ ਪ੍ਰਧਾਨ ਨੇ ਸੰਗਤਾਂ ਨੂੰ ਭਗਤ ਕਬੀਰ ਜੀ ਦੇ ਜਨਮ ਦਿਹਾੜੇ ਦੀ ਵਧਾਈ ਦਿੰਦਿਆਂ ਉਨ੍ਹਾਂ ਦੇ ਉਪਦੇਸ਼ਾਂ 'ਤੇ ਚੱਲਣ ਦੀ ਅਪੀਲ ਕੀਤੀ। ਇਸ ਮੌਕੇ ਭਾਈ ਰਾਜਿੰਦਰ ਸਿੰਘ ਮਹਿਤਾ, ਭਾਈ ਅਜਾਇਬ ਸਿੰਘ ਅਭਿਆਸੀ, ਸਕੱਤਰ ਬਲਵਿੰਦਰ ਸਿੰਘ ਕਾਹਲਵਾਂ ਨੇ ਵੀ ਸੰਬੋਧਨ ਕੀਤਾ। ਇਸ ਤੋਂ ਪਹਿਲਾਂ ਧਰਮ ਪ੍ਰਚਾਰ ਕਮੇਟੀ ਦੇ ਪ੍ਰਚਾਰਕ ਭਾਈ ਬਲਦੇਵ ਸਿੰਘ ਓਗਰਾ ਅਤੇ ਢਾਡੀ ਗਿਆਨੀ ਗੁਰਮੀਤ ਸਿੰਘ ਨੇ ਸੰਗਤਾਂ ਨਾਲ ਗੁਰਮਤਿ ਵਿਚਾਰਾਂ ਅਤੇ ਸਿੱਖ ਇਤਿਹਾਸ ਦੀ ਸਾਂਝ ਪਾਈ। ਇਸ ਮੌਕੇ ਬਾਬਾ ਸੁਖਵਿੰਦਰ ਸਿੰਘ ਕਾਰਸੇਵਾ ਭੂਰੀ ਵਾਲੇ, ਬੀਬੀ ਪਰਮਜੀਤ ਸਿੰਘ ਰਾਣਾ ਪ੍ਰਬੰਧਕ ਗੁਰਦੁਆਰਾ ਭਗਤ ਕਬੀਰ ਜੀ ਮਗਹਰ, ਬਾਬਾ ਗੁਰਿੰਦਰ ਸਿੰਘ ਪਟਨਾ ਸਾਹਿਬ, ਇੰਦਰਜੀਤ ਸਿੰਘ ਜਨਰਲ ਸਕੱਤਰ ਤਖ਼ਤ ਸ੍ਰੀ ਪਟਨਾ ਸਾਹਿਬ, ਯੂਪੀ ਸਿੱਖ ਮਿਸ਼ਨ ਦੇ ਇੰਚਾਰਜ ਬ੍ਰਿਜਪਾਲ ਸਿੰਘ, ਸਾਬਕਾ ਮੀਤ ਸਕੱਤਰ ਰਾਮ ਸਿੰਘ ਭਿੰਡਰ, ਐਸਡੀਓ ਅਮਨਦੀਪ ਸਿੰਘ, ਕੇਂਦਰੀ ਗੁਰਦੁਆਰਾ ਬੋਰਡ ਜਮਸ਼ੇਦਪੁਰ ਦੇ ਪ੍ਰਧਾਨ ਗੁਰਚਰਨ ਸਿੰਘ ਵਿਰਕ, ਮੀਤ ਪ੍ਰਧਾਨ ਕੁਲਦੀਪ ਸਿੰਘ, ਜਨਰਲ ਸਕੱਤਰ ਸੁਰਜੀਤ ਸਿੰਘ, ਭਗਵਾਨ ਸਿੰਘ, ਸੋਹਣ ਸਿੰਘ, ਬਾਬਾ ਜੱਗਾ ਸਿੰਘ, ਬਾਬਾ ਹਰੀ ਸਿੰਘ, ਬਾਬਾ ਕਰਨ ਸਿੰਘ, ਬਾਬਾ ਰਤਨ ਸਿੰਘ, ਬਾਬਾ ਯੁੱਧਵੀਰ ਸਿੰਘ, ਬਾਬਾ ਗੁਰਵੰਤ ਸਿੰਘ, ਬਾਬਾ ਚਮਕੌਰ ਸਿੰਘ, ਗਿਆਨੀ ਸਤਨਾਮ ਸਿੰਘ, ਸ. ਗੁਰਜਿੰਦਰ ਸਿੰਘ, ਬਾਬਾ ਭਾਨ ਸਿੰਘ, ਹਰਮੀਤ ਸਿੰਘ, ਲਖਬੀਰ ਸਿੰਘ, ਗਿਆਨੀ ਜਸਜੀਤ ਸਿੰਘ ਲਖਨਊ, ਡਾ. ਦਵਿੰਦਰ ਸਿੰਘ ਅਤੇ ਗੁਰਦੀਪ ਸਿੰਘ ਆਦਿ ਹਾਜ਼ਰ ਸਨ।

## 1 ਜੁਲਾਈ ਤੋਂ ਅਜਨਾਲਾ ਹਲਕੇ 'ਚ ਇੱਕ ਲੱਖ ਬੂਟੇ ਲਗਾਏ ਜਾਣਗੇ : ਧਾਲੀਵਾਲ



**ਅੰਮ੍ਰਿਤਸਰ, (ਨਰਿੰਦਰਜੀਤ ਸਿੰਘ)**—ਵਿਸ਼ਵ ਵਾਤਾਪਰਣ ਦਿਵਸ ਮੌਕੇ ਕੈਬਨਿਟ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਨੇ ਐਸਡੀਐਮ ਅਜਨਾਲਾ ਕੰਪਲੈਕਸ ਵਿਖੇ ਕਰਵਾਏ ਗਏ ਸਮਾਗਮ ਵਿੱਚ ਬੋਲਦਿਆਂ ਕਿਹਾ ਕਿ ਅਜਨਾਲਾ ਹਲਕੇ ਦੀ ਆਬੋਹਵਾ ਨੂੰ ਬਦਲਣ ਲਈ 1 ਜੁਲਾਈ ਤੋਂ 1 ਲੱਖ ਬੂਟੇ ਲਗਾਏ ਜਾਣਗੇ। ਸ. ਧਾਲੀਵਾਲ ਨੇ ਦੱਸਿਆ ਕਿ ਇਹ ਪੌਦੇ ਅਜਨਾਲਾ ਹਲਕੇ ਦੇ ਸਾਰੇ ਸਕੂਲਾਂ, ਹਸਪਤਾਲਾਂ, ਖੇਡ ਸਟੇਡੀਅਮਾਂ ਅਤੇ ਸੜਕਾਂ ਦੇ ਆਲੇ ਦੁਆਲੇ ਲਗਾਏ ਜਾਣਗੇ। ਉਨ੍ਹਾਂ ਕਿਹਾ ਕਿ ਸਾਡੇ ਗੁਰੂ ਸਾਹਿਬਾਨਾਂ ਨੇ ਵੀ ਹਵਾ, ਪਾਣੀ, ਧਰਤੀ ਤੇ ਮਿੱਟੀ ਨੂੰ ਬਚਾਉਣ ਲਈ ਉਪਦੇਸ਼ ਦਿੱਤਾ ਸੀ ਪ੍ਰੰਤੂ ਅਸੀਂ ਉਨ੍ਹਾਂ ਦੇ ਉਪਦੇਸ਼ ਦੀ ਪਾਲਣਾ ਨਹੀਂ ਕੀਤੀ ਜਿਸ ਕਰਕੇ ਅਸੀਂ ਆਪਣੇ ਵਾਤਾਵਰਣ ਨੂੰ ਪ੍ਰਦੂਸ਼ਿਤ ਕਰ ਰਹੇ ਹਾਂ। ਉਨ੍ਹਾਂ ਕਿਹਾ ਕਿ ਜੇਕਰ ਅਸੀਂ ਅੱਜ ਵੀ ਨਹੀਂ ਸੰਭਲੇ ਤਾਂ ਆਪਣੀਆਂ ਆਉਣ ਵਾਲੀਆਂ ਪੀੜ੍ਹੀਆਂ ਨੂੰ ਵਾਤਾਵਰਣ ਦੇ ਨਾਮ ਤੇ ਪ੍ਰਦੂਸ਼ਣ ਦੇ ਕੇ ਜਾਵਾਂਗੇ ਜਿਸ ਨਾਲ ਉਹ ਕਈ ਬਿਮਾਰੀਆਂ ਦੇ ਸ਼ਿਕਾਰ ਹੋਣਗੇ। ਉਨ੍ਹਾਂ ਦੱਸਿਆ ਕਿ ਪੰਜਾਬ ਦਾ ਜੰਗਲਾਤ ਹੇਠ ਰਕਬਾ ਨਾ ਦੇ ਬਰਾਬਰ ਹੈ ਜਿਸ ਨੂੰ ਵਧਾਉਣ ਦੀ ਲੋੜ ਹੈ। ਉਨ੍ਹਾਂ ਕਿਹਾ ਕਿ ਪੰਜਾਬ ਦਾ ਪਾਣੀ ਵੀ ਪਲੀਤ ਹੋ ਰਿਹਾ ਹੈ ਅਤੇ ਧਰਤੀ ਹੇਠਲਾ ਪਾਣੀ ਵੀ ਖਤਮ ਹੋ ਰਿਹਾ ਹੈ ਜਿਸ ਨੂੰ ਬਚਾਉਣ ਲਈ ਵੱਡੇ ਹੰਭਲੇ ਦੀ ਲੋੜ ਹੈ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਤੁਹਾਡੇ ਨਾਲ ਹੈ ਪਰ ਇਹ ਕੰਮ ਸਾਨੂੰ ਸਾਰਿਆਂ ਨੂੰ ਮਿਲ ਕੇ ਕਰਨਾ ਚਾਹੀਦਾ ਹੈ। ਇਸ ਮੌਕੇ ਐਸਡੀਐਮ ਅਜਨਾਲਾ ਅਰਵਿੰਦਰਪਾਲ ਸਿੰਘ, ਤਹਿਸੀਲਦਾਰ ਮੈਡਮ ਰੋਬਿਨਜੀਤ ਕੌਰ, ਮਨਜਿੰਦਰ ਸਿੰਘ ਮੱਤੇਨੰਗਲ, ਐਸਡੀਓ ਰਾਜਬੀਰ ਸਿੰਘ, ਜਗਵੀਰ ਸਿੰਘ ਗਿੱਲ, ਗੁਰਪ੍ਰੀਤ ਸਿੰਘ ਰਿਆੜ, ਨਾਇਬ ਤਹਿਸੀਲਦਾਰ ਰਾਜ ਪ੍ਰਿਤਪਾਲ ਸਿੰਘ, ਬੀਡੀਪੀਓ ਸੁਖਜੀਤ ਸਿੰਘ ਬਾਜਵਾ, ਰੇਂਜ ਅਫਸਰ ਪ੍ਰਕਾਸ਼ ਸਿੰਘ, ਮਾਰਕੀਟ ਕਮੇਟੀ ਦੇ ਚੇਅਰਮੈਨ ਬਲਦੇਵ ਸਿੰਘ ਬੱਬੂ ਚੇਤਨਪੁਰਾ, ਪ੍ਰਧਾਨ ਜਸਪਾਲ ਸਿੰਘ ਢਿੱਲੋਂ, ਗੁਰਜੰਟ ਸਿੰਘ ਸੋਹੀ, ਐਡਵੋਕੇਟ ਰਾਜੀਵ ਮਦਾਨ, ਸ਼ੇਰਦੀਪ ਸਿੰਘ ਚਾਹਲ, ਪ੍ਰਧਾਨ ਦੀਪਕ ਕੁਮਾਰ ਚੈਨਪੁਰਾ, ਸਰਪੰਚ ਮਨਜਿੰਦਰ ਸਿੰਘ ਵੀ ਹਾਜ਼ਰ ਸਨ।

## ਕਿਸਾਨ ਮੁਲਾਜ਼ਮ ਸਾਂਝੀ ਐਕਸ਼ਨ ਕਮੇਟੀ ਨੇ ਫੂਕਿਆ ਲਾਲਜੀਤ ਭੁੱਲਰ ਦਾ ਪੁਤਲਾ



**ਤਰਨ ਤਾਰਨ, (ਨਜ਼ਸ)**—ਪੰਜਾਬ ਦੇ ਟਰਾਂਸਪੋਰਟ ਤੇ ਪੰਚਾਇਤ ਮੰਤਰੀ ਲਾਲਜੀਤ ਭੁੱਲਰ ਵਲੋਂ ਬਿਜਲੀ ਬੋਰਡ ਦੇ ਡਿਪਟੀ ਚੀਫ ਇੰਜੀਨੀਅਰ ਹਰਸ਼ਰਨ ਸਿੰਘ ਖਹਿਰਾ ਨੂੰ ਵਾਪਸ ਤਰਨ ਤਾਰਨ ਸਰਕਲ 'ਚ ਲਿਆਉਣ ਦਾ ਵਾਅਦਾ ਕਿਸਾਨ ਤੇ ਮੁਲਾਜ਼ਮ ਸਾਂਝੀ ਐਕਸ਼ਨ ਕਮੇਟੀ ਨਾਲ ਕੀਤਾ ਸੀ ਪਰ ਹੁਣ ਮੁਕਰ ਗਿਆ ਹੈ। ਇਸ ਵਾਅਦਾ ਖਿਲਾਫੀ ਵਿਰੁੱਧ ਅੱਜ ਐਕਸ਼ਨ ਕਮੇਟੀ ਨੇ ਗਾਂਧੀ ਪਾਰਕ ਤਰਨ ਤਾਰਨ 'ਚ ਕਿਸਾਨ ਆਗੂ ਹਰਜਿੰਦਰ ਸਿੰਘ ਟਾਂਡਾ, ਅੰਮ੍ਰਿਤਪਾਲ ਸਿੰਘ ਜੌੜਾ, ਨਛੱਤਰ ਸਿੰਘ ਮੁਗਲਚੱਕ, ਮੁਖਤਿਆਰ ਸਿੰਘ ਮੱਲ੍ਹਾ, ਬਲਕਾਰ ਸਿੰਘ ਵਲਟੋਹਾ, ਹਰਦੇਵ ਸਿੰਘ ਨਾਗੋਕੇ, ਜਸਵਿੰਦਰ ਸਿੰਘ ਮਾਨੋਚਾਹਲ, ਦਲਵਿੰਦਰ ਸਿੰਘ ਨੌਸਹਿਰਾ ਪਨੂੰਆਂ ਦੀ ਅਗਵਾਈ ਵਿੱਚ ਇੱਕਠੇ ਹੋ ਕੇ ਰੋਸ ਪ੍ਰਦਰਸ਼ਨ ਕਰਨ ਉਪਰੰਤ ਮੰਤਰੀ ਲਾਲਜੀਤ ਭੁੱਲਰ ਦਾ ਪੁਤਲਾ ਚੁੱਕ ਕੇ ਬਜ਼ਾਰ 'ਚ ਰੋਸ ਮਾਰਚ ਕਰਦਿਆਂ ਸਿਟੀ ਥਾਣੇ ਨੇੜੇ ਚੌਂਕ ਵਿੱਚ ਫੂਕਿਆ। ਇਸ ਮੌਕੇ ਲੋਕਾਂ ਨੂੰ ਸੰਬੋਧਨ ਕਰਦਿਆਂ ਆਗੂਆਂ ਨੇ ਕਿਹਾ ਕਿ ਉਹ ਖਹਿਰਾ ਨੇ ਤਰਨ ਤਾਰਨ ਜ਼ਿਲ੍ਹੇ ਵਿੱਚ ਬਿਜਲੀ ਲਾਈਨਾਂ ਵਿਚ ਵੱਡਾ ਸੁਧਾਰ ਕੀਤਾ ਸੀ। ਕਰੋੜਾਂ ਰੁਪਏ ਦੀ ਬਿਜਲੀ ਚੋਰੀ ਰੋਕ ਕੇ ਮਹਿਕਮੇ ਨੂੰ ਵੱਡਾ ਲਾਭ ਪਹੁੰਚਾਇਆ ਪਰ ਮੰਤਰੀ ਨੂੰ ਮਿਹਨਤੀ ਅਫਸਰ ਰਾਸ ਨਹੀਂ ਆਇਆ। ਕਿਸਾਨਾਂ ਮੁਲਾਜਮਾਂ ਦੇ ਰੋਸ ਉਪਰੰਤ ਮੰਤਰੀ ਨੇ ਹਰੀਕੇ ਇੱਕ ਪੈਲੇਸ ਚ ਐਕਸ਼ਨ ਕਮੇਟੀ ਨਾਲ ਮੀਟਿੰਗ ਕਰਕੇ ਵਾਅਦਾ ਕੀਤਾ ਸੀ ਕਿ ਇਸ ਐਸ ਈ ਨੂੰ ਵਾਪਸ ਲਿਆਂਦਾ ਜਾਵੇਗਾ ਪਰ ਹੁਣ ਮੁਕਰ ਗਿਆ ਹੈ।

ਸਿ ਕਰਕੇ ਹਰੇਕ ਬਲਾਕ ਚ ਉਸਦੇ ਪੁਤਲੇ ਫੂਕਣ ਉਪਰੰਤ 11 ਜੂਨ ਨੂੰ ਪੱਟੀ ਸ਼ਹਿਰ 'ਚ ਮੰਤਰੀ ਲਾਲਜੀਤ ਭੁੱਲਰ ਦੇ ਘਰ ਅੱਗੇ ਵਿਸਾਲ ਰੋਸ ਪ੍ਰਦਰਸਨ ਕੀਤਾ ਜਾਵੇਗਾ। ਇਸ ਮੌਕੇ ਹੋਰਨਾਂ ਤੋਂ ਇਲਾਵਾ ਮੁਲਾਜ਼ਮ ਆਗੂ ਪਰਮਜੀਤ ਸਿੰਘ ਸੋਖੀ, ਬਲਦੇਵ ਸਿੰਘ ਰਸੂਲਪੁਰ,ਸੁਖਦੇਵ ਸਿੰਘ ਤੁੜ, ਸਤਨਾਮ ਸਿੰਘ ਭੂਰੇ ਬਲਵਿੰਦਰ ਸਿੰਘ ਗੋਹਲਵੜ ਚਰਨ ਸਿੰਘ ਤਰਨਤਾਰਨ ਮੁਲਾਜ਼ਮ ਆਗੂ ਚਰਨਜੀਤ ਸਿੰਘ ਸੂਬਾਈ ਸਕੱਤਰ ਪ੍ਰਗਟ ਸਿੰਘ ਜਾਮਾਰਾਏ, ਝਿਰਮਲ ਸਿੰਘ ਬਾਣੀਆ, ਅਜੀਤ ਸਿੰਘ ਢੋਟਾ, ਬੁੱਧ ਸਿੰਘ ਗੁਰਭੇਜ ਸਿੰਘ ਪੱਖੋਕੇ, ਸੁਖਚੈਨ ਸਿੰਘ, ਵਿਰਸਾ ਸਿੰਘ,ਬਲਵਿੰਦਰ ਸਿੰਘ ਸਖੀਰਾ, ਖਜਾਨ ਸਿੰਘ. ਸਤਵੰਤ ਸਿੰਘ ਮੁਗਲ ਚੱਕ ਬਲਵੰਤ ਸਿੰਘ ਖਹਿਰਾ, ਹਰਵਿੰਦਰ ਸਿੰਘ, ਅੰਗਰੇਜ ਸਿੰਘ ਵਲੀਪੁਰ ਆਦਿ ਕਿਸਾਨ ਆਗੂ ਹਾਜ਼ਰ ਸਨ।

## ਜੂਨ '84 ਦਾ ਹਮਲਾ ਸਿੱਖ ਕੌਮ ਕਦੇ ਨਹੀਂ ਭੁੱਲ ਸਕਦੀ : ਧਰਮੀ ਫੌਜੀ

**ਧਾਰੀਵਾਲ, (ਮਨਦੀਪ ਸਿੰਘ ਵਿੱਕੀ)**-ਭਾਰਤ ਚੀਨ ਦੀ 1962 ਦੀ ਜੰਗ ਦੌਰਾਨ ਕਰੀਬ 18 ਹਜ਼ਾਰ ਫੌਜੀ ਦੇਸ਼ ਦੇ ਬਾਰਡਰਾਂ ਤੋਂ ਪਿੱਛੇ ਹਟ ਜਾਣ 'ਤੇ ਵੀ ਉਨ੍ਹਾਂ ਵਿਰੁੱਧ ਕੋਈ ਐਕਸ਼ਨ ਨਹੀਂ ਹੋਇਆ ਪਰ ਜੂਨ 1984 ਦੌਰਾਨ ਸ੍ਰੀ ਅਕਾਲ ਤਖਤ ਸਾਹਿਬ 'ਤੇ ਹੋਏ ਹਮਲੇ ਦੇ ਰੋਸ ਵਜੋਂ ਬੈਰਕਾਂ ਛੱਡ ਕੇ ਸ੍ਰੀ ਅੰਮ੍ਰਿਤਸਰ ਵੱਲ ਕੂਚ ਕਰਨ ਵਾਲੇ ਸਿੱਖ ਧਰਮੀ ਫੌਜੀਆਂ 'ਤੇ ਹੋਏ ਸਰਕਾਰੀ ਤਸ਼ੱਦਦ ਤੋਂ ਸਾਬਤ ਹੋ ਗਿਆ ਕਿ ਦੇਸ਼ ਅੰਦਰ ਸਿੱਖ ਧਰਮ ਅਤੇ ਕੌਮ ਦਾ ਵਿਤਕਰਾ ਹੋ ਰਿਹਾ ਹੈ। ਇਹ ਪ੍ਰਗਟਾਵਾ ਸਮੂਹ ਸਿੱਖ ਧਰਮੀ ਫੌਜੀ ਜੂਨ 1984 ਪਰਿਵਾਰ ਵੈੱਲਫੇਅਰ ਐਸੋਸੀਏਸ਼ਨ ਦੇ ਕੌਮੀ ਪ੍ਰਧਾਨ ਬਲਦੇਵ ਸਿੰਘ ਗੁਰਦਾਸਪੁਰ ਨੇ 39 ਸਾਲ ਪਹਿਲਾਂ ਸ੍ਰੀ ਅਕਾਲ ਤਖਤ ਸਾਹਿਬ 'ਤੇ ਹੋਏ ਹਮਲੇ ਨੂੰ ਯਾਦ ਕਰਦਿਆਂ ਮੀਡੀਆ ਨਾਲ ਵਿਸ਼ੇਸ਼ ਗੱਲਬਾਤ ਦੌਰਾਨ ਕੀਤਾ। ਪ੍ਰਧਾਨ ਬਲਦੇਵ ਸਿੰਘ ਗੁਰਦਾਸਪੁਰ ਨੇ ਕਿਹਾ ਕਿ ਜੂਨ 1984 ਵਿੱਚ ਸ੍ਰੀ ਅਕਾਲ ਤਖਤ ਸਾਹਿਬ ਤੇ ਫੌਜੀ ਹਮਲਾ ਗਿਣੀ ਮਿੱਥੀ ਸਾਜ਼ਿਸ਼ ਤਹਿਤ ਹੋਇਆ ਜਿਸ ਵਿੱਚ ਸਾਰੀਆਂ ਰਾਜਨੀਤਿਕ ਪਾਰਟੀਆਂ ਨੇ ਇੱਕ ਸਲਾਹ ਹੋ ਕੇ ਸਿੱਖ ਧਰਮ ਅਤੇ ਕੌਮ ਨੂੰ ਬਰਬਾਦ ਕਰਨਾ ਸੀ। ਇਸ ਦੁਖਾਂਤ ਨੂੰ ਸਿੱਖ ਕੌਮ ਕਦੇ ਨਹੀਂ ਕਦੇ ਨਹੀਂ ਭੁੱਲ ਸਕਦੀ।

ਉਨ੍ਹਾਂ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੇ ਰੋਸ ਜ਼ਾਹਿਰ ਕਰਦਿਆਂ ਕਿਹਾ ਕਿ ਜੂਨ 1984 ਦੇ ਪ੍ਰਭਾਵਤ ਸਿੱਖ ਧਰਮੀ ਫੌਜੀਆਂ ਦੀਆਂ ਕੁਰਬਾਨੀਆਂ ਨੂੰ ਐੱਸਜੀਪੀਸੀ ਵਲੋਂ ਪੂਰੀ ਤਰ੍ਹਾਂ ਨਾਲ ਵਿਸਾਰਿਆ ਹੋਇਆ ਹੈ, ਜਿਸ ਤੇ ਨਤੀਜੇ ਵਜੋਂ ਸਿੱਖ ਧਰਮ ਵਿੱਚ ਦਿਨੋਂ-ਦਿਨ ਗਿਰਾਵਟ ਆ ਰਹੀਆਂ ਹੈ। ਉਨ੍ਹਾਂ ਕਿਹਾ ਸਿੱਖ ਧਰਮ ਦਾ ਪ੍ਰਚਾਰ ਕਰਨ ਦੀ ਬਜਾਏ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਰਾਜਨੀਤਿਕ ਪਾਰਟੀ ਦਾ ਪ੍ਰਚਾਰ ਕਰ ਰਹੀ ਹੈ।

## ਬ੍ਰਿਜ ਭੂਸ਼ਣ ਸ਼ਰਨ ਨੂੰ ਤੁਰੰਤ ਗ੍ਰਿਫਤਾਰ ਕੀਤਾ ਜਾਵੇ : ਲਖਬੀਰ ਸਿੰਘ

**ਤਰਸਿੱਕਾ (ਤਰਸੇਮ ਸਿੰਘ ਸਾਧਪੁਰ)**-ਸੰਯੁਕਤ ਕਿਸਾਨ ਮੋਰਚੇ ਦੇ ਸੱਦੇ ਉੱਪਰ ਕੁੱਲ ਹਿੰਦ ਕਿਸਾਨ ਸਭਾ ਅਤੇ ਸਬਜ਼ੀ ਉਤਪਾਦਕ ਕਿਸਾਨ ਜਥੇਬੰਦੀ ਵੱਲੋਂ ਮਹਿਤਾ ਰੋਡ ਦੇ ਨਵਾਂ ਪਿੰਡ ਵਿਖੇ ਮਹਿਲਾ ਪਹਿਲਵਾਨਾਂ ਨਾਲ ਇਨਸਾਫ ਨਾ ਕਰਨ ਅਤੇ ਦੋਸ਼ੀ ਬ੍ਰਿਜ ਭੂਸ਼ਣ ਦੀ ਗ੍ਰਿਫਤਾਰੀ ਦੀ ਮੰਗ ਨੂੰ ਲੈ ਕੇ ਦੋਸ਼ੀ ਦਾ ਪੁਤਲਾ ਫੂਕਿਆ ਗਿਆ। ਇਸ ਸਮੇਂ ਇਕੱਠ ਨੂੰ ਸੰਬੋਧਨ ਕਰਦਿਆਂ ਕੁੱਲ ਹਿੰਦ ਕਿਸਾਨ ਸਭਾ ਦੇ ਸੂਬਾ ਮੀਤ ਪ੍ਰਧਾਨ ਲਖਬੀਰ ਸਿੰਘ ਨੇ ਕਿਹਾ ਕਿ ਕੇਂਦਰ ਦੀ ਸਰਕਾਰ ਦੀ ਸ਼ਹਿ ਉੱਪਰ ਦਿੱਲੀ ਪੁਲਸ ਵੱਲੋਂ ਜਿਸ ਤਰ੍ਹਾਂ ਮਹਿਲਾ ਪਹਿਲਵਾਨਾ ਨਾਲ ਬਦਸਲੂਕੀ ਕੀਤੀ ਗਈ ਹੈ, ਦੇ ਰੋਸ ਵਜੋਂ ਪੂਰੇ ਦੇਸ਼ ਅੰਦਰ ਦੋਸ਼ੀ ਬ੍ਰਿਜ ਭੂਸ਼ਣ ਦੇ ਪੁਤਲੇ ਫੂਕੇ ਜਾ ਰਹੇ ਹਨ। ਬੁਲਾਰਿਆਂ ਨੇ ਕਿਹਾ ਕਿ ਅੱਜ ਪੂਰਾ ਦੇਸ਼ ਇਨਸਾਫ ਦੀ ਇਸ ਜੰਗ ਵਿੱਚ ਆਪਣੀਆਂ ਬੇਟੀਆਂ ਨਾਲ ਖੜਾ ਹੈ, ਜਦੋਂ ਤੱਕ ਦੋਸ਼ੀ ਨੂੰ ਗ੍ਰਿਫਤਾਰ ਨਹੀਂ ਕੀਤਾ ਜਾਂਦਾ ਉਨਾ ਚਿਰ ਤੱਕ ਕਿਸਾਨ ਜਥੇਬੰਦੀਆਂ ਸੰਯੁਕਤ ਕਿਸਾਨ ਮੋਰਚੇ ਦੀ ਅਗਵਾਈ ਹੇਠ ਮਹਿਲਾ ਪਹਿਲਵਾਨਾਂ ਦੇ ਸੰਘਰਸ਼ ਦਾ ਹਰ ਤਰੀਕੇ ਨਾਲ ਸਾਥ ਦੇਣਗੀਆਂ। ਇਸ ਸਮੇਂ ਜਥੇਬੰਦੀ ਦੇ ਪ੍ਰਧਾਨ ਭੁਪਿੰਦਰ ਸਿੰਘ ਤੀਰਥਪੁਰ ਅਤੇ ਜਨਰਲ ਸਕੱਤਰ ਤਰਸੇਮ ਸਿੰਘ ਨੰਗਲ ਨੇ ਵੀ ਸੰਬੋਧਨ ਕੀਤਾ। ਇਸ ਸਮੇਂ ਹੋਰਨਾਂ ਤੋਂ ਇਲਾਵਾ ਧਰਮਿੰਦਰ ਸਿੰਘ, ਰਾਜਬੀਰ ਸਿੰਘ ਫਤਿਹਪੁਰ ਰਾਜਪੂਤਾਂ, ਹਰਜੀਤ ਸਿੰਘ, ਬਲਦੇਵ ਸਿੰਘ ਨਿਜ਼ਾਮਪੁਰ ਅਤੇ ਕਰਨੈਲ ਸਿੰਘ ਨਵਾਂ ਪਿੰਡ ਆਦਿ ਆਗੂ ਹਾਜ਼ਰ ਸਨ।

7-JUNE-PAGE-4.qxd 6/6/2023 10:36 PM Page 1

ਨਵਾਂ ਜ਼ਮਾਨਾ
ਬੁੱਧਵਾਰ, 7 ਜੂਨ 2023

# ਰੇਲ ਹਾਦਸੇ ਬਾਰੇ ਵੀ ਨਫ਼ਰਤੀ ਮੁਹਿੰਮ

ਭਾਜਪਾ ਨਾਲ ਜੁੜੇ ਅੰਧਭਗਤ ਨਫ਼ਰਤ ਵਿੱਚ ਏਨੇ ਅੰਨ੍ਹੇ ਹੋ ਚੁੱਕੇ ਹਨ ਕਿ ਉਨ੍ਹਾਂ ਵਿੱਚ ਮਨੁੱਖਤਾ ਦਾ ਭੋਰਾ-ਭਰ ਵੀ ਅੰਸ਼ ਨਹੀਂ ਬਚਿਆ। ਉਹ ਹਰ ਘੜੀ ਏਸੇ ਤਾਕ ਵਿੱਚ ਰਹਿੰਦੇ ਹਨ ਕਿ ਮੁਸਲਮਾਨਾਂ ਨੂੰ ਬਦਨਾਮ ਕਰਨ ਲਈ ਕਿਹੜਾ ਸ਼ੋਸ਼ਾ ਛੱਡਿਆ ਜਾਵੇ। ਓਡੀਸ਼ਾ ਦੇ ਬਾਲਾਸੌਰ ਵਿੱਚ ਹੋਈ ਰੇਲ ਦੁਰਘਟਨਾ ਪੌਣੇ ਤਿੰਨ ਸੌ ਬੇਗੁਨਾਹਾਂ ਨੂੰ ਨਿਗਲ ਗਈ ਸੀ। ਸਾਰਾ ਦੇਸ਼ ਪੀੜਤ ਪਰਵਾਰਾਂ ਨਾਲ ਹਮਦਰਦੀ ਪ੍ਰਗਟ ਕਰ ਰਿਹਾ ਸੀ, ਪਰ ਭਾਜਪਾਈ ਅੰਧਭਗਤ ਇਸ ਪਿੱਛੇ ਮੁਸਲਿਮ ਐਂਗਲ ਸਿਰਜ ਰਹੇ ਸਨ।

ਭਾਜਪਾ ਦੇ ਕਮਲ ਫੁੱਲ ਦੀ ਆਈ ਡੀ ਵਾਲੇ ਵਿਰੇਂਦਰ ਤਿਵਾੜੀ ਨੇ ਹਾਦਸੇ ਦੀ ਇੱਕ ਤਸਵੀਰ ਸਾਂਝੀ ਕੀਤੀ, ਜਿਸ ਵਿੱਚ ਹਾਦਸਾਗ੍ਰਸਤ ਰੇਲ ਗੱਡੀਆਂ ਤੋਂ ਦੂਰ ਇੱਕ ਸਫੈਦ ਬਿਲਡਿੰਗ ਦਿਸ ਰਹੀ ਹੈ। ਉਸ ਨੇ ਸਫੈਦ ਬਿਲਡਿੰਗ ਨੂੰ ਚਿੰਨ੍ਹਤ ਕਰਕੇ ਹੇਠਾਂ ਲਿਖਿਆ ਸੀ, "ਸ਼ੁੱਕਰਵਾਰ ਦਾ ਦਿਨ ਹੈ, ਗੁਆਂਢ ਵਿੱਚ ਮਸਜਿਦ ਹੈ। ਜੇਹਾਦ ਕਰਨ ਲਈ ਹੀ ਰੇਲਵੇ ਟਰੈਕ ਨਾਲ ਮੁਸਲਿਮ ਕਲੋਨੀ ਤੇ ਮਸਜਿਦ ਉਗਾਈ ਗਈ ਹੈ।"

ਸੱਚ ਇਹ ਹੈ ਕਿ ਵਾਇਰਲ ਫੋਟੋ ਵਿੱਚ ਦਿਸ ਰਹੀ ਬਿਲਡਿੰਗ ਮਸਜਿਦ ਨਹੀਂ, ਸਗੋਂ ਇੱਕ ਇਸਕਾਨ ਮੰਦਰ ਦੀ ਹੈ। ਇਸ ਸੰਬੰਧੀ ਓਡੀਸ਼ਾ ਪੁਲਸ ਨੇ ਚਿਤਾਵਨੀ ਵੀ ਦਿੱਤੀ ਹੈ ਕਿ ਅਜਿਹੀ ਨਫ਼ਰਤੀ ਮੁਹਿੰਮ ਨੂੰ ਤੁਰੰਤ ਬੰਦ ਕੀਤਾ ਜਾਵੇ, ਪਰ ਜਦੋਂ 'ਸਈਆਂ ਭਏ ਕੋਤਵਾਲ ਫਿਰ ਡਰ ਕਾਹੇ ਕਾ।' ਹਕੀਕਤ ਇਹ ਹੈ ਕਿ ਅਜਿਹੀ ਨਫ਼ਰਤੀ ਮੁਹਿੰਮ ਚਲਾਈ ਹੀ ਫਾਸ਼ੀ ਹਾਕਮਾਂ ਦੇ ਇਸ਼ਾਰੇ ਉੱਤੇ ਜਾਂਦੀ ਹੈ।

ਹੁਣ ਇੱਕ ਹੋਰ ਅਫ਼ਵਾਹ ਫੈਲਾਈ ਜਾ ਰਹੀ ਹੈ। ਵਿਜੈ ਕੁਮਾਰ ਨਾਂਅ ਦੇ ਇਸ ਅੰਧਭਗਤ ਨੇ ਮਸਜਿਦ ਵਾਲੀ ਕਹਾਣੀ ਨੂੰ ਅੱਗੇ ਵਧਾਉਂਦਿਆਂ ਲਿਖਿਆ ਹੈ, "ਸਟੇਸ਼ਨ ਮਾਸਟਰ ਸ਼ਰੀਫ਼ ਮੀਆਂ ਐਕਸੀਡੈਂਟ ਤੋਂ ਬਾਅਦ ਗਾਇਬ ਹਨ। ਰੋਹਿੰਗਾ ਬੰਗਲਾਦੇਸ਼ੀ ਤੇ ਆਈ ਐੱਸ ਆਈ ਦਾ ਐਂਗਲ ਸਾਹਮਣੇ ਆ ਰਿਹਾ ਹੈ। ਜਿੱਥੇ ਐਕਸੀਡੈਂਟ ਹੋਇਆ, ਉੱਥੇ ਇੱਕ ਮਸਜਿਦ ਹੈ। ਯੁੱਧ ਸ਼ੁਰੂ ਹੋ ਚੁੱਕਾ ਹੈ, ਪ੍ਰੰਤੂ ਤੁਸੀਂ ਉਦੋਂ ਜਾਗੋਗੇ, ਜਦੋਂ ਤੁਹਾਡਾ ਘਰ ਵੀ ਅੱਗ ਦੀ ਲਪੇਟ ਵਿੱਚ ਆ ਜਾਵੇਗਾ।" ਰੇਲਵੇ ਦੀ ਵੈਬਸਾਈਟ ਵਿੱਚ ਸਟੇਸ਼ਨ ਮਾਸਟਰਾਂ ਦੀ ਸੂਚੀ ਅਨੁਸਾਰ ਬਾਲਾਸੌਰ ਦੇ ਸਟੇਸ਼ਨ ਮਾਸਟਰ ਦਾ ਨਾਂਅ ਸ਼ਰੀਫ਼ ਮੀਆਂ ਨਹੀਂ, ਨਿਭਾਸ਼ ਸਿੰਘ ਹੈ। ਅਸਲ ਵਿੱਚ ਦੁਰਘਟਨਾ ਬਹਿਨਾਗਾ ਸਟੇਸ਼ਨ ਨੇੜੇ ਹੋਈ ਹੈ, ਇਸ ਲਈ ਉਥੋਂ ਦੇ ਸਟੇਸ਼ਨ ਮਾਸਟਰ ਬਾਰੇ ਪੜਤਾਲ ਕੀਤੀ ਗਈ ਤਾਂ ਸਾਹਮਣੇ ਆਇਆ ਕਿ ਉਸ ਦਾ ਨਾਂਅ ਐੱਸ ਬੀ ਮੋਹੰਤੀ ਹੈ। ਸਵਾਲ ਪੈਦਾ ਹੁੰਦਾ ਹੈ ਕਿ ਵਿਰੋਧੀ ਪਾਰਟੀਆਂ ਦੇ ਆਗੂਆਂ ਵੱਲੋਂ ਦਿੱਤੇ ਗਏ ਛੋਟੇ ਜਿਹੇ ਬਿਆਨ ਤੋਂ ਹਾਕਮਾਂ ਨੂੰ ਲੱਗਣ ਲੱਗ ਜਾਂਦਾ ਹੈ ਕਿ ਉਨ੍ਹਾਂ ਦੇ ਸ਼ਬਦ ਫਿਰਕੂ ਭੜਕਾਹਟ ਪੈਦਾ ਕਰਨ ਵਾਲੇ ਹਨ ਤੇ ਝੱਟ ਕੇਸ ਬਣਾ ਦਿੱਤਾ ਜਾਂਦਾ ਹੈ। ਭਾਜਪਾ ਦੀਆਂ ਆਪਣੀਆਂ ਫੌਜਾਂ ਭਾਵੇਂ ਅੱਗ ਲਾਉਂਦੀਆਂ ਫਿਰਨ ਉਨ੍ਹਾ ਨੂੰ ਸਭ ਮਾਫ਼ ਹੈ। ਅਸਲ ਵਿੱਚ ਭਾਜਪਾ ਲਈ ਹਰ ਮੁਸੀਬਤ ਵੀ ਮੌਕਾ ਹੁੰਦੀ ਹੈ। ਉਹ ਇਸ ਮੌਕੇ ਨੂੰ ਵੋਟਾਂ ਵਿੱਚ ਬਦਲਣ ਲਈ ਹਰ ਕੋਸ਼ਿਸ਼ ਕਰਦੀ ਹੈ। ਕੋਵਿਡ ਕਾਲ ਦੌਰਾਨ ਤਬਲੀਗੀ ਜਮਾਤ ਨੂੰ ਹੀ ਮਹਾਂਮਾਰੀ ਫੈਲਾਉਣ ਦਾ ਮੁੱਖ ਦੋਸ਼ੀ ਬਣਾ ਦਿੱਤਾ ਸੀ। ਇਹ ਤਾਂ ਜਨਤਾ ਨੂੰ ਸਮਝਣਾ ਪਵੇਗਾ ਕਿ ਉਹ ਇਨ੍ਹਾਂ ਨਫ਼ਰਤੀਆਂ ਦੇ ਝਾਂਸੇ ਵਿੱਚ ਨਾ ਆਵੇ।

## ਪਾਠਕ-ਸੱਥ

### ਹਾਦਸਿਆਂ ਦੀ ਪੜਚੋਲ ਜ਼ਰੂਰੀ

ਰੋਜ਼ਾਨਾ ਸਾਡੇ ਆਲੇ-ਦੁਆਲੇ ਅਜਿਹੇ ਬਹੁਤ ਸਾਰੇ ਹਾਦਸੇ ਵਾਪਰਦੇ ਹਨ, ਜਿਹਨਾਂ ਨਾਲ ਜਾਨ ਅਤੇ ਮਾਲ ਦਾ ਕਦੇ ਨਾ ਭਰਪਾਈ ਹੋਣ ਵਾਲਾ ਬਹੁਮੁੱਲਾ ਨੁਕਸਾਨ ਹੁੰਦਾ ਹੈ। ਪਹਿਲਾਂ ਤਾਂ ਅਜਿਹੇ ਹਾਦਸਿਆਂ ਅਤੇ ਉਹਨਾਂ ਦੀ ਸੁਰੱਖਿਆ ਬਾਰੇ ਕੋਈ ਪੁਖਤਾ ਅਗਾਊਂ ਇੰਤਜਾਮ ਨਹੀਂ ਕੀਤਾ ਜਾਂਦਾ, ਪਰ ਜਦੋਂ ਵਾਪਰ ਜਾਂਦੇ ਹਨ ਤਾਂ ਪ੍ਰਸ਼ਾਸਨ ਦੇ ਨਾਲ-ਨਾਲ ਸਰਕਾਰ ਨੂੰ ਵੀ ਹੱਥਾਂ-ਪੈਰਾਂ ਦੀ ਪੈ ਜਾਂਦੀ ਹੈ। ਨਤੀਜਾ ਇਹ ਨਿਕਲਦਾ ਹੈ ਇੱਕ ਜਾਂਚ ਕਮੇਟੀ ਗਠਿਤ ਕਰ ਦਿੱਤੀ ਜਾਂਦੀ ਹੈ ਅਤੇ ਹਾਦਸੇ ਦੇ ਪੀੜਤਾਂ ਨੂੰ ਮੁਆਵਜ਼ਾ ਦੇ ਦਿੱਤਾ ਜਾਂਦਾ ਹੈ ਤੇ ਹੌਲੀ ਹੌਲੀ ਹਾਦਸੇ ਪੁਰਾਣੇ ਹੋ ਜਾਂਦੇ ਹਨ ਪਰ ਉਹਨਾਂ ਹਾਦਸਿਆਂ ਤੋਂ ਸਿੱਖਿਆ ਕੁਝ ਨਹੀਂ ਜਾਂਦਾ। ਪਿਛਲੇ ਦੋ ਦਿਨਾਂ ਵਿੱਚ ਅਜਿਹੇ ਹਾਦਸੇ ਵਾਪਰੇ ਹਨ, ਜਿਨ੍ਹਾਂ ਨੇ ਸਰਕਾਰ ਅਤੇ ਪ੍ਰਸਾਸਨ ਦੀ ਨਾਕਾਮੀ ਨੂੰ ਉਜਾਗਰ ਕੀਤਾ ਹੈ। ਪਹਿਲਾ ਹਾਦਸਾ ਉੜੀਸਾ ਵਿਚ ਤਿੰਨ ਟ੍ਰੇਨਾਂ ਦਾ ਆਪਸ ਵਿੱਚ ਟਕਰਾਉਣ ਦਾ ਅਤੇ ਦੂਜਾ ਬਿਹਾਰ ਵਿਚ ਪੁਲ ਦਾ ਦੂਜੀ ਵਾਰ ਡਿੱਗ ਜਾਣਾ। ਪੁਲ ਬਣਾਉਣ ਵਾਲੇ ਅਤੇ ਰੇਲਵੇ ਦੀ ਸੁਰੱਖਿਆ 'ਤੇ ਉਂਗਲ ਕਰਦੀ ਹੈ ਕਿ ਉਹਨਾਂ ਦੀਆਂ ਲਾਪਰਵਾਹੀਆਂ ਕਰਕੇ ਅਜਿਹੇ ਹਾਦਸੇ ਵਾਪਰਦੇ ਹਨ। ਅਜਿਹੇ ਹਾਦਸੇ ਕੋਈ ਪਹਿਲੀ ਵਾਰ ਨਹੀਂ ਵਾਪਰੇ, ਪੁਲਾਂ ਦਾ ਡਿੱਗਣਾ ਆਮ ਗੱਲ ਹੈ, ਪਰ ਸਰਕਾਰ ਦੇ ਕੰਨ 'ਤੇ ਕਦੇ ਜੂੰ ਨਹੀਂ ਸਰਕੀ। ਲੱਗਦਾ ਸਰਕਾਰ ਆਮ ਜਨਤਾ ਦੇ ਜੀਵਨ ਨੂੰ ਕੀਮਤੀ ਨਹੀਂ ਸਮਝਦੀ, ਇਹ ਕੀਮਤ ਕੇਵਲ ਵੋਟਾਂ ਵੇਲੇ ਹੀ ਯਾਦ ਆਉਂਦੀ ਹੈ। ਸਰਕਾਰ ਨੂੰ ਜਿਥੇ ਪੁਲ ਹਾਦਸੇ ਅਤੇ ਰੇਲ ਹਾਦਸੇ ਦੀ ਨਿਰਪੱਖ ਜਾਂਚ ਕਰਵਾਉਣੀ ਚਾਹੀਦੀ ਹੈ, ਉਥੇ ਅੱਗੇ ਤੋਂ ਅਜਿਹੇ ਹਾਦਸੇ ਨਾ ਵਾਪਰਨ, ਉਸ ਲਈ ਵੀ ਪੁਖਤਾ ਪ੍ਰਬੰਧ ਕਰਨੇ ਚਾਹੀਦੇ ਹਨ, ਜੋ ਕਿ ਉਸ ਦਾ ਹੱਕ ਅਤੇ ਫਰਜ਼ ਹੈ।

-ਰਜਵਿੰਦਰ ਪਾਲ ਸ਼ਰਮਾ, 70873-67969

ਬਰਸੀ 'ਤੇ ਵਿਸ਼ੇਸ਼

# ਆਓ, ਕਾਮਰੇਡ ਅਮੋਲਕ ਤੇ ਉਸ ਦੇ ਸਾਥੀਆਂ ਦੀ ਸੋਚ 'ਤੇ ਪਹਿਰਾ ਦੇਈਏ



ਅਸ਼ੋਕ ਕੌਸ਼ਲ

7 ਜੂਨ 1991 ਦਾ ਦਿਨ ਭਾਰਤੀ ਕਮਿਊਨਿਸਟ ਪਾਰਟੀ, ਔਲਖ ਵਾਸੀਆਂ ਅਤੇ ਫਰੀਦਕੋਟ ਜ਼ਿਲ੍ਹੇ ਦੀ ਸਮੂਹ ਮਿਹਨਤਕਸ਼ ਜਮਾਤ 'ਤੇ ਕਹਿਰ ਬਣ ਕੇ ਆਇਆ, ਜਦੋਂ ਪੰਜਾਬ ਦੇ ਅਮਨ- ਸ਼ਾਂਤੀ ਦੀਆਂ ਦੁਸ਼ਮਣ ਫਿਰਕੂ ਵੱਖਵਾਦੀ ਤਾਕਤਾਂ ਵੱਲੋਂ ਘਾਤ ਲਗਾ ਕੇ ਕੀਤੇ ਹਮਲੇ ਵਿੱਚ ਕਾਮਰੇਡ ਅਮੋਲਕ, ਕਾਮਰੇਡ ਬਲਜੀਤ, ਲਛਮਣ ਸਿੰਘ ਸਾਬਕਾ ਸਰਪੰਚ, ਪੁਲਸ ਮੁਲਾਜ਼ਮ ਮਹਿੰਦਰ ਸਿੰਘ (ਸਾਰੇ ਪਿੰਡ ਔਲਖ) ਤੋਂ ਇਲਾਵਾ ਨਛੱਤਰ ਸਿੰਘ ਸਰਪੰਚ ਕੋਟਲਾ ਰਾਇਕਾ, ਲਾਲ ਸਿੰਘ ਬੁੱਧ ਸਿੰਘ ਵਾਲਾ ਅਤੇ ਮੁਖਤਿਆਰ ਸਿੰਘ ਅਰਾਈਆਂਵਾਲਾ ਕਲਾਂ ਨੂੰ ਸ਼ਹੀਦ ਕਰ ਦਿੱਤਾ ਗਿਆ। ਇਹ ਘਟਨਾ ਸ਼ਹੀਦਾਂ ਦੇ ਪਰਿਵਾਰਾਂ ਲਈ ਤਾਂ ਬਹੁਤ ਵੱਡਾ ਘਾਟਾ ਹੋਣਾ ਸੁਭਾਵਿਕ ਹੀ ਸੀ, ਜਿਲੇ ਦੀ ਖੇਤ ਮਜ਼ਦੂਰ ਸਭਾ ਅਤੇ ਪਾਰਟੀ ਲਈ ਵੀ ਵੱਡੀ ਸੱਟ ਸੀ ਜਿਸ ਦੀ ਚੀਸ 32 ਸਾਲ ਬੀਤ ਜਾਣ ਦੇ ਬਾਅਦ ਵੀ ਮਹਿਸੂਸ ਹੁੰਦੀ ਹੈ।

ਕਾਮਰੇਡ ਅਮੋਲਕ ਅਤੇ ਉਸ ਦੇ ਸਾਥੀਆਂ ਨੂੰ ਦਹਿਸ਼ਤਗਰਦਾਂ ਨੇ ਉਸ ਸਮੇਂ ਸ਼ਹੀਦ ਕੀਤਾ, ਜਦੋਂ ਉਹ ਹਲਕਾ ਪੰਜਗਰਾਈਂ ਕਲਾਂ ਰਿਜ਼ਰਵ (ਮੌਜੂਦਾ ਜੈਤੋ ਹਲਕੇ) ਤੋਂ ਪੰਜਾਬ ਵਿਧਾਨ ਸਭਾ ਦੀ ਚੋਣ ਲੜ ਰਹੇ ਸਨ। ਬਾਅਦ ਵਿੱਚ ਇਹ ਚੋਣਾਂ ਹੀ ਰੱਦ ਕਰ ਦਿੱਤੀਆਂ ਗਈਆਂ ਸਨ।

ਕਾਮਰੇਡ ਅਮੋਲਕ ਸਿੰਘ ਦਾ ਜਨਮ ਮਿਤੀ 1-4-1955 ਨੂੰ ਪਿੰਡ ਔਲਖ ਦੇ ਮਿਹਨਤੀ ਖੇਤ ਮਜ਼ਦੂਰ ਜੋਧ ਸਿੰਘ ਪਾਠੀ ਦੇ ਘਰ ਮਾਤਾ ਹਰਨਾਮ ਕੌਰ ਦੀ ਕੁੱਖ ਤੋਂ ਆਖ਼ਰੀ ਸੱਤਵੇਂ ਬੱਚੇ ਵਜੋਂ ਹੋਇਆ। ਪੰਜ ਧੀਆਂ ਅਤੇ ਦੋ ਪੁੱਤਰਾਂ ਦੇ ਪਾਲਣ-ਪੋਸ਼ਣ ਅਤੇ ਪੜ੍ਹਾਈ ਦਾ ਦੋਵੇਂ ਜੀਅ ਮਿਲ ਕੇ ਆਹਰ ਕਰ ਰਹੇ ਸਨ। ਅਮੋਲਕ ਨੂੰ ਅਜੇ ਸਕੂਲ ਪੜ੍ਹਨੇ ਪਾਇਆ ਹੀ ਸੀ ਕਿ ਭਾਈ ਜੋਧ ਸਿੰਘ ਸਦੀਵੀ ਵਿਛੋੜਾ ਦੇ ਗਏ ਅਤੇ ਕਬੀਲਦਾਰੀ ਦਾ ਸਾਰਾ ਬੋਝ ਮਾਤਾ ਹਰਨਾਮ ਕੌਰ ਦੇ ਮੋਢਿਆਂ 'ਤੇ ਆ ਗਿਆ, ਜੋ ਇਸ ਬਹਾਦਰ ਮਾਂ ਨੇ ਬੜੇ ਸਿਰੜ ਨਾਲ ਨਿਭਾਇਆ।

ਔਲਖ ਅਤੇ ਪੰਜਗਰਾਈਂ ਕਲਾਂ ਦੇ ਸਕੂਲਾਂ ਦਾ ਵਿਦਿਆਰਥੀ ਹੁੰਦੇ ਹੋਏ ਅਮੋਲਕ ਨੂੰ ਮਾਸਟਰ ਦਰਸ਼ਨ ਸਿੰਘ ਔਲਖ ਅਤੇ ਗਿਆਨੀ ਨਿਰਭੈ ਸਿੰਘ ਦੁਆਰੇਆਣਾ ਦੀ ਸ਼ਾਗਿਰਦੀ ਦਾ ਮੌਕਾ ਮਿਲਿਆ, ਜਿਨਾਂ ਉਸ ਨੂੰ ਅਗੇ ਵਧੂ ਸੋਚ ਨਾਲ ਜੋੜਿਆ। ਸਕੂਲੀ ਵਿਦਿਆਰਥੀ ਹੁੰਦੇ ਹੋਏ ਹੀ ਉਹ 1970 ਵਿੱਚ 'ਸਰਬ ਭਾਰਤ ਨੌਜਵਾਨ ਸਭਾ' ਦਾ ਮੈਂਬਰ ਬਣ ਗਿਆ। ਦਸਵੀਂ ਦੀ ਪ੍ਰੀਖਿਆ ਪਾਸ ਕਰਨ ਬਾਅਦ ਅਮੋਲਕ ਨੂੰ ਆਈ ਟੀ ਆਈ ਫਰੀਦਕੋਟ ਵਿੱਚ ਸਟੈਨੋਗ੍ਰਾਫੀ ਦੇ ਕੋਰਸ ਵਿਚ ਦਾਖਲਾ ਮਿਲ ਗਿਆ। ਅਕਤੂਬਰ 1972 ਵਿੱਚ ਮੋਗਾ ਗੋਲੀ ਕਾਂਡ ਹੋਇਆ, ਜਿੱਥੇ ਪੁਲਸ ਤਸ਼ੱਦਦ ਕਾਰਨ ਕੁਝ ਵਿਦਿਆਰਥੀ ਸ਼ਹੀਦ ਹੋ ਗਏ ਅਤੇ ਇਹ ਅੰਦੋਲਨ ਪੰਜਾਬ ਦੇ ਸਾਰੇ ਵਿਦਿਆਰਥੀਆਂ ਵਿਚ ਫੈਲ ਗਿਆ। ਕਾਮਰੇਡ ਅਮੋਲਕ ਨੇ ਆਈ ਟੀ ਆਈ ਫਰੀਦਕੋਟ ਵਿੱਚ ਪੁਲਸ ਤਸ਼ੱਦਦ ਦੇ ਵਿਰੋਧ ਵਿੱਚ ਹੋਈ ਜ਼ਬਰਦਸਤ ਹੜਤਾਲ ਦੀ ਅਗਵਾਈ ਕੀਤੀ। ਸਮਾਜਕ ਚੇਤਨਾ ਨਾਲ ਜੁੜਣ ਅਤੇ ਇੱਕ ਆਗੂ ਵਜੋਂ ਉੱਭਰ ਕੇ ਸਾਹਮਣੇ ਆਉਣ ਦਾ ਅਮੋਲਕ ਲਈ ਇਹ ਪਹਿਲਾ ਮੌਕਾ ਸੀ।

ਅਮੋਲਕ ਸਟੈਨੋ ਦਾ ਕੋਰਸ ਪਾਸ ਕਰਕੇ ਨੌਕਰੀ ਦੀ ਤਲਾਸ਼ ਵਿੱਚ ਸੀ, ਜਦੋਂ ਉਸ ਦੀ ਮੁਲਾਕਾਤ ਭਾਰਤੀ ਖੇਤ ਮਜ਼ਦੂਰ ਯੂਨੀਅਨ ਦੇ ਕੌਮੀ ਨੇਤਾ ਕਾਮਰੇਡ ਰੁਲਦੂ ਖਾਨ ਨਾਲ ਹੋਈ। ਕਾਮਰੇਡ ਖਾਨ ਨੇ ਅਮੋਲਕ ਵਿੱਚ ਭਵਿੱਖ ਦੇ ਆਗੂ ਦੇ ਗੁਣ ਪਛਾਣ ਕੇ ਉਸ ਨੂੰ ਕਿਹਾ, 'ਛੱਡ ਪਰਾਂ ਨੌਕਰੀ, ਆ ਲੋਕ ਸੇਵਾ ਕਰੀਏ। ਪਾਰਟੀ ਨੂੰ ਅਤੇ ਖੇਤ ਮਜ਼ਦੂਰ ਸਭਾ ਨੂੰ ਤੇਰੇ ਵਰਗੇ ਪੜ੍ਹੇ-ਲਿਖੇ ਨੌਜਵਾਨ ਆਗੂਆਂ ਦੀ ਲੋੜ ਹੈ। ਆ, ਇੱਕ ਇਹੋ ਜਿਹਾ ਰਾਜ ਪ੍ਰਬੰਧ ਲਿਆਉਣ ਲਈ ਹੰਭਲਾ ਮਾਰੀਏ, ਜਿੱਥੇ ਤੇਰੇ ਵਰਗੇ ਲੱਖਾਂ -ਕਰੋੜਾਂ ਨੌਜਵਾਨਾਂ ਨੂੰ ਰੁਜ਼ਗਾਰ ਲਈ ਭਟਕਣਾ ਨਾ ਪਵੇ ਅਤੇ ਮਿਹਨਤਕਸ਼ ਜਮਾਤ ਦੀ ਧੌਣ 'ਤੇ ਸਦੀਆਂ ਤੋਂ ਰੱਖਿਆ ਗਰੀਬੀ ਅਤੇ ਗੁਲਾਮੀ ਦਾ ਜੂਲਾ ਲਾਹਿਆ ਜਾ ਸਕੇ।'

ਅਮੋਲਕ ਨੇ ਵੀ ਬਜ਼ੁਰਗ ਕਾਮਰੇਡ ਖਾਨ ਨੂੰ ਨਿਰਾਸ਼ ਨਹੀਂ ਕੀਤਾ ਅਤੇ ਲੋਕ ਸੇਵਾ ਵਾਲਾ ਬਿਖੜਾ ਪੈਂਡਾ ਚੁਣ ਲਿਆ। ਅਮੋਲਕ ਨੂੰ ਭਾਰਤੀ ਕਮਿਊਨਿਸਟ ਪਾਰਟੀ ਦਾ ਮੈਂਬਰ ਲੈ ਲਿਆ ਗਿਆ। ਉਹ ਪਾਰਟੀ, ਜੋ 1925 ਵਿੱਚ ਆਪਣੀ ਸਥਾਪਨਾ ਤੋਂ ਹੀ ਮਿਹਨਤਕਸ਼ ਅਵਾਮ ਦੇ ਹੱਕਾਂ ਲਈ ਸੰਘਰਸ਼ ਕਰਨ ਤੋਂ ਇਲਾਵਾ ਮਨੁੱਖ ਹੱਥੋਂ ਮਨੁੱਖ ਦੀ ਲੁੱਟ ਖਤਮ ਕਰਨ ਅਤੇ ਸ਼ਹੀਦ ਭਗਤ ਸਿੰਘ ਦੇ ਸੁਪਨਿਆਂ ਵਾਲਾ ਬਰਾਬਰੀ ਦਾ ਸਮਾਜ ਉਸਾਰਨ ਲਈ ਜੂਝ ਰਹੀ ਹੈ।

ਸ਼ਹੀਦੀ ਵੇਲੇ ਅਮੋਲਕ ਸਿਰਫ਼ 36 ਵਰਿਆਂ ਦਾ ਸੀ। ਹੈਰਾਨੀ ਹੁੰਦੀ ਹੈ ਕਿ ਇਸ ਉਮਰ ਵਿੱਚ ਹੀ ਉਹ ਜਨਤਕ ਜੀਵਨ ਵਿੱਚ ਐਨਾ ਵੱਡਾ ਕੱਦ ਕੱਢ ਗਿਆ, ਜੋ ਬਹੁਤੇ ਲੋਕਾਂ ਨੂੰ ਸਾਰੀ ਉਮਰ ਗਵਾ ਕੇ ਵੀ ਨਸੀਬ ਨਹੀਂ ਹੁੰਦਾ। ਅਜ਼ਾਦੀ ਸੰਗਰਾਮ ਅਤੇ ਗਦਰ ਲਹਿਰ ਦੇ ਮਹਾਨ ਸ਼ਹੀਦ ਸ ਕਰਤਾਰ ਸਿੰਘ ਸਰਾਭਾ ਨੂੰ ਘੱਟ ਉਮਰ ਦੇ ਬਾਵਜੂਦ ਫਾਂਸੀ ਦੀ ਸਜਾ ਦੇਣ ਵਾਲੇ ਗੋਰੇ ਜਜ ਨੇ ਆਪਣੇ ਫੈਸਲੇ ਦੀ ਵਾਜਬੀਅਤ ਲਈ ਲਿਖਿਆ ਸੀ ਕਿ ਗਦਰ ਲਹਿਰ ਦਾ ਇਹੋ ਜਿਹਾ ਕੋਈ ਐਕਸ਼ਨ ਨਹੀਂ, ਜਿਸ ਵਿਚ ਸਰਾਭੇ ਦੀ ਸ਼ਮੂਲੀਅਤ ਨਾ ਹੋਵੇ। ਠੀਕ ਇਸੇ ਤਰਾਂ ਪਾਰਟੀ ਦਾ ਇਹੋ ਜਿਹਾ ਕੋਈ ਸੰਘਰਸ਼ ਨਹੀਂ ਸੀ ਜਿਸ ਵਿਚ ਕਾਮਰੇਡ ਅਮੋਲਕ ਮੂਹਰਲੀ ਕਤਾਰ ਵਿੱਚ ਖੜਾ ਨਜ਼ਰ ਨਾ ਆਉਂਦਾ ਹੋਵੇ। ਮਹਿੰਗਾਈ, ਬੇਰੁਜ਼ਗਾਰੀ, ਭ੍ਰਿਸ਼ਟਾਚਾਰ ਅਤੇ ਜਮਾਤੀ ਜਬਰ ਵਿਰੁੱਧ ਪਾਰਟੀ ਦੇ ਹਰ ਸੰਘਰਸ਼ ਵਿੱਚ ਅਮੋਲਕ ਨੇ ਅਣਥੱਕ ਆਗੂ ਵਜੋਂ ਆਪਣੇ ਸਾਥੀਆਂ ਦੀ ਅਗਵਾਈ ਕੀਤੀ। 1977 ਵਿਚ ਉਸ ਨੂੰ 'ਪੰਜਾਬ ਖੇਤ ਮਜ਼ਦੂਰ ਸਭਾ' ਜ਼ਿਲ੍ਹਾ ਫਰੀਦਕੋਟ ਦਾ ਜਨਰਲ ਸਕੱਤਰ ਚੁਣਿਆ ਗਿਆ ਅਤੇ ਸ਼ਹੀਦ ਹੋਣ ਤੱਕ ਉਸ ਨੇ ਇਮਾਨਦਾਰੀ ਅਤੇ ਮਿਹਨਤ ਨਾਲ ਇਹ ਜਿੰਮੇਵਾਰੀ ਨਿਭਾਈ। ਝੰਡਾ ਮਾਰਚ ਦੌਰਾਨ ਪਿੰਡਾਂ ਦੇ ਧੂੜ ਭਰੇ ਬਿਖੜੇ ਅਤੇ ਲੰਬੇ ਪੈਂਡੇ, ਭੁੱਖੇ ਤਿਹਾਏ, ਕਦੇ ਪੈਦਲ ਜਾਂ ਸਾਈਕਲਾਂ ਤੇ ਕਰਦੇ ਹੋਏ ਉਸਨੇ ਪੁਰਾਣੇ ਫਰੀਦਕੋਟ ਜ਼ਿਲ੍ਹੇ ਵਿੱਚ ਖੇਤ ਮਜ਼ਦੂਰਾਂ ਦੀ 45,000 ਮੈਂਬਰਸ਼ਿਪ ਵਾਲੀ ਜੱਥੇਬੰਦੀ ਤਿਆਰ ਕੀਤੀ, ਜੋ ਜ਼ਿਲ੍ਹਾ ਤੰਜੂਰ (ਤਾਮਿਲਨਾਡੂ) ਬਾਅਦ ਦੇਸ਼ ਭਰ ਵਿੱਚ ਦੂਜੇ ਨੰਬਰ 'ਤੇ ਸੀ। ਸਾਬਕਾ ਸਰਪੰਚ ਕਾਮਰੇਡ ਜਗਤਾਰ ਸਿੰਘ ਭਾਣਾ ਅੱਜ ਵੀ ਉਹ ਦਿਨ ਚੇਤੇ ਕਰਕੇ ਅੱਖਾਂ ਭਰ ਲੈਂਦਾ ਹੈ, ਜਦੋਂ ਉਹ ਅਮੋਲਕ ਨੂੰ ਸਾਈਕਲ ਮਗਰ ਬਿਠਾ ਕੇ ਰੋਜ਼ਾਨਾ ਤੀਹ-ਚਾਲੀ ਕਿਲੋਮੀਟਰ ਦਾ ਪੈਂਡਾ ਵੀ ਗਾਹ ਲੈਂਦਾ ਸੀ। ਕਾਮਰੇਡ ਦਰਸ਼ਨ ਸਿੰਘ ਜਿਊਣਵਾਲਾ ਅਤੇ ਔਲਖ ਦੇ ਕਿੰਨੇ ਹੀ ਸਾਥੀਆਂ ਕੋਲ ਅਮੋਲਕ ਨਾਲ ਜੁੜੀਆਂ ਯਾਦਾਂ ਮਨ ਵਿੱਚ ਸੰਭਾਲੀਆਂ ਹੋਈਆਂ ਹਨ, ਜਿਨ੍ਹਾਂ ਨੂੰ ਚੇਤੇ ਕਰਕੇ ਉਹ ਜਜ਼ਬਾਤੀ ਹੋ ਜਾਂਦੇ ਹਨ। ਉਹ ਜਿਸ ਨੂੰ ਵੀ ਮਿਲਦਾ, ਹਮੇਸ਼ਾ ਲਈ ਆਪਣਾ ਬਣਾ ਲੈਂਦਾ। ਉਸ ਦੀ ਇੱਕ ਖੂਬੀ ਇਹ ਵੀ ਸੀ ਕਿ ਹਰ ਵਕਤ ਹੱਸਦਾ ਅਤੇ ਚੜਦੀ ਕਲਾ ਵਿੱਚ ਰਹਿੰਦਾ ਸੀ, ਕਦੇ ਵੀ ਕਿਸੇ ਨੇ ਉਸ ਨੂੰ ਨਿਰਾਸ਼ ਜਾਂ ਮਾਯੂਸ ਨਹੀਂ ਵੇਖਿਆ ਸੀ। ਖੇਤ ਮਜ਼ਦੂਰਾਂ ਲਈ ਵਾਜਿਬ ਦਿਹਾੜੀ ਉਜਰਤਾਂ, ਹੈਂਕੜਬਾਜ਼ ਜਗੀਰੂ ਧਨਾਢਾਂ ਵੱਲੋਂ ਗਰੀਬਾਂ ਦੀਆਂ ਨਾਕੇਬੰਦੀਆਂ ਖਿਲਾਫ, ਪੁਲਸ ਜਬਰ ਅਤੇ ਵਧੀਕੀਆਂ ਵਿਰੁੱਧ, ਬੁਢਾਪਾ ਅਤੇ ਵਿਧਵਾ ਪੈਨਸ਼ਨ ਵਿੱਚ ਹੁੰਦੀਆਂ ਧਾਂਦਲੀਆਂ ਕਾਰਨ ਸਮਾਜ ਭਲਾਈ ਦਫ਼ਤਰਾਂ ਦੇ ਘਿਰਾਓ ਆਦਿ ਮਸਲਿਆਂ 'ਤੇ ਕਾਮਰੇਡ ਅਮੋਲਕ ਵੱਲੋਂ ਸਫਲ ਅਗਵਾਈ ਦੇਣ ਕਰਕੇ ਉਹ ਇਲਾਕੇ ਦੀ ਮਿਹਨਤਕਸ਼ ਜਮਾਤ ਦੇ ਹਰਮਨ-ਪਿਆਰੇ ਆਗੂ ਵਜੋਂ ਸਥਾਪਤ ਹੋ ਗਿਆ। ਇਨਾਂ ਸਤਰਾਂ ਦੇ ਲੇਖਕ ਨੂੰ ਉਸ ਦੀ ਦਲੇਰ ਆਗੂ ਵਜੋਂ ਅਗਵਾਈ ਦਾ ਅੱਖੀਂ ਡਿਠਾ ਸਬੂਤ ਉਦੋਂ ਮਿਲਿਆ, ਜਦੋਂ ਉਸ ਨੇ ਸੰਧਵਾਂ ਕਤਾਈ ਮਿੱਲ ਦੇ ਹੜਤਾਲੀ ਮਜ਼ਦੂਰਾਂ 'ਤੇ ਹੋਏ ਪੁਲਸ ਜਬਰ ਦੇ ਵਿਰੋਧ ਵਿੱਚ ਕੋਟਕਪੂਰੇ ਥਾਣੇ ਦਾ ਘਿਰਾਓ ਕਰ ਲਿਆ ਅਤੇ ਹੜਤਾਲੀ ਮਜ਼ਦੂਰਾਂ ਦਾ ਸਮਾਨ ਪੁਲਿਸ ਤੋਂ ਵਾਪਸ ਲੈਣ ਤੱਕ ਥਾਣੇ ਸਾਹਮਣਿਓਂ ਧਰਨਾ ਨਹੀਂ ਚੁੱਕਿਆ। ਬਾਅਦ ਵਿੱਚ ਪ੍ਰਸ਼ਾਸਨਿਕ ਅਧਿਕਾਰੀਆਂ ਵਿੱਚ ਉਸ ਦੀ ਐਨੀ ਕੁ ਧਾਕ ਜੰਮ ਗਈ ਸੀ ਕਿ ਉਸ ਦਾ ਸਰਕਾਰੀ ਦਰਬਾਰੇ ਕੋਈ ਕੰਮ ਰੁਕਿਆ ਨਹੀਂ ਸੀ। 1978 ਵਿੱਚ ਉਹ ਪਿੰਡ ਦੀ ਪੰਚਾਇਤ ਦਾ ਮੈਂਬਰ ਚੁਣਿਆ ਗਿਆ ਅਤੇ ਪੂਰੇ ਪੰਜ ਸਾਲ ਉਸ ਨੇ ਪਿੰਡ ਦੀ ਭਲਾਈ ਦੇ ਕਈ ਕੰਮ ਕਰਵਾਏ, ਜਿਸ ਕਰਕੇ ਉਸ ਦੀ ਸੂਝਬੂਝ ਦੀ ਪ੍ਰਸੰਸਾ ਹੋਣ ਲਗੀ। ਪਾਰਟੀ ਦੇ ਨੁਮਾਇੰਦੇ ਵਜੋਂ ਕਾਮਰੇਡ ਅਮੋਲਕ ਨੂੰ 'ਜ਼ਿਲ੍ਹਾ ਸ਼ਿਕਾਇਤ ਨਿਵਾਰਨ ਕਮੇਟੀ' ਦਾ ਮੈਂਬਰ ਅਤੇ 'ਜਿਲ੍ਹਾ ਵਿਕਾਸ ਬੋਰਡ' ਦਾ ਸਲਾਹਕਾਰ ਲੈ ਲਿਆ ਗਿਆ। ਇੱਕ ਸਾਧਾਰਨ ਪਰਵਾਰ ਵਿੱਚੋਂ ਉੱਠ ਕੇ ਪਿੰਡ ਅਤੇ ਇਲਾਕੇ ਵਿੱਚ ਐਨੀ ਸ਼ੋਹਰਤ ਹਾਸਲ ਕਰ ਜਾਣਾ ਪਹਿਲਾਂ ਤੋਂ ਸਥਾਪਤ ਸਿਆਸੀ ਘਾਗ ਕਿਵੇਂ ਸਹਿ ਸਕਦੇ ਸਨ? ਜ਼ਰੂਰ ਉਨ੍ਹਾਂ ਨੂੰ ਅਮੋਲਕ ਦੀ ਪ੍ਰਸਿੱਧੀ ਆਪਣੇ ਸਿਆਸੀ ਭਵਿੱਖ ਲਈ ਖਤਰੇ ਦੀ ਘੰਟੀ ਮਹਿਸੂਸ ਹੁੰਦੀ ਹੋਵੇਗੀ।




ਧਰਮ ਦੇ ਨਾਂਅ 'ਤੇ ਇੱਕ ਵੱਖਰੇ ਦੇਸ਼ 'ਖਾਲਿਸਤਾਨ' ਦੀ ਮੰਗ ਦੀ ਆੜ ਹੇਠ ਦਹਿਸ਼ਤਗਰਦ ਟੋਲੇ ਬੇਗੁਨਾਹ ਪੰਜਾਬੀਆਂ ਦੇ ਖੂਨ ਦੀ ਹੋਲੀ ਖੇਡਣ ਲਗੇ। ਪਾਰਟੀ ਦਾ ਇਸ ਮਸਲੇ 'ਤੇ ਸਪੱਸ਼ਟ ਸਟੈਂਡ ਸੀ ਕਿ ਧਰਮ ਹਰ ਮਨੁੱਖ ਦਾ ਨਿੱਜੀ ਵਿਸ਼ਵਾਸ ਹੈ ਅਤੇ ਇਹ ਕਿਸੇ ਦੇਸ਼ ਦੀ ਸਥਾਪਨਾ ਦਾ ਅਧਾਰ ਨਹੀਂ ਹੋ ਸਕਦਾ। ਧਰਮ ਅਧਾਰਤ ਪਾਕਿਸਤਾਨ ਦੀ ਬੁਰੀ ਹਾਲਤ ਸਭ ਦੇ ਸਾਹਮਣੇ ਹੈ। ਪਾਰਟੀ ਨੇ ਨਾਹਰੇ ਦਿੱਤੇ:-

"ਨਾ ਹਿੰਦੂ ਰਾਜ, ਨਾ ਖਾਲਿਸਤਾਨ,
ਰਾਜ ਕਰੇ ਮਜ਼ਦੂਰ ਕਿਸਾਨ।"
"ਹਿੰਦੂ ਸਿੱਖ ਨੂੰ ਲੜਣ ਨਹੀਂ ਦੇਣਾ,
ਸਨ ਸੰਤਾਲੀ ਬਨਣ ਨਹੀਂ ਦੇਣਾ।"

ਇਹ ਨਾਹਰੇ ਵੱਖਵਾਦੀ ਤਾਕਤਾਂ ਨੂੰ ਹਜ਼ਮ ਨਹੀਂ ਹੋਏ। ਅਕਤੂਬਰ 1988 ਵਿੱਚ ਪੁਰਾਣੇ ਫਰੀਦਕੋਟ ਜ਼ਿਲ੍ਹੇ ਦੇ ਸੀਨੀਅਰ ਰੋਡਵੇਜ਼ ਮੁਲਾਜ਼ਮ ਆਗੂ ਕਾਮਰੇਡ ਨਛੱਤਰ ਸਿੰਘ ਧਾਲੀਵਾਲ ਨੂੰ ਉਸ ਦੇ ਪਿੰਡ ਬੱਧਨੀ ਖੁਰਦ 'ਚ ਸ਼ਹੀਦ ਕਰ ਦਿੱਤਾ। ਸਾਰੇ ਪੰਜਾਬ ਵਿੱਚ ਹੀ ਥਾਂ ਪੁਰ ਥਾਂ ਲਾਲ ਝੰਡੇ ਦੇ ਸਿਪਾਹੀਆਂ ਨੂੰ ਚੁਣ ਚੁਣ ਕੇ ਨਿਸ਼ਾਨਾ ਬਣਾਇਆ ਗਿਆ। ਅਪ੍ਰੈਲ 1991 ਵਿੱਚ ਜੈਤੋ ਨੇੜਲੇ ਪਿੰਡ ਸੇਵੇਵਾਲਾ 'ਚ ਜਬਰ ਤੇ ਫਿਰਕਾਪ੍ਰਸਤੀ ਵਿਰੋਧੀ ਫਰੰਟ ਦੇ 18 ਸਾਥੀਆਂ ਨੂੰ ਉਨ੍ਹਾਂ ਦੇ ਜਲਸੇ 'ਤੇ ਅੰਨ੍ਹੇਵਾਹ ਫਾਇਰਿੰਗ ਕਰਕੇ ਸ਼ਹੀਦ ਕਰ ਦਿੱਤਾ ਗਿਆ। ਇਹ ਉਹ ਵਕਤ ਸੀ, ਜਦੋਂ ਪੰਜਾਬ ਦੇ ਹਾਲਾਤ ਵਿਗਾੜਣ ਵਾਲੇ ਵੱਡੇ ਸਿਆਸੀ ਆਗੂਆਂ ਨੇ ਖਤਰਾ ਮਹਿਸੂਸ ਕਰਕੇ ਆਪਣੇ ਲਾਡਲਿਆਂ ਨੂੰ ਪੜ੍ਹਣ ਦੇ ਬਹਾਨੇ ਵਿਦੇਸ਼ ਭੇਜ ਦਿੱਤਾ ਸੀ ਅਤੇ ਖੁਦ ਸਖ਼ਤ ਸੁਰੱਖਿਆ ਘੇਰੇ ਵਿੱਚ ਲੁਕ ਕੇ ਘਰੀਂ ਬੈਠ ਗਏ ਸਨ, ਜਦਕਿ ਬੇਗੁਨਾਹ ਲੋਕਾਂ ਦੇ ਖੂਨ ਨਾਲ ਅਖਬਾਰਾਂ ਦੇ ਪੰਨੇ ਭਰੇ ਰਹਿਣੇ ਨਿੱਤ ਦਾ ਵਰਤਾਰਾ ਬਣ ਕੇ ਰਹਿ ਗਿਆ ਸੀ।

ਜਿਵੇਂ ਪੰਜਾਬ ਨੇ ਇੱਕ ਦਹਾਕੇ ਤੋਂ ਵੱਧ ਸਮਾਂ ਧਰਮ ਅਧਾਰਤ ਫਿਰਕਾਪ੍ਰਸਤੀ ਦਾ ਸੰਤਾਪ ਭੋਗਿਆ ਹੈ, ਉਹੀ ਵਰਤਾਰਾ 'ਹਿੰਦੂ ਰਾਸ਼ਟਰ' ਦੇ ਨਾਂਅ 'ਤੇ ਦੇਸ਼ ਪੱਧਰ 'ਤੇ ਫੈਲਾਇਆ ਜਾ ਰਿਹਾ ਹੈ। ਮੋਦੀ ਸਰਕਾਰ ਦੇ ਪਿਛਲੇ 9 ਸਾਲ ਦੇ ਰਾਜ ਦੌਰਾਨ ਮਹਿੰਗਾਈ, ਬੇਰੁਜ਼ਗਾਰੀ, ਭ੍ਰਿਸ਼ਟਾਚਾਰ, ਆਰਥਕ ਅਸਮਾਨਤਾ ਵਿੱਚ ਰਿਕਾਰਡ ਤੋੜ ਵਾਧਾ ਹੋਇਆ ਹੈ। ਦੇਸ਼ ਦੀ 82 ਕਰੋੜ ਅਬਾਦੀ (ਕਰੀਬ 60 ਫੀਸਦੀ) ਸਰਕਾਰੀ ਮਦਦ ਦੇ 5 ਕਿਲੋ ਮੁਫਤ ਅਨਾਜ ਦੀ ਮੁਥਾਜ਼ ਹੋ ਕੇ ਰਹਿ ਗਈ ਹੈ। ਪੰਜਾਬ ਦੀ ਇੱਕ ਪੀੜ੍ਹੀ ਅੱਤਵਾਦ ਦੇ ਦੈਂਤ ਅਤੇ ਸਰਕਾਰੀ ਦਹਿਸ਼ਤਗਰਦੀ ਨੇ ਨਿਗਲ ਲਈ, ਦੂਜੀ ਪੀੜ੍ਹੀ ਨਸ਼ਿਆਂ ਨੇ ਖਾ ਲਈ। ਤੀਜੀ ਪੀੜ੍ਹੀ ਪੰਜਾਬ ਛੱਡ ਕੇ ਬਦੇਸੀ ਧਰਤੀਆਂ ਵੱਲ ਤੇਜ਼ੀ ਨਾਲ ਪ੍ਰਵਾਸ ਕਰ ਰਹੀ ਹੈ, ਕਿਉਂ ਜੋ ਸਰਕਾਰਾਂ ਕੋਲ ਦੇਸ਼ ਦੀ ਜਵਾਨੀ ਨੂੰ ਸੰਭਾਲਣ ਦੀ ਨਾ ਤਾਂ ਕੋਈ ਨੀਤੀ ਹੈ ਅਤੇ ਨਾ ਹੀ ਨੀਅਤ।

ਇਹੋ ਜਿਹੇ ਹਾਲਾਤ ਵਿਚ ਕਾਮਰੇਡ ਅਮੋਲਕ ਅਤੇ ਉਸ ਦੇ ਨਾਲ ਸ਼ਹੀਦ ਹੋਏ ਬਹਾਦਰ ਸਾਥੀਆਂ ਦੀ ਘਾਟ ਰੜਕਣੀ ਸੁਭਾਵਿਕ ਹੈ। 7 ਜੂਨ ਨੂੰ ਜ਼ਿਲ੍ਹੇ ਭਰ ਦੇ ਖੇਤ ਮਜ਼ਦੂਰਾਂ, ਨਰੇਗਾ ਵਰਕਰਾਂ, ਕਿਸਾਨ, ਮੁਲਾਜ਼ਮ ਅਤੇ ਪੈਨਸ਼ਨਰ ਜੱਥੇਬੰਦੀਆਂ ਦੇ ਸਾਥੀ ਸ਼ਹੀਦਾਂ ਦੇ ਪਿੰਡ ਔਲਖ ਵਿੱਚ ਉਨ੍ਹਾਂ ਦੀ 32ਵੀਂ ਬਰਸੀ ਮਨਾਉਣ ਲਈ ਜੁੜ ਰਹੇ ਹਨ। ਆਓ, ਆਪਾਂ ਮੋਇਆਂ ਦੇ ਕੀਰਨੇ ਪਾਉਣ ਦੀ ਥਾਂ ਉਨ੍ਹਾਂ ਦੀ ਸੋਚ 'ਤੇ ਪਹਿਰਾ ਦੇਣ ਦਾ ਪ੍ਰਣ ਕਰੀਏ। ਹਰ ਜ਼ਿਲ੍ਹੇ ਅਤੇ ਪਿੰਡ ਵਿੱਚ ਕਾਮਰੇਡ ਅਮੋਲਕ ਵਰਗੇ ਲੋਕ ਪੱਖੀ, ਇਮਾਨਦਾਰ ਅਤੇ ਸਿਰੜੀ ਨੌਜਵਾਨ ਪੈਦਾ ਹੋਣੇ ਚਾਹੀਦੇ ਹਨ, ਕਿਉਂਕਿ ਲੋਕਾਈ ਦੀ ਕੁੱਖ ਬਾਂਝ ਨਹੀਂ ਹੋ ਸਕਦੀ। ਆਮੀਨ।

# ਸੰਪਰਕ: 94637-85848

# ਖੇਤੀ ਆਮਦਨ ਘਟਣ ਦਾ ਕਾਰਨ ਘੱਟ ਨਿਵੇਸ਼ ਨਹੀਂ

ਅੱਜ ਪੰਜਾਬ ਦੀ ਖੇਤੀ ਖੜੋਤ ਜਾਂ ਘੱਟ ਵਾਧੇ ਵਾਲੀ ਹੋ ਗਈ। ਇਸ ਦਾ ਕਾਰਨ ਖੇਤੀ ਵਿੱਚ ਘੱਟ ਨਿਵੇਸ਼ ਕਿਹਾ ਜਾ ਰਿਹਾ ਹੈ ਜਾਂ ਕਹਿ ਲਓ ਕਿ ਪੰਜਾਬ ਦੀ ਖੇਤੀ ਨੂੰ ਪ੍ਰਫੁੱਲਤ ਕਰਨ ਲਈ ਪੈਸੇ ਦੀ ਕਮੀ ਹੈ। ਇਹ ਗੱਲ ਕੁੱਝ ਹੱਦ ਤੱਕ ਠੀਕ ਵੀ ਹੋ ਸਕਦੀ ਹੈ, ਜਿਹੜਾ ਵਪਾਰ ਘਾਟੇ ਵਿੱਚ ਚੱਲਦਾ ਹੋਵੇ, ਉਸ ਵਿੱਚ ਨਿਵੇਸ਼ ਕੌਣ ਕਰੇਗਾ। ਪੰਜਾਬ ਵਿੱਚ ਜਿਹੜੀਆਂ ਦੋ ਮੁੱਖ ਫ਼ਸਲਾਂ ਹਨ (ਕਣਕ ਅਤੇ ਧਾਨ) ਉਹ ਸਰਕਾਰ ਖਰੀਦਦੀ ਹੈ ਅਤੇ ਸਰਕਾਰ ਹੀ ਭਾਅ ਤਹਿ ਕਰਦੀ ਹੈ। ਭਾਅ ਵਿੱਚ ਵਾਧਾ ਆਮ ਤੌਰ 'ਤੇ 2 ਪ੍ਰਤੀਸ਼ਤ ਕੀਤਾ ਜਾਂਦਾ ਹੈ, ਜਦ ਕੇ ਮਹਿੰਗਾਈ ਦਰ ਘੱਟੋ-ਘੱਟ 4 ਪ੍ਰਤੀਸ਼ਤ ਅਤੇ ਵੱਧ ਤੋਂ ਵੱਧ 10 ਪ੍ਰਤੀਸ਼ਤ ਤੱਕ ਵੀ ਪਹੁੰਚ ਜਾਂਦੀ ਰਹੀ ਹੈ। ਮਤਲਬ ਹਰ ਸਾਲ ਕਿਸਾਨ ਨੂੰ ਆਪਣੀ ਫ਼ਸਲ ਦਾ ਅਸਲੀ ਮੁੱਲ ਪਿਛਲੇ ਸਾਲ ਨਾਲੋਂ ਘੱਟ ਮਿਲਦਾ ਹੈ ਅਤੇ ਲਾਗਤ ਵਧਦੀ ਜਾਂਦੀ ਹੈ। ਇਸ ਤੋਂ ਇਲਾਵਾ ਕਿਸਾਨਾਂ ਦੇ ਬਾਕੀ ਦੇ ਘਰੇਲੂ ਖਰਚੇ ਵੀ ਮਹਿੰਗਾਈ ਨਾਲ ਵਧੀ ਜਾਂਦੇ ਹਨ। ਸਕੂਲਾਂ ਦੀਆਂ ਫੀਸਾਂ ਵਿੱਚ 8 ਪ੍ਰਤੀਸ਼ਤ ਵਾਧਾ ਹਰ ਸਾਲ ਕੀਤਾ ਜਾਂਦਾ ਹੈ। ਕਿਸਾਨ ਨੂੰ ਦੇਣਾ 2 ਪ੍ਰਤੀਸ਼ਤ। ਨਤੀਜਾ ਕਿਸਾਨ ਦੇ ਹਾਲਾਤ ਦਿਨੋਂ-ਦਿਨ ਬਦ ਤੋਂ ਬਦਤਰ ਅਤੇ ਅੰਤ ਵਿੱਚ ਆਤਮ-ਹੱਤਿਆ। ਇਸ ਸਭ ਦੇ ਬਾਵਜੂਦ ਕਿਸਾਨ ਨੇ ਫ਼ਸਲ ਨੂੰ ਪੈਦਾ ਕਰਨਾ ਨਹੀਂ ਛੱਡਿਆ। ਕਿਸਾਨ ਫ਼ਸਲ ਦੀ ਵੱਧ ਤੋਂ ਵੱਧ ਪੈਦਾਵਾਰ ਕਰਨ ਲਈ ਹਰ ਹੀਲਾ ਵਰਤਦਾ ਹੈ। ਇਸੇ ਕਰਕੇ ਪੰਜਾਬ ਵਿੱਚ ਫ਼ਸਲਾਂ ਦਾ ਔਸਤ ਝਾੜ ਵੀ ਭਾਰਤ ਦੀ ਔਸਤ ਨਾਲੋਂ ਡੇਢ ਗੁਣਾ ਜ਼ਿਆਦਾ ਹੈ। ਨਿਵੇਸ਼ ਦਾ ਜ਼ਿਆਦਾ ਢੰਡੋਰਾ ਇੱਥੋਂ ਦੇ ਕਾਰਪੋਰੇਟਸ ਅਤੇ ਅੰਤਰ-ਰਾਸ਼ਟਰੀ ਕੰਪਨੀਆਂ ਨੇ ਪਾਇਆ ਹੈ। ਉਹ ਨਿਵੇਸ਼ ਦਾ ਢੰਡੋਰਾ ਪਿੱਟ ਕੇ ਵੱਡੇ ਫਾਰਮ ਬਣਾ ਕੇ ਕਿਸਾਨਾਂ ਦੀਆਂ ਜ਼ਮੀਨਾਂ ਹਥਿਆਉਣਾ ਚਾਹੁੰਦੇ ਹਨ, ਜਿਸ ਪਿੱਛੇ ਮੁੱਖ ਮੁੱਦਾ ਇਹ ਹੈ ਕਿ ਜਿਉਣ ਲਈ ਖੁਰਾਕ ਚਾਹੀਦੀ ਹੈ। ਖੁਰਾਕ ਪੈਦਾ ਕਰਨ ਲਈ ਜ਼ਮੀਨ ਤੇ ਜੇ ਖੁਰਾਕ ਦੀ ਇੰਡਸਟਰੀ 'ਤੇ ਕਬਜ਼ਾ ਕਰਨਾ ਹੈ ਤਾਂ ਜ਼ਮੀਨ ਤੇ ਕਬਜ਼ਾ ਜਰੂਰੀ ਹੈ। ਜ਼ਮੀਨ ਤੇ ਕਬਜ਼ੇ ਲਈ ਕਿਸਾਨ ਨੂੰ ਕਮਜ਼ੋਰ ਕਰਨਾ ਜ਼ਰੂਰੀ ਹੈ। ਜੋ ਉਸ ਦੀ ਫ਼ਸਲ ਦਾ ਵਾਜਬ ਮੁੱਲ ਨਾ ਦੇ ਕੇ ਕੀਤਾ ਜਾ ਰਿਹਾ ਹੈ। ਸਾਡੇ ਬੁੱਧੀਜੀਵੀ ਜੋ ਸਰਕਾਰਾਂ ਦੇ ਸਲਾਹਕਾਰ ਹਨ, ਉਹ ਵੀ ਏਸ ਚੀਜ਼ 'ਤੇ ਜ਼ੋਰ ਦੇ ਰਹੇ ਹਨ ਕਿ ਕੰਪੀਟੀਟਿਵ ਮਾਰਕਾਟਿੰਗ ਹੋਣੀ ਚਾਹੀਦੀ ਹੈ, ਭਾਵ ਸਾਡੇ ਕਿਸਾਨ ਨੂੰ ਦੁਨੀਆ ਦੇ ਬਾਕੀ ਦੇਸ਼ਾਂ ਦੇ ਕਿਸਾਨਾਂ ਨਾਲ ਮੁਕਾਬਲਾ ਕਰਨਾ ਚਾਹੀਦਾ ਹੈ। ਮੁਕਾਬਲਾ ਹਮੇਸ਼ਾ ਬਰਾਬਰ ਦਿਆਂ ਵਿੱਚ ਹੁੰਦਾ ਹੈ। ਇਥੇ ਪਹਿਲਾਂ ਜ਼ਮੀਨ ਘੱਟ, ਉਸ ਤੋਂ ਅੱਗੇ ਸਰਕਾਰੀ ਸਹੂਲਤਾਂ ਘੱਟ ਬਿੱਲ ਗੇਟਸ ਜੋ ਕਿਸਾਨ ਵੀ ਹੈ ਅਤੇ ਲੱਖਾਂ ਏਕੜਾਂ ਵਿੱਚ ਖੇਤੀ ਕਰਦਾ ਹੈ, ਨਾਲ ਹੀ ਦੇਸ਼ ਦਾ ਇੱਕ ਵੱਡਾ ਵਪਾਰੀ ਹੈ, ਫਿਰ ਵੀ ਖੇਤੀਬਾੜੀ 'ਤੇ ਸਬਸਿਡੀ ਅਮਰੀਕਾ ਵਿੱਚ ਸਭ ਤੋਂ ਜ਼ਿਆਦਾ ਲੈਂਦਾ ਹੈ।

ਦੂਜੇ ਪਾਸੇ ਅਮਰੀਕਾ ਤੋਂ ਵਿਸ਼ਵ ਵਪਾਰ ਸੰਗਠਨ (ਡਬਲਯੂ.ਟੀ. ਓ) ਦੇ ਜ਼ਰੀਏ ਭਾਰਤ 'ਤੇ ਦਬਾਅ ਪਵਾ ਰਿਹਾ ਹੈ ਕਿ ਸਰਕਾਰ ਕਿਸਾਨਾਂ ਦੀ ਫ਼ਸਲ ਐੱਮ.ਐੱਸ.ਪੀ 'ਤੇ ਖਰੀਦ ਕੇ ਕਿਸਾਨਾਂ ਦੀ ਮਦਦ ਕਰਦੀ ਹੈ ਅਤੇ ਮੰਡੀ ਦਾ ਸੰਤੁਲਨ ਖਰਾਬ ਕਰ ਰਹੀ ਹੈ। ਇੱਥੇ ਮੈਂ ਇਸ ਗੱਲ ਦਾ ਵੀ ਜ਼ਿਕਰ ਕਰ ਦੇਵਾਂ ਕਿ ਭਾਰਤ ਵਿੱਚ ਪ੍ਰਤੀ ਕਿਸਾਨ ਪਰਵਾਰ ਹਰ ਤਰ੍ਹਾਂ ਦੀ ਬਿਜਲੀ, ਪਾਣੀ, ਖਾਦਾਂ ਆਦਿ 'ਤੇ ਸਬਸਿਡੀ ਸਿਰਫ 35000 ਸਾਲਾਨਾ ਬਣਦੀ ਹੈ ਜਦਕਿ ਇਹ ਸਬਸਿਡੀ ਅਮਰੀਕਾ ਵਿੱਚ 79 ਲੱਖ ਪ੍ਰਤੀ ਪਰਿਵਾਰ ਬਣਦੀ ਹੈ, ਪਰ ਚਲਾਕ ਲੋਕਾਂ ਨੇ ਸਬਸਿਡੀ ਦੇ ਨਾਂਅ ਵੱਖਰੇ ਰੱਖੇ ਹੋਏ ਹਨ। ਸਾਡੇ 'ਤੇ ਦਬਾਅ ਇਸ ਲਈ ਪਾਇਆ ਜਾਂਦਾ ਹੈ ਕਿਉਂਕਿ ਅਸੀਂ ਅੰਤਰ-ਰਾਸ਼ਟਰੀ ਸੰਸਥਾਵਾਂ ਤੋਂ ਕਰਜ਼ਾ ਲੈਣਾ ਹੁੰਦਾ ਹੈ। ਕਰਜ਼ਾ ਤਾਂ ਮਿਲੇਗਾ ਜੇ ਉਹਨਾਂ ਦੀਆਂ ਸ਼ਰਤਾਂ ਮੰਨੋਗੇ। ਤਿੰਨ ਖੇਤੀ ਕਾਨੂੰਨ ਏਸੇ ਸੰਦਰਭ ਵਿੱਚ ਸਨ। ਹੁਣ ਵਾਤਾਵਰਨ ਦੇ ਨਾਂਅ 'ਤੇ ਸਾਡੀ ਅਰਬਾਂ-ਖਰਬਾਂ ਰੁਪਿਆਂ ਦੀ ਮਸ਼ੀਨਰੀ ਨੂੰ ਕਬਾੜ ਬਣਾ ਦਿੱਤਾ। ਧੂੰਆਂ ਇੰਜਣ ਛੱਡਦਾ ਹੈ, ਬਾਡੀ ਨਹੀਂ। ਕੀ ਉਸੇ ਬਾਡੀ ਵਿੱਚ ਨਵਾਂ ਇੰਜਣ ਨਹੀਂ ਧਰਿਆ ਜਾ ਸਕਦਾ? ਨਹੀਂ, ਕਿਉਂਕਿ ਉਹਨਾਂ ਦਾ ਇੰਜਣ ਬਦਲੇ ਨਹੀਂ ਸਰਦਾ। ਉਹਨਾਂ ਨੇ ਤਾਂ ਨਵੀਆਂ ਕਾਰਾਂ, ਬੱਸਾਂ, ਟਰੱਕ ਅਤੇ ਟਰੈਕਟਰ ਵੇਚਣੇ ਹਨ। ਉਹ ਵੀ ਬਿਜਲੀ ਨਾਲ ਚੱਲਣ ਵਾਲੇ। ਜਿਹਨਾਂ ਦੀ ਕੀਮਤ ਡੇਢ ਗੁਣਾ ਤਾਂ ਵੱਧ ਹੋਵੇਗੀ ਅਤੇ ਪ੍ਰਦੂਸ਼ਣ ਵੀ ਘਟੇਗਾ, ਨਹੀਂ ਕਿਓਂਕਿ ਇਹਨਾਂ ਗੱਡੀਆਂ ਦੀਆਂ ਬੈਟਰੀਆਂ ਬਿਜਲੀ ਨਾਲ ਚਾਰਜ ਹੋਣੀਆਂ। ਪੰਜਾਬ ਵਿੱਚ ਬਿਜਲੀ ਫਿਰ ਬਹੁਤੀ 75 ਪ੍ਰਤੀਸ਼ਤ ਕੋਲੇ, ਡੀਜ਼ਲ ਅਤੇ ਗੈਸ ਤੋਂ ਬਣਦੀ ਹੈ। ਇਸ ਤੋਂ ਇਲਾਵਾ ਜਿਹੜੇ ਦੇਸ਼ ਦੀ 80 ਕਰੋੜ ਅਬਾਦੀ 5 ਕਿਲੋ ਪ੍ਰਤੀ ਮਹੀਨਾ ਮੁਫਤ ਦੇ ਅਨਾਜ 'ਤੇ ਪਲਣ ਲਈ ਮਜਬੂਰ ਹੋਵੇ, ਉਸ ਦੀ ਪਹਿਲ ਲੋਕਾਂ ਨੂੰ ਰੁਜ਼ਗਾਰ ਦੇ ਕੇ ਜੀਵਨ ਪੱਧਰ ਉੱਚਾ ਚੁੱਕਣ ਦੀ ਹੋਣੀ ਚਾਹੀਦੀ ਹੈ, ਨਾ ਕਿ ਉਹਨਾਂ ਦੇ ਆਵਾਜਾਈ ਦੇ ਸਾਧਨ ਖੋਹ ਕੇ ਬੇਰੋਜ਼ਗਾਰੀ ਹੋਰ ਵਧਾਉਣ ਵੱਲ। ਮੇਰਾ ਇਹ ਸਾਰੀ ਕਹਾਣੀ ਪਾਉਣ ਦਾ ਮਤਲਬ ਸੀ ਕਿ ਡਿਵੈਲਪਮੈਂਟ ਓਨੀ ਕਰੋ, ਜਿੰਨ੍ਹਾ ਬੱਜਟ ਇਜਾਜ਼ਤ ਦਿੰਦਾ ਹੈ। ਜ਼ਮੀਨ ਜਾਂ ਫੈਕਟਰੀ 'ਤੇ ਕਰਜ਼ਾ ਲੈ ਕੇ ਕੋਠੀ ਜਾਂ ਕਾਰ ਖਰੀਦੋਗੇ ਤਾਂ ਉਹ ਕਰਜ਼ਾ ਜ਼ਮੀਨ/ਫੈਕਟਰੀ ਨੂੰ ਵੀ ਇੱਕ ਦਿਨ ਵਿਕਵਾ ਦੇਵੇਗਾ। ਦੂਜਾ ਕਰਜ਼ਾ ਲੈ ਕੇ ਰਿਊੜੀਆਂ ਨਹੀਂ ਵੰਡਣੀਆਂ ਚਾਹੀਦੀਆਂ, ਕਰਜ਼ਾ ਮਾੜੀ ਚੀਜ਼ ਹੈ। ਸਾਡੇ ਗੁਆਂਢੀ ਦੇਸ਼ਾਂ ਦਾ ਮਾੜਾ ਹਾਲ ਕਰਜ਼ੇ ਨੇ ਹੀ ਕੀਤਾ ਹੈ।



ਡਾ. ਅਮਨਪ੍ਰੀਤ ਸਿੰਘ ਬਰਾੜ

ਮੈਂ ਵਾਪਸ ਆਪਣੇ ਮੁੱਢਲੇ ਵਿਸ਼ੇ 'ਤੇ ਆਉਂਦਾ ਹਾਂ ਕਿ ਪੰਜਾਬ ਦੀ ਖੇਤੀ ਨੂੰ ਸੁਧਾਰਨ ਲਈ ਕੀ ਉਪਰਾਲੇ ਕਰਨੇ ਚਾਹੀਦੇ ਹਨ। ਮੁੱਦਾ ਇੱਕੋ ਹੈ ਕਿ ਕਿਸਾਨਾਂ ਦੀ ਆਮਦਨ ਕਿਵੇਂ ਵਧਾਈ ਜਾਵੇ, ਬਿਨਾਂ ਫ਼ਸਲੀ ਘਣਤਾ ਵਧਾਏ। ਫ਼ਸਲੀ ਘਣਤਾ ਵਧਾਉਣ ਲਈ ਸਾਡੇ ਕੋਲ ਪਾਣੀ ਨਹੀਂ ਹੈ। ਹਾਂ ਫ਼ਸਲਾਂ ਦੀ ਅਦਲਾ-ਬਦਲੀ ਹੋਣੀ ਚਾਹੀਦੀ ਹੈ ਤਾਂ ਕਿ ਜਿੰਨਾ ਹੋ ਸਕੇ, ਪਾਣੀ ਬਚਾਇਆ ਜਾ ਸਕੇ। ਮੁੱਖ ਮੁੱਦਾ ਹੈ ਕਿ ਕਿਸਾਨ ਆਪਣੀ ਫ਼ਸਲ ਦੇ ਅੱਗੋਂ ਹੋਰ ਪਦਾਰਥ ਬਣਾ ਕੇ ਗੁਣਵੱਤਾ ਵਧਾਏ ਅਤੇ ਉਸ ਤੋਂ ਬਾਅਦ ਮੰਡੀਕਰਨ ਵੀ ਆਪ ਕਰੇ ਤਾਂ ਕਿ ਮੁਨਾਫਾ ਘੱਟ ਤੋਂ ਘੱਟ ਵੰਡਿਆ ਜਾਵੇ। ਪ੍ਰੋਸੈਸਿੰਗ ਲਈ ਸਰਕਾਰਾਂ ਫਿਰ ਵੱਡੇ ਉਦਯੋਗਪਤੀਆਂ ਮਗਰ ਲੱਗੀਆਂ ਹਨ। ਉਹਨਾਂ ਨੂੰ ਕਾਰਖਾਨੇ ਖੋਲ੍ਹਣ ਲਈ ਕਈ ਤਰ੍ਹਾਂ ਦੀਆਂ ਸਬਸਿਡੀਆਂ ਅਤੇ ਪ੍ਰੋਡਕਸ਼ਨ ਲਿੰਕਡ ਇੰਸੈਂਨਟਿਵ ਦੇਣ ਨੂੰ ਤਿਆਰ ਹਨ, ਪਰ ਕਿਸਾਨਾਂ ਨੂੰ ਇਸ ਕੰਮ ਲਈ ਅੱਗੇ ਲਿਆਉਣ ਲਈ ਕੋਈ ਉਪਰਾਲਾ ਨਹੀਂ ਕੀਤਾ ਜਾ ਰਿਹਾ। ਵੱਡੇ ਉਦਯੋਗ ਜਿਹਨਾਂ ਨੇ ਮੰਡੀ ਵਿੱਚੋਂ ਫ਼ਸਲ ਖਰੀਦ ਕੇ ਪ੍ਰੋਸੈਸ ਕਰਨੀ ਹੈ, ਉਹ ਕਿਸਾਨ ਦੇ ਪੱਲੇ ਕੁੱਝ ਨਹੀਂ ਪੈਣ ਦਿੰਦੇ। ਮਿਸਾਲ ਦੇ ਤੌਰ 'ਤੇ ਪੰਜਾਬ ਐਗਰੋ ਟਮਾਟਰ ਅਤੇ ਲਾਲ ਮਿਰਚਾਂ ਦੀ ਪੇਸਟ ਬਣਾਉਂਦੀ ਹੈ, ਉਸ ਨੇ ਦੋਨੋਂ ਫ਼ਸਲਾਂ ਖਰੀਦਣ ਲਈ ਟੈਂਡਰ ਕੱਢੇ ਹਨ। 6 ਰੁਪਏ ਕਿਲੋ ਟਮਾਟਰ ਅਤੇ 24 ਰੁਪਏ ਕਿਲੋ ਮਿਰਚ ਫੈਕਟਰੀ ਵਿੱਚ ਪਹੁੰਚ ਮੰਗੀ ਹੈ। ਹੁਣ ਜਿਸ ਵਪਾਰੀ ਨੇ ਇਹ ਟੈਂਡਰ ਭਰਨਾ ਹੈ, ਉਸ ਨੇ ਕਿਸਾਨ ਨੂੰ ਅੱਗੋਂ ਕੀ ਦੇਣਾ। ਮੇਰਾ ਖਿਆਲ ਨਹੀਂ ਕਿ ਉਹ ਤਿੰਨ ਰੁਪਏ ਟਮਾਟਰਾਂ ਦੇ ਅਤੇ 12 ਰੁਪਏ ਮਿਰਚਾਂ ਦੇ ਪ੍ਰਤੀ ਕਿਲੋ ਤੋਂ ਵੱਧ ਕਿਸੇ ਨੂੰ ਦੇਵੇਗਾ? ਦੂਜੇ ਪਾਸੇ ਕੁੱਝ ਕਿਸਾਨਾਂ ਨੇ ਰਲ ਕੇ ਇਹੋ ਮਿਰਚਾਂ 27 ਤੋਂ 30 ਰੁਪਏ ਕਿਲੋ ਖਰੀਦੀਆਂ, ਪਰ ਵਪਾਰੀਆਂ ਵੱਲੋਂ ਇਹਨਾਂ ਕਿਸਾਨਾਂ ਨੂੰ ਕੋਲਡ ਸਟੋਰਾਂ ਵਿੱਚ ਰੱਖਣ ਅਤੇ ਖਾਲੀ ਮੰਡੀਆਂ ਦੇ ਫੜ੍ਹਾਂ ਵਿੱਚ ਸੁਕਾਉਣ ਤੋਂ ਪ੍ਰੇਸ਼ਾਨ ਕੀਤਾ ਜਾ ਰਿਹਾ ਹੈ। ਜੇਕਰ ਇਹੋ ਜਿਹੇ ਯੂਨਿਟ ਛੋਟੇ ਪੱਧਰ 'ਤੇ ਪਿੰਡਾਂ ਵਿੱਚ ਕਿਸਾਨਾਂ ਤੋਂ ਲਗਵਾਏ ਜਾਣ ਤਾਂ ਪਿੰਡਾਂ ਵਿੱਚ ਰੁਜ਼ਗਾਰ ਦੇ ਮੌਕੇ ਵੀ ਪੈਦਾ ਹੋਣ ਅਤੇ ਕਿਸਾਨਾਂ ਦੀ ਆਮਦਨ ਵੀ ਵਧੇ।

**ਸਰਕਾਰ ਕੀ ਮਦਦ ਕਰੇ** : ਸਰਕਾਰ ਖੇਤੀਬਾੜੀ ਯੂਨੀਵਰਸਿਟੀ ਅਤੇ ਮਹਿਕਮੇ ਦੀ ਡਿਊਟੀ ਲਾਵੇ ਕਿ ਪਿੰਡਾਂ ਦੇ ਪੜ੍ਹੇ-ਲਿਖੇ ਕਿਸਾਨ, ਜਿਹੜੇ ਪਿੰਡਾਂ ਵਿੱਚ ਹੀ ਆਪਣਾ ਛੋਟਾ ਉਦਯੋਗ ਖੋਲ੍ਹਣਾ ਚਾਹੁੰਦੇ ਹੋਣ, ਉਹਨਾਂ ਦੀ ਚੋਣ ਕਰੇ ਅਤੇ ਫਿਰ ਆਪਣੇ ਸੂਬਾ ਪੱਧਰੀ ਟ੍ਰੇਨਿੰਗ ਸੈਂਟਰਾਂ ਵਿੱਚ ਸਿਖਲਾਈ ਦਿਵਾਏ। ਕਾਗਜ਼ੀ ਟ੍ਰੇਨਿੰਗ ਸੈਂਟਰ ਨਹੀਂ, ਉਹ ਟ੍ਰੇਨਿੰਗ ਸੈਂਟਰ ਜਿੱਥੇ ਅਸਲੀ ਸਿਖਲਾਈ ਹੋਵੇ ਅਤੇ ਟ੍ਰੇਨਿੰਗ ਲੈਣ ਵਾਲੇ ਸਿਖਿਆਰਥੀ ਆਪਣੇ ਹੱਥੀਂ ਕੰਮ ਕਰਨ। ਸਿਖਲਾਈ ਦੌਰਾਨ ਉਹਨਾਂ ਨੂੰ ਸੈਮੀਆਟੋਮੈਟਿਕ ਚੱਲਦੇ ਪਲਾਂਟ ਵੀ ਦਿਖਾਏ ਜਾਣ ਤਾਂ ਕਿ ਸਿਖਿਆਰਥੀਆਂ ਨੂੰ ਪੂਰੀ ਵਾਕਫੀਅਤ ਹੋ ਜਾਵੇ ਕਿ ਕਿਸ ਤਰ੍ਹਾਂ ਦੀ ਕਿਹੜੀ ਮਸ਼ੀਨਰੀ ਚਾਹੀਦੀ ਹੈ, ਕਿੰਨੇ ਬੰਦੇ ਕੰਮ ਕਰਨਗੇ, ਕਿੰਨੀ ਜਗ੍ਹਾ ਚਾਹੀਦੀ ਹੈ ਤਾਂ ਕਿ ਸਿਖਿਆਰਥੀ ਦੇ ਦਿਮਾਗ ਵਿੱਚ ਪੂਰੀ ਤਸਵੀਰ ਬਣ ਜਾਵੇ ਅਤੇ ਹੌਸਲਾ ਵੀ ਹੋਵੇ ਕਿ ਇਹ ਕੰਮ ਅਸੀਂ ਵੀ ਕਰ ਸਕਦੇ ਹਾਂ। ਹੋ ਸਕੇ ਤਾਂ ਸਿਖਿਆਰਥੀ ਨੂੰ ਇਹਨਾਂ ਉਦਯੋਗਾਂ ਵਿੱਚ 15 ਦਿਨ ਤੋਂ 1 ਮਹੀਨਾ ਹੱਥੀਂ ਕੰਮ ਕਰਨ ਦਾ ਅਭਿਆਸ ਕਰਵਾਇਆ ਜਾਵੇ।

**ਪ੍ਰੋਜੈਕਟ ਬਣਾਉਣਾ** : ਟ੍ਰੇਨਿੰਗ ਤੋਂ ਬਾਅਦ ਜਿਹੜੇ ਸਿਖਿਆਰਥੀ ਛੋਟਾ ਉਦਯੋਗ ਲਾਉਣ ਲਈ ਅੱਗੇ ਆਉਣ, ਟ੍ਰੇਨਿੰਗ ਸੈਂਟਰ ਉਹਨਾਂ ਨੂੰ ਸਰਕਾਰੀ ਮਨਜ਼ੂਰੀ ਲਈ ਪੂਰਾ ਪ੍ਰੋਜੈਕਟ ਬਣਾ ਕੇ ਦੇਵੇ। ਇਸ ਵਿੱਚ ਇੰਡਸਟਰੀ ਮਹਿਕਮੇ ਨੂੰ ਵੀ ਸਖਤ ਹਦਾਇਤਾਂ ਹੋਣ ਕਿ ਪ੍ਰੋਜੈਕਟ ਪਾਸ ਕਰਨ ਵਿੱਚ ਤਰੁੱਟੀਆਂ ਨਾ ਕੱਢੀਆਂ ਜਾਣ, ਬਲਕਿ ਜੇ ਕੋਈ ਤਰੁੱਟੀ ਹੈ ਜਾਂ ਕਾਗਜ਼ ਘੱਟ ਹੈ ਤਾਂ ਉਸ ਨੂੰ ਪੂਰਾ ਕਰਨ ਵਿੱਚ ਅਰਜ਼ੀ ਦੇਣ ਵਾਲੇ ਦੀ ਸਹਾਇਤਾ ਕੀਤੀ ਜਾਵੇ। ਇਸੇ ਤਰ੍ਹਾਂ ਬਾਕੀ ਦੇ ਜਿਹੜੇ ਮਹਿਕਮੇ ਜਿਵੇਂ ਵਾਤਾਵਰਨ ਜਾਂ ਪਾਲੂਸ਼ਨ ਉਹ ਪ੍ਰੋਜੈਕਟ ਵਾਲੇ ਨੂੰ ਗਾਈਡ ਕਰਨ ਕਿ ਜਿਹੜਾ ਫਾਲਤੂ ਪਾਣੀ ਜਾਂ ਕਾਰਖਾਨੇ ਦਾ ਹੋਰ ਕੋਈ ਵੇਸਟ ਉਸ ਨੂੰ ਕਿਵੇਂ ਲਾਹੇਵੰਦ ਤਰੀਕੇ ਨਾਲ ਘੱਟ ਖਰਚਾ ਕਰਕੇ ਕਿਵੇਂ ਸੰਭਾਲਣਾ ਹੈ। ਇਸ ਤਰ੍ਹਾਂ ਬਿਜਲੀ ਮਹਿਕਮੇ ਨੂੰ ਵੀ ਹਦਾਇਤ ਹੋਵੇ ਕਿ ਉਦਯੋਗ ਦੀ ਮਨਜ਼ੂਰੀ ਤੋਂ ਬਾਅਦ ਜਲਦੀ ਤੋਂ ਜਲਦੀ ਕੁਨੈਕਸ਼ਨ ਦਿੱਤਾ ਜਾਵੇ। ਇਸ ਸਾਰੇ ਕੰਮ ਦੇ ਤਾਲਮੇਲ ਲਈ ਜ਼ਿਲ੍ਹਾ ਪੱਧਰ 'ਤੇ ਏ.ਡੀ.ਸੀ. ਡਿਵੈੱਲਪਮੈਂਟ ਦੇਖੇ ਮੁੱਢਲੀ ਅਰਜ਼ੀ ਵੀ ਉੱਥੋਂ ਹੀ ਨੰਬਰ ਲੱਗ ਕੇ ਆਵੇ ਤਾਂ ਕਿ ਬਾਅਦ ਵਿੱਚ ਅੜਿੱਕਾ ਪਾਉਣ ਵਾਲਿਆਂ ਦੀ ਜਵਾਬਤਲਬੀ ਵੀ ਹੋ ਸਕੇ।

**ਮੰਡੀਕਰਨ**: ਸੂਬੇ ਦੀਆਂ ਸਰਕਾਰੀ ਏਜੰਸੀਆਂ, ਮਾਰਕਫੈੱਡ, ਪੰਜਾਬ ਐਗਰੋ, ਪਨਸਪ, ਫੂਡ ਸਪਲਾਈ ਆਦਿ ਮਹਿਕਮੇ ਇਹਨਾਂ ਪਦਾਰਥਾਂ ਨੂੰ ਐਗਮਾਰਕ ਮਾਰਕਾ ਲੈਣ ਅਤੇ ਮੰਡੀਕਰਨ ਵਿੱਚ ਮਦਦ ਕਰਨ। ਜੇ ਬਣਿਆ ਪਦਾਰਥ ਮਿਆਰੀ ਹੈ ਤਾਂ ਆਪਣੇ ਬਰਾਂਡ ਹੇਠਾਂ ਵੀ ਵੇਚਿਆ ਜਾ ਸਕਦਾ ਹੈ।

**ਨਿਚੋੜ**: ਪੰਜਾਬ ਵਿੱਚ ਆਰਥਿਕ ਅਤੇ ਸਮਾਜਿਕ ਸਥਿਰਤਾ ਲਿਆਉਣ ਲਈ ਪੇਂਡੂ ਅਬਾਦੀ ਦੀ ਆਮਦਨ ਵਧਾਉਣੀ ਬਹੁਤ ਜ਼ਰੂਰੀ ਹੈ। ਰੋਜ਼ਗਾਰ ਮਿਲੇਗਾ। ਆਮਦਨ ਹੋਵੇਗੀ, ਲੋਕ ਨਸ਼ਿਆਂ, ਆਪਸੀ ਝਗੜਿਆਂ ਅਤੇ ਚੋਰੀਆਂ-ਡਕੈਤੀਆਂ ਤੋਂ ਦੂਰ ਰਹਿਣਗੇ। ਪਿੰਡਾਂ ਵਾਲਿਆਂ ਦੀ ਆਮਦਨ ਵਧ ਗਈ ਤਾਂ ਸ਼ਹਿਰਾਂ ਵਾਲਿਆਂ ਦੀ ਉਹਨਾਂ ਦੇ ਆਸਰੇ ਹੀ ਵਧ ਜਾਣੀ ਹੈ।

# ਸੰਪਰਕ : 96537-90000

# ਡਾਕਟਰਾਂ ਦੀ ਅਣਗਹਿਲੀ ਕਾਰਨ ਜੱਚਾ-ਬੱਚਾ ਦੀ ਮੌਤ

- ਮ੍ਰਿਤਕਾ ਦੇ ਪਰਿਵਾਰਕ ਮੈਂਬਰਾਂ ਤੇ ਪਿੰਡ ਵਾਸੀਆਂ ਵੱਲੋਂ ਲਾਸ਼ ਚੌਕ 'ਚ ਰੱਖ ਕੇ ਲਗਾਇਆ ਧਰਨਾ
- ਸਿਵਲ ਹਸਪਤਾਲ ਦਾ ਡਾਕਟਰ ਮੌਕੇ 'ਤੇ ਫਰਾਰ



**ਫਾਜ਼ਿਲਕਾ (ਨਿਸ਼ਾ ਸ਼ਰਮਾ)**-ਅਰਨੀਵਾਲਾ ਸ਼ੇਖ ਸੁਭਾਨ ਵਿੱਚ ਡਾਕਟਰਾਂ ਦੀ ਅਣਗਹਿਲੀ ਨਾਲ ਜੱਚਾ-ਬੱਚਾ ਦੀ ਮੌਤ ਹੋ ਗਈ, ਜਿਸ ਦੇ ਰੋਸ ਵਜੋਂ ਮ੍ਰਿਤਕਾਂ ਦੇ ਪਰਿਵਾਰਕ ਮੈਂਬਰਾਂ ਤੇ ਅਰਨੀਵਾਲਾ ਵਾਸੀਆਂ ਅਤੇ ਹਰੇਕ ਵਰਗ ਦੇ ਲੋਕਾਂ ਵੱਲੋਂ ਲਾਸ਼ ਚੌਕ ਵਿੱਚ ਰੱਖ ਕੇ ਧਰਨਾ ਲਗਾਇਆ ਗਿਆ। ਜ਼ਿਕਰਯੋਗ ਹੈ ਕਿ ਵੀਰਪਾਲ ਕੌਰ ਪਤਨੀ ਮਹਿਰਵਾਨ ਸਿੰਘ ਨੌਂ ਮਹੀਨੇ ਤੋਂ ਗਰਭਵਤੀ ਸੀ ਤੇ ਉਸ ਦਾ ਇਲਾਜ ਸੀ ਐੱਚ ਸੀ ਡੱਬਵਾਲਾ ਕਲਾਂ ਹਸਪਤਾਲ ਵਿਖੇ ਚੱਲ ਰਿਹਾ ਸੀ ਤੇ ਪੂਰੇ ਸਮੇਂ ਦਰਦਾਂ ਸ਼ੁਰੂ ਹੋਣ 'ਤੇ ਸੀ ਐੱਚ ਸੀ ਡੱਬਵਾਲਾ ਕਲਾਂ ਪਹੁੰਚਣ 'ਤੇ ਉਸ ਨੂੰ ਡਾਕਟਰ ਕਿਰਤੀ ਨੇ ਕਿਹਾ ਕਿ ਇੱਥੇ ਉਸ ਵਾਸਤੇ ਡਿਲਵਰੀ ਲਈ ਕੋਈ ਸਾਮਾਨ ਨਹੀਂ ਹੈ ਤੇ ਉਸ ਨੂੰ ਡਾਕਟਰ ਕਰਮਜੀਤ ਅਰਮਾਨ ਹਸਪਤਾਲ ਵਿਖੇ ਜਾ ਕੇ ਕੇਸ ਕਰਵਾਉਣਾ ਪਵੇਗਾ। ਡਾਕਟਰ ਕਿਰਤੀ ਨੇ ਅਰਮਾਨ ਹਸਤਪਤਾਲ ਦੇ ਚਾਲਕ ਡਾਕਟਰ ਕਰਮਜੀਤ ਨੂੰ ਕੇਸ ਦੀ ਤਿਆਰੀ ਕਰਨ ਲਈ ਕਿਹਾ। ਜਦੋਂ ਪਰਿਵਾਰਕ ਮੈਂਬਰ ਉਕਤ ਔਰਤ ਨੂੰ ਅਰਮਾਨ ਹਸਪਤਾਲ ਲੈ ਕੇ ਪਹੁੰਚੇ ਤਾਂ ਡਾਕਟਰ ਕਿਰਤੀ ਵੀ ਉਥੇ ਕੇਸ ਕਰਨ ਲਈ ਪਹੁੰਚ ਗਏ ਅਤੇ ਉਨ੍ਹਾਂ ਨੇ ਆਪਣੀ ਮਦਦ ਵਾਸਤੇ ਕਿਸੇ ਪਿੰਡ ਵਿੱਚੋਂ ਵੈਟਨਰੀ ਡਾਕਟਰ ਨੂੰ ਬੁਲਾਇਆ। ਡਾਕਟਰ ਨੇ ਕਿਹਾ ਕਿ ਮਰੀਜ਼ ਵਿੱਚ ਖ਼ੂਨ ਦੀ ਘਾਟ ਹੈ ਤੇ ਬਠਿੰਡੇ ਤੋਂ ਖ਼ੂਨ ਲਿਆਂਦਾ ਜਾਵੇ ਅਤੇ ਜਦੋਂ ਪਰਿਵਾਰ ਦੇ ਮੈਂਬਰ ਖ਼ੂਨ ਲੈਣ ਗਏ ਤਾਂ ਕਿਰਤੀ ਡਾਕਟਰ ਨੇ ਦੂਸਰੇ ਡਾਕਟਰਾਂ ਨਾਲ ਮਿਲ ਕੇ ਵੀਰਪਾਲ ਦਾ ਓਪਰੇਸ਼ਨ ਕਰ ਦਿੱਤਾ ਗਿਆ ਤੇ ਇਸ ਦੌਰਾਨ ਜੱਚਾ ਬੱਚਾ ਦੋਵਾਂ ਦੀ ਮੌਤ ਹੋ ਗਈ। ਇਸ ਦੀ ਜਾਣਕਾਰੀ ਪਰਿਵਾਰਕ ਮੈਂਬਰਾਂ ਨੂੰ ਨਾ ਦਿੰਦੇ ਹੋਏ ਹਸਪਤਾਲ ਵੱਲੋਂ ਹੀ ਐਂਬੂਲੈਂਸ ਦਾ ਪ੍ਰਬੰਧ ਕਰ ਦਿੱਤਾ ਗਿਆ ਤੇ ਮਰੀਜ਼ ਦਾ ਜ਼ਿਆਦਾ ਸੀਰੀਅਸ ਦੱਸ ਕੇ ਸ੍ਰੀ ਮੁਕਤਸਰ ਸਾਹਿਬ ਵਿੱਚ ਡਾਕਟਰ ਬਾਂਸਲ ਦੇ ਕੋਲ ਲਿਜਾਣ ਲਈ ਕਿਹਾ, ਜਦਕਿ ਉਨ੍ਹਾਂ ਦੋਵਾਂ ਦੀ ਮੌਤ ਹੋ ਚੁੱਕੀ ਸੀ। ਡਾਕਟਰ ਕਿਰਤੀ ਜੋ ਕਿ ਇੱਕ ਸਰਕਾਰੀ ਡਾਕਟਰ ਹੈ, ਪਤਾ ਲੱਗਣ 'ਤੇ ਮੌਕੇ ਤੋਂ ਹੀ ਫਰਾਰ ਹੋ ਗਏ ਅਤੇ ਪਰਿਵਾਰ ਵੱਲੋਂ ਪੁਲਸ ਨੂੰ ਸ਼ਿਕਾਇਤ ਕਰਨ 'ਤੇ ਪੁਲਸ ਵੱਲੋਂ ਕਿਸੇ ਪ੍ਰਕਾਰ ਦੀ ਕੋਈ ਸੁਣਵਾਈ ਨਾ ਹੋਈ। ਜ਼ਿਆਦਾ ਮਾਹੌਲ ਗਰਮ ਹੋਣ 'ਤੇ ਡੀ.ਐੱਸ.ਪੀ. ਜਲਾਲਾਬਾਦ ਨੇ ਮੌਕੇ 'ਤੇ ਪਹੁੰਚ ਕੇ ਪਰਿਵਾਰਿਕ ਮੈਂਬਰਾਂ ਨੂੰ ਅਸ਼ਵਾਸਨ ਦਿਵਾਇਆ ਕਿ ਤੁਹਾਨੂੰ ਜ਼ਰੂਰ ਨਿਆਂ ਮਿਲੇਗਾ ਤੇ ਦੋਸ਼ੀਆਂ 'ਤੇ ਪਰਚਾ ਦਰਜ ਕੀਤਾ ਜਾਵੇਗਾ। ਮ੍ਰਿਤਕਾ ਆਪਣੇ ਦੋ ਛੋਟੇ ਛੋਟੇ ਬੱਚੇ ਛੱਡ ਕੇ ਚਲੀ ਗਈ ਹੈ, ਜਿਸ ਦੀ ਉਮਰ ਇੱਕ ਬੱਚੇ ਦੀ 03 ਸਾਲ ਹੈ ਤੇ ਦੂਸਰੇ ਬੱਚੇ ਦੀ ਉਮਰ 05 ਸਾਲ ਹੈ ਅਤੇ ਪਰਿਵਾਰਕ ਮੈਂਬਰਾਂ ਵੱਲੋਂ ਦੋਸ਼ੀਆਂ 'ਤੇ ਕਾਰਵਾਈ ਕਰਨ ਦੀ ਮੰਗ ਕਰ ਕੀਤਾ ਜਾ ਰਹੀ ਹੈ।

# ਸੰਯੁਕਤ ਕਿਸਾਨ ਮੋਰਚਾ ਦੇ ਸੱਦੇ 'ਤੇ ਵੱਖ-ਵੱਖ ਜਥੇਬੰਦੀਆਂ ਨੇ ਬ੍ਰਿਜ ਭੂਸ਼ਣ ਦੀ ਅਰਥੀ ਫੂਕੀ



**ਬਠਿੰਡਾ (ਪਰਵਿੰਦਰ ਜੀਤ ਸਿੰਘ)**

ਸੰਯੁਕਤ ਕਿਸਾਨ ਮੋਰਚਾ ਦੇ ਸੱਦੇ 'ਤੇ ਕਿਰਤੀ ਕਿਸਾਨ ਯੂਨੀਅਨ, ਡੇਮੋਕ੍ਰੇਟਿਕ ਟੀਚਰਜ਼ ਫਰੰਟ ਤੇ ਪੰਜਾਬ ਸਟੂਡੈਂਟਸ ਯੂਨੀਅਨ ਵੱਲੋਂ ਬਠਿੰਡਾ ਵਿਖੇ ਪਹਿਲਵਾਨ ਕੁੜੀਆਂ ਨਾਲ ਜਿਨਸੀ ਸ਼ੋਸ਼ਣ ਦੇ ਦੋਸ਼ੀ ਬ੍ਰਿਜਭੂਸ਼ਣ ਸ਼ਰਨ ਸਿੰਘ ਦੀ ਅਰਥੀ ਫੂਕੀ ਗਈ। ਇਸ ਮੌਕੇ ਇਕੱਠ ਨੂੰ ਸੰਬੋਧਨ ਕਰਦਿਆਂ ਕਿਰਤੀ ਕਿਸਾਨ ਯੂਨੀਅਨ ਦੇ ਜ਼ਿਲ੍ਹਾ ਪ੍ਰਧਾਨ ਅਮਰਜੀਤ ਹਨੀ, ਡੀ.ਟੀ.ਐੱਫ. ਦੇ ਜ਼ਿਲ੍ਹਾ ਪ੍ਰਧਾਨ ਜਗਪਾਲ ਬੰਗੀ ਤੇ ਪੀ. ਐੱਸ.ਯੂ. ਦੇ ਜ਼ਿਲ੍ਹਾ ਆਗੂ ਰਜਿੰਦਰ ਸਿੰਘ ਨੇ ਕਿਹਾ ਕਿ ਬੇਟੀ ਪੜ੍ਹਾਓ ਬੇਟੀ ਬਚਾਓ ਦਾ ਨਾਅਰਾ ਦੇਣ ਵਾਲੀ ਬੀ.ਜੇ.ਪੀ. ਲਗਾਤਾਰ ਦੇਸ਼ ਦੀਆਂ ਧੀਆਂ, ਭੈਣਾਂ ਤੇ ਔਰਤਾਂ ਦੇ ਮਾਣ ਸਤਿਕਾਰ 'ਤੇ ਹਮਲੇ ਕਰ ਰਹੀ ਹੈ। ਪਿਛਲੇ ਦਿਨੀਂ ਦੇਸ਼ ਦੀਆਂ ਧੀਆਂ, ਜਿਨ੍ਹਾਂ ਨੇ ਪਹਿਲਵਾਨੀ ਦੇ ਖੇਤਰ ਵਿੱਚ ਪੂਰੀ ਦੁਨੀਆ 'ਚ ਭਾਰਤ ਦਾ ਨਾਮ ਰੌਸ਼ਨ ਕੀਤਾ, ਦਾ ਭਾਰਤੀ ਜਨਤਾ ਪਾਰਟੀ ਦੇ ਐੱਮ ਪੀ ਤੇ ਕੁਸ਼ਤੀ ਮਹਾਂਸੰਘ ਦੇ ਪ੍ਰਧਾਨ ਬ੍ਰਿਜ ਭੂਸ਼ਣ ਵੱਲੋਂ ਜਿਨਸੀ ਸ਼ੋਸ਼ਣ ਕੀਤਾ ਗਿਆ। ਉਨ੍ਹਾਂ ਕਿਹਾ ਕਿ ਅਸਲ ਵਿੱਚ ਇਹ ਪਹਿਲੀ ਘਟਨਾ ਨਹੀਂ ਹੈ, ਔਰਤ ਪ੍ਰਤੀ ਬੀਜੇਪੀ ਦੀ ਮਾੜੀ ਸੋਚ ਉਸ ਦੀ ਬਿਮਾਰ ਮਾਨਸਿਕਤਾ ਦੀ ਨਿਸ਼ਾਨੀ ਹੈ। ਉਨ੍ਹਾਂ ਕਿਹਾ ਕਿ ਬ੍ਰਿਜ ਭੂਸ਼ਣ ਸ਼ਰਨ ਵਰਗਿਆਂ ਨੂੰ ਜੇਲ੍ਹਾਂ ਵਿੱਚ ਸੁੱਟਣ ਦੀ ਬਜਾਏ ਸਾਰੀ ਕੇਂਦਰ ਸਰਕਾਰ ਉਸ ਨੂੰ ਬਚਾਉਣ 'ਤੇ ਲੱਗੀ ਹੋਈ ਹੈ। ਉਨ੍ਹਾਂ ਕਿਹਾ ਕਿ ਸਿਤਮ ਦੀ ਗੱਲ ਹੈ ਕਿ ਮਹਿਲਾ ਪਹਿਲਵਾਨਾਂ ਦੀ ਸ਼ਿਕਾਇਤ ਉਤੇ ਪੁਲਸ ਨੇ ਕੋਈ ਕਾਰਵਾਈ ਨਹੀਂ ਕੀਤੀ। ਐੱਫ.ਆਈ.ਆਰ. ਵੀ ਦੇਸ਼ ਦੀ ਸੁਪਰੀਮ ਕੋਰਟ ਦੇ ਹੁਕਮਾਂ ਤੋਂ ਬਾਅਦ ਦਰਜ ਕੀਤੀ ਗਈ ਤੇ ਅਜੇ ਤੱਕ ਦੋਸ਼ੀ ਨੂੰ ਗ੍ਰਿਫਤਾਰ ਵੀ ਨਹੀਂ ਕੀਤਾ ਗਿਆ, ਸਗੋਂ ਪਾਰਲੀਮੈਂਟ ਦੇ ਉਦਘਟਨੀ ਸਮਾਰੋਹ ਵਾਲੇ ਦਿਨ ਪਾਰਲੀਮੈਂਟ ਵੱਲ ਜਾਂਦੇ ਭਲਵਾਨਾਂ ਨੂੰ ਹੀ ਗ੍ਰਿਫਤਾਰ ਕਰ ਲਿਆ ਗਿਆ ਸੀ। ਆਗੂਆਂ ਨੇ ਮੰਗ ਕੀਤੀ ਹੈ ਕਿ ਦੋਸ਼ੀ ਬ੍ਰਿਸ਼ ਭੂਸ਼ਣ ਨੂੰ ਤੁਰੰਤ ਗ੍ਰਿਫਤਾਰ ਕੀਤਾ ਜਾਵੇ, ਮਹਿਲਾ ਪਹਿਲਵਾਨ ਧੀਆਂ ਨੂੰ ਇਨਸਾਫ ਦਿੱਤਾ ਜਾਵੇ ਤੇ ਸੁਰੱਖਿਆ ਮੁਹੱਈਆ ਕਰਵਾਈ ਜਾਵੇ।

ਇਸ ਮੌਕੇ ਕਿਰਤੀ ਕਿਸਾਨ ਯੂਨੀਅਨ ਦੇ ਔਰਤ ਵਿੰਗ ਬੁੱਚੋ ਖੁਰਦ ਕਮੇਟੀ ਦੇ ਪ੍ਰਧਾਨ ਮਨਜੀਤ ਕੌਰ ਪਿਆਰੋ, ਸਕੱਤਰ ਭਿੰਦਰ ਕੌਰ, ਖਜ਼ਾਨਚੀ ਗਰਮੀਤ ਰਾਣੀ, ਮੀਤ ਪ੍ਰਧਾਨ ਗੁਰਮੇਲ ਕੌਰ, ਕੁਲਦੀਪ ਕੌਰ, ਕਰਮਜੀਤ ਕੌਰ, ਕਿਰਤੀ ਕਿਸਾਨ ਯੂਨੀਅਨ ਦੇ ਪਿੰਡ ਪ੍ਰਧਾਨ ਰਣਜੀਤ ਸੰਧੂ, ਕਸ਼ਮੀਰ ਸਿੰਘ ਭਾਈ ਕਾ, ਸਮੁੰਦਰ ਸਰਾਭਾ ਬੁੱਚੋ ਕਲਾਂ ਕਮੇਟੀ ਦੇ ਪ੍ਰਧਾਨ ਤੇਜਾ ਸਿੰਘ ਦਾਰਾ ਸਿੰਘ ਮਿੱਠੂ ਸਿੰਘ, ਗੋਬਿੰਦਪੁਰਾ ਕਮੇਟੀ ਦੇ ਪ੍ਰਧਾਨ ਬਖਸ਼ੀਸ਼ ਖਾਲਸਾ, ਬੂਟਾ ਸਿੰਘ, ਜੈਲ ਸਿੰਘ, ਡੀ.ਟੀ.ਐੱਫ ਦੇ ਬੂਟਾ ਰੋਮਾਣਾ, ਬੇਅੰਤ ਫੂਲੇਵਾਲ, ਡੇਮੋਕ੍ਰੇਟਿਕ ਮੁਲਾਜ਼ਮ ਫੈਡਰੇਸ਼ਨ ਦੇ ਸਿਕੰਦਰ ਧਾਲੀਵਾਲ, ਉਮੇਦ ਬਿਸਤ, ਜਮਹੂਰੀ ਅਧਿਕਾਰ ਸਭਾ ਦੇ ਪ੍ਰਿੰਸੀਪਲ ਰਣਜੀਤ ਸਿੰਘ, ਪੀ.ਐੱਸ.ਯੂ. ਦੇ ਸਰਿੰਦਰ ਬੰਗੀ, ਸੋਨੀ ਬੰਗੀ ਆਦਿ ਸ਼ਾਮਲ ਸਨ।

# ਆਂਗਨਵਾੜੀ ਵਰਕਰਾਂ ਤੇ ਹੈਲਪਰਾਂ ਵੱਲੋਂ ਮੰਗਾਂ ਨੂੰ ਲੈ ਕੇਂਦਰ ਤੇ ਸੂਬਾ ਸਰਕਾਰ ਖਿਲਾਫ ਪ੍ਰਦਰਸ਼ਨ



**ਨਾਭਾ (ਵਰਿੰਦਰ ਵਰਮਾ)**-ਬਲਾਕ ਨਾਭਾ ਦੇ ਸੀ.ਡੀ.ਪੀ.ਓ. ਦਫਤਰ ਬਾਹਰ ਵੱਡੀ ਗਿਣਤੀ ਵਿੱਚ ਆਂਗਨਵਾੜੀ ਮੁਲਾਜ਼ਮ ਯੂਨੀਅਨ ਪੰਜਾਬ ਸੀਟੂ ਦੇ ਸੂਬਾ ਪੱਧਰੀ ਸੱਦੇ ਤਹਿਤ ਆਂਗਨਵਾੜੀ ਵਰਕਰਾਂ ਤੇ ਹੈਲਪਰਾਂ ਵੱਲੋਂ ਪ੍ਰਧਾਨ ਸ਼ਾਂਤੀ ਦੇਵੀ ਦੀ ਅਗਵਾਈ ਵਿੱਚ ਕੇਂਦਰ ਤੇ ਸੂਬਾ ਸਰਕਾਰ ਖਿਲਾਫ ਆਪਣੀਆਂ ਮੰਗਾਂ ਨੂੰ ਲੈ ਕੇ ਜ਼ੋਰਦਾਰ ਪ੍ਰਦਰਸ਼ਨ ਕੀਤਾ ਤੇ ਅਧਿਕਾਰੀਆਂ ਨੂੰ ਮੰਗ ਪੱਤਰ ਦਿੱਤਾ ਗਿਆ। ਪ੍ਰਧਾਨ ਸ਼ਾਂਤੀ ਦੇਵੀ ਨੇ ਕਿਹਾ ਕਿ ਕੇਂਦਰ ਤੇ ਪੰਜਾਬ ਸਰਕਾਰ ਵੱਲੋਂ ਸਾਲ 1975 ਤੋਂ ਸ਼ੁਰੂ ਹੋਈ ਆਈ ਸੀ ਡੀ. ਐੱਸ. ਸਕੀਮ ਜੋ ਬੱਚਿਆਂ ਦੇ ਚਹੁੰ-ਪੱਖੀ ਵਿਕਾਸ ਲਈ ਕਾਰਜ ਕਰ ਰਹੀ ਹੈ, ਉਸ ਸਕੀਮ ਨੂੰ ਚਲਾਉਣ ਲਈ ਜੋ ਬੁਨਿਆਦੀ ਸਹੂਲਤਾਂ ਦੀ ਜ਼ਰੂਰਤ ਹੈ, ਉਨ੍ਹਾਂ ਬੁਨਿਆਦੀ ਸਹੂਲਤਾਂ ਤਾਂ ਬਹੁਤ ਹੀ ਲੰਮੇ ਸਮੇਂ ਤੋਂ ਸੂਬੇ ਦੇ ਸਮੁੱਚੇ ਆਂਗਨਵਾੜੀ ਸੈਂਟਰਾਂ ਨੂੰ ਅਣਗੌਲਿਆ ਕੀਤਾ ਹੋਇਆ ਹੈ। ਉਨ੍ਹਾਂ ਕਿਹਾ ਕਿ ਆਂਗਨਵਾੜੀ ਸੈਂਟਰਾਂ ਨੂੰ ਦਿੱਤੀ ਜਾਣ ਵਾਲੀ ਲਾਭਪਾਤਰੀਆਂ ਦੀ ਫੀਡ ਦੇ ਬਜਟ ਵਿੱਚ ਵਾਧਾ ਨਾ ਕਰਕੇ ਸਗੋਂ ਉਸ ਨੂੰ ਅੱਧਾ ਕਰ ਦਿੱਤਾ ਗਿਆ, ਕਿਉਂਕਿ ਖਾਦ ਪਦਾਰਥ ਦੀਆਂ ਕੀਮਤਾਂ ਵਿੱਚ ਪਹਿਲਾਂ ਨਾਲ ਵਾਧਾ ਹੋਇਆ ਹੈ। ਪ੍ਰਧਾਨ ਸ਼ਾਂਤੀ ਦੇਵੀ ਨੇ ਕਿਹਾ ਕਿ ਬੱਚਿਆਂ ਲਈ ਪ੍ਰੀ-ਸਕੂਲ ਕਿੱਟਾਂ ਲੰਮੇ ਸਮੇਂ ਤੋਂ ਨਹੀਂ ਖਰੀਦੀਆਂ ਗਈਆਂ, ਮੈਡੀਕਲ ਕਿੱਟਾਂ ਜੋ ਮੁੱਢਲੀ ਸਹੂਲਤ ਲਈ ਦਿੱਤੀਆਂ ਜਾਂਦੀਆਂ ਹਨ ਤੇ ਨਾ ਹੀ ਪਿਛਲੇ ਸਮੇਂ ਤੋਂ ਦਰੀਆਂ, ਬਰਤਨ ਆਦਿ ਪ੍ਰਾਪਤ ਨਹੀਂ ਹੋਏ, ਜਿਸ ਤੋਂ ਅੰਦਾਜ਼ਾ ਲਗਾਇਆ ਜਾ ਸਕਦਾ ਹੈ ਕਿ ਕੇਂਦਰ ਸਰਕਾਰ ਆਈ ਡੀ ਸੀ ਡੀ.ਐੱਸ. ਸਕੀਮ ਨੂੰ ਚਲਾਉਣ ਲਈ ਕਿੰਨੀ ਕੁ ਸੰਜੀਦਾ ਹੈ। ਉਨ੍ਹਾਂ ਕਿਹਾ ਕਿ ਜੇਕਰ ਆਂਗਨਵਾੜੀ ਵਰਕਰਾਂ ਤੇ ਹੈਲਪਰਾਂ ਦੀਆਂ ਇਨ੍ਹਾਂ ਬੁਨਿਆਦੀ ਸਹੂਲਤਾਂ ਵੱਲ ਜਲਦ ਧਿਆਨ ਨਾ ਦਿੱਤਾ ਗਿਆ ਤਾਂ ਆਂਗਨਵਾੜੀ ਮੁਲਾਜ਼ਮ ਯੂਨੀਅਨ ਪੰਜਾਬ ਵੱਲੋਂ ਕੇਂਦਰ ਤੇ ਪੰਜਾਬ ਸਰਕਾਰ ਖਿਲਾਫ ਬਲਾਕ ਪੱਧਰੀ ਸੰਘਰਸ਼ ਵਿੱਢੇ ਜਾਣਗੇ। ਅੱਜ ਦੇ ਪ੍ਰਦਰਸ਼ਨ ਵਿੱਚ ਮਨਜੀਤ ਕੌਰ, ਕੁਲਜੀਤ ਕੌਰ ਜਨਰਲ ਸਕੱਤਰ, ਨੇਹਾ ਗੋਇਲ, ਸਰਜ ਰਾਣੀ, ਸੁਖਵਿੰਦਰ ਕੌਰ ਸਕੱਤਰ, ਜਸਵੀਰ ਕੌਰ, ਗੁਰਪੀਤ ਕੌਰ, ਅਨੀਤਾ ਵਰਮਾ, ਹਰਮੇਸ਼ ਕੌਰ, ਬਲਜਿੰਦਰ ਕੌਰ ਆਦਿ ਆਂਗਨਵਾੜੀ ਵਰਕਰ ਤੇ ਹੈਲਪਰ ਮੌਜੂਦ ਸਨ।

## ਕਾਤਰਾਂ

### 26 ਕਿੱਲੋ ਭੁੱਕੀ ਸਮੇਤ ਦੋ ਕਾਬੂ

**ਸਮਰਾਲਾ (ਸੁਰਜੀਤ ਸਿੰਘ)**-ਸਮਰਾਲਾ ਪੁਲਸ ਵੱਲੋਂ ਚੰਡੀਗੜ੍ਹ ਰੋਡ 'ਤੇ ਪੈਂਦੀ ਹੇਡੋਂ ਪੁਲਸ ਚੌਕੀ ਨੇੜੇ ਕੀਤੀ ਨਾਕਾਬੰਦੀ ਦੌਰਾਨ ਦੋ ਪ੍ਰਵਾਸੀ ਵਿਅਕਤੀਆਂ ਕੋਲੋਂ 26 ਕਿੱਲੋ ਭੁੱਕੀ ਬਰਾਮਦ ਕਰਕੇ ਐੱਨ.ਡੀ.ਪੀ.ਐੱਸ. ਐਕਟ ਅਧੀਨ ਕੇਸ ਦਰਜ ਕੀਤਾ ਹੈ। ਡੀ.ਐੱਸ.ਪੀ. ਸਮਰਾਲਾ ਵਰਿਆਮ ਸਿੰਘ ਖਹਿਰਾ ਨੇ ਪ੍ਰੈੱਸ ਕਾਨਫਰੰਸ ਦੌਰਾਨ ਦੱਸਿਆ ਕਿ ਸਹਾਇਕ ਥਾਣੇਦਾਰ ਚਰਨਜੀਤ ਸਿੰਘ ਦੀ ਟੀਮ ਵੱਲੋਂ ਹੇਡੋਂ ਚੌਕੀ ਨੇੜੇ ਨਾਕਾਬੰਦੀ ਕੀਤੀ ਹੋਈ ਸੀ ਤਾਂ ਦੋ ਵਿਅਕਤੀਆਂ ਨੂੰ ਸ਼ੱਕ ਦੇ ਆਧਾਰ 'ਤੇ ਰੋਕ ਕੇ ਤਲਾਸ਼ੀ ਲਈ ਤਾਂ ਇਨ੍ਹਾਂ ਕੋਲੋਂ 26 ਕਿੱਲੋ ਭੁੱਕੀ ਬਰਾਮਦ ਕੀਤੀ ਗਈ। ਥਾਣਾ ਮੁਖੀ ਭਿੰਦਰ ਸਿੰਘ ਖੰਗੂੜਾ ਨੇ ਦੱਸਿਆ ਕਿ ਇਨ੍ਹਾਂ ਵਿੱਚੋਂ ਇੱਕ ਵਿਅਕਤੀ 'ਤੇ ਪਹਿਲਾਂ ਵੀ ਥਾਣਾ ਜਮਾਲਪੁਰ (ਲੁਧਿਆਣਾ) ਵਿਖੇ ਕੇਸ ਦਰਜ ਹੈ। ਫੜੇ ਗਏ ਵਿਅਕਤੀਆਂ ਦੀ ਪਹਿਚਾਣ ਲਵ ਕੁਮਾਰ ਤੇ ਰੰਗਨ ਯਾਦਵ ਉਮਰ ਕਰੀਬ 30 ਸਾਲ ਹਾਲ ਵਾਸੀ ਕੋਹਾੜਾ ਵਜੋਂ ਹੋਈ ਹੈ।

### ਜ਼ਿਲ੍ਹਾ ਪੱਧਰੀ ਰੋਜ਼ਗਾਰ ਮੇਲਾ ਅੱਜ

**ਮੋਗਾ (ਅਮਰਜੀਤ ਬੱਬਰੀ)**-ਪੰਜਾਬ ਸਰਕਾਰ ਦੇ ਦਿਸ਼ਾ-ਨਿਰਦੇਸ਼ਾਂ ਤਹਿਤ ਜ਼ਿਲ੍ਹਾ ਰੋਜ਼ਗਾਰ ਤੇ ਕਾਰੋਬਾਰ ਬਿਊਰੋ ਮੋਗਾ ਵੱਲੋਂ 7 ਜੂਨ 2023 ਨੂੰ ਅੰਬੇਡਕਰ ਭਵਨ, ਡੀ.ਏ.ਸੀ. ਕੰਪਲੈਕਸ ਮੋਗਾ ਵਿਖੇ ਸਵੇਰੇ 9:30 ਤੋਂ 1 ਵਜੇ ਤੱਕ ਇੱਕ ਰੋਜ਼ਗਾਰ ਕੈਂਪ ਲਾਇਆ ਜਾ ਰਿਹਾ ਹੈ। ਜਾਣਕਾਰੀ ਦਿੰਦਿਆਂ ਡਿਪਟੀ ਕਮਿਸ਼ਨਰ ਮੋਗਾ ਕੁਲਵੰਤ ਸਿੰਘ ਨੇ ਦੱਸਿਆ ਕਿ ਇਸ ਰੋਜ਼ਗਾਰ ਮੇਲੇ ਵਿੱਚ ਵੱਖ-ਵੱਖ ਕੰਪਨੀਆਂ ਵੱਲੋਂ 8ਵੀਂ, 10ਵੀਂ, 12ਵੀਂ, ਗ੍ਰੈਜੂਏਟ ਲੜਕੇ-ਲੜਕੀਆਂ ਤੋਂ ਇਲਾਵਾ ਆਈ.ਟੀ.ਆਈ. (ਫਿਟਰ, ਟਰਨਰ, ਮਸ਼ੀਨਿਸਟ, ਮਿੱਗ, ਵੈਲਡਰ, ਸੀ.ਐੱਨ.ਸੀ./ ਵੀ.ਐੱਮ.ਸੀ. ਉਪਰੇਟਰ ਤੇ ਪ੍ਰੋਗਰਾਮਰ (ਸਿਰਫ ਲੜਕੇ), ਡਿਪਲੋਮਾ ਮਕੈਨੀਕਲ (ਸਿਰਫ ਲੜਕੇ) ਭਾਗ ਲੈ ਸਕਦੇ ਹਨ। ਭਾਗ ਲੈਣ ਵਾਲੇ ਨੌਜਵਾਨ ਲੜਕੇ ਲੜਕੀਆਂ ਆਪਣੇ ਸਾਰੇ ਜ਼ਰੂਰੀ ਦਸਤਾਵੇਜ਼ਾਂ ਤੋਂ ਇਲਾਵਾ ਰਜਿਊਮ ਵੀ ਨਾਲ ਲੈ ਕੇ ਆਉਣ।

### ਕੈਂਸਰ ਨਾਲ ਵਿਅਕਤੀ ਦੀ ਮੌਤ



**ਬਰੇਟਾ (ਰੀਤਵਾਲ)**-ਸਥਾਨਕ ਸ਼ਹਿਰ 'ਚ ਕੈਂਸਰ ਨਾਲ ਹੋ ਰਹੀਆਂ ਮੌਤਾਂ ਦੀ ਗਿਣਤੀ ਰੁਕਣ ਦਾ ਨਾਂ ਨਹੀਂ ਲੈ ਰਹੀ ਹੈ। ਬੀਤੇ ਮੰਗਲਵਾਰ ਨੂੰ ਬਰੇਟਾ ਮੰਡੀ 'ਚ ਕੈਂਸਰ ਨੇ ਇਕ ਹੋਰ ਵਿਜੈ ਕੁਮਾਰ (55) ਨਾਮ ਦੇ ਵਿਅਕਤੀ ਦੀ ਜਾਨ ਲੈ ਲਈ। ਮ੍ਰਿਤਕ ਦੇ ਬੇਟੇ ਵਿਕਾਸ ਕੁਮਾਰ ਤੋਂ ਮਿਲੀ ਜਾਣਕਾਰੀ ਅਨੁਸਾਰ ਉਨ੍ਹਾਂ ਦੇ ਪਿਤਾ ਪਿਛਲੇ ਕਾਫੀ ਸਮੇਂ ਤੋਂ ਕੈਂਸਰ ਦੀ ਬਿਮਾਰੀ ਤੋਂ ਪੀੜਤ ਸਨ, ਜਿਨ੍ਹਾਂ ਦਾ ਇਲਾਜ ਪੀ. ਜੀ. ਆਈ. ਚੰਡੀਗੜ੍ਹ ਤੋਂ ਚੱਲ ਰਿਹਾ ਸੀ, ਜਿਨ੍ਹਾਂ ਨੇ ਅੱਜ ਇਸ ਦੀ ਪੀੜ ਨਾ ਸਹਾਰਦੇ ਹੋਏ ਦਮ ਤੋੜ ਦਿੱਤਾ। ਦੱਸਣਯੋਗ ਹੈ ਕਿ ਬਰੇਟਾ ਸ਼ਹਿਰ 'ਚ ਕੈਂਸਰ ਦੇ ਮਰੀਜ਼ਾਂ ਦੀ ਗਿਣਤੀ ਪੰਜ ਸੈਂਕੜੇ ਦੇ ਕਰੀਬ ਦੱਸੀ ਜਾ ਰਹੀ ਹੈ।

### ਪੈਨਸ਼ਨਰ ਵੈੱਲਫੇਅਰ ਐਸੋ. ਦੀ ਮੀਟਿੰਗ ਅੱਜ

**ਸੰਗਰੂਰ (ਪ੍ਰਵੀਨ ਸਿੰਘ)**-ਸਥਾਨਕ ਜ਼ਿਲ੍ਹਾ ਪੈਨਸ਼ਨਰ ਭਵਨ ਤਹਿਸੀਲ ਕੰਪਲੈਕਸ ਵਿਖੇ ਗੱਲਬਾਤ ਕਰਦਿਆਂ ਪੈਨਸ਼ਨਰ ਵੈੱਲਫੇਅਰ ਐਸੋਸੀਏਸ਼ਨ ਦੇ ਜ਼ਿਲ੍ਹਾ ਪ੍ਰਧਾਨ ਸ੍ਰੀ ਰਾਜ ਕੁਮਾਰ ਅਰੋੜਾ ਨੇ ਦੱਸਿਆ ਕਿ ਮੰਗਾਂ 'ਤੇ ਵਿਚਾਰ ਵਟਾਂਦਰਾ ਤੇ 14 ਜੂਨ ਨੂੰ ਪੰਜਾਬ ਭਰ ਵਿੱਚ ਜ਼ਿਲ੍ਹਾ ਪੱਧਰ 'ਤੇ ਹੋਣ ਵਾਲੇ ਰੋਸ ਮੁਜ਼ਾਹਰਿਆਂ ਦੇ ਨਾਲ-ਨਾਲ ਅਗਲੇ ਸੰਘਰਸ਼ ਦੀ ਰੂਪ ਰੇਖਾ ਤਿਆਰ ਕਰਨ ਲਈ ਜ਼ਿਲ੍ਹਾ ਪੱਧਰ ਦੀ ਜ਼ਿਲ੍ਹਾ ਅਹੁਦੇਦਾਰ ਤੇ ਕਾਰਜਕਾਰਨੀ ਦੀ ਇੱਕ ਅਹਿਮ ਇਕੱਤਰਤਾ 7 ਜੂਨ ਨੂੰ ਜ਼ਿਲ੍ਹਾ ਪੈਨਸ਼ਨਰ ਭਵਨ ਤਹਿਸੀਲ ਕੰਪਲੈਕਸ ਵਿਖੇ ਸਵੇਰੇ 1030 ਵਜੇ ਹੋਵੇਗੀ। ਇਸ ਮੀਟਿੰਗ 'ਚ ਸਿੱਖਿਆ, ਸਿਹਤ ਤੇ ਖਜ਼ਾਨਾ ਵਿਭਾਗ ਦੇ ਅਧਿਕਾਰੀਆਂ ਨੂੰ ਵੀ ਆਉਣ ਲਈ ਸੱਦਾ ਦਿੱਤਾ ਗਿਆ।

### 48 ਗ੍ਰਾਮ ਹੈਰੋਇਨ ਬਰਾਮਦ

**ਬਠਿੰਡਾ (ਪਰਵਿੰਦਰ ਜੀਤ ਸਿੰਘ)**-ਮੁੱਖ ਮੰਤਰੀ ਪੰਜਾਬ ਸ੍ਰ. ਭਗਵੰਤ ਸਿੰਘ ਮਾਨ ਦੀ ਯੋਗ ਅਗਵਾਈ ਵਾਲੀ ਸੂਬਾ ਸਰਕਾਰ ਵੱਲੋਂ ਨਸ਼ਿਆਂ ਦੀ ਅਲਾਮਤ ਨੂੰ ਖਤਮ ਕਰਨ ਲਈ ਵਿੱਢੀ ਗਈ ਮੁਹਿੰਮ ਤਹਿਤ ਸੀਨੀਅਰ ਕਪਤਾਨ ਪੁਲਸ ਸ਼੍ਰੀ ਗੁਲਨੀਤ ਸਿੰਘ ਖੁਰਾਨਾ ਵੱਲੋਂ ਜਾਰੀ ਹਦਾਇਤਾਂ ਤੇ ਐੱਸ ਪੀ ਇਨਵੈਸਟੀਗੇਸ਼ਨ ਸ੍ਰੀ ਅਜੈ ਗਾਂਧੀ ਦੀ ਅਗਵਾਈ ਹੇਠ ਬਠਿੰਡਾ ਪੁਲਸ ਵੱਲੋਂ ਮਾੜੇ ਅਨਸਰਾਂ ਵੱਲੋਂ ਕੀਤੇ ਜਾਣ ਵਾਲੇ ਜੁਰਮਾਂ 'ਤੇ ਕਾਬੂ ਪਾਉਣ ਲਈ ਕਾਨੂੰਨੀ ਕਾਰਵਾਈ ਅਮਲ ਵਿੱਚ ਲਿਆਉਂਦਿਆਂ ਬਾਹੱਦ ਗੁਰੂਸਰ ਰੋਡ ਤਲਵੰਡੀ ਸਾਬੋ ਤੋਂ ਸਿਕੰਦਰ ਸਿੰਘ ਤੇ ਕੁਲਦੀਪ ਕੌਰ ਨੂੰ ਕਾਬੂ ਕਰਕੇ ਇਨ੍ਹਾਂ ਪਾਸੋਂ 48 ਗ੍ਰਾਮ ਹੈਰੋਇਨ ਸਮੇਤ ਲਿਫਾਫਾ ਬ੍ਰਾਮਦ ਕੀਤਾ। ਇਸ ਸਬੰਧੀ ਹੋਰ ਜਾਣਕਾਰੀ ਦਿੰਦਿਆਂ ਇੰਸਪੈਕਟਰ ਤਰਲੋਚਨ ਸਿੰਘ ਇੰਚ. ਸੀ ਆਈ ਏ-1 ਬਠਿੰਡਾ ਨੇ ਦੱਸਿਆ ਕਿ ਐੱਸ ਆਈ ਅਵਤਾਰ ਸਿੰਘ ਸੀਆਈਏ ਸਟਾਫ-1 ਬਠਿੰਡਾ ਸਮੇਤ ਪੁਲਸ ਪਾਰਟੀ ਦੇ ਸਹਿਯੋਗ ਸਦਕਾ ਦੋਸ਼ੀਆਂ ਨੂੰ ਗ੍ਰਿਫਤਾਰ ਕਰਕੇ ਮੁਕੱਦਮਾ ਥਾਣਾ ਤਲਵੰਡੀ ਸਾਬੋ ਵਿਖੇ ਦਰਜ ਰਜਿਸਟਰ ਕਰਵਾਇਆ।

# ਬਾਜਵਾ ਦੇ ਬਿਆਨ ਤੋਂ ਨਾਰਾਜ਼ ਫੋਟੋਗ੍ਰਾਫਰਾਂ ਵੱਲੋਂ ਰੋਸ ਪ੍ਰਦਰਸ਼ਨ



**ਮਲੋਟ (ਗੁਰਮੀਤ ਸਿੰਘ ਮੱਕੜ)**

ਸਥਾਨਕ ਫੋਟੋਗ੍ਰਾਫਰ ਐਸੋਸੀਏਸ਼ਨ ਦੀ ਇੱਕ ਅਹਿਮ ਮੀਟਿੰਗ ਸਥਾਨਕ ਐਡਵਰਡਗੰਜ ਗੈਸਟ ਹਾਊਸ ਵਿਖੇ ਪ੍ਰਧਾਨ ਜੱਜ ਸ਼ਰਮਾ ਦੀ ਪ੍ਰਧਾਨਗੀ ਹੇਠ ਹੋਈ, ਜਿਸ ਵਿੱਚ ਵੱਡੀ ਗਿਣਤੀ ਫੋਟੋਗ੍ਰਾਫਰ ਇਕੱਤਰ ਹੋਏ। ਇਸ ਮੌਕੇ ਸੰਬੋਧਨ ਕਰਦਿਆਂ ਬੁਲਾਰਿਆਂ ਚੇਅਰਮੈਨ ਜਗਦੀਸ਼ ਵਧਵਾ, ਬਿੰਦਰ ਖਿਓਵਾਲੀ ਸਾਬਕਾ ਪ੍ਰਧਾਨ, ਗਗਨ ਬਾਵਾ ਜੁਆਇੰਟ ਸੈਕਟਰੀ ਨੇ ਕਿਹਾ ਕਿ ਬੀਤੇ ਦਿਨੀਂ ਇੱਕ ਪ੍ਰੈੱਸ ਅਦਾਰੇ ਵੱਲੋਂ ਕੀਤੀ ਸਰਬ ਪਾਰਟੀ ਮੀਟਿੰਗ ਮੌਕੇ ਵਿਰੋਧੀ ਧਿਰ ਨੇਤਾ ਪ੍ਰਤਾਪ ਸਿੰਘ ਬਾਜਵਾ ਦਾ ਬਿਆਨ ਨਾ ਕੇਵਲ ਆਪ ਪਾਰਟੀ ਦੇ ਵਿਧਾਇਕਾਂ ਖਿਲਾਫ ਸੀ, ਬਲਕਿ ਹਰ ਉਸ ਕਿਰਤੀ ਦੇ ਵਿਰੁੱਧ ਸੀ, ਜੋ ਆਪਣੀ ਰੋਜ਼ੀ ਰੋਟੀ ਆਪਣੀ ਮਿਹਨਤ ਨਾਲ ਕਮਾਉਂਦਾ ਹੈ। ਬੁਲਾਰਿਆਂ ਨੇ ਕਿਹਾ ਕਿ ਸਾਡੀਆਂ ਹੀ ਵੋਟਾਂ ਨਾਲ ਚੁਣ ਕੇ ਵਿਧਾਇਕ ਤੇ ਮੰਤਰੀ ਬਣਨ ਉਪਰੰਤ ਇਹ ਲੋਕ ਸਾਡੇ ਕਿਰਤੀਆਂ ਨੂੰ ਆਪਣੇ ਸਾਹਮਣੇ ਬੈਠਣ ਦੇ ਯੋਗ ਵੀ ਨਹੀਂ ਸਮਝਦੇ, ਜੋ ਕਿ ਅਤਿ ਸ਼ਰਮਨਾਕ ਤੇ ਨਿੰਦਣਯੋਗ ਸ਼ਬਦਾਵਲੀ ਹੈ ਤੇ ਇਨ੍ਹਾਂ ਰਾਜਨੀਤਕ ਆਗੂਆਂ ਦੀ ਛੋਟੀ ਮਾਨਸਿਕਤਾ ਨੂੰ ਦਰਸਾਉਂਦਾ ਹੈ। ਜ਼ਿਕਰਯੋਗ ਹੈ ਕਿ ਵਿਰੋਧੀ ਧਿਰ ਨੇਤਾ ਨੇ ਕਿਹਾ ਆਪਣੇ ਭਾਸ਼ਣ ਵਿੱਚ ਕਿਹਾ ਸੀ ਕਿ ਜਦ ਆਪ ਸਰਕਾਰ ਦੇ ਵਿਧਾਇਕ ਚੁਣ ਕੇ ਆਏ ਤਾਂ ਸਾਨੂੰ ਆਪਣੇ ਸਾਹਮਣੇ ਬੈਠੇ ਮਟੀਰੀਅਨ ਨੂੰ ਦੇਖ ਕੇ ਸ਼ਰਮ ਆ ਰਹੀ ਸੀ ਕਿ ਕੋਈ ਫੋਟੋਗ੍ਰਾਫਰ, ਮੋਬਾਈਲ ਚਾਰਜਰ ਵਾਲਾ ਤੇ ਕੋਈ ਹੋਰ ਕਿਰਤੀ ਆ ਕੇ ਸਾਡੇ ਬਰਾਬਰ ਬੈਠ ਗਿਆ ਹੈ। ਇਸ ਬਿਆਨ ਤੋਂ ਲਗਾਤਾਰ ਵੱਖ ਵੱਖ ਕਿਰਤੀਆਂ ਵਿੱਚ ਰੋਸ ਫੈਲ ਰਿਹਾ ਹੈ ਤੇ ਅੱਜ ਵੱਡੀ ਗਿਣਤੀ ਇਕੱਤਰ ਹੋਏ ਫੋਟੋਗ੍ਰਾਫਰਾਂ ਨੇ ਰੋਸ ਪ੍ਰਗਟ ਕਰਦਿਆਂ ਨਾਅਰੇਬਾਜ਼ੀ ਕੀਤੀ। ਇਸ ਮੌਕੇ ਸੈਕਟਰੀ ਹਰਪ੍ਰੀਤ ਸਿੰਘ ਘਈ, ਖਜ਼ਾਨਚੀ ਗੁਰਮੀਤ ਸਿੰਘ ਢਿੱਲੋਂ, ਵਿੱਕੀ ਸੁਖੀਜਾ, ਬਿੱਟੂ ਔਲਖ ਸੀਨੀਅਰ ਮੀਤ ਪ੍ਰਧਾਨ, ਸੋਨੂੰ ਪਟਵਾਰੀ, ਧਰਮ ਪਾਲ ਅਬੁਲ ਖੁਰਾਣਾ, ਬਿੱਟੂ ਸਚਦੇਵਾ, ਰਵੀ ਵਧਵਾ, ਵਿਜੇ ਸ਼ਰਮਾ, ਰਮੇਸ਼ ਕੁਮਾਰ ਲੈਬ., ਰਜਿੰਦਰ ਬਾਵਾ, ਆਤਮਾ ਕਟਾਰੀਆ, ਜੋਤੀ, ਬੱਬੂ, ਵਿਨੋਦ ਚਾਵਲਾ, ਜੱਗਾ, ਕਿੰਦਾ ਸੱਚਦੇਵਾ, ਛਿੰਦਾ ਕਬਰਵਾਲਾ, ਗੁਰਪ੍ਰੀਤ ਸਹਿਣਾਖੇੜਾ, ਵਿੱਕੀ ਅਰਨੀਵਾਲਾ, ਸ਼ੰਟੀ ਮਲੋਟ, ਜੱਸਾ ਜੋਸਨ, ਸੰਜੈ, ਸੋਨੀ ਜਿਊਰੀ, ਲੱਖਾ ਮੇਘਵਾ, ਬੱਲੂ ਸ਼ਰਮਾ, ਸੋਨੂੰ ਪੱਕੀ ਆਦਿ ਵੱਡੀ ਗਿਣਤੀ ਕਿਰਤੀ ਹਾਜ਼ਰ ਸਨ।

# ਨਗਰ ਕੌਂਸਲ ਜੈਤੋ ਅਧਿਕਾਰੀਆਂ ਤੇ ਕਰਮਚਾਰੀਆਂ ਤੋਂ ਹੋਈ ਸੱਖਣੀ!

- ਕਾਂਗਰਸੀ ਪ੍ਰਧਾਨ ਹੋਣ ਕਰਕੇ ਨਗਰ ਕੌਂਸਲ ਨੂੰ ਕੀਤਾ ਜਾ ਰਿਹੈ ਅਣਡਿੱਠ

**ਜੈਤੋ (ਸਤੀਸ਼ ਕੁਮਾਰ ਭੀਰੀ)**-ਨਗਰ ਕੌਂਸਲ ਜੈਤੋ ਵਿਖੇ ਕਾਂਗਰਸੀ ਪ੍ਰਧਾਨ ਸੁਰਜੀਤ ਸਿੰਘ ਬਾਬਾ ਦੇ ਹੋਣ ਕਰਕੇ ਨਗਰ ਕੌਂਸਲ ਨੂੰ ਕੇਵਲ ਰਾਜਨੀਤਕ ਤੌਰ 'ਤੇ ਹੀ ਨਹੀਂ ਬਲਕਿ ਅਧਿਕਾਰੀਆਂ ਵੱਲੋਂ ਵੀ ਅਣਡਿੱਠ ਕੀਤਾ ਹੋਇਆ ਹੈ। ਨਗਰ ਕੌਂਸਲ ਜੈਤੋ ਨੂੰ ਸੂਚਨਾ ਕਮਿਸ਼ਨਰ ਪੰਜਾਬ ਵੱਲੋਂ ਅਨੇਕਾਂ ਵਾਰ ਕੀਤੇ ਗਏ ਜੁਰਮਾਨੇ ਹਰਜਾਨੇ ਕਰਕੇ ਤੇ ਠੇਕੇਦਾਰ ਬਾਂਸਲ ਵੱਲੋਂ ਪ੍ਰਧਾਨ ਵੱਲੋਂ ਭਾਰੀ ਮਾਤਰਾ ਵਿੱਚ ਕਮਿਸ਼ਨ ਮੰਗਣ ਕਰਕੇ ਇਹ ਮਾਮਲਾ ਪੁਲਸ ਤੇ ਸਬ ਡਵੀਜ਼ਨ ਮੈਜਿਸਟਰੇਟ ਦੀ ਕਚਹਿਰੀ ਵਿੱਚ ਪਹੁੰਚਣ ਕਰਕੇ ਨਗਰ ਕੌਂਸਲ ਜੈਤੋ ਦੀ ਪੰਜਾਬ ਪੱਧਰ 'ਤੇ ਕਿਰਕਿਰੀ ਹੋ ਰਹੀ ਹੈ। ਜੇਕਰ ਅੱਗੇ ਗੱਲ ਕਰੀਏ ਤਾਂ ਇਹ ਹੈ ਕਿ ਨਗਰ ਕੌਂਸਲ ਜੈਤੋ, ਜਿਸ ਵਿੱਚ ਕਿ ਪੱਕੇ ਤੌਰ 'ਤੇ ਇੱਕ ਹੀ ਕਰਮਚਾਰੀ ਕੰਮ ਕਰ ਰਿਹਾ ਹੈ ਤੇ ਬਾਕੀ ਨਗਰ ਕੌਂਸਲ ਦਾ ਸਾਰਾ ਸਰਕਾਰੀ ਰਿਕਾਰਡ ਠੇਕੇਦਾਰ ਵੱਲੋਂ ਰੱਖੇ ਗਏ ਆਰਜ਼ੀ ਮੁਲਾਜ਼ਮਾਂ ਦੇ ਹੱਥਾਂ ਵਿੱਚ ਆ ਚੁੱਕਾ ਹੈ। ਅੱਜ ਨਗਰ ਕੌਂਸਲ ਵਿੱਚ ਕਿਰਾਇਆ ਭਰਨ ਗਏ ਸ਼ਹਿਰੀ ਵਸਿੰਦਿਆਂ ਨੂੰ ਪਤਾ ਲੱਗਾ ਕਿ ਨਗਰ ਕੌਂਸਲ ਜੈਤੋ ਵਿੱਚ ਸਿਰਫ ਕਰਮਚਾਰੀ ਬਬੀਤਾ ਰਾਣੀ ਹੀ ਹਾਜ਼ਰ ਸੀ ਤੇ ਬਾਕੀ ਕਮਰਿਆਂ ਨੂੰ ਜਿੰਦਰੇ ਲੱਗੇ ਹੋਏ ਸਨ, ਜਿਸ ਕਰਕੇ ਪੱਤਰਕਾਰ ਸਤੀਸ਼ ਕੁਮਾਰ ਭੀਰੀ ਨੇ ਜਾ ਕੇ ਪਤਾ ਕੀਤਾ ਤਾਂ ਡਿਊਟੀ 'ਤੇ ਹਾਜ਼ਰ ਬਬੀਤਾ ਰਾਣੀ ਨਾਲ ਗੱਲਬਾਤ ਦੌਰਾਨ ਪਤਾ ਲੱਗਾ ਕਿ ਉਹ ਕੱਚੇ ਤੌਰ 'ਤੇ ਪਿਛਲੇ 13-14 ਮਹੀਨੇ ਤੋਂ ਇੱਥੇ ਕੰਮ ਕਰ ਰਹੀ ਹਾਂ ਤੇ ਆਪਣੀ ਨਿਯੁਕਤੀ ਤੋਂ ਲੈ ਕੇ ਅੱਜ ਤੱਕ ਕੋਈ ਤਨਖਾਹ ਭੱਤੇ ਨਹੀਂ ਦਿੱਤੇ ਗਏ, ਜਦਕਿ ਪੱਕੇ ਮੁਲਾਜ਼ਮ ਨਾ ਹੋਣ ਕਰਕੇ ਨਗਰ ਕੌਂਸਲ ਦੀਆਂ ਅਹਿਮ ਤੇ ਅਨੇਕਾਂ ਸੀਟਾਂ ਦੀ ਜ਼ੁੰਮੇਵਾਰੀ ਨਿਭਾਉਣ ਲਈ ਮਜਬੂਰ ਹੋਣਾ ਪੈਂਦਾ ਹੈ। ਨਗਰ ਕੌਂਸਲ ਦੇ ਅੰਦਰੂਨੀ ਸੂਤਰਾਂ ਮੁਤਾਬਕ ਮਿਲੀ ਜਾਣਕਾਰੀ ਅਨੁਸਾਰ ਦੱਸਿਆ ਜਾਵੇ ਤਾਂ ਇਹ ਹੈ ਕਿ ਨਗਰ ਕੌਂਸਲ ਵਿੱਚ ਕਾਂਗਰਸੀ ਆਗੂ ਸੁਰਜੀਤ ਸਿੰਘ ਬਾਬਾ ਕੋਲ ਕੌਂਸਲਰਾਂ ਦਾ ਬਹੁਮੱਤ ਹੋਣ ਕਰਕੇ ਉਸ ਨੂੰ ਪ੍ਰਧਾਨਗੀ ਤੋਂ ਹੇਠਾਂ ਨਹੀਂ ਉਤਾਰਿਆ ਜਾ ਸਕਦਾ, ਜਿਸ ਕਰਕੇ ਨਗਰ ਕੌਂਸਲ ਬੁਰੀ ਤਰ੍ਹਾਂ ਨਾਲ ਭ੍ਰਿਸ਼ਟਾਚਾਰ ਦੀ ਗੰਦਗੀ ਵਿੱਚ ਲੋਟਨੀਆਂ ਲਾਉਣ ਲਈ ਮਜਬੂਰ ਹੈ ਤੇ ਸ਼ਹਿਰ ਨਿਵਾਸੀਆਂ ਕੋਲ ਆਪਣੇ ਰੋਜ਼ਮਰ੍ਹਾ ਦੇ ਕੰਮ ਕਰਵਾਉਣ ਲਈ ਗੇੜੇ ਮਾਰਨ ਤੋਂ ਸਿਵਾਏ ਹੋਰ ਕੋਈ ਚਾਰਾ ਨਹੀਂ ਹੈ। ਇੱਥੇ ਇਹ ਗੱਲ ਵਿਸ਼ੇਸ਼ ਤੌਰ 'ਤੇ ਵਰਨਣਯੋਗ ਹੈ ਕਿ ਪਿਛਲੇ ਲੰਮੇ ਸਮੇਂ ਤੋਂ ਨਗਰ ਕੌਂਸਲ ਵਿੱਚ ਪੱਕੇ ਤੌਰ ਤੇ ਕਾਰਜ ਸਾਧਕ ਅਫਸਰ, ਐੱਮ ਈ, ਅਕਾਊਂਟੈਂਟ, ਜੇ ਈ, ਇੰਸਪੈਕਟਰ ਸਮੇਤ ਅਨੇਕਾਂ ਹੋਰ ਪੋਸਟਾਂ ਖਾਲੀ ਪਈਆਂ ਹਨ। ਸਰਕਾਰ ਵੱਲੋਂ ਹਫਤੇ ਵਿੱਚ ਦੋ ਦਿਨ ਲਈ ਕਾਰਜ ਸਾਧਕ ਅਫਸਰ ਫਰੀਦਕੋਟ ਨੂੰ ਨਗਰ ਕੌਂਸਲ ਜੈਤੋ ਵਿਖੇ ਡਿਊਟੀ ਕਰਨ ਦੇ ਹੁਕਮ ਜਾਰੀ ਕੀਤੇ ਗਏ ਹਨ, ਪ੍ਰੰਤੂ ਭ੍ਰਿਸ਼ਟਾਚਾਰ ਵਿੱਚ ਲਿਬੜੇ ਹੋਏ ਤੇ ਰਿਕਾਰਡ ਖੁਰਦ ਬੁਰਦ ਕਰਨ ਵਾਲੇ ਅਨੇਕਾਂ ਕਰਮਚਾਰੀ ਤੇ ਅਧਿਕਾਰੀਆਂ ਦੇ ਜੇਲ੍ਹ ਜਾਣ ਕਰਕੇ ਕਿਸੇ ਵੀ ਅਧਿਕਾਰੀ ਵੱਲੋਂ ਆਪਣੀ ਜ਼ਿੰਮੇਵਾਰੀ ਤੋਂ ਮੂੰਹ ਮੋੜਦੇ ਹੋਏ ਭ੍ਰਿਸ਼ਟ ਤਰੀਕੇ ਅਪਨਾਉਣ ਨੂੰ ਹੀ ਪਹਿਲ ਦਿੱਤੀ ਜਾਂਦੀ ਹੈ। ਕਿਸੇ ਵੀ ਅਧਿਕਾਰੀ ਵੱਲੋਂ ਮਿੱਥੇ ਸਮੇਂ ਵਿੱਚ ਆਪਣੀ ਡਿਊਟੀ 'ਤੇ ਹਾਜ਼ਰ ਨਹੀਂ ਹੋਣਾ ਵੀ ਲੋਕਾਂ ਨਾਲ ਧ੍ਰੋਹ ਕਮਾਉਣ ਤੇ ਭ੍ਰਿਸ਼ਟਾਚਾਰ ਕਰਨ ਦੀ ਸ਼੍ਰੇਣੀ ਵਿੱਚ ਆਉਂਦਾ ਹੈ। ਇਸ ਮੌਕੇ ਆਪਣਾ ਨਾਮ ਨਹੀਂ ਲਿਖਣ ਦੀ ਸ਼ਰਤ 'ਤੇ ਐੱਮ ਐੱਲ ਏ ਅਮੋਲਕ ਸਿੰਘ ਦੇ ਨਜ਼ਦੀਕੀ ਮਿੱਤਰ ਨੇ ਦੱਸਿਆ ਕਿ ਨਗਰ ਕੌਂਸਲ ਪ੍ਰਧਾਨ ਨੂੰ ਜਲਦੀ ਹੀ ਬਦਲਣ ਲਈ ਕਦਮ ਚੁੱਕੇ ਜਾ ਰਹੇ ਹਨ।

# ਕਾਮਰੇਡ ਗੁਰਵੰਤ ਦਾ ਮੁੱਖ ਮੰਤਰੀ ਵੱਲੋਂ ਸਨਮਾਨ



**ਲੁਧਿਆਣਾ (ਐੱਮ ਐੱਸ ਭਾਟੀਆ/ਰੈਕਟਰ ਕਥੂਰੀਆ)**

ਮਾਨਯੋਗ ਮੁੱਖ ਮੰਤਰੀ ਸ੍ਰ. ਭਗਵੰਤ ਸਿੰਘ ਮਾਨ ਪੰਜਾਬ ਸਰਕਾਰ ਵੱਲੋਂ 'ਗਰਾਸਰੂਟ ਇਨੋਵੇਟਰਜ਼ ਆਫ ਪੰਜਾਬ' ਤਹਿਤ ਚੁਣੇ ਗਏ ਰਾਜ ਦੇ ਗਰਾਸਰੂਟ ਇਨੋਵੇਟਰਾਂ ਨੂੰ ਨੌਲੇਜ ਸਿਟੀ ਪੰਜਾਬ ਸਟੇਟ ਕੌਂਸਲ ਫਾਰ ਸਾਇੰਸ ਐਂਡ ਟੈਕਨਾਲੋਜੀ, ਨੈਸ਼ਨਲ ਇਨਵੈਨਸ਼ਨ ਫਾਊਂਡੇਸ਼ਨ ਇੰਡੀਆ ਦੀ ਸਾਰੀ ਟੀਮ ਰਾਹੀਂ, ਜਿਨ੍ਹਾਂ ਨੇ ਪੰਜਾਬ ਦੇ ਪਹਿਲੇ ਪ੍ਰੋਗਰਾਮ ਦੇ 250 ਇਨੋਵੇਟਰਜ਼ ਵਿੱਚੋਂ ਸ. ਗੁਰਵੰਤ ਸਿੰਘ ਨੂੰ ਪੂਰੇ ਰਾਜ ਵਿੱਚੋਂ ਪਹਿਲੇ 6 ਇਨੋਵੇਟਰਜ਼ ਵਿੱਚ ਮੋਹਾਲੀ ਵਿਖੇ ਵਿਸ਼ਵ ਵਾਤਾਵਰਣ ਦਿਵਸ 5 ਜੂਨ 2023 ਮੌਕੇ ਸਨਮਾਨਤ ਕੀਤਾ ਤੇ ਇਸ ਦੇ ਬਰੈਂਡ ਅੰਬੈਸਡਰ ਘੋਸ਼ਿਤ ਕੀਤਾ। ਸ੍ਰ. ਗੁਰਮੀਤ ਸਿੰਘ ਮੀਤ ਹੇਅਰ, ਮਾਨਯੋਗ ਕੈਬਨਿਟ ਮੰਤਰੀ ਵਿਗਿਆਨ, ਤਕਨਾਲੋਜੀ ਤੇ ਵਾਤਾਵਰਣ ਪ੍ਰੇਮੀ ਸੰਤ ਬਲਬੀਰ ਸਿੰਘ ਸੀਚੇਵਾਲ, ਡਾ. ਜਤਿੰਦਰ ਕੌਰ ਅਰੋੜਾ ਕਾਰਜਕਾਰੀ ਨਿਰਦੇਸ਼ਕ ਤੇ ਡਾ. ਅਲਕੇਸ਼ ਹਾਜ਼ਰ ਸਨ।

# ਕਿਸਾਨ ਸੰਘਰਸ਼ ਕਮੇਟੀ ਵੱਲੋਂ ਐਕਸੀਅਨ ਨਾਲ ਮੀਟਿੰਗ

**ਜ਼ੀਰਾ (ਨਰਿੰਦਰ ਅਨੇਜਾ)**-ਕਿਸਾਨ ਸੰਘਰਸ਼ ਕਮੇਟੀ ਕੋਟ ਬੁੱਢਾ ਦੀ ਅਹਿਮ ਮੀਟਿੰਗ ਜ਼ਿਲ੍ਹਾ ਪ੍ਰਧਾਨ ਸੁਖਦੇਵ ਸਿੰਘ ਮੰਡ ਦੀ ਪ੍ਰਧਾਨਗੀ ਹੇਠ ਜ਼ੀਰਾ ਵਿਖੇ ਹੋਈ। ਮੀਟਿੰਗ ਵਿੱਚ ਵਿਸ਼ੇਸ਼ ਤੌਰ 'ਤੇ ਜ਼ਿਲ੍ਹਾ ਸੀਨੀਅਰ ਮੀਤ ਪ੍ਰਧਾਨ ਬਲਵਿੰਦਰ ਸਿੰਘ ਲੋਹਕਾ, ਜ਼ਿਲ੍ਹਾ ਸਕੱਤਰ ਕਰਨੈਲ ਸਿੰਘ ਭੋਲਾ, ਜ਼ਿਲ੍ਹਾ ਪ੍ਰੈੱਸ ਸਕੱਤਰ ਐਡਵੋਕੇਟ ਲਵਪ੍ਰੀਤ ਸਿੰਘ ਸਿੱਧੂ, ਦਫਤਰੀ ਸਕੱਤਰ ਗੁਰਮੀਤ ਸਿੰਘ ਸੰਧੂ, ਰਣਜੀਤ ਸਿੰਘ ਧਾਲੀਵਾਲ ਇਕਾਈ ਪ੍ਰਧਾਨ ਜ਼ੀਰਾ, ਗੁਰਪ੍ਰੀਤ ਸਿੰਘ ਸਿੱਧੂ ਵਿੱਤ ਸਕੱਤਰ ਆਦਿ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਵਰਕਰ ਹਾਜ਼ਰ ਸਨ। ਇਸ ਮੌਕੇ ਕਿਸਾਨਾਂ ਨੂੰ ਖੇਤੀਬਾੜੀ ਸਬੰਧੀ ਆਉਂਦੀਆਂ ਮੁਸ਼ਕਲਾਂ ਬਾਰੇ ਵਿਚਾਰ ਵਟਾਂਦਰਾ ਕੀਤਾ ਗਿਆ ਤੇ ਉਨ੍ਹਾਂ ਦੇ ਹੱਲ ਕਰਵਾਉਣ ਲਈ ਮਤਾ ਪਾਸ ਕੀਤਾ ਗਿਆ। ਇਸ ਦੌਰਾਨ ਜ਼ਿਲ੍ਹਾ ਪ੍ਰਧਾਨ ਸੁਖਦੇਵ ਸਿੰਘ ਮੰਡ ਦੀ ਅਗਵਾਈ ਹੇਠ ਕਿਸਾਨਾਂ ਦਾ ਇੱਕ ਵਫਦ ਸਰਤਾਜ ਸਿੰਘ ਥਿੰਦ ਐਕਸੀਅਨ ਬਿਜਲੀ ਵਿਭਾਗ ਜ਼ੀਰਾ ਨੂੰ ਮਿਲਿਆ ਤੇ ਝੋਨੇ ਦੀ ਫਸਲ ਨੂੰ ਲੈ ਕੇ ਬਿਜਲੀ ਸਪਲਾਈ ਸਬੰਧੀ ਵਿਚਾਰ ਵਟਾਂਦਰਾ ਕੀਤਾ ਗਿਆ, ਜਿਸ 'ਤੇ ਐਕਸੀਅਨ ਬਿਜਲੀ ਵਿਭਾਗ ਨੇ ਆਗੂਆਂ ਨੂੰ ਬਿਜਲੀ ਸਪਲਾਈ ਤੇ ਹੋਰ ਕੰਮਾਂ ਦਾ ਜਲਦੀ ਨਿਪਟਾਰਾ ਕਰਨ ਦਾ ਭਰੋਸਾ ਦਿੱਤਾ।



# ਕੁੱਲ ਹਿੰਦ ਖੇਤ ਮਜ਼ਦੂਰ ਯੂਨੀਅਨ ਵੱਲੋਂ ਪਹਿਲਵਾਨਾਂ ਦੇ ਸਮਰਥਨਾਂ 'ਚ ਕੇਂਦਰ ਸਰਕਾਰ ਖਿਲਾਫ ਪ੍ਰਦਰਸ਼ਨ



**ਜਲਾਲਾਬਾਦ (ਜੀਤ ਕੁਮਾਰ)**

ਸੰਯੁਕਤ ਕਿਸਾਨ ਮੋਰਚੇ ਦੇ ਸੱਦੇ 'ਤੇ ਕੁੱਲ ਹਿੰਦ ਖੇਤ ਮਜ਼ਦੂਰ ਯੂਨੀਅਨ ਤਹਿਸੀਲ ਜਲਾਲਾਬਾਦ ਵੱਲੋਂ ਜੰਮੂ ਬਸਤੀ ਜਲਾਲਾਬਾਦ ਵਿਖੇ ਓਲੰਪਿਕ ਪਹਿਲਵਾਨਾਂ ਦੇ ਸਮਰਥਨ ਵਿੱਚ ਕੇਂਦਰ ਸਰਕਾਰ ਦਾ ਪੁਤਲਾ ਫੂਕਿਆ ਗਿਆ। ਇਸ ਮੌਕੇ ਜ਼ਿਲ੍ਹਾ ਪ੍ਰਧਾਨ ਕਾਮਰੇਡ ਨੱਥਾ ਸਿੰਘ ਨੇ ਮੋਦੀ ਸਰਕਾਰ ਦੀ ਸਖਤ ਸ਼ਬਦਾਂ 'ਚ ਨਿੰਦਿਆਂ ਕਰਦਿਆਂ ਕਿਹਾ ਕਿ ਮੋਦੀ ਸਰਕਾਰ ਦੇ ਇਹ ਬੀਤੇ 9 ਸਾਲਾਂ ਦੇ ਇਤਿਹਾਸ ਨੂੰ ਕਾਲੇ ਦੌਰ ਵਜੋਂ ਯਾਦ ਕੀਤੇ ਜਾਣਗੇ, ਕਿਉਂਕਿ ਮੋਦੀ ਸਰਕਾਰ ਨੇ ਆਪਣੇ ਰਾਜ ਲੋਕਾਂ ਨੂੰ ਅੱਛੇ ਦਿਨ ਆਉਣ ਦੇ ਸੁਪਨੇ ਦਿਖਾਏ ਜਿਵੇਂ ਕਿ 15-15 ਲੱਖ ਰੁਪਏ ਹਰੇਕ ਦੇ ਖਾਤੇ ਵਿੱਚ ਪਾਉਣ, ਹਰ ਸਾਲ 2 ਕਰੋੜ ਨੌਕਰੀਆਂ ਪੈਦਾ ਕਰਨ, ਕਿਸਾਨਾਂ ਦੀਆਂ ਫਸਲਾਂ ਦੇ ਭਾਅ ਦੁੱਗਣੇ ਕਰਨ, ਕਿਸਾਨਾਂ ਨੂੰ ਫਸਲਾਂ 'ਤੇ ਐੱਮ ਐੱਸ ਪੀ ਦੇਣ, ਬੁਲੇਟ ਟਰੇਨ ਚਲਾਉਣ, ਸਮਾਰਟ ਸਿਟੀ ਬਣਾਉਣ ਦੇ ਨਾਲ ਨਾਲ ਭਾਰਤ ਦੇ ਲੋਕਾਂ ਨਾਲ ਹੋਰ ਵੀ ਢੇਰ ਸਾਰੇ ਵਾਅਦੇ ਕੀਤੇ ਸਨ, ਜੋ ਪੂਰੇ ਨਾ ਹੋਣ ਕਾਰਨ, ਵੱਡੇ ਵੱਡੇ ਝੂਠੇ ਸਾਬਿਤ ਹੋਏ ਹਨ।

ਉਨ੍ਹਾਂ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਸਰਕਾਰ ਹਰ ਖੇਤਰ ਵਿੱਚ, ਹਰ ਮੁੱਦੇ 'ਤੇ ਅਸਫਲ ਰਹੀ ਹੈ, ਉਥੇ ਹੀ ਭੁੱਖਮਰੀ, ਭੈਅ, ਭ੍ਰਿਸ਼ਟਾਚਾਰ ਮੋਦੀ ਰਾਜ ਦੀ ਪਹਿਚਾਣ ਬਣ ਚੁੱਕੀ ਹੈ। ਔਰਤ ਦੀ ਇੱਜ਼ਤ ਮਹਿਫੂਜ਼ ਨਹੀਂ ਹੈ। ਜਿੱਥੇ ਵੀ ਡਬਲ ਇੰਜਣ ਦੀ ਸਰਕਾਰ ਹੈ, ਉੱਥੇ ਨਫਰਤ ਦੀ ਅੱਗ ਲੱਗੀ ਹੋਈ ਹੈ। ਸੰਸਾਰੀਕਰਨ, ਉਦਾਰੀਕਰਨ ਤੇ ਨਿੱਜੀਕਰਨ ਦੀਆਂ ਨੀਤੀਆਂ ਦੀ ਤੇਜ਼ ਰਫਤਾਰ ਨੇ ਲੋਕਾਂ ਦਾ ਕਚੂੰਮਰ ਕੱਢ ਕੇ ਰੱਖ ਦਿੱਤਾ ਹੈ।

ਗਰੀਬੀ ਦਾ ਆਲਮ ਇਹ ਹੈ ਕਿ 85 ਕਰੋੜ ਲੋਕਾਂ ਨੂੰ 5 ਕਿਲੋਗ੍ਰਾਮ ਮੁਫਤ ਅਨਾਜ ਦੇਣ ਵਾਲੇ ਸਰਕਾਰੀ ਅੰਕੜਿਆਂ ਰਾਹੀਂ ਪਤਾ ਲੱਗ ਜਾਂਦਾ ਹੈ ਕਿ ਦੇਸ਼ 'ਚ ਗਰੀਬੀ ਕਿੰਨੀ ਹੈ।

ਓਲੰਪਿਕ ਖੇਡਾਂ ਵਿੱਚ ਮੈਡਲ ਜਿੱਤ ਕੇ ਲਿਆਉਣ ਵਾਲੀਆਂ ਭਾਰਤੀ ਬੇਟੀਆਂ ਨਾਲ, ਸਾਡੇ ਹੁਕਮਰਾਨ ਕਿਸ ਤਰ੍ਹਾਂ ਦਾ ਵਿਹਾਰ ਕਰਦੇ ਹਨ, ਭਾਰਤ ਨਾਮ ਅੰਬਰਾਂ ਵਿੱਚ ਲਿਖ ਦੇਣ ਵਾਲੀਆਂ ਸਾਡੀਆਂ ਬੱਚੀਆਂ ਦੀ ਇੱਜ਼ਤ ਨਾਲ ਖਿਲਵਾੜ ਕਰਨ ਵਾਲੇ ਹੀ ਘਟੀਆ ਤੇ ਗਿਰੇ ਹੋਏ ਕਿਰਦਾਰ ਦੇ ਮਾਲਕ ਭਾਰਤੀ ਕੁਸ਼ਤੀ ਸੰਘ ਦੇ ਸਾਬਕਾ ਪ੍ਰਧਾਨ ਬ੍ਰਿਜਭੂਸ਼ਨ ਸ਼ਰਨ ਸਿੰਘ 'ਤੇ ਗੰਭੀਰ ਦੋਸ਼ਾਂ ਹੋਣ ਦੇ ਬਾਵਜੂਦ ਉਸ ਨੂੰ ਗ੍ਰਿਫਤਾਰ ਨਹੀਂ ਕੀਤਾ ਗਿਆ। ਕਾਮਰੇਡ ਨੱਥਾ ਸਿੰਘ ਨੇ ਮੰਗ ਕੀਤੀ ਕਿ ਪਹਿਲਵਾਨ ਔਰਤਾਂ ਨੂੰ ਤੁਰੰਤ ਇਨਸਾਫ ਦਿਵਾਇਆ ਜਾਵੇ। ਇਸ ਮੌਕੇ ਤੋਂ ਇਲਾਵਾ ਸੁਰਜੀਤ ਟਿਵਾਣਾ, ਕਾਮਰੇਡ ਚੰਨ ਸਿੰਘ, ਰੇਸ਼ਮ ਸਿੰਘ ਤੇ ਅੰਗਰੇਜ ਸਿੰਘ ਨੇ ਵੀ ਸੰਬੋਧਨ ਕੀਤਾ।

# ਤਿੰਨ ਰੋਜ਼ਾ ਸਮਰੱਥਾ ਨਿਰਮਾਣ ਕਾਰਜਸ਼ਾਲਾ



**ਜਗਰਾਉਂ (ਅਮਿਤ ਖੰਨਾ)**-ਡੀ.ਏ.ਵੀ ਸੈਂਟਨਰੀ ਪਬਲਿਕ ਸਕੂਲ ਵਿਖੇ ਤਿੰਨ ਰੋਜ਼ਾ ਸਮਰੱਥਾ ਨਿਰਮਾਣ ਕਾਰਜਸ਼ਾਲਾ (ਗਣਿਤ) ਦਾ ਆਯੋਜਨ ਕਰਾਇਆ ਗਿਆ। ਇਹ ਆਯੋਜਨ ਡੀ.ਏ.ਵੀ ਸੈਂਟਰ ਫਾਰ ਅਕਾਦਮਿਕ ਐਕਸੀਲੈਂਸ ਨਵੀਂ ਦਿੱਲੀ ਦੀ ਅਗਵਾਈ ਹੇਠ ਖੇਤਰੀ ਸਿਖਲਾਈ ਕੇਂਦਰ ਪੀ.ਬੀ.ਜ਼ੋਨ ਐਫ ਦੇ ਅਧੀਨ ਸ੍ਰੀਮਤੀ ਜਸਵਿੰਦਰ ਕੌਰ ਸਿੱਧੂ (ਏ.ਆਰ.ਓ), ਡਾਕਟਰ ਅਨੂੰ ਵਰਮਾ (ਕਲੱਸਟਰ ਹੈੱਡ) ਜੀ ਦੀ ਅਗਵਾਈ ਹੇਠ ਡੀ.ਏ.ਵੀ ਸੈਂਟਨਰੀ ਪਬਲਿਕ ਸਕੂਲਾਂ ਵਿਖੇ ਕਰਾਇਆ ਗਿਆ। ਇਸ ਕਾਰਜਸ਼ਾਲਾ ਅਧੀਨ ਅਧਿਆਪਕਾਂ ਨੂੰ ਗਣਿਤ ਵਿਸ਼ੇ ਦੀ ਪ੍ਰਾਇਮਰੀ, ਮਿਡਲ ਅਤੇ ਸੈਕੰਡਰੀ ਪੱਧਰ ਤੱਕ ਦੀ ਸਿਖਲਾਈ ਦਿੱਤੀ ਗਈ। ਇਸ ਕਾਰਜਸ਼ਾਲਾ ਦਾ ਮੁੱਖ ਉਦੇਸ਼ ਅਧਿਆਪਕਾਂ ਦੇ ਅਧਿਆਪਨ ਕੌਂਸਲ ਨੂੰ ਵਧਾਉਂਦਿਆਂ ਹੋਇਆ ਨਵੇਂ ਕੌਂਸਲ ਪ੍ਰਦਾਨ ਕਰਨਾ ਤੇ ਸਿੱਖਣ ਵਿਧੀਆਂ ਵਿੱਚ ਆਏ ਬਦਲਾਅ ਲਈ ਤਿਆਰ ਕਰਨਾ ਰਿਹਾ। ਇਹ ਕਾਰਜਸ਼ਾਲਾ ਪ੍ਰਿੰਸੀਪਲ ਸਾਹਿਬ ਸ੍ਰੀ ਵੇਦ ਵ੍ਰਤ ਜੀ ਦੀ ਅਗਵਾਈ ਹੇਠ ਸਰੋਤ ਅਧਿਆਪਕਾਂ ਸ੍ਰੀਮਤੀ ਰਚਨਾ ਨੱਯਰ, ਸ੍ਰੀਮਤੀ ਨਿਧੀ ਸ਼ਰਮਾ, ਸ੍ਰੀਮਤੀ ਪੂਜਾ ਧੀਰ, ਸ੍ਰੀਮਤੀ ਮਮਤਾ ਛਾਬੜਾ, ਸ੍ਰੀਮਤੀ ਸਬੀਨਾ ਪਾਸ ਤੇ ਸ੍ਰੀ ਵਿਕਾਸ ਡੋਗਰਾ ਨੇ ਬਖ਼ੂਬੀ ਭੂਮਿਕਾ ਨਿਭਾਈ। ਕਾਰਜਸ਼ਾਲਾ ਵਿੱਚ 39 ਅਧਿਆਪਕਾਂ ਨੇ ਟ੍ਰੇਨਿੰਗ ਹਾਸਲ ਕੀਤੀ। ਕਾਰਜਸ਼ਾਲਾ ਵਿੱਚ ਡੀ.ਏ.ਵੀ ਸੰਸਥਾ ਦੇ ਵੱਖ-ਵੱਖ ਸ਼ਹਿਰਾਂ ਜਿਵੇਂ ਖੰਨਾ, ਜਗਰਾਉਂ, ਕੋਟਕਪੂਰਾ, ਜੈਤੋ ਤੇ ਲੁਧਿਆਣਾ ਦੇ ਡੀ. ਏ.ਵੀ ਸਕੂਲਾਂ ਦੇ ਅਧਿਆਪਕਾਂ ਨੇ ਪੂਰਨ ਲਾਭ ਉਠਾਇਆ। ਪ੍ਰਿੰਸੀਪਲ ਸਾਹਿਬ ਨੇ ਸਰੋਤ ਅਧਿਆਪਕਾਂ ਨੂੰ ਸਨਮਾਨ ਚਿੰਨ੍ਹ ਦੇ ਕੇ ਸਨਮਾਨਤ ਕੀਤਾ। ਪ੍ਰਿੰਸੀਪਲ ਸਾਹਿਬ ਵੇਦ ਵ੍ਰਤ ਜੀ ਨੇ ਅਧਿਆਪਕਾਂ ਨੂੰ ਇਹ ਅਪੀਲ ਕੀਤੀ ਕਿ ਇਨ੍ਹਾਂ ਕਾਰਜਸ਼ਾਲਾਵਾਂ ਵਿੱਚ ਦਿੱਤੀ ਜਾਂਦੀ ਸਿਖਲਾਈ ਦੇ ਅਧਾਰ 'ਤੇ ਰੌਚਕ ਅਧਿਆਪਨ ਤਕਨੀਕਾਂ ਅਪਨਾਉਂਦਿਆਂ ਹੋਇਆਂ ਵਿਸ਼ੇ ਪ੍ਰਤੀ ਵਿਦਿਆਰਥੀਆਂ ਦਾ ਰੁਝਾਨ ਵਧਾਇਆ ਜਾਵੇ ਤੇ ਵਿੱਦਿਆ ਦੇ ਪੱਧਰ ਨੂੰ ਹੋਰ ਉੱਚਾ ਉਠਾਇਆ ਜਾਵੇ।

# ਸਿਵਲ ਸਰਜਨ ਵੱਲੋਂ ਆਸ਼ਾ ਵਰਕਰਾਂ ਦੀਆਂ ਮੰਗਾਂ ਮੰਨਣ ਦੇ ਭਰੋਸੇ ਤੋਂ ਬਾਅਦ ਧਰਨਾ ਮੁਲਤਵੀ




**ਕੋਟਕਪੂਰਾ/ਫਰੀਦਕੋਟ (ਰਛਪਾਲ ਸਿੰਘ/ਅਲੈਗਜੈਂਡਰ ਡਿਸੂਜਾ)**-ਆਲ ਇੰਡੀਆ ਆਸ਼ਾ ਵਰਕਰਜ਼ ਤੇ ਆਸ਼ਾ ਫੈਸੀਲਿਟੇਟਰਜ਼ ਯੂਨੀਅਨ (ਗਰੁੱਪ ਏਟਕ) ਪ.ਸ.ਸ.ਫ. ਮੁੱਖ ਦਫਤਰ 1680/22ਬੀ ਚੰਡੀਗੜ੍ਹ ਵੱਲੋਂ ਸੂਬਾ ਪ੍ਰਧਾਨ ਅਮਰਜੀਤ ਕੌਰ ਰਣ ਸਿੰਘ ਵਾਲਾ ਦੀ ਅਗਵਾਈ ਵਿੱਚ ਹੰਗਾਮੀ ਮੀਟਿੰਗ ਸਿਵਲ ਸਰਜਨ ਡਾਕਟਰ ਅਨਿਲ ਗੋਇਲ ਨਾਲ ਉਨ੍ਹਾਂ ਦੇ ਦਫਤਰ ਵਿਖੇ ਹੋਈ। ਇਸ ਸਮੇਂ ਯੂਨੀਅਨ ਆਗੂਆਂ ਨੇ ਲੰਮੇ ਸਮੇ ਤੋਂ ਭੱਤੇ ਜਿਵੇਂ ਕਿ ਸਮੇਂ ਸਿਰ ਮਾਸਿਕ ਇੰਨਸੈਂਟਿਵ, ਸੀ ਐੱਚ ਓ ਭੈਣ ਭੱਤਾ, ਜਨਣੀ ਸੁਰੱਖਿਆ ਯੋਜਨਾ ਅਧੀਨ ਡਿਲਵਰ ਹੋਈਆਂ ਔਰਤਾਂ ਦਾ ਭੱਤਾ, ਵਰਦੀ ਦਾ 2020 ਤੋਂ ਭੱਤਾ, ਨਲਬੰਦੀ ਨਸਬੰਦੀ ਦਾ ਭੱਤਾ, ਅਨਰੇਰੀਅਮ ਭੱਤਾ ਆਦਿ 'ਤੇ ਗੱਲਬਾਤ ਹੋਈ। ਅਧਿਕਾਰੀ ਨੇ ਸਾਰੇ ਪੈਂਡਿੰਗ ਭੱਤਿਆਂ ਨੂੰ ਇੱਕ ਹਫਤੇ ਵਿੱਚ ਦੇਣ ਦਾ ਵਿਸ਼ਵਾਸ ਦਿਵਾਉਂਦਿਆਂ ਕਿਹਾ ਕਿ ਆਸ਼ਾ ਵਰਕਰਾਂ ਨੂੰ ਕੋਈ ਵੀ ਦਿੱਕਤ ਨਹੀਂ ਆਉਣ ਦਿੱਤੀ ਜਾਵੇਗੀ। ਸਿਵਲ ਸਰਜਨ ਦੇ ਭਰੋਸੇ ਤੋਂ ਬਾਅਦ ਅੱਜ ਦੇ ਰੋਸ ਪ੍ਰਦਰਸ਼ਨ ਨੂੰ ਮੁਲਤਵੀ ਕੀਤਾ ਗਿਆ। ਇਸ ਸਮੇਂ ਮੀਟਿੰਗ ਵਿੱਚ ਜ਼ਿਲਾ ਮੀਤ ਪ੍ਰਧਾਨ ਕਲਾਸ ਫੋਰ ਚਰਨਜੀਤ ਕੌਰ ਲੰਬਵਾਲੀ, ਜ਼ਿਲ੍ਹਾ ਚੇਅਰਮੈਨ ਸਿੰਬਲਜੀਤ ਕੌਰ ਝੱਖੜਵਾਲਾ, ਜ਼ਿਲ੍ਹਾ ਪ੍ਰੈੱਸ ਸਕੱਤਰ ਸੁਖਮੰਦਰ ਕੌਰ ਮੱਤਾ, ਜ਼ਿਲ੍ਹਾ ਸਲਾਹਕਾਰ ਸੁੱਖਪਾਲ ਕੌਰ ਜੈਤੋ, ਜ਼ਿਲ੍ਹਾ ਸਲਾਹਕਾਰ ਮਨਜੀਤ ਕੌਰ ਦੇਵੀਵਾਲਾ, ਬਲਾਕ ਪ੍ਰਧਾਨ ਮਨਜੀਤ ਕੌਰ ਜੈਤੋ, ਜਸਵੀਰ ਕੌਰ ਜੈਤੋ, ਇੱਕਬਾਲ ਸਿੰਘ ਫੂਡ ਐਂਡ ਸਪਲਾਈ ਜ਼ਿਲ੍ਹਾ ਜਨਰਲ ਸਕੱਤਰ, ਜ਼ਿਲ੍ਹਾ ਪ੍ਰਧਾਨ ਪਸਸਫ/ਜ਼ਿਲ੍ਹਾ ਪ੍ਰਧਾਨ ਕਲਾਸ ਫੋਰ ਨਛੱਤਰ ਸਿੰਘ ਭਾਣਾ, ਗੁਰਚਰਨ ਸਿੰਘ ਸ਼ਾਮਲ ਸਨ।

# ਜ਼ਿਲ੍ਹਾ ਪੁਲਸ ਵੱਲੋਂ ਅੰਤਰਰਾਜੀ ਨਸ਼ਾ ਰੈਕਟ ਦਾ ਪਰਦਾ ਫਾਸ਼, 4 ਮੁਲਜ਼ਮ ਕਾਬੂ

- 7 ਲੱਖ ਦੀ ਡਰੱਗ ਮਨੀ ਸਮੇਤ ਨਸ਼ੀਲੇ ਪਦਾਰਥ ਬਰਾਮਦ



**ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਜ਼ਿਲ੍ਹਾ ਪੁਲਸ ਨੇ ਡੀ.ਜੀ.ਪੀ. ਪੰਜਾਬ ਸ਼੍ਰੀ ਗੌਰਵ ਯਾਦਵ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਨਸ਼ਿਆਂ ਖਿਲਾਫ ਵਿੱਢੀ ਗਈ ਮੁਹਿੰਮ ਨੂੰ ਉਸ ਸਮੇਂ ਭਾਰੀ ਸਫਲਤਾ ਹਾਸਲ ਹੋਈ, ਜਦੋਂ ਸੀ.ਆਈ.ਏ. ਸਟਾਫ ਸਰਹਿੰਦ ਦੀ ਟੀਮ ਨੇ 07 ਲੱਖ ਰੁਪਏ ਦੀ ਡਰੱਗ ਮਨੀ ਤੇ ਭਾਰੀ ਨਸ਼ੀਲੀਆਂ ਗੋਲੀਆਂ ਤੇ ਨਸ਼ੀਲੀਆਂ ਸ਼ੀਸ਼ੀਆਂ ਸਮੇਤ 04 ਕਥਿਤ ਦੋਸ਼ੀਆਂ ਨੂੰ ਕਾਬੂ ਕੀਤਾ। ਇਹ ਜਾਣਕਾਰੀ ਦਿੰਦਿਆਂ ਜ਼ਿਲ੍ਹਾ ਪੁਲਸ ਮੁਖੀ ਡਾ: ਰਵਜੋਤ ਗਰੇਵਾਲ ਨੇ ਦੱਸਿਆ ਕਿ ਸੀ.ਆਈ.ਏ. ਸਰਹਿੰਦ ਦੀ ਟੀਮ ਨੇ ਮੁਕੱਦਮਾ ਨੰ: 84 ਮਿਤੀ 29.05.2023 ਨੂੰ ਐਨ.ਡੀ.ਪੀ.ਐਸ. ਐਕਟ ਦੀ ਧਾਰਾ 22 ਅਧੀਨ ਕਥਿਤ ਦੋਸ਼ੀ ਨਵੀਨ ਕੁਮਾਰ ਪੁੱਤਰ ਰਾਮ ਕੁਮਾਰ ਵਾਸੀ ਹਰਚਰਨ ਨਗਰ ਲੁਧਿਆਣਾ ਨੂੰ 07 ਲੱਖ ਰੁਪਏ ਨਗਦ ਤੇ 1 ਲੱਖ 96 ਹਜ਼ਾਰ ਗੋਲੀਆਂ ਸਮੇਤ ਗ੍ਰਿਫਤਾਰ ਕੀਤਾ ਗਿਆ ਹੈ। ਪੁਲਸ ਜਾਂਚ ਵਿੱਚ ਇਹ ਗੱਲ ਸਾਹਮਣੇ ਆਈ ਕਿ ਇਹ ਕਥਿਤ ਦੋਸ਼ੀ ਯੂ.ਪੀ. ਸਟੇਟ ਦਾ ਰਹਿਣ ਵਾਲਾ ਹੈ ਜੋ ਕਿ ਕੰਮ ਕਰਨ ਲਈ ਲੁਧਿਆਣਾ ਵਿੱਚ ਆਇਆ ਸੀ, ਪ੍ਰੰਤੂ ਇਸ ਨੇ ਮਜ਼ਦੂਰੀ ਛੱਡ ਦੇ ਯੂ.ਪੀ. ਤੋਂ ਪੰਜਾਬ ਵਿੱਚ ਨਸ਼ਾ ਸਪਲਾਈ ਕਰਨ ਦਾ ਕੰਮ ਸ਼ੁਰੂ ਕਰ ਦਿੱਤਾ। ਉਨ੍ਹਾਂ ਦੱਸਿਆ ਕਿ ਕਥਿਤ ਦੋਸ਼ੀ ਪੰਜਾਬ ਨਾਲ ਸਬੰਧਤ ਨਸ਼ਾ ਤਸਕਰਾਂ ਨੂੰ ਨਸ਼ੀਲੀਆਂ ਗੋਲੀਆਂ ਤੇ ਸ਼ੀਸ਼ੀਆਂ ਮੁਹੱਈਆ ਕਰਵਾਉਂਦਾ ਸੀ ਤੇ ਪਿਛਲੇ ਕਈ ਸਾਲਾਂ ਤੋਂ ਨਸ਼ਾ ਤਸਕਰੀ ਦਾ ਕੰਮ ਕਰ ਰਿਹਾ ਹੈ। ਉਨ੍ਹਾਂ ਦੱਸਿਆ ਕਿ ਸੀ.ਆਈ.ਏ. ਸਟਾਫ ਵੱਲੋਂ ਅਗਲੀ ਤਫਤੀਸ਼ ਅਮਲ 'ਚ ਲਿਆਉਂਦੇ ਹੋਏ ਕਥਿਤ ਦੋਸ਼ੀ ਨਵੀਨ ਕੁਮਾਰ ਦੀ ਪੁੱਛਗਿੱਛ ਦੇ ਆਧਾਰ 'ਤੇ ਕਥਿਤ ਦੋਸ਼ੀ ਤਜਿੰਦਰਪਾਲ ਉਰਫ ਬਾਵਾ ਤੇ ਰਜਿੰਦਰਪਾਲ ਪੁਤਰਾਨ ਬਨਵਾਰੀ ਲਾਲ ਵਾਸੀ ਮਕਾਨ ਨੰ: 132, ਮੁਹੱਲਾ ਬੇਅੰਤ ਨਗਰ, ਨੇੜੇ ਰੇਲਵੇ ਫਾਟਕ ਮੋਗਾ ਤੇ ਕਰਨੈਲ ਸਿੰਘ ਉਰਫ ਕੈਲੀ ਪੁੱਤਰ ਸਾਧੂ ਸਿੰਘ ਵਾਸੀ ਪਿੰਡ ਪਹਾੜਪੁਰ ਥਾਣਾ ਪਸਿਆਣਾ ਜ਼ਿਲ੍ਹਾ ਪਟਿਆਲਾ ਨੂੰ ਗ੍ਰਿਫਤਾਰ ਕੀਤਾ ਗਿਆ। ਡਾ: ਰਵਜੋਤ ਗਰੇਵਾਲ ਨੇ ਦੱਸਿਆ ਕਿ ਪੁਲਸ ਵੱਲੋਂ ਕਾਬੂ ਕੀਤੇ ਗਏ ਕਥਿਤ ਦੋਸ਼ੀਆਂ ਤਜਿੰਦਰਪਾਲ ਤੇ ਰਜਿੰਦਰਪਾਲ ਤੋਂ ਨਸ਼ੀਲੀਆਂ ਗੋਲੀਆਂ ਟਰਾਮਾਡੋਲ ਬਰਾਮਦ ਕੀਤੀਆਂ ਗਈਆਂ ਤੇ ਕਥਿਤ ਦੋਸ਼ੀ ਕਰਨੈਲ ਸਿੰਘ ਕੈਲੀ ਤੋਂ 1 ਲੱਖ 18 ਹਜ਼ਾਰ 200 ਗੋਲੀਆ ਅਲਪਰਾਜੇਲਮ, 95320 ਗੋਲੀਆਂ ਟਰਾਮਾਡੋਲ ਤੇ 330 ਨਸ਼ੀਲੀਆਂ ਸ਼ੀਸ਼ੀਆਂ ਕੋਕਲੀਨ ਵਿੰਨਸਰਕਸ ਬਰਾਮਦ ਕੀਤੀਆਂ ਗਈਆਂ। ਉਨ੍ਹਾਂ ਦੱਸਿਆ ਕਿ ਇਨ੍ਹਾਂ ਚਾਰੇ ਕਥਿਤ ਦੋਸ਼ੀਆਂ ਤੋਂ ਕੁੱਲ 2 ਲੱਖ 34 ਹਜ਼ਾਰ 220 ਨਸ਼ੀਲੀਆਂ ਗੋਲੀਆਂ ਐਲਪਰਾਜੋਲਮ ਤੇ ਟਰਾਮਾਡੋਲ ਅਤੇ 330 ਨਸ਼ੀਲੀਆਂ ਸ਼ੀਸ਼ੀਆਂ ਕੋਕਲੀਨ ਵਿੰਨਸਰਕਸ ਬਰਾਮਦ ਕੀਤੀਆਂ ਗਈਆਂ। ਉਨ੍ਹਾਂ ਦੱਸਿਆ ਕਿ ਪੁਲਿਸ ਵੱਲੋਂ ਇੱਕ ਹੋਰ ਕਥਿਤ ਦੋਸ਼ੀ ਗੁਰਪ੍ਰੀਤ ਸਿੰਘ ਉਰਫ ਸੁਖਦਰਸ਼ਨ ਸਿੰਘ ਪੁੱਤਰ ਕਰਨੈਲ ਸਿੰਘ ਵਾਸੀ ਪਿੰਡ ਪਹਾੜਪੁਰ ਥਾਣਾ ਪਸਿਆਣਾ ਜ਼ਿਲ੍ਹਾ ਪਟਿਆਲਾ ਨੂੰ ਮੁਕੱਦਮੇ ਵਿੱਚ ਸ਼ਾਮਲ ਕਰਕੇ ਉਸ ਦੀ ਭਾਲ ਕੀਤੀ ਜਾ ਰਹੀ ਹੈ। ਉਨ੍ਹਾਂ ਦੱਸਿਆ ਕਿ ਪੁਲਿਸ ਪੁੱਛਗਿੱਛ ਵਿੱਚ ਹੋਰ ਬਰਾਮਦਗੀ ਤੇ ਨਸ਼ਾ ਤਸਕਰਾਂ ਦੇ ਗ੍ਰਿਫਤਾਰ ਹੋਣ ਦੀ ਉਮੀਦ ਹੈ।

# ਐਡਵੋਕੇਟ ਨਵਲ ਛਿੱਬੜ ਇੰਡੀਅਨ ਐਸੋਸੀਏਸ਼ਨ ਆਫ ਲਾਇਰਜ਼ ਦੇ ਮੀਤ ਪ੍ਰਧਾਨ ਚੁਣੇ



**ਲੁਧਿਆਣਾ (ਐੱਮ ਐੱਸ ਭਾਟੀਆ, ਰੈਕਟਰ ਕਥੂਰੀਆ)**-ਕੇਰਲਾ ਦੇ ਸ਼ਹਿਰ ਤਿਰਵੇਂਦਰਮ ਵਿੱਚ 1 ਤੋਂ 4 ਜੂਨ ਤੱਕ ਇੰਡੀਅਨ ਐਸੋਸੀਏਸ਼ਨ ਆਫ ਲਾਇਰਜ਼ ਦੀ 11ਵੀਂ ਕਾਨਫਰੰਸ ਹੋਈ, ਜਿਸ ਦਾ ਉਦਘਾਟਨ ਕੇਰਲ ਦੇ ਮੁੱਖ ਮੰਤਰੀ ਨੇ ਕੀਤਾ। ਇਸ ਵਿੱਚ ਪੰਜਾਬ ਵਿੱਚੋਂ ਲੁਧਿਆਣਾ ਦੇ ਜ਼ਿਲ੍ਹਾ ਬਾਰ ਐਸੋਸੀਏਸ਼ਨ ਦੇ ਸਾਬਕਾ ਪ੍ਰਧਾਨ ਤੇ ਇੰਡੀਅਨ ਲਾਇਰਜ਼ ਐਸੋਸੀਏਸ਼ਨਜ਼ ਪੰਜਾਬ ਦੇ ਪ੍ਰਧਾਨ ਐਡਵੋਕੇਟ ਨਵਲ ਛਿੱਬੜ, ਕੌਮੀ ਮੀਤ ਪ੍ਰਧਾਨ ਚੁਣੇ ਗਏ ਹਨ, ਜਦੋਂਕਿ ਐਡਵੋਕੇਟ ਆਰ ਐੱਸ ਚੀਮਾ ਸੰਸਥਾ ਦੇ ਪ੍ਰਧਾਨ ਤੇ ਐਡਵੋਕੇਟ ਜਸਪਾਲ ਸਿੰਘ ਸਕੱਤਰ ਚੁਣੇ ਗਏ। ਐਡਵੋਕੇਟ ਹਰਚੰਦ ਸਿੰਘ ਬਾਠ ਇੰਟਰਨੈਸ਼ਨਲ ਐਸੋਸੀਏਸ਼ਨ ਆਫ ਡੈਮੋਕ੍ਰੇਟਿਕ ਲਾਇਰਜ਼ ਦੇ ਮੈਂਬਰ ਚੁਣੇ ਗਏ ਹਨ।


## Public Notice

It hereby informs to public at large that BANARAS SAREE CENTRE has avail loan from AU SMALL FINANCE BANK LIMITED have its branch office at Jalandhar. That Gagan Bhagat s/o Ramesh Kumar Bhagat is owner of Portion of Shop No. EO-261 and 261-A Measuring 1 Marla 65 sq..ft Situated within Red Line Area of Peer Bodla Bazar Tehsil and Distt Jalandhar vide Transfer Deed No. 13958 dated 21.03.2023. This property was earlier owned by Chander Kumar s/o Radha Krishan Vide Conveyance Deed No. 5175 dated 01.01.1966 and hander Kumar s/o Radha Krishan Executed a Sale deed in favour of Sudarshan Lal s/o Dhanpat Ram vide Sale deed no.5569 dated 13.01.1966 and Sudarshan Lal s/o Dhanpat Ram executed a Sale deed for Larger Area in favour of Tarlok Singh s/o Iqbal Singh Vide Sale deed Sale Deed No. 5652 Dated 18.01.1966 and Tarlok Singh s/o Iqbal Singh executed a Sale deed for larger area in favour of Sukseshani Bhagat w/o Ramesh Kumar, Veena Bhagat w/o Bhavesh Kumar Bhagat and Raksha Rani w/o Binder Bindra Ram Bhagat (1/3 Share Each) vide sale deed no.8511 dated 21.03.1989 and Sukseshani Bhagat w/o Ramesh Kumar executed a Transfer Deed for Measuring 1 Marla 65 sq..ft in favour of Gagan Bhagat s/o Ramesh Kumar Bhagat Vide Transfer Deed no. 13958 dated 21.03.2023. That earlier sale deed no.8511 dated 21.03.1989 is lost and not available with Borrower. If anybody have any Objection regarding the ownership of the property mention below then may contact to undersigned and anybody having claim or claiming any prior rights or interest in any manner in this property or has raised by depositing the aforesaid document to any person/bank/corporation/financial institution may approach the undersigned and submit objection within 7 days from the date of this public notice. After the expiry of period of this no claim shall be entertained and such claim shall be deemed to be false, fake, frivolous, fraudulent and baseless claim and shall have no value in the eyes of law.

**Description of Property :-**

Portion of Shop No. EO-261 and 261-A Measuring 1 Marla 65 sq..ft Situated within Red Line Area of Peer Bodla Bazar Tehsil and Distt Jalandhar. Boundaries- as Per Title Deed as under:

East : Balance Portion of WO-261 West: Road
North: EO-263 South:Gupta Suits

**Lalit Kakkar (Advocate), Off. : Chamber No. 24, New Courts, Jalandhar., M.No. 98761-07449**

7-JUNE-PAGE-7.qxd 6/6/2023 10:33 PM Page 1



# ਵੱਖ-ਵੱਖ ਥਾਈਂ ਵਿਸ਼ਵ ਵਾਤਾਵਰਣ ਦਿਵਸ ਮਨਾਇਆ


ਲਹਿਰਾ ਮੁਹੱਬਤ



ਬਠਿੰਡਾ


ਫਰੀਦਕੋਟ


ਭੀਖੀ

**ਸਮਾਣਾ (ਇਕਬਾਲ ਸਿੰਘ ਬੱਲ, ਗੁਰਪਿਆਰ ਸਿੰਘ ਬੱਲ)**-ਡੀ.ਏ.ਵੀ ਪਬਲਿਕ ਸੀਨੀਅਰ ਸੈਕੰਡਰੀ ਸਕੂਲ, ਕਕਰਾਲਾ ਵੱਲੋਂ ਸਕੂਲ ਦੇ ਵਿਹੜੇ ਵਿੱਚ ਵਾਤਾਵਰਣ ਦਿਵਸ ਪੂਰੇ ਉਤਸ਼ਾਹ ਨਾਲ ਮਨਾਇਆ ਗਿਆ। ਇਹ ਪ੍ਰੋਗਰਾਮ ਸਕੂਲ ਦੇ ਪ੍ਰਿੰਸੀਪਲ ਮਨੋਜ ਕੁਮਾਰ ਸਰਮਾ ਦੀ ਅਗਵਾਈ ਹੇਠ ਕਰਾਇਆ ਗਿਆ। ਸਮਾਗਮ ਵਿੱਚ ਸਕੂਲ ਦੇ ਸਮੂਹ ਨਾਨ-ਟੀਚਿੰਗ ਸਟਾਫ਼ ਨੇ ਉਤਸ਼ਾਹ ਨਾਲ ਭਾਗ ਲਿਆ। ਇਸ ਮੌਕੇ ਸਕੂਲ ਦੇ ਮੈਦਾਨ ਵਿੱਚ ਰੁੱਖ ਵੀ ਲਾਏ ਗਏ। ਸਕੂਲ ਦੇ ਪ੍ਰਿੰਸੀਪਲ ਨੇ ਇਸ ਵਿਸ਼ੇਸ਼ ਦਿਹਾੜੇ 'ਤੇ


ਸਮਾਣਾ

ਸਾਰਿਆਂ ਨੂੰ ਨਿੱਘੀ ਸ਼ੁਭਕਾਮਨਾਵਾਂ ਦਿੱਤੀਆਂ। ਉਨ੍ਹਾਂ ਵਿਦਿਆਰਥੀਆਂ, ਮਾਪਿਆਂ ਤੇ ਅਧਿਆਪਕਾਂ ਨੂੰ ਆਪਣੇ ਵਾਤਾਵਰਣ ਨੂੰ ਸਿਹਤਮੰਦ ਅਤੇ ਆਉਣ ਵਾਲੀਆਂ ਪੀੜ੍ਹੀਆਂ ਦੇ ਲਈ ਰਹਿਣ ਯੋਗ ਬਣਾਉਣ ਲਈ ਰੁੱਖ ਲਾਉਣ ਲਈ ਪ੍ਰੇਰਿਤ ਕੀਤਾ। ਉਨ੍ਹਾਂ ਕਿਹਾ ਕਿ ਸਾਨੂੰ ਧਰਤੀ ਮਾਂ ਦੀ ਸੰਭਾਲ ਕਰਕੇ, ਇਸ ਦੀ ਰੱਖਿਆ ਕਰਕੇ ਅਤੇ ਇਸ ਨੂੰ ਰਹਿਣ ਲਈ ਇੱਕ ਸਿਹਤਮੰਦ ਅਤੇ ਹਰਿਆ ਭਰਿਆ ਸਥਾਨ ਬਣਾ ਕੇ ਉਸ ਦਾ ਧੰਨਵਾਦ ਕਰਨਾ ਚਾਹੀਦਾ ਹੈ।

**ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)** : ਸਰਕਾਰੀ ਕਿਰਤੀ ਕਾਲਜ ਨਿਆਲ ਪਾਤੜਾਂ ਵਿਖੇ ਪ੍ਰਿੰਸੀਪਲ ਅਮਰਜੀਤ ਸਿੰਘ ਦੀ ਅਗਵਾਈ ਹੇਠ ਮਿਸ਼ਨ ਲਾਇਫ਼ ਤਹਿਤ



ਮਖੂ

ਐਨਐਸਐਸ ਵਿਭਾਗ ਵੱਲੋਂ ਈਕੋ ਕਲੱਬ ਤੇ ਭੂਗੋਲ ਵਿਭਾਗ ਦੇ ਸਹਿਯੋਗ ਨਾਲ ਵਿਸ਼ਵ ਵਾਤਾਵਰਨ ਦਿਵਸ ਮਨਾਉਂਦੇ ਹੋਏ ਬੂਟੇ ਲਾਏ ਗਏ। ਇਸ ਮੌਕੇ 'ਪਲਾਸਟਿਕ ਮੁਕਤ ਭਾਰਤ ਮੁਹਿੰਮ' ਤਹਿਤ ਐਨਐਸਐਸ ਵਲੰਟੀਅਰਾਂ ਦੁਆਰਾ ਨਿਆਲ ਪਿੰਡ ਅਤੇ ਬਾਜ਼ੀਗਰ ਬਸਤੀ ਵਿਚ ਜਾ ਕੇ ਲੋਕਾਂ ਨੂੰ ਜਾਗਰੂਕ ਕੀਤਾ। ਪ੍ਰੋਗਰਾਮ ਅਫ਼ਸਰ ਪ੍ਰੋਫੈਸਰ ਰਮਨਜੀਤ ਕੌਰ ਨੇ ਵਲੰਟੀਅਰਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਵਰਤਮਾਨ ਸਮੇਂ ਵਿਚ ਵਾਤਾਵਰਨ ਵਿੱਚ ਆ ਰਹੇ ਬਦਲਾਅ ਦੇ ਪ੍ਰਭਾਵ ਸਾਹਮਣੇ ਹਨ, ਜਿਸ ਨਾਲ ਕਦੇ ਹੜ੍ਹ ਅਤੇ ਕਦੇ ਸੋਕਾ ਪੈ ਰਿਹਾ ਹੈ। ਪ੍ਰੋਫੈਸਰ ਮਨਿੰਦਰ ਸਿੰਘ ਨੇ ਕਿਹਾ ਕਿ ਸਾਰਿਆਂ ਨੂੰ ਸਿੰਗਲ ਯੂਜ਼ ਪਲਾਸਟਿਕ ਦੀ ਵਰਤੋਂ ਬਿਲਕੁਲ ਬੰਦ ਕਰਨੀ ਚਾਹੀਦੀ ਹੈ ਤੇ ਪਲਾਸਟਿਕ ਦੇ ਹੱਲ ਲਈ ਲਗਾਤਾਰ ਉਪਰਾਲੇ ਕਰਦੇ ਰਹਿਣਾ ਚਾਹੀਦਾ ਹੈ। ਪ੍ਰੋਫੈਸਰ ਬਲਕਾਰ ਸਿੰਘ ਨੇ ਵਿਦਿਆਰਥੀਆਂ ਨੂੰ ਵਾਤਾਵਰਨ ਨੂੰ ਬਚਾਉਣ ਲਈ ਸਹੁੰ ਚੁਕਵਾਈ ਅਤੇ ਰੋਜ਼ਾਨਾ ਦੀਆਂ ਆਦਤਾਂ ਵਿਚ ਬਦਲਾਅ ਲਿਆਉਣ ਦੀ ਅਪੀਲ ਕੀਤੀ।

**ਪਾਤੜਾਂ (ਪੱਤਰ ਪ੍ਰੇਰਕ)** : ਵਿੱਦਿਅਕ ਸੰਸਥਾ ਪਬਲਿਕ ਸੀਨੀਅਰ ਸੈਕੰਡਰੀ ਸਕੂਲ (ਟਰੱਸਟ) ਹਾਮਝੇੜੀ ਵਿਖੇ ਵਿਸ਼ਵ ਵਾਤਾਵਰਣ ਦਿਵਸ ਧੂਮ-ਧਾਮ ਨਾਲ ਮਨਾਇਆ ਗਿਆ। ਟਰੱਸਟ ਦੇ ਪ੍ਰਧਾਨ ਮੋਹਨ ਸਿੰਘ ਸਿੱਧੂ ਤੇ ਸਕੂਲ ਦੇ ਪ੍ਰਿੰਸੀਪਲ ਗੁਰਨਾਮ ਸਿੰਘ ਜੱਜ ਦੀ ਅਗਵਾਈ ਵਿੱਚ ਪੌਦੇ


ਸਮਰਾਲਾ

ਲਾਏ ਗਏ। ਇਸ ਮੌਕੇ ਹੋਰਨਾਂ ਤੋਂ ਇਲਾਵਾ ਸਾਬਕਾ ਸਰਪੰਚ ਹਰਚਰਨ ਸਿੰਘ, ਟਰੱਸਟ ਦੇ ਮੈਂਬਰ ਪਿਆਰਾ ਸਿੰਘ, ਕ੍ਰਿਸ਼ਨ ਸਰਮਾ ਅਤੇ ਵਾਈਸ ਪ੍ਰਿੰਸੀਪਲ ਸਤਵਿੰਦਰ ਸਿੰਘ ਚਾਹਲ ਆਦਿ ਹਾਜ਼ਰ ਸਨ।

**ਮੱਖੂ (ਰਫ਼ਪਾਲ ਸਿੰਘ ਸੰਧੂ)** : ਦਫ਼ਤਰ ਨਗਰ ਪੰਚਾਇਤ ਵੱਲੋਂ ਸਰਕਾਰ ਦੁਆਰਾ ਪ੍ਰਾਪਤ ਹੋਈਆਂ ਹਦਾਇਤਾਂ ਅਨੁਸਾਰ ਕਾਰਜ ਸਾਧਕ ਅਫ਼ਸਰ ਧਰਮਪਾਲ ਸਿੰਘ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਰਾਜ ਕਮਲ ਸੈਂਨਟਰੀ ਕਲਰਕ ਵੱਲੋਂ ਵਰਲਡ ਵਾਤਾਵਰਨ ਦਿਵਸ ਦਫ਼ਤਰ ਵਿਖੇ ਮਨਾਇਆ ਗਿਆ। ਇਸ ਮੌਕੇ ਭਾਰੀ ਗਿਣਤੀ ਵਿੱਚ ਸ਼ਹਿਰ ਪਹੁੰਚੇ ਹੋਏ ਸਨ। ਨਗਰ ਪੰਚਾਇਤ ਵੱਲੋਂ ਲੋਕਾਂ ਨੂੰ ਬੂਟੇ ਵੰਡੇ ਗਏ। ਲੋਕਾਂ ਨੂੰ ਵਾਤਾਵਰਨ ਵਿੱਚ ਸਹਿਯੋਗ ਕਰਨ ਲਈ ਸਹੁੰ ਚੁਕਾਈ ਗਈ ਅਤੇ ਦਫਤਰ ਨਗਰ ਪੰਚਾਇਤ ਵੱਲੋਂ ਵਿਸ਼ਵ ਵਾਤਾਵਰਣ ਦਿਵਸ 'ਤੇ ਸ਼ਮਸ਼ਾਨਘਾਟ ਰੋਡ 'ਤੇ ਪੌਦੇ ਲਾਏ ਗਏ। ਇਸ ਮੌਕੇ ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਨਰਿੰਦਰ ਕਟਾਰੀਆ ਵਿਸ਼ੇਸ਼ ਤੌਰ 'ਤੇ ਪਹੁੰਚੇ ਹੋਏ ਸਨ। ਇਸ ਮੌਕੇ ਦਫ਼ਤਰ ਨਗਰ ਪੰਚਾਇਤ ਦੇ ਕਰਮਚਾਰੀ ਸੁਭਾਸ਼ ਚੰਦਰ, ਗੁਰਪ੍ਰੀਤ ਸਿੰਘ, ਮਲਕੀਤ ਸਿੰਘ, ਬਲਵਿੰਦਰ ਸਿੰਘ ਆਦਿ ਵੱਲੋਂ ਸ਼ਹਿਰ ਵਾਸੀਆਂ ਦਾ ਧੰਨਵਾਦ ਕੀਤਾ ਅਤੇ ਸ਼ਹਿਰ ਵਾਸੀਆਂ ਨੂੰ ਸ਼ਹਿਰ ਦੀ ਸਫ਼ਾਈ ਵਿੱਚ ਨਗਰ ਪੰਚਾਇਤ ਦਾ ਸੰਪੂਰਨ ਸਹਿਯੋਗ ਕਰਨ ਤੇ ਨਗਰ ਪੰਚਾਇਤ ਵੱਲੋਂ ਚਲਾਏ ਜਾ ਰਹੇ ਆਰ ਆਰ ਆਰ ਸੈਂਟਰ ਵਿੱਚ ਵਿਸ਼ੇਸ਼ ਯੋਗਦਾਨ ਕਰਨ ਦੀ ਅਪੀਲ ਕੀਤੀ ਗਈ।

**ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)** : ਪ੍ਰਦੂਸ਼ਣ ਮੁਕਤ ਤੇ ਸਿਹਤਮੰਦ ਵਾਤਾਵਰਨ ਸਿਰਜਣ ਲਈ ਵੱਧ ਤੋਂ ਵੱਧ ਬੂਟੇ ਲਗਾ ਕੇ ਹਰਿਆ-ਭਰਿਆ ਚੌਗਿਰਦਾ ਬਣਾਉਣਾ ਹਰੇਕ ਇਨਸਾਨ ਦਾ ਫਰਜ਼ ਹੈ। ਇਹ ਪ੍ਰਗਟਾਵਾ ਵਿਸ਼ਵ ਵਾਤਾਵਰਣ ਦਿਵਸ ਮੌਕੇ ਸਹਾਇਕ ਕਮਿਸਨਰ ਸ੍ਰੀ ਅਭਿਸ਼ੇਕ ਸ਼ਰਮਾ ਨੇ ਰੋਜ਼ਾ ਸ਼ਰੀਫ਼ ਵਿਖੇ ਬੂਟੇ ਲਾ ਕੇ ਵਾਤਾਵਰਨ ਸੰਭਾਲਣ ਦਾ ਸੱਦਾ ਦਿੰਦਿਆਂ ਕੀਤਾ। ਇਸ ਮੌਕੇ ਰੋਜ਼ਾ ਸ਼ਰੀਫ਼ ਦੇ ਅੰਦਰ ਕਰੀਬ 125 ਬੂਟੇ ਲਾਏ ਗਏ। ਉਨ੍ਹਾਂ ਲੋਕਾਂ ਨੂੰ ਆਲਾ-ਦੁਆਲਾ ਸਾਫ਼ ਰੱਖਣ ਲਈ ਪ੍ਰੇਰਿਤ ਕਰਦਿਆਂ ਕਿਹਾ ਕਿ ਹੁਣ ਸਮਾਂ ਆ ਚੁੱਕਾ ਹੈ ਕਿ ਅਸੀਂ ਸੰਜੀਦਗੀ ਨਾਲ ਵਾਤਾਵਰਣ ਦੀ ਸੰਭਾਲ ਲਈ ਅੱਗੇ ਆਈਏ ਅਤੇ ਆਪਣੀ ਧਰਤੀ ਮਾਂ ਤੇ ਵਾਤਾਵਰਣ ਦੀ ਸੰਭਾਲ ਲਈ ਨਿੱਜੀ ਅਤੇ ਸਮੂਹਿਕ ਉਪਰਾਲੇ ਕਰੀਏ। ਇਸ ਮੌਕੇ ਮੌਜੂਦ ਰੋਜ਼ਾ ਸ਼ਰੀਫ਼ ਦੇ ਖਲੀਫ਼ਾ ਸਈਅਦ ਸਾਦਿਕ ਰਜ਼ਾ ਨੇ ਕਿਹਾ ਕਿ ਹਰੇਕ ਇਨਸਾਨ ਵਾਤਾਵਰਣ ਪ੍ਰਤੀ ਆਪਣੀ ਜ਼ਿੰਮੇਵਾਰੀ ਸਮਝੇ ਅਤੇ ਵਾਤਾਵਰਨ ਦੀ ਸ਼ੁੱਧਤਾ ਲਈ ਵੱਧ ਤੋਂ ਵੱਧ ਰੁੱਖ ਲਾਏ।

**ਸਮਰਾਲਾ (ਸੁਰਜੀਤ ਸਿੰਘ)** : ਵਿਦਿਆਰਥੀਆਂ ਨੂੰ ਰੁੱਖ ਲਾਉਣ ਦੀ ਮਹੱਤਤਾ ਬਾਰੇ ਜਾਗਰੂਕ ਕਰਨ ਲਈ ਮੈਕਸ ਆਰਥਰ ਪਬਲਿਕ ਸਕੂਲ ਨੇ 29 ਮਈ ਨੂੰ ਸਕੂਲ ਵਿੱਚ ਪੌਦੇ ਲਾਉਣ ਦੀ ਮੁਹਿੰਮ ਸ਼ੁਰੂ ਕਰਕੇ 5 ਜੂਨ ਵਾਤਾਵਰਣ ਦਿਵਸ ਤੱਕ ਜਾਰੀ ਰਹੀ। ਇਸ ਮੁਹਿੰਮ ਦੀ ਸ਼ੁਰੂਆਤ ਚੇਅਰਪਰਸਨ ਕੁਲਵਿੰਦਰ ਕੌਰ ਬੈਨੀਪਾਲ, ਪ੍ਰਜੀਡੈਂਟ ਅਨਿਲ ਵਰਮਾ, ਪ੍ਰਿੰਸੀਪਲ ਮੋਨਿਕਾ, ਸਟਾਫ ਅਤੇ ਵਿਦਿਆਰਥੀ ਵੱਲੋਂ ਪੌਦੇ ਲਗਾ ਕੇ ਕੀਤੀ ਗਈ। ਸਕੂਲ ਵਿੱਚ ਇੱਕ ਬੋਟੈਨੀਕਲ ਗਾਰਡਨ ਵੀ ਸਥਾਪਤ ਕੀਤਾ ਗਿਆ ਸੀ, ਜੋ ਵਿਦਿਆਰਥੀਆਂ ਨੂੰ ਹੱਥੀਂ ਸਿੱਖਣ ਵਿੱਚ ਹਿੱਸਾ ਲੈਣ ਦਾ ਮੌਕਾ ਪ੍ਰਦਾਨ ਕਰ ਸਕਦਾ ਹੈ। ਬਗੀਚਾ ਨਾ ਸਿਰਫ਼ ਉਦੇਸ਼ ਵਾਲੇ ਵਿਸ਼ੇ ਨੂੰ ਸਿਖਾਉਂਦਾ ਹੈ, ਸਗੋਂ ਜ਼ਿੰਮੇਵਾਰੀ, ਟੀਮ ਵਰਕ ਤੇ ਕੁਦਰਤ, ਦੂਜਿਆਂ ਤੇ ਆਪਣੇ ਆਪ ਲਈ ਸਤਿਕਾਰ ਵੀ ਸਿਖਾਉਂਦਾ ਹੈ, ਸਕੂਲ ਦੀ ਇਮਾਰਤ ਆਪਣੇਪਣ ਦੀ ਭਾਵਨਾ ਨੂੰ ਵਿਕਸਤ ਕਰਨ ਲਈ, ਬੋਟੈਨੀਕਲ ਗਾਰਡਨ ਵਿੱਚ ਸਬੰਧਤ ਮੈਂਬਰਾਂ ਦੁਆਰਾ ਲਾਏ ਗਏ ਰੁੱਖਾਂ ਨੂੰ 'ਫੈਲੋਸ਼ਿਪ ਪਲਾਂਟ ਤੇ ਫੈਲੋਸ਼ਿਪ ਟ੍ਰੀ' ਦਾ ਨਾਂਅ ਦਿੱਤਾ ਗਿਆ ਸੀ। ਸਵੱਛ ਭਾਰਤ ਮਿਸ਼ਨ ਦੀ ਇੰਚਾਰਜ ਸ੍ਰੀਮਤੀ ਨਵਦੀਪ ਕੌਰ ਤੇ ਉਨ੍ਹਾਂ ਦੀ ਟੀਮ ਇਸ ਮੁਹਿੰਮ ਵਿੱਚ ਸ਼ਾਮਲ ਹੋਈ ਤੇ ਸਕੂਲ ਵੱਲੋਂ ਜਾਗਰੂਕਤਾ ਪੈਦਾ ਕਰਨ ਦੇ ਯਤਨਾਂ ਦੀ ਸ਼ਲਾਘਾ ਕੀਤੀ। ਪ੍ਰਿੰਸੀਪਲ ਮੋਨਿਕਾ ਮਲਹੋਤਰਾ ਨੇ ਉਨ੍ਹਾਂ ਨੂੰ ਰੁੱਖ ਲਾਉਣ ਤੇ ਕੁਦਰਤ ਦੀ ਸੰਭਾਲ ਦੀ ਮਹੱਤਤਾ ਬਾਰੇ ਜਾਗਰੂਕ ਕੀਤਾ।

**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)**-ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਜ਼ਿਲ੍ਹੇ ਦੇ ਪਿੰਡ ਬਲਮਗੜ੍ਹ ਸਥਿਤ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ 'ਚ ਪ੍ਰਿੰਸੀਪਲ ਰਿਪੀ ਛਾਬੜਾ ਦੀ ਅਗਵਾਈ ਵਿੱਚ ਵਿਸ਼ਵ ਵਾਤਾਵਰਨ ਦਿਵਸ ਮਨਾਇਆ ਗਿਆ। ਇਸ ਮੌਕੇ ਕਲੀਨ ਐਂਡ ਗਰੀਨ ਸੇਵਾ ਸੁਸਾਇਟੀ ਦੇ ਪ੍ਰਧਾਨ ਤਰਸੇਮ ਗੋਇਲ ਤੇ ਉਨ੍ਹਾਂ ਦੀ ਟੀਮ ਨੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ। ਇਸ ਮੌਕੇ ਸਕੂਲ ਪ੍ਰਿੰਸੀਪਲ ਮੈਡਮ ਰਿੰਪੀ ਛਾਬੜਾ ਨੇ ਸੁਸਾਇਟੀ ਦੇ ਅਹੁਦੇਦਾਰਾਂ ਨੂੰ ਜੀ ਆਇਆਂ ਆਖਿਆ ਤੇ ਹਾਜ਼ਰੀਨ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਹਰ ਸਾਲ 05 ਜੂਨ ਨੂੰ ਵਿਸ਼ਵ ਵਾਤਾਵਰਨ ਦਿਵਸ ਮਨਾਉਣ ਦਾ ਮੁੱਖ ਮਕਸਦ ਵਾਤਾਵਰਨ ਬਚਾਉਣ ਲਈ ਲੋਕਾਂ ਨੂੰ ਜਾਗਰੂਕ ਕਰਨਾ ਤੇ ਸੁਨੇਹਾ ਦੇਣਾ ਹੈ। ਇਸ ਮੌਕੇ ਉਨ੍ਹਾਂ ਸਾਰਿਆਂ ਨੂੰ ਪਲਾਸਟਿਕ ਤੋਂ ਹੋਣ ਵਾਲੇ ਨੁਕਸਾਨਾਂ ਬਾਰੇ ਦੱਸਿਆ। ਉਨ੍ਹਾ ਕਿਹਾ ਕਿ ਉੱਚੀ ਅਵਾਜ਼ 'ਚ ਵੱਜਣ ਵਾਲੇ ਡੀ. ਜੇ. ਸਿਸਟਮ, ਪ੍ਰੈਸ਼ਰ ਹਾਰਨ, ਲਾਊਡ ਸਪੀਕਰ ਵੀ ਵਾਯੂ ਪ੍ਰਦੂਸ਼ਨ ਨੂੰ ਬੜਾਵਾ ਦਿੰਦੇ ਹਨ, ਜਿਨ੍ਹਾਂ 'ਤੇ ਅੰਕੁਸ਼ ਲਗਾਉਣਾ ਜ਼ਰੂਰੀ ਹੈ। ਇਸ ਤੋਂ ਇਲਾਵਾ ਉਨ੍ਹਾਂ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਪਾਠ ਪੂਜਾ ਤੋਂ ਬਾਅਦ ਦੀ ਸਵਾਹ ਆਦਿ ਨਹਿਰਾਂ 'ਚ ਸੁੱਟਣ ਦੀ ਬਜਾਏ ਟੋਆ ਪੁੱਟ ਕੇ ਬੂਟਾ ਲਗਾ ਦੇਣਾ ਚਾਹੀਦਾ ਹੈ ਤਾਂ ਜੋ ਪਾਣੀ ਨੂੰ ਗੰਧਲਾ ਹੋਣ ਤੋਂ ਬਚਾਇਆ ਜਾ ਸਕੇ। ਉਨ੍ਹਾ ਕਿਹਾ ਕਿ ਸਾਨੂੰ ਵਾਤਾਵਰਨ ਨੂੰ ਬਚਾਉਣ ਲਈ ਹਰ ਤਰ੍ਹਾਂ ਦੀਆਂ ਕੋਸ਼ਿਸ਼ਾਂ ਕਰਨੀਆਂ ਚਾਹੀਦੀਆਂ ਹਨ ਤੇ ਆਪਣੇ ਆਲੇ ਦੁਆਲੇ ਸਾਫ-ਸਫਾਈ ਦਾ ਖਾਸ ਧਿਆਨ ਰੱਖਣਾ ਚਾਹੀਦਾ ਹੈ, ਜਿਸ ਦੀ ਸ਼ੁਰੂਆਤ ਸਾਨੂੰ ਆਪਣੇ ਘਰ ਤੋਂ ਹੀ ਕਰਨੀ ਚਾਹੀਦੀ ਹੈ। ਇਸ ਤੋਂ ਇਲਾਵਾ ਪ੍ਰਧਾਨ ਤਰਸੇਮ ਗੋਇਲ ਨੇ ਸਕੂਲ ਦੇ ਵਿਹੜੇ 'ਚ ਪੌਦੇ ਲਗਾ ਕੇ ਵਾਤਾਵਰਨ ਸੰਭਾਲ ਦਾ ਸੁਨੇਹਾ ਦਿੱਤਾ। ਇਸ ਮੌਕੇ ਸਕੂਲ ਮੈਨੇਜਮੈਂਟ ਕਮੇਟੀ ਦਾ ਚੇਅਰਮੈਨ ਗੁਰਮੀਤ ਸਿੰਘ ਵੀ ਆਪਣੇ ਸਾਥੀਆਂ ਸਮੇਤ ਹਾਜ਼ਰ ਸੀ। ਇਸ ਮੌਕੇ ਹੋਰਨਾਂ ਤੋਂ ਇਲਾਵਾ ਨੀਰਜ ਗੁਪਤਾ, ਚੰਦਰ ਸ਼ੇਖਰ, ਰਮਨ, ਵੀਰਪਾਲ ਕੌਰ, ਪਰਮਜੀਤ ਕੌਰ, ਆਸ਼ੂ ਗੁਪਤਾ, ਨਵਦੀਪ ਸਿੰਘ, ਦਿਲਬਾਗ ਸਿੰਘ, ਜਸਕਰਨ ਸਿੰਘ, ਗੁਰਬੰਸ ਸਿੰਘ, ਅਰਪਨਵੀਰ ਸਿੰਘ, ਨਰਿੰਦਰ ਸਿੰਘ, ਰਾਕੇਸ਼ ਕੁਮਾਰ, ਸਰਬਜੀਤ ਕੌਰ ਮੌਜੂਦ ਸਨ।

**ਦੋਦਾ (ਵਕੀਲ ਬਰਾੜ)** : ਅੰਮ੍ਰਿਤਪਾਲ ਸਿੰਘ ਵਣ ਮੰਡਲ ਅਫਸਰ ਸ੍ਰੀ ਮੁਕਤਸਰ ਸਹਿਬ ਦੇ ਨਿਰਦੇਸ਼ਾਂ 'ਤੇ ਵਣ ਵਿਭਾਗ ਦੇ ਕਰਮਚਾਰੀਆਂ ਵੱਲੋਂ ਪਿੰਡ ਭਲਾਈਆਣਾ ਦੀ ਦਾਣਾ ਮੰਡੀ ਵਿਖੇ ਨਵੇਂ ਪੌਦੇ ਲਾ ਕੇ ਵਿਸ਼ਵ ਵਾਤਾਵਰਨ ਦਿਵਸ ਮਨਾਇਆ ਗਿਆ, ਜਿਸ 'ਚ ਚੇਅਰਮੈਨ ਸੁਖਜਿੰਦਰ ਸਿੰਘ ਕਾਉਣੀ ਵੱਲੋਂ ਮੁੱਖ ਮਹਿਮਾਨ ਵਜੋਂ ਪਹੁੰਚ ਕੇ ਪੌਦਾ ਲਾ ਕੇ ਵਿਸ਼ਵ ਵਾਤਾਵਰਨ ਦਿਵਸ਼ ਮਨਾਉਣ ਦੀ ਸ਼ੁਰੂਆਤ ਕੀਤੀ। ਉਨ੍ਹਾ ਇਸ ਮੌਕੇ ਸਮੂਹ ਵਣ ਵਿਭਾਗ ਦੇ ਅਧਿਕਾਰੀਆਂ ਤੇ ਕਰਮਚਾਰੀਆਂ ਨੂੰ ਇਸ ਨੇਕ ਕੰਮ ਕਰਨ ਦੀ ਵਧਾਈ ਦਿੰਦਿਆਂ ਕਿਹਾ ਕਿ ਵਾਤਾਵਰਨ ਨੂੰ ਪ੍ਰਦੂਸ਼ਣ ਮੁਕਤ ਕਰਨ ਤੇ ਆਪਣਾ ਆਲਾ-ਦੁਆਲਾ ਹਰਾ-ਭਰਿਆ ਬਣਾਉਣ ਲਈ ਹਰ ਇਨਸਾਨ ਨੂੰ ਆਪਣਾ ਮੁੱਢਲਾ ਫਰਜ਼ ਸਮਝ ਕੇ ਘੱਟੋ ਘੱਟ ਪੰਜ ਨਵੇਂ ਪੌਦੇ ਲਾਉਣੇ ਹੀ ਜ਼ਰੂਰੀ ਨਹੀਂ, ਸਗੋਂ ਉਨ੍ਹਾਂ ਦੀ ਸਾਂਭ ਸੰਭਾਲ ਵੀ ਕਰਨੀ ਚਾਹੀਦੀ ਹੈ। ਇਸ ਮੌਕੇ ਵਣ ਰੇਂਜ ਅਫਸਰ ਹਰਦੀਪ ਸਿੰਘ ਹੁੰਦਲ ਨੇ ਮੁੱਖ ਮਹਿਮਾਨ ਨੂੰ ਜੀ ਆਇਆਂ ਕਹਿੰਦਿਆਂ ਧੰਨਵਾਦ ਕਰਦਿਆਂ


ਮੁਕਤਸਰ

ਕਿਸਾਨਾਂ ਤੇ ਆਮ ਲੋਕਾਂ ਨੂੰ ਆਪੋ-ਆਪਣੇ ਖੇਤਾਂ ਅਤੇ ਸਾਂਝੀਆਂ ਥਾਵਾਂ 'ਤੇ ਵੱਧ ਤੋਂ ਵੱਧ ਦਰੱਖਤ ਲਾਉਣ ਦੀ ਅਪੀਲ ਕੀਤੀ। ਇਸ ਮੌਕੇ ਕੁਲਵਿੰਦਰ ਸਿੰਘ ਮਾਨ, ਗੁਰਵਿੰਦਰ ਸਿੰਘ ਤੇ ਗੁਰਮੀਤ ਸਿੰਘ ਬਲਾਕ ਅਫਸਰ ਤੋਂ ਇਲਾਵਾ ਵਣਗਾਰਡ ਮਨਜਿੰਦਰ ਸਿੰਘ, ਅਮਨਦੀਪ ਸਿੰਘ, ਵਿਕਰਮਪਾਲ, ਗੁਰਪ੍ਰੀਤ ਕੌਰ, ਗੀਮਾ ਕੌਰ, ਕਰਮਜੀਤ ਕੌਰ, ਜਸਪ੍ਰੀਤ ਕੌਰ, ਹਰਵਿੰਦਰ ਕੌਰ, ਸੁਖਦੀਪ ਕੌਰ, ਮਨਪ੍ਰੀਤ ਕੌਰ ਤੇ ਮੇਟ ਬਲਦੇਵ ਸਿੰਘ ਦੋਦਾ, ਲਾਭ ਸਿੰਘ ਹਾਜ਼ਰ ਸਨ।

**ਖੰਨਾ (ਸੁਖਵਿੰਦਰ ਸਿੰਘ ਭਾਦਲਾ, ਪਰਮਿੰਦਰ ਸਿੰਘ ਮੋਨੂੰ)** : ਵਾਤਾਵਰਨ ਬਚਾਉਣ ਲਈ ਆਪਣਾ ਬਣਦਾ ਯੋਗਦਾਨ ਪਾਉਣ ਵਾਲੀ 'ਰੁੱਖ ਲਗਾਓ, ਵਾਤਾਵਰਨ ਬਚਾਓ' ਸੰਸਥਾ ਨੇ ਵਣ ਰੇਂਜ ਅਫਸਰ ਦੋਰਾਹਾ ਜਸਵੀਰ ਸਿੰਘ ਰਾਏ ਦੀ ਰਹਿਨੁਮਾਈ 'ਚ ਵਿਸ਼ਵ ਵਾਤਾਵਰਣ ਦਿਵਸ ਤੇ ਮੀਰੀ ਪੀਰੀ ਦੇ ਮਾਲਕ ਸਾਹਿਬ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਦੇ ਪ੍ਰਕਾਸ਼ ਪੁਰਬ ਦੇ ਸ਼ੁੱਭ ਅਵਸਰ 'ਤੇ ਬੂਟੇ ਲਗਾਏ। ਸਰਬੱਤ ਦੇ ਭਲੇ ਦੀ ਅਰਦਾਸ ਕਰਨ ਉਪ੍ਰੰਤ ਆਈ ਡੀ ਬੈਂਕਟ ਹਾਲ ਦੇ ਪਿੱਛੇ ਫੈਲੇ ਖੇਤਰ 'ਚ ਵੱਖ ਵੱਖ ਕਿਸਮਾਂ ਦੇ ਬੂਟੇ ਲਗਾਉਣ ਮੌਕੇ ਮੁੱਖ ਮਹਿਮਾਨ ਵਜੋਂ ਪੁੱਜੇ ਜੰਗਲਾਤ ਮਹਿਕਮੇ ਦੇ ਬਲਾਕ ਅਫਸਰ ਸੁਰਿੰਦਰ ਸਿੰਘ ਨੇ ਪਹਿਲਾ ਬੂਟਾ ਲਗਾ ਕੇ ਮੁਹਿਮ ਦਾ ਆਗਾਜ਼ ਕੀਤਾ। ਬਲਾਕ ਅਫਸਰ ਸੁਰਿੰਦਰ ਸਿੰਘ ਨੇ ਵਾਤਾਵਰਨ ਪ੍ਰੇਮੀ ਹਰਪ੍ਰੀਤ ਸਿੰਘ ਪ੍ਰਿੰਸ ਤੇ ਸਮੁੱਚੀ ਟੀਮ ਵੱਲੋਂ ਵਾਤਾਵਰਨ ਬਚਾਉਣ ਲਈ ਪਾਏ ਜਾ ਰਹੇ ਯੋਗਦਾਨ ਦੀ ਸ਼ਲਾਘਾ ਕੀਤੀ। ਇਸ ਮੌਕੇ ਵਿਸ਼ੇਸ਼ ਤੌਰ 'ਤੇ ਹਾਜ਼ਰ


ਚੀਮਾ ਮੰਡੀ

ਖੱਤਰੀ ਚੇਤਨਾ ਮੰਚ ਦੇ ਸਰਪ੍ਰਸਤ ਮਦਨ ਲਾਲ ਸਾਹੀ, ਪ੍ਰਿੰ. ਸ਼ਾਮ ਸੁੰਦਰ ਤੇ ਰਾਜ ਮੈਨਰੋ ਨੇ ਕਿਹਾ ਕਿ 'ਰੁੱਖ ਲਗਾਓ, ਵਾਤਾਵਰਨ ਬਚਾਓ' ਸੰਸਥਾ ਵਾਤਾਵਰਨ ਬਚਾਉਣ ਲਈ ਚੰਗਾ ਉਪਰਾਲਾ ਕਰ ਰਹੀ ਹੈ। ਵਾਤਾਵਰਨ ਪ੍ਰੇਮੀ ਹਰਪ੍ਰੀਤ ਸਿੰਘ ਪ੍ਰਿੰਸ ਨੇ ਕਿਹਾ ਕਿ ਗਲੋਬਲ ਵਾਰਮਿੰਗ ਦਾ ਖਤਰਾ ਮੰਡਰਾ ਰਿਹਾ ਹੈ। ਰੁੱਖਾਂ ਦੀ ਘਾਟ ਕਾਰਨ ਤਾਪਮਾਨ ਲਗਾਤਾਰ ਵਧ ਰਿਹਾ ਹੈ ਤੇ ਜ਼ਿਆਦਾ ਗਰਮੀ ਮਹਿਸੂਸ ਹੋ ਰਹੀ ਹੈ। ਇਸ ਲਈ ਹਰੇਕ ਮਨੁੱਖ ਨੂੰ ਘੱਟੋ ਘੱਟ ਇੱਕ ਰੁੱਖ ਲਗਾ ਕੇ ਉਸ ਦਾ ਪਾਲਣ ਪੋਸ਼ਣ ਜ਼ਰੂਰ ਕਰਨਾ ਚਾਹੀਦਾ ਹੈ। ਇਸ ਮੌਕੇ ਖੱਤਰੀ ਚੇਤਨਾ ਮੰਚ ਦੇ ਮਦਨ ਲਾਲ ਸਾਹੀ, ਪ੍ਰਿੰਸੀਪਲ ਸ਼ਾਮ ਸੁੰਦਰ, ਰਾਜ ਮੈਨਰੋ, ਅਸ਼ਵਨੀ ਸ਼ਰਮਾ, ਪਰਮਜੀਤ ਸਿੰਘ ਪੰਮੀ, ਲੱਕੀ ਵਰਮਾ, ਸ਼ੇਰ ਸਿੰਘ, ਇਸਵਿੰਦਰ ਸਿੰਘ ਹੈਪੀ, ਮਨਜੀਤ ਸਿੰਘ ਨੇ ਬੂਟੇ ਲਗਾਉਣ 'ਚ ਯੋਗਦਾਨ ਪਾਇਆ।

**ਮੋਗਾ (ਅਮਰਜੀਤ ਬੱਬਰੀ)** : ਸੁਖਦੇਵਾ ਕ੍ਰਿਸ਼ਨਾ ਕਾਲਜ ਆਫ ਐਜੂਕੇਸ਼ਨ ਫਾਰ ਗਰਲਜ਼ ਮੋਗਾ ਵਿਖੇ ਈਟੀਈ ਵਿਦਿਆਰਥਣਾਂ ਨੇ ਪੌਦੇ ਲਗਾ ਕੇ ਵਿਸ਼ਵ ਵਾਤਾਵਰਨ


ਫਤਿਹਗੜ੍ਹ ਸਾਹਿਬ

ਦਿਵਸ ਮਨਾਇਆ। ਇਸ ਮੌਕੇ ਉਨ੍ਹਾਂ ਦੀ ਇੰਚਾਰਜ ਮੈਡਮ ਨੀਤੂ ਅਰੋੜਾ ਨੇ ਸੰਬੋਧਨ ਕਰਦਿਆਂ ਕਿਹਾ ਕਿ ਇਸ ਦਿਨ ਦਾ ਮੁੱਖ ਉਦੇਸ਼ ਇਹ ਹੈ ਕਿ ਲੋਕਾਂ ਨੂੰ ਸਾਫ ਸੁਥਰਾ ਵਾਤਾਵਰਣ ਮਿਲੇ ਤੇ ਇਸ ਸਬੰਧੀ ਲੋਕ ਜਾਗਰੂਕ ਹੋਣ। ਉਨ੍ਹਾ ਦੱਸਿਆ ਕਿ ਹਰ ਸਾਲ ਇਸ ਦਾ ਕੋਈ ਨਾ ਕੋਈ ਥੀਮ ਹੁੰਦਾ ਹੈ ਤੇ 2023 ਦਾ ਥੀਮ "ਬੀਟ ਪਲਾਸਟਿਕ ਪਲਿਊਸ਼ਨ" ਰੱਖਿਆ ਗਿਆ ਹੈ। ਇਹ ਇਸ ਲਈ ਚੁਣਿਆ ਗਿਆ ਹੈ ਕਿ ਲੋਕ ਪਲਾਸਟਿਕ ਦਾ ਇਸਤੇਮਾਲ ਨਾ ਕਰਨ ਤੇ ਪਲਾਸਟਿਕ ਦੀ ਵਰਤੋਂ ਕਰਨ ਵਾਲੇ ਲੋਕਾਂ ਨੂੰ ਉਸ ਦੇ ਨੁਕਸਾਨਾਂ ਬਾਰੇ ਦੱਸਿਆ ਜਾਵੇ। ਇਸ ਮੌਕੇ ਸਮੂਹ ਸਟਾਫ, ਪ੍ਰਿੰਸੀਪਲ ਡਾ. ਮੋਨਿਕਾ ਵਰਮਾ, ਕਾਲਜ ਚੇਅਰਮੈਨ ਡਾ. ਅਸ਼ੋਕ ਗਰਗ ਤੇ ਕਾਲਜ ਸੈਕਟਰੀ ਡਾ. ਰਾਘਵ ਗਰਗ ਵਿਸ਼ੇਸ਼ ਤੌਰ 'ਤੇ ਸ਼ਾਮਲ ਹੋਏ।

**ਮੁਕਤਸਰ (ਸ਼ਮਿੰਦਰਪਾਲ, ਪੂਜਾ)** : ਮਾਤਾ ਜਰਨੈਲ ਕੌਰ ਮੈਮੋਰੀਅਲ ਇੰਸਟੀਚਿਊਟ ਆਫ ਨਰਸਿੰਗ ਐਂਡ ਪੈਰਾ-ਮੈਡੀਕਲ ਸਾਇੰਸਜ਼ ਵੱਲੋਂ ਡਾ: ਜੋਰਾ ਸਿੰਘ, ਦੇਸ਼ ਭਗਤ ਯੂਨੀਵਰਸਿਟੀ ਤਜਿੰਦਰ ਕੌਰ ਪ੍ਰੋ-ਚਾਂਸਲਰ ਦੀ ਸੁਚੱਜੀ ਅਗਵਾਈ ਹੇਠ ਪ੍ਰਿੰਸੀਪਲ ਰੁਪਿੰਦਰ ਕੌਰ ਬੁੱਟਰ ਮਾਤਾ ਜਰਨੈਲ ਕੌਰ ਮੈਮੋਰੀਅਲ ਇੰਸਟੀਚਿਊਟ ਆਫ ਨਰਸਿੰਗ ਸ੍ਰੀ ਮੁਕਤਸਰ ਸਾਹਿਬ ਵਿਖੇ ਵਿਦਿਆਰਥੀਆਂ ਵੱਲੋਂ ਹੈਲਥ ਵੈੱਲਨੈੱਸ ਸੈਂਟਰ ਆਸਾ ਬੁੱਟਰ, ਦਿਕਸ਼ਾ ਵਧਵਾ ਅਤੇ ਮੈਡਮ ਵੀਰਪਾਲ ਕੌਰ ਤੇ ਆਰਜੂ ਮੈਡਮ ਦੀ ਯੋਗ ਅਗਵਾਈ ਹੇਠ ਪੌਦੇ ਲਗਾਏ ਗਏ ਤੇ ਲੋਕਾਂ ਨੂੰ ਵਾਤਾਵਰਣ ਨੂੰ ਸਾਫ ਸੁਥਰਾ ਤੇ ਸ਼ੁੱਧ ਰੱਖਣ ਦੇ ਹੋਰ ਨਿਯਮ ਵੀ ਦੱਸੇ। ਇਸ ਤੋਂ ਇਲਾਵਾ ਵਿਦਿਆਰਥੀਆਂ ਨੇ ਪੋਸਟਰ ਤੇ ਚਾਰਟ ਦੀ ਮਧਿਅਮ ਦੁਬਾਰਾ ਘਰ ਘਰ ਜਾ ਕੇ ਲੋਕਾਂ ਨੂੰ ਪਲਾਸਟਿਕ ਦੀ ਜ਼ਿਆਦਾ ਵਰਤੋਂ ਨਾਲ ਹੋਣ ਬਾਰੇ ਨੁਕਸਾਨ ਤੇ ਵਾਤਾਵਰਨ ਨੂੰ ਸ਼ੁੱਧ ਰੱਖਣ ਦੇ ਲਈ ਬਹੁਤ ਸਾਰੇ ਹੋਰ ਨਿਯਮਾਂ ਤੋਂ ਜਾਣੂ ਕਰਵਾਇਆ। ਇਸ ਮੌਕੇ ਪਿੰਡ ਦੇ ਸਰਪੰਚ ਸ੍. ਜਸਮੇਲ ਸਿੰਘ ਨੇ ਵੀ ਲੋਕਾਂ ਨੂੰ ਦਿਨੋਂ ਦਿਨ ਵਧ ਰਹੇ ਪ੍ਰਦੂਸ਼ਣ ਨੂੰ ਦੂਰ ਕਰਨ ਲਈ ਤੇ ਵਾਤਾਵਰਣ ਨੂੰ ਸ਼ੁੱਧ ਰੱਖਣ ਲਈ ਵੱਧ ਤੋਂ ਵੱਧ ਰੁੱਖ ਲਗਾਉਣ ਲਈ ਪ੍ਰੇਰਿਤ ਕੀਤਾ। ਇਸ ਮੌਕੇ ਹੈਲਥ ਵਰਕਰ ਸੰਦੀਪ ਕੁਮਾਰ, ਜਸਪ੍ਰੀਤ ਮੈਡਮ ਤੇ ਸਮੂਹ ਸਟਾਫ ਮੈਂਬਰ ਹਾਜ਼ਰ ਸਨ।

**ਰਾਮਪੁਰਾ ਫੂਲ (ਦਰਸ਼ਨ ਜਿੰਦਲ)** : ਮਨੁੱਖਤਾ ਦੇ ਭਲੇ ਲਈ ਤੇ ਰੁੱਖਾਂ ਪ੍ਰਤੀ ਜਾਗਰੂਕ ਕਰਨ ਵਾਲੀ ਸੰਸਥਾ ਗਰੀਨ ਮਿਸ਼ਨ ਵੈੱਲਫੇਅਰ ਸੁਸਾਇਟੀ ਰਾਮਪੁਰਾ ਫੂਲ ਕੋਲ ਇਸ ਵਾਤਾਵਰਨ ਦਿਵਸ 'ਤੇ ਇੰਦਰਜੀਤ ਸਿੰਘ ਮਾਨ ਚੇਅਰਮੈਨ ਖਾਦੀ ਬੋਰਡ ਪੰਜਾਬ ਤੇ ਸਮੂਹ ਟੀਮ, ਰਾਮ ਸਰੂਪ ਜੇਠੀ ਸੀਨੀਅਰ ਆਗੂ ਆਮ ਆਦਮੀ ਪਾਰਟੀ, ਰਾਜੂ ਜੇਠੀ ਬਲਾਕ ਪ੍ਰਧਾਨ ਆਮ ਆਦਮੀ ਪਾਰਟੀ, ਇਬਰਾਹੀਮ ਖਾਨ ਸੀਨੀਅਰ ਆਗੂ ਆਮ ਆਦਮੀ ਪਾਰਟੀ, ਹਰਦੀਪ ਸਿੰਘ ਉਰਫ ਟੀਨਾ ਬਾਠ ਸਬਜ਼ੀ ਮੰਡੀ, ਪ੍ਰਕਾਸ ਚੰਦ ਖੋਖਰ ਕਮਿਸ਼ਨ ਏਜੰਟ, ਸੈਕੀ ਮਹਿਤਾ ਸੀਨੀਅਰ ਵਰਕਰ ਆਮ ਆਦਮੀ ਪਾਰਟੀ, ਇਕਬਾਲ ਸਿੰਘ ਰੋਮਾਣਾ ਸੀਨੀਅਰ ਆਪ ਆਗੂ ਰਾਹੁਲ ਮਹਿਤਾ, ਕੇਸਰ ਗਰਗ, ਟੋਨੀ ਗਰਗ, ਅਮਨ ਬਾਹੀਆ, ਰਾਜੇਸ਼ ਕਾਲਾ, ਵਿਨੋਦ ਕੁਮਾਰ ਬਾਵਾ ਰਣਧੀਰ ਸਿੰਘ, ਮਨੀ ਬਰਾੜ, ਕੈਪਟਨ ਸ਼ਰਮਾ, ਮਨੋਜ ਕੁਮਾਰ, ਅਜੈਬ ਸਿੰਘ ਨੇ ਅੱਧਾ ਸੈਂਕੜਾ ਪੌਦੇ ਲਗਾਏ। ਇਸ ਸੁਭਾਗੇ ਸਮੇਂ ਸਮਾਜ ਸੇਵੀ ਸੋਹਨ ਲਾਲ ਉਰਫ ਭੋਲਾ ਜੀ ਸਟੋਰ ਕੀਪਰ ਬਾਬਾ ਬੰਸੀ ਵਾਲਾ ਚੈਰੀਟੇਬਲ ਟਰੱਸਟ ਨੇ ਵੀ ਆਪਣੀ ਹਾਜ਼ਰੀ ਲਗਵਾਈ। ਇਸ ਸਮੇਂ ਗਰੀਨ ਮਿਸ਼ਨ ਵੈੱਲਫੇਅਰ ਸੁਸਾਇਟੀ ਦੇ ਵਲੰਟੀਅਰ ਅਧਿਆਪਕ ਨਿਰਭੈ ਸਿੰਘ ਵਾਈਸ ਪ੍ਰਧਾਨ, ਨਾਮਧਾਰੀ ਨਿਰਪਾਲ ਸਿੰਘ ਸਾਬਕਾ ਪ੍ਰਧਾਨ, ਅਧਿਆਪਕ ਸੰਦੀਪ ਕੁਮਾਰ ਖਜ਼ਾਨਚੀ, ਅਧਿਆਪਕ ਗਗਨਦੀਪ ਸਿੰਘ, ਐਡਵੋਕੇਟ ਕ੍ਰਿਸ਼ਨ ਚੰਦ ਜੈਨ ਨੋਟਰੀ ਪਬਲਿਕ, ਐਡਵੋਕੇਟ ਪਵਨ ਕੁਮਾਰ ਗਰਗ, ਰਾਜੂ, ਸੈਂਕੀ ਸਿੰਗਲਾ, ਬਲਦੇਵ ਜਿੰਦਲ, ਅੰਮ੍ਰਿਤਪਾਲ ਵਿੱਕੀ, ਜੀਵਨ ਕੁਮਾਰ ਗਰਗ ਆੜ੍ਹਤੀਆ, ਇੰਜੀਨੀਅਰ ਰੁਪਿੰਦਰ ਸਿੰਘ, ਡਾ. ਬੱਬੂ ਖਾਨ, ਇਬਰਾਹੀਮ ਖਾਨ, ਸੱਤਪਾਲ ਕਾਕਾ, ਅਧਿਆਪਕ ਗਗਨਦੀਪ ਸਿੰਘ, ਅਮਰਨਾਥ, ਬਲਦੇਵ ਜਿੰਦਲ ਨੇ ਵੀ ਹਾਜ਼ਰੀ ਲਵਾਈ।

**ਭੀਖੀ (ਧਰਮਵੀਰ ਸ਼ਰਮਾ)** : ਸਿਵਲ ਸਰਜਨ ਮਾਨਸਾ ਡਾ. ਅਸ਼ਵਨੀ ਕੁਮਾਰ ਤੇ ਐੱਸ ਐੱਮ ਓ ਡਾ. ਹਰਦੀਪ ਸ਼ਰਮਾ ਦੀ ਅਗਵਾਈ ਹੇਠ ਸਿਹਤ ਵਿਭਾਗ ਵੱਲੋਂ ਵਾਤਾਵਰਨ ਦਿਵਸ ਵਿਖੇ ਸੀ ਐੱਚ ਸੀ ਭੀਖੀ ਵਿਖੇ ਪੌਦੇ ਲਾਏ ਗਏ। ਇਸ ਮੌਕੇ ਉਨ੍ਹਾਂ ਲੋਕਾਂ ਨੂੰ ਪਲਸਟਿਕ ਮੁਕਤ ਹੋਣ ਦਾ ਸੱਦਾ ਦਿੰਦਿਆਂ ਹਸਪਤਾਲ ਵਿੱਚੋਂ ਪਲਾਸਟਿਕ ਤੇ ਜਰਨਲ ਵੇਸਟ ਇਕੱਤਰ ਕੀਤਾ ਅਤੇ ਲੋਕਾਂ ਨੂੰ ਡਸਟਬਿਨ ਦਾ ਪ੍ਰਯੋਗ ਕਰਨ ਲਈ ਕਿਹਾ। ਇਸ ਮੌਕੇ ਡਾ. ਰੁਪਿੰਦਰ ਕੌਰ ਬੁਢਲਾਡਾ, ਰਵਿੰਦਰ ਕੌਰ ਸਿਹਤ ਸੁਪਰਵਾਈਜ਼ਰ ਗੁਰਦੀਪ ਸਿੰਘ ਰੱਲਾ, ਤਲਵਿੰਦਰ ਸਿੰਘ, ਕੰਵਲਜੀਤ ਸਿੰਘ, ਕੁਲਵੰਤ ਸਿੰਘ, ਭਗਵਾਨ ਸਿੰਘ, ਕਰਮਜੀਤ ਕੌਰ, ਸਰਬਜੀਤ ਕੌਰ ਤੇ ਗੁਰਵੀਰ ਸਿੰਘ ਹਾਜ਼ਰ ਸਨ।

**ਭੀਖੀ (ਧਰਮਵੀਰ ਸ਼ਰਮਾ)** : ਨਾਮਵਰ ਵਿੱਦਿਅਕ ਸੰਸਥਾ ਪੈਰਾਮਾਉਂਟ ਪਬਲਿਕ ਸਕੂਲ ਤੇ ਪੈਰਾਮਾਉਟ ਐਜੂਕੇਸ਼ਨ ਉਵਰਸੀਜ਼ ਸਰਵਿਸਜ਼ ਚੀਮਾ ਮੰਡੀ ਵਿਖੇ ਵਿਸ਼ਵ ਵਾਤਾਵਰਣ ਦਿਵਸ ਮਨਾਇਆ ਗਿਆ। ਇਸ ਦਿਵਸ ਸਬੰਧੀ ਸੰਬੋਧਨ ਕਰਦਿਆਂ ਐੱਮ ਡੀ ਜਸਵੀਰ ਸਿੰਘ ਚੀਮਾ ਨੇ ਕਿਹਾ ਕਿ ਸ਼ੁੱਧ ਵਾਤਾਵਰਣ ਲਈ ਸਾਨੂੰ ਵੱਧ ਤੋਂ ਵੱਧ ਪੈਦੇ ਲਗਾਉਣੇ ਚਾਹੀਦੇ ਹਨ ਤੇ ਉਨ੍ਹਾਂ ਦੀ ਸਾਂਭ-ਸੰਭਾਲ ਵੀ ਕਰਨੀ ਚਾਹੀਦੀ ਹੈ। ਉਨ੍ਹਾਂ ਦੱਸਿਆ ਕਿ ਜੇਕਰ ਵਾਤਾਵਰਨ ਸਹੀ ਹੋਵੇਗਾ ਤਾਂ ਅਸੀਂ ਭਿਆਨਕ ਤੇ ਮੌਸਮੀ ਬੀਮਾਰੀਆਂ ਤੋਂ ਬਚ ਸਕਦੇ ਹਾਂ ਤੇ ਵਧੀਆ ਜੀਵਨ ਬਤੀਤ ਕਰ ਸਕਦੇ ਹਾਂ। ਇਸ ਲਈ ਹਰ ਮਨੁੱਖ ਨੂੰ ਇੱਕ-ਇੱਕ ਪੈਦਾ ਲਗਾ ਕੇ ਤੇ ਉਨ੍ਹਾ ਦੀ ਸਾਂਭ ਸੰਭਾਲ ਕਰਕੇ ਵਾਤਾਵਰਣ ਦੀ ਸ਼ੁੱਧਤਾ 'ਚ ਆਪਣਾ ਬਣਦਾ ਯੋਗਦਾਨ ਪਾਉਣਾ ਚਾਹੀਦਾ ਹੈ। ਪੀਪੀਐਸ ਸੰਸਥਾਵਾਂ ਦੇ ਐਮਡੀ, ਸਟਾਫ ਤੇ ਵਿਦਿਆਰਥੀਆਂ ਵੱਲੋਂ ਸਕੂਲ ਕੈਂਪਸ 'ਚ ਪੌਦੇ ਲਗਾਏ ਗਏ। ਇਸ ਮੌਕੇ ਮੈਡਮ ਕਿਰਨਪਾਲ ਕੌਰ, ਪ੍ਰਿੰਸੀਪਲ ਸੰਜੇ ਕੁਮਾਰ, ਕੋਆਰਡੀਨੇਟਰ ਮੈਡਮ ਰੁਬਲ, ਮੈਡਮ ਸਪਨਾ ਯਾਦਵ, ਮੈਡਮ ਪੂਜਾ, ਕੋਚ ਸੰਦੀਪ ਤੇ ਸਮੁੱਚਾ ਸਟਾਫ ਮੌਜੂਦ ਸੀ।



ਮੋਗਾ

**ਫਰੀਦਕੋਟ (ਐਲਿਗਜੈਂਡਰ ਡਿਸੂਜਾ)** : ਵਾਤਾਵਰਣ ਦੀ ਸਾਂਭ ਸੰਭਾਲ ਹਰ ਮਨੁੱਖ ਦਾ ਨੈਤਿਕ ਫਰਜ਼ ਹੈ। ਇਨ੍ਹਾਂ ਗੱਲਾਂ ਦਾ ਪ੍ਰਗਟਾਵਾ ਫਰੀਦਕੋਟ ਤੋਂ ਵਿਧਾਇਕ ਗੁਰਦਿੱਤ ਸਿੰਘ ਸੇਖੋਂ ਨੇ ਵਿਸ਼ਵ ਵਾਤਾਵਰਨ ਦਿਵਸ 'ਤੇ ਫਰੀਦਕੋਟ ਛਾਉਣੀ ਵਿਖੇ 150 ਪੌਦੇ ਲਗਾਉਣ ਉਪਰੰਤ ਕੀਤਾ। ਉਨ੍ਹਾ ਕਿਹਾ ਕਿ ਵਾਤਾਵਰਨ ਦੀ ਸਾਂਭ ਸੰਭਾਲ ਸਾਡੀ ਸਾਰਿਆਂ ਦੀ ਜ਼ਿੰਮੇਵਾਰੀ ਹੈ, ਹਰ ਨਾਗਰਿਕ ਨੂੰ ਪੌਦੇ ਲਗਾਉਣ ਤੇ ਇਨ੍ਹਾਂ ਦੀ ਸਾਂਭ ਸੰਭਾਲ ਲਈ ਯਤਨਸ਼ੀਲ ਰਹਿਣਾ ਚਾਹੀਦਾ ਹੈ। ਉਨ੍ਹਾ ਕਿਹਾ ਕਿ ਸਾਨੂੰ ਆਪਣੇ ਬੱਚਿਆਂ ਨੂੰ ਪੌਦਿਆਂ ਦੀ ਮਨੁੱਖੀ ਜੀਵਨ ਵਿੱਚ ਅਹਿਮੀਅਤ ਬਾਰੇ ਜਾਗਰੂਕ ਕਰਦੇ ਰਹਿਣਾ ਚਾਹੀਦਾ ਹੈ। ਇਸ ਮੌਕੇ ਸ੍ਰੀ ਅਮਨਦੀਪ ਸਿੰਘ ਬਾਬਾ ਚੇਅਰਮੈਨ ਮਾਰਕੀਟ ਕਮੇਟੀ ਫਰੀਦਕੋਟ, ਸ੍ਰੀ ਗੁਰਤੇਜ ਸਿੰਘ ਖੋਸਾ ਇੰਪਰੂਵਮੈਂਟ ਟਰੱਸਟ ਫਰੀਦਕੋਟ, ਵਣ ਰੇਂਜ ਅਫਸਰ ਫਰੀਦਕੋਟ ਸ੍ਰੀ ਚਮਕੌਰ ਸਿੰਘ ਤੇ ਸਟਾਫ ਫਰੀਦਕੋਟ ਰੇਂਜ ਹਾਜ਼ਰ ਸਨ।

**ਲਹਿਰਾ ਮੁਹੱਬਤ (ਭੀਮ ਸੈਨ ਹਦਵਾਰੀਆ)** : ਸਰਕਾਰੀ ਕੰਨਿਆ ਸੀਨੀਅਰ ਸੈਕੰਡਰੀ ਸਕੂਲ ਮਹਿਰਾਜ ਵਿਖੇ ਪ੍ਰਿੰਸੀਪਲ ਗੀਤਾ ਅਰੋੜਾ ਦੀ ਅਗਵਾਈ ਹੇਠ ਵਿਸ਼ਵ ਵਾਤਾਵਰਨ ਦਿਵਸ ਮਨਾਇਆ ਗਿਆ। ਇਸ ਮੌਕੇ ਪ੍ਰਿੰਸੀਪਲ ਗੀਤਾ ਅਰੋੜਾ ਨੇ ਸੰਬੋਧਨ ਕਰਦਿਆਂ ਬੱਚਿਆਂ ਨੂੰ ਵਾਤਾਵਰਨ ਦੀ ਸਾਂਭ-ਸੰਭਾਲ ਕਰਨ ਤੇ ਵੱਧ ਤੋਂ ਵੱਧ ਬੂਟੇ ਲਗਾਉਣ ਦਾ ਸੰਦੇਸ਼ ਦਿੱਤਾ। ਸਹਾਇਕ ਪ੍ਰੋਗਰਾਮ ਅਫਸਰ ਸੁਖਵੀਰ ਕੌਰ ਨੇ ਵਾਤਾਵਰਨ ਦੀ ਸਾਂਭ-ਸੰਭਾਲ ਬਾਰੇ ਵਿਸਥਾਰ ਨਾਲ ਚਾਨਣਾ ਪਾਉਂਦੇ ਹੋਏ ਵਿਦਿਆਰਥੀਆਂ ਤੇ ਵਿਸ਼ੇਸ਼ ਤੌਰ 'ਤੇ ਪਹੁੰਚੇ ਬੱਚਿਆਂ ਦੇ ਮਾਪਿਆਂ ਨੂੰ ਵਾਤਾਵਰਨ ਦੀ ਸਾਂਭ-ਸੰਭਾਲ ਸਬੰਧੀ ਪ੍ਰਣ ਕਰਵਾਇਆ। ਪ੍ਰੋਗਰਾਮ ਅਫਸਰ ਐੱਨ ਐੱਸ ਐੱਸ ਮੋਹਿਤ ਭੰਡਾਰੀ ਨੇ ਦੂਸ਼ਿਤ ਹੋ ਰਹੇ ਵਾਤਾਵਰਨ ਨੂੰ ਬਚਾਉਣ ਲਈ ਬੱਚਿਆਂ ਨੂੰ ਸਿੰਗਲ ਯੂਜ਼ ਪਲਾਸਟਿਕ ਦੀ ਵਰਤੋਂ ਨਾ ਕਰਨ ਤੇ ਪਲਾਸਟਿਕ ਦੇ ਲਿਫਾਫੇ ਦੀ ਥਾਂ ਕੱਪੜੇ ਦੇ ਥੈਲਿਆਂ ਦੀ ਵਰਤੋਂ ਕਰਨ ਸਲਾਹ ਦਿੱਤੀ। ਇਸ ਦੌਰਾਨ ਵਿਦਿਆਰਥੀਆਂ ਨੂੰ ਨਿੰਮ, ਡੇਕ, ਟਾਹਲੀ, ਸੁਹਾਂਜਣਾ ਤੇ ਜਾਮੁਨ ਆਦਿ ਦੇ ਪੌਦੇ ਵੰਡੇ ਗਏ। ਸਕੂਲ ਦੇ ਵਾਤਾਵਰਨ ਪ੍ਰੇਮੀ ਅਧਿਆਪਕ ਤਰੁਨ ਕੁਮਾਰ ਵੱਲੋਂ ਬੱਚਿਆਂ ਨੂੰ ਛੁੱਟੀਆਂ ਦੌਰਾਨ ਲਗਾਏ ਪੌਦਿਆਂ ਦੀ ਸਾਂਭ-ਸੰਭਾਲ ਕਰਨ ਦੀ ਅਪੀਲ ਕੀਤੀ। ਇਸ ਮੌਕੇ ਲੈਕ. ਹਰਵਿੰਦਰ ਸਿੰਘ, ਤਰਨਜੀਤ ਕੌਰ, ਪ੍ਰਦੀਪ ਕੌਰ, ਰੁਪਿੰਦਰ ਰਿਸ਼ੀ ਡੀ ਪੀ ਈ ਤੇ ਸਕੂਲ ਮੈਨਜਮੈਂਟ ਕਮੇਟੀ ਦੇ ਚੇਅਰਮੈਨ ਮੀਨਾ ਨੇ ਆਪਣੇ ਵਿਚਾਰ ਬੱਚਿਆਂ ਨਾਲ ਸਾਂਝੇ ਕਰਦਿਆਂ ਵਾਤਾਵਰਨ ਨੂੰ ਬਚਾਉਣ ਲਈ ਹੰਭਲਾ ਮਾਰਨ ਦੀ ਅਪੀਲ ਕੀਤੀ।

**ਬਠਿੰਡਾ (ਪਰਵਿੰਦਰ ਜੀਤ ਸਿੰਘ)** : ਬੀ.ਐਫ.ਜੀ.ਆਈ. ਵਾਤਾਵਰਨ ਕਲੱਬ ਨੇ ਬਾਬਾ ਫ਼ਰੀਦ ਕਾਲਜ ਦੇ ਬਾਇਓਟੈਕਨਾਲੋਜੀ ਤੇ ਮੈਡੀਕਲ ਵਿਭਾਗ ਅਤੇ ਐਨ.ਐਸ.ਐਸ. ਯੂਨਿਟ ਦੇ ਨਾਲ ਮਿਲ ਕੇ ਪਲਾਸਟਿਕ ਦੀ ਵਰਤੋਂ ਨੂੰ ਘਟਾਉਣ, ਪਲਾਸਟਿਕ ਪ੍ਰਦੂਸ਼ਣ, ਰੁੱਖਾਂ ਨੂੰ ਬਚਾਉਣ ਲਈ ਸਮਰਥਨ ਦਾ ਪ੍ਰਦਰਸ਼ਨ ਕਰਨ ਲਈ 5 ਜੂਨ ਨੂੰ ਸੈਂਟਰ ਫ਼ਾਰ ਰੀਸਟੋਰੇਸ਼ਨ ਆਫ਼ ਈਕੋਸਿਸਟਮ ਆਫ਼ ਪੰਜਾਬ (ਕਰੈਸਪ), ਪੰਜਾਬੀ ਯੂਨੀਵਰਸਿਟੀ ਪਟਿਆਲਾ, ਪੰਜਾਬ ਸਟੇਟ ਕੌਂਸਲ ਫ਼ਾਰ ਸਾਇੰਸ ਐਂਡ ਟੈਕਨਾਲੋਜੀ (ਸਟੇਟ ਨੋਡਲ ਏਜੰਸੀ) ਤੇ ਵਾਤਾਵਰਨ ਅਤੇ ਜਲਵਾਯੂ ਮੰਤਰਾਲੇ ਦੇ ਵਾਤਾਵਰਨ ਸਿੱਖਿਆ ਪ੍ਰੋਗਰਾਮ ਦੇ ਸਹਿਯੋਗ ਨਾਲ 'ਪਲਾਸਟਿਕ ਪ੍ਰਦੂਸ਼ਣ ਦੇ ਹੱਲ' ਥੀਮ ਹੇਠ 'ਵਿਸ਼ਵ ਵਾਤਾਵਰਨ ਦਿਵਸ-2023' ਮਨਾਇਆ। ਇਸ ਦਿਨ ਬਾਇਓਟੈਕਨਾਲੋਜੀ ਵਿਭਾਗ ਦੇ ਇੰਚਾਰਜ ਤੇ ਮੁਖੀ ਡਾ. ਰਿਤੂ ਪਵਨ, ਕੋਆਰਡੀਨੇਟਰ ਵਾਤਾਵਰਨ ਕਲੱਬ ਡਾ. ਰਮਨਦੀਪ ਕੌਰ ਤੇ ਪ੍ਰੋ: ਸੁਖਜਿੰਦਰ ਕੌਰ, ਕੋਆਰਡੀਨੇਟਰ ਐਨ.ਐਸ.ਐਸ ਯੂਨਿਟ, ਬਾਬਾ ਫ਼ਰੀਦ ਕਾਲਜ ਦੇ ਦਿਸ਼ਾ-ਨਿਰਦੇਸ਼ਾਂ ਹੇਠ ਵਾਤਾਵਰਨ ਨਾਲ ਸਬੰਧਤ ਤੇ ਪਲਾਸਟਿਕ ਪ੍ਰਦੂਸ਼ਣ ਨੂੰ ਰੋਕਣ ਲਈ ਮਿਸ਼ਰਤ ਮੋਡ ਰਾਹੀਂ ਗਤੀਵਿਧੀਆਂ ਕਰਵਾਈਆਂ ਗਈਆਂ। ਇਸ ਮੌਕੇ ਵਿਸ਼ੇਸ਼ ਮਹਿਮਾਨ ਵਜੋਂ ਬੀ.ਐੱਫ.ਜੀ.ਆਈ. ਦੇ ਡਿਪਟੀ ਡਾਇਰੈਕਟਰ (ਕੈਰੀਅਰ ਗਾਈਡੈਂਸ ਤੇ ਕਾਊਂਸਲਿੰਗ) ਸ੍ਰੀ ਬੀ. ਡੀ. ਸ਼ਰਮਾ, ਡਿਪਟੀ ਡਾਇਰੈਕਟਰ (ਸਹੂਲਤ ਪ੍ਰਬੰਧਨ) ਸ. ਹਰਪਾਲ ਸਿੰਘ, ਬਾਬਾ ਫ਼ਰੀਦ ਕਾਲਜ ਦੇ ਡੀਨ (ਸਾਇੰਸਜ਼) ਡਾ. ਜਾਵੇਦ ਅਹਿਮਦ, ਡੀਨ (ਐਗਰੀਕਲਚਰ) ਡਾ. ਵਿਨੀਤ ਚਾਵਲਾ ਨੇ ਪੌਦੇ ਲਗਾਏ ਤੇ ਵੱਖ-ਵੱਖ ਰੁੱਖਾਂ ਦੀ ਵਰਤੋਂ ਤੇ ਮਹੱਤਤਾ ਬਾਰੇ ਦੱਸਿਆ। ਬਾਬਾ ਫ਼ਰੀਦ ਕਾਲਜ ਦੇ ਡਾ. ਜਾਵੇਦ ਅਹਿਮਦ ਖ਼ਾਨ, ਡੀਨ ਤੇ ਬਾਇਓਟੈਕਨਾਲੋਜੀ ਵਿਭਾਗ ਦੇ ਮੁਖੀ ਡਾ. ਰੀਤੂ ਪਵਨ ਨੇ ਰੈਲੀ ਦੀ ਸ਼ੁਰੂਆਤ 'ਤੇ ਵਿਦਿਆਰਥੀਆਂ ਨੂੰ ਆਪਣੀਆਂ ਨਿੱਘੀਆਂ ਸ਼ੁੱਭ-ਕਾਮਨਾਵਾਂ ਦਿੱਤੀਆਂ। ਬੀ.ਐਫ.ਜੀ.ਆਈ. ਦੇ ਚੇਅਰਮੈਨ ਡਾ. ਗੁਰਮੀਤ ਸਿੰਘ ਧਾਲੀਵਾਲ ਨੇ ਇਸ ਉਪਰਾਲੇ ਦੀ ਭਰਪੂਰ ਸ਼ਲਾਘਾ ਕੀਤੀ।

**ਜਲਾਲਾਬਾਦ (ਜੀਤ ਕੁਮਾਰ)** : ਵਿਸ਼ਵ ਵਾਤਾਵਰਣ ਦਿਵਸ ਨੂੰ ਲੈ ਕੇ ਸਮੁੱਚੇ ਸਮਾਜ ਵਿੱਚ ਵਤਾਵਰਨ ਪ੍ਰਤੀ ਲੋਕਾਂ ਨੂੰ ਜਾਗਰੂਕ ਕਰਨ ਲਈ ਸਮਾਗਮ ਕਰਨ ਲਈ ਉਲੀਕੇ ਗਏ ਪ੍ਰੋਗਰਾਮ ਤਹਿਤ ਬਲਾਕ ਜਲਾਲਾਬਾਦ-2 ਦੇ ਬਲਾਕ ਪ੍ਰਾਇਮਰੀ ਸਿੱਖਿਆ ਅਫ਼ਸਰ ਦੇ ਦਫਤਰ ਵਿੱਚ ਇੱਕ ਨਿਵੇਕਲੀ ਸ਼ੁਰੂਆਤ ਕਰਦਿਆਂ ਜਿੱਥੇ ਵਾਤਾਵਰਣ ਦਿਵਸ ਤੇ ਹਵਾ ਦੀ ਸ਼ੁੱਧਤਾ ਦੀ ਸਾਂਭ-ਸੰਭਾਲ ਦਾ ਹਲਫ ਲਿਆ, ਉਥੇ ਸਥਾਨਕ ਦਫਤਰ ਵਿਚ ਪੌਦੇ ਲਗਾ ਕੇ ਇਸ ਦਿਨ 'ਤੇ ਲੋਕਾਂ ਨੂੰ ਵਾਤਾਵਰਣ ਸ਼ੁੱਧ ਕਰਨ 'ਤੇ ਵੱਧ ਤੋਂ ਵੱਧ ਰੁੱਖ ਲਗਾਉਣ ਦਾ ਸੁਨੇਹਾ ਦਿੱਤਾ ਗਿਆ। ਇਸ ਮੌਕੇ ਬੀ ਪੀ ਈ ਓ ਨਰਿੰਦਰ ਸਿੰਘ ਨੇ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਉਚੇਚੇ ਤੌਰ 'ਤੇ ਵਤਵਰਣ ਦੀ ਸੰਭਾਲ ਲਈ ਯਤਨ ਕੀਤੇ ਜਾ ਰਹੇ ਹਨ। ਸਾਡਾ ਵੀ ਫਰਜ਼ ਬਣਦਾ ਹੈ ਕਿ ਮਾਨਵਤਾ ਦੇ ਭਲੇ ਲਈ ਇਸ ਮਹਾਂਯੱਗ ਵਿੱਚ ਆਪਣਾ ਹਿੱਸਾ ਪਾਈਏ। ਇਸ ਮੌਕੇ ਬੀ.ਪੀ.ਈ.ਓ. ਜਸਪਾਲ ਸਿੰਘ ਤੇ ਸ਼੍ਰੀਮਤੀ ਸੁਸ਼ੀਲ ਕੁਮਾਰੀ ਤੋਂ ਇਲਾਵਾ ਸਟਾਫ ਮੈਂਬਰ ਸੁਨੀਤਾ ਕੰਬੋਜ, ਤਿਲਕ ਰਾਜ, ਸੁਖਵਿੰਦਰ ਕੌਰ, ਗੁਰਚਰਨ ਸਿੰਘ ਆਦਿ ਹਾਜ਼ਰ ਸਨ।

**ਜਲਾਲਾਬਾਦ (ਜੀਤ ਕੁਮਾਰ)** : ਵਿਸ਼ਵ ਵਾਤਾਵਰਣ ਦਿਵਸ ਮੌਕੇ ਰਾਹਤ ਇੰਸਟੀਚਿਊਟ ਜਲਾਲਾਬਾਦ ਦੇ ਸਟਾਫ ਤੇ ਵਿਦਿਆਰਥੀਆਂ ਵੱਲੋਂ ਈਕੋ ਸੇਵਰ ਕਲੱਬ ਦੇ ਨਾਲ ਮਿਲ ਕੇ ਸਥਾਨਕ ਬਹੁ-ਮੰਤਵੀ ਸਪੋਟਰਸ ਸਟੇਡੀਅਮ ਵਿਖੇ ਪੌਦੇ ਲਗਾਏ। ਇਸ ਦੌਰਾਨ ਰਾਹਤ ਇੰਸਟੀਚਿਊਟ ਦੇ ਸੰਚਾਲਕ ਸਰਨ ਕਮੀਰੀਆ ਤੇ ਈਕੋ ਸੇਵਰ ਕਲੱਬ ਦੇ ਨੁਮਾਇੰਦਿਆਂ ਵੱਲੋਂ ਵਿਦਿਆਰਥੀਆਂ ਤੇ ਆਮ ਆਵਾਮ ਨੂੰ ਬੂਟੇ ਲਗਾਉਣ, ਉਨ੍ਹਾਂ ਦੀ ਸਾਂਭ ਸੰਭਾਲ ਕਰਨ ਤੇ ਵਾਤਾਵਰਣ ਨੂੰ ਹਰਿਆ ਭਰਿਆ ਅਤੇ ਸਾਫ ਸੁਥਰਾ ਬਣਾਏ ਰੱਖਣ ਦੀ ਅਪੀਲ ਕੀਤੀ। ਇਸ ਮੌਕੇ ਈਕੋ ਸੇਵਰ ਕਲੱਬ ਦੇ ਮੈਂਬਰ ਸਟੇਟ ਐਵਾਰਡੀ ਪ੍ਰਭਦੀਪ ਸਿੰਘ, ਪ੍ਰਦੀਪ ਕੁਮਾਰ, ਤਜਿੰਦਰਪਾਲ ਸਿੰਘ, ਹਰਪ੍ਰੀਤ ਸਿੰਘ, ਬਲਪ੍ਰੀਤ ਸਿੰਘ, ਪ੍ਰਦੀਪ ਸਿੰਘ, ਪ੍ਰੇਮ ਕੁਮਾਰ ਹਾਜ਼ਰ ਸਨ।

**ਚੀਮਾਂ ਮੰਡੀ (ਰਵਿੰਦਰ ਚੀਮਾ)** : ਮਾਡਰਨ ਕਾਲਜ ਆਫ ਐਜੂਕੇਸ਼ਨ ਬੀਰ ਕਲਾਂ ਵਿਖੇ ਪ੍ਰਿੰਸੀਪਲ ਡਾ. ਵੀ ਕੇ ਰਾਏ ਦੀ ਅਗਵਾਈ ਹੇਠ ਵਿਸ਼ਵ ਵਾਤਾਵਰਣ ਦਿਵਸ ਮਨਾਇਆ ਗਿਆ। ਇਸ ਵਿੱਚ ਸਭ ਤੋਂ ਪਹਿਲਾਂ ਪ੍ਰਿੰਸੀਪਲ ਨੇ ਇਸ ਦਿਵਸ ਬਾਰੇ ਜਾਣਕਾਰੀ ਦਿੰਦਿਆਂ ਕਿਹਾ ਕਿ ਇਸ ਦਾ ਮੁੱਖ ਉਦੇਸ਼ ਵਾਤਾਵਰਣ ਦੀ ਰੱਖਿਆ ਕਰਨਾ ਤੇ ਲੋਕਾਂ ਨੂੰ ਜਾਗਰੂਕ ਕਰਨਾ ਹੈ। ਉਨ੍ਹਾਂ ਕਿਹਾ ਕਿ ਸਕੂਲਾਂ ਤੇ ਕਾਲਜਾਂ ਤੋਂ ਇਲਾਵਾ ਸਮੂਹ ਦੁਨੀਆਂ ਵਿੱਚ ਇਸ ਦਿਵਸ ਨੂੰ ਮਨਾਇਆ ਜਾਂਦਾ ਹੈ। ਉਨ੍ਹਾਂ ਕਿਹਾ ਕਿ ਲੋਕਾਂ ਨੂੰ ਫਿਲਮਾਂ ਤੇ ਡਾਕੂਮੈਂਟਰੀ ਵਿਖਾ ਕੇ ਵੀ ਇਸ ਸਬੰਧੀ ਜਾਗਰੂਕ ਕੀਤਾ ਜਾ ਰਿਹਾ ਹੈ। ਇਸ ਦੇ ਨਾਲ ਹੀ ਕਈ ਸੰਸਥਾਵਾਂ ਵੱਲੋਂ ਬੂਟੇ ਲਗਾ ਕੇ ਇਸ ਦਿਵਸ ਨੂੰ ਮਨਾਇਆ ਜਾਂਦਾ ਹੈ। ਇਸ ਮੌਕੇ ਸ਼ਾਮਲ ਸਾਰੇ ਪ੍ਰੋਫੈਸਰ ਸਾਹਿਬਾਨ ਤੇ ਵਿਦਿਆਰਥੀਆਂ ਵੱਲੋਂ ਵਾਤਾਵਰਣ ਦੀ ਸੰਭਾਲ ਸਬੰਧੀ ਆਪਣੇ ਵਿਚਾਰ ਪੇਸ਼ ਕੀਤੇ



ਤਲਵੰਡੀ ਸਾਬੋ

ਗਏ। ਇਸ ਬਾਰੇ ਅਪਣੇ ਸੰਬੋਧਨ ਵਿੱਚ ਕਾਲਜ ਦੇ ਚੇਅਰਮੈਨ ਡਾ. ਰਵਿੰਦਰ ਬਾਂਸਲ ਨੇ ਕਿਹਾ ਕਿ ਸਾਡਾ ਵਾਤਾਵਰਣ ਦਿਨ ਪ੍ਰਤੀ ਦਿਨ ਦੂਸ਼ਿਤ ਹੁੰਦਾ ਜਾ ਰਿਹਾ ਹੈ, ਜਿਸ ਕਾਰਨ ਜੀਵ ਜੰਤੂ, ਪੰਛੀ ਤੇ ਜਲਵਾਯੂ ਦੇ ਭਵਿੱਖ ਲਈ ਖਤਰਾ ਬਣ ਗਿਆ ਹੈ। ਉਨ੍ਹਾਂ ਕਿਹਾ ਕਿ ਕੁਦਰਤ ਦੀ ਸੰਭਾਲ ਲਈ ਬੂਟੇ ਲਗਾਉਣ ਦੇ ਨਾਲ ਨਾਲ ਦਰੱਖਤਾਂ ਦੀ ਕਟਾਈ ਨੂੰ ਰੋਕਣਾ ਅਹਿਮ ਹੈ। ਇਸ ਮੌਕੇ ਪ੍ਰਿੰਸੀਪਲ ਦੇ ਨਿਰਦੇਸ਼ਾਂ ਹੇਠ ਕਾਲਜ ਵਿੱਚ ਬੂਟੇ ਵੀ ਲਗਾਏ ਗਏ।

**ਫਤਿਹਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)** : ਰਾਣਾ ਹਸਪਤਾਲ ਨੇ ਆਪਣੇ ਕਰਮਚਾਰੀਆਂ ਨੂੰ ਵਾਤਾਵਰਣ ਦਿਵਸ 'ਤੇ ਰੁੱਖ ਲਗਾਉਣ ਲਈ ਪ੍ਰੇਰਿਤ ਕੀਤਾ। ਰਾਣਾ ਹਸਪਤਾਲ ਦੇ ਮੁਖੀ ਡਾ. ਹਿਤੇਂਦਰ ਸੂਰੀ ਨੇ ਕਿਹਾ ਕਿ ਸਾਡਾ ਮੰਨਣਾ ਹੈ ਕਿ ਵਾਤਾਵਰਣ ਨੂੰ ਬਚਾਉਣ ਲਈ ਹਰ ਕਿਸੇ ਦੀ ਭੂਮਿਕਾ ਹੈ। ਰੁੱਖ ਲਗਾਉਣਾ ਇੱਕ ਸਧਾਰਨ ਤਰੀਕਾ ਹੈ, ਜਿਸ ਨਾਲ ਸਾਡੇ ਕਰਮਚਾਰੀ ਇੱਕ ਫਰਕ ਲਿਆ ਸਕਦੇ ਹਨ। ਅਸੀਂ ਵਾਤਾਵਰਣ ਦੇ ਚੰਗੇ ਪ੍ਰਬੰਧਕ ਬਣਨ ਲਈ ਵਚਨਬੱਧ ਹਾਂ। ਸਾਡੀ ਟੀਮ ਵਾਤਾਵਰਣ ਦਿਵਸ 'ਤੇ ਹਰ ਰੋਜ਼ ਰੁੱਖ ਲਗਾ ਕੇ ਇਸ ਯਤਨ ਵਿੱਚ ਸਾਡੇ ਨਾਲ ਸ਼ਾਮਲ ਹੋਵੇਗੀ। ਰਾਣਾ ਹਸਪਤਾਲ ਨਾ ਸਿਰਫ ਆਪਣੇ ਤੱਕ ਸਗੋਂ ਆਲੇ-ਦੁਆਲੇ ਦੇ ਭਾਈਚਾਰੇ ਵਿੱਚ ਵੀ ਵਾਤਾਵਰਨ 'ਤੇ ਸਕਾਰਾਤਮਕ ਪ੍ਰਭਾਵ ਪਾਉਣ ਦੀ ਹਮੇਸ਼ਾ ਕੋਸ਼ਿਸ਼ ਕਰਦਾ ਹੈ। ਰਾਣਾ ਹਸਪਤਾਲ ਹੋਰ ਸੰਸਥਾਵਾਂ, ਕਮਿਊਨਿਟੀ ਮੈਂਬਰਾਂ ਤੇ ਹਿੱਸੇਦਾਰਾਂ ਨੂੰ ਉਨ੍ਹਾਂ ਦੇ ਮਿਸ਼ਨ 'ਚ ਸ਼ਾਮਲ ਹੋਣ ਲਈ ਸੱਦਾ ਦਿੰਦਾ ਹੈ।

**ਤਲਵੰਡੀ ਸਾਬੋ (ਜਗਦੀਪ ਗਿੱਲ)** : ਸਹਾਇਕ ਡਾਇਰੈਕਟਰ ਯੁਵਕ ਸੇਵਾਵਾਂ ਬਠਿੰਡਾ ਕੁਲਵਿੰਦਰ ਸਿੰਘ ਸਿੱਧੂ ਦੇ ਦਿਸ਼ਾ ਨਿਰਦੇਸ਼ਾਂ ਤੇ ਪ੍ਰੋਗਰਾਮ ਅਫ਼ਸਰ ਗੁਰਪ੍ਰੀਤ ਸਿੰਘ ਦੀ ਅਗਵਾਈ ਵਿੱਚ ਕੌਮੀ ਸੇਵਾ ਯੋਜਨਾ ਯੂਨਿਟ ਖਾਲਸਾ ਸੀਨੀਅਰ ਸੈਕੰਡਰੀ ਸਕੂਲ (ਲੜਕੇ) ਤਲਵੰਡੀ ਸਾਬੋ ਦੇ ਸਾਲਾਨਾ ਪ੍ਰੋਗਰਾਮ ਅਨੁਸਾਰ ਸਥਾਨਕ ਖਾਲਸਾ ਸਕੂਲ ਵਿੱਚ ਵਿਸ਼ਵ ਵਾਤਾਵਰਣ ਦਿਵਸ ਮਨਾਇਆ ਗਿਆ, ਜਿਸ ਦੌਰਾਨ ਫਲਦਾਰ ਤੇ ਛਾਂਦਾਰ ਪੌਦੇ ਲਗਾਏ ਗਏ। ਇਸ ਦੌਰਾਨ ਲੈਕਚਰ ਦੌਰਾਨ ਸਕੂਲ ਪ੍ਰਿੰਸੀਪਲ ਬਿਕਰਮਜੀਤ ਸਿੰਘ ਸਿੱਧੂ ਨੇ ਵਲੰਟੀਅਰਾਂ ਤੇ ਵਿਦਿਆਰਥੀਆਂ ਨਾਲ ਜਾਣਕਾਰੀ ਸਾਂਝੀ ਕਰਦੇ ਹੋਏ ਕਿਹਾ ਵਾਤਾਵਰਣ 'ਚ ਆ ਰਹੀਆਂ ਤਬਦੀਲੀਆਂ ਚਿੰਤਾ ਦਾ ਵਿਸ਼ਾ ਹਨ, ਜਿਸ ਦਾ ਵੱਡਾ ਕਾਰਨ ਬੇਲਗਾਮ ਮੁਨਾਫਾ ਕਮਾਊ ਵਿਕਾਸ ਯੋਜਨਾਵਾਂ ਹਨ, ਜਿਸ ਦਾ ਸਭ ਤੋਂ ਵੱਧ ਅਸਰ ਸਾਡੇ ਜੰਗਲੀ ਖੇਤਰ 'ਤੇ ਪੈ ਰਿਹਾ ਹੈ। ਸਾਨੂੰ ਸਭ ਨੂੰ ਮਿਲ ਕੇ ਇਸ ਸੀ ਭਰਪਾਈ ਕਰਨ ਲਈ ਅੱਗੇ ਆਉਣਾ ਪੈਣਾ ਹੈ, ਇਸ ਲਈ ਅਸੀਂ ਕੋਸ਼ਿਸ਼ ਕਰੀਏ ਕਿ ਵੱਧ ਤੋਂ ਵੱਧ ਰੁੱਖ ਲਗਾ ਕੇ ਵਾਤਾਵਰਣ ਨੂੰ ਸ਼ੁੱਧ ਬਣਾਉਣ 'ਚ ਆਪਣਾ ਯੋਗਦਾਨ ਪਾਈਏ। ਪ੍ਰੋਗ੍ਰਾਮ ਅਫ਼ਸਰ ਗੁਰਪ੍ਰੀਤ ਸਿੰਘ ਨੇ ਕਿਹਾ ਕਿ ਸਾਨੂੰ ਸਭ ਨੂੰ ਆਪਣਾ ਵਾਤਾਵਰਣ ਸ਼ੁੱਧ ਤੇ ਸਾਫ਼ ਰੱਖਣ ਲਈ ਆਪਣਾ ਯੋਗਦਾਨ ਪਾਉਣਾ ਚਾਹੀਦਾ ਹੈ। ਲੈਕਚਰਾਰ ਜਸਵੀਰ ਕੌਰ ਸਭ ਦਾ ਧੰਨਵਾਦ ਕੀਤਾ। ਇਸ ਦੌਰਾਨ ਅਧਿਆਪਕ ਗਗਨਦੀਪ ਸਿੰਘ, ਸਤਨਾਮ ਸਿੰਘ, ਹਰਪਾਲ ਸਿੰਘ ਹਾਜ਼ਰ ਸਨ।

**ਮੱਖੂ (ਰਫ਼ਪਾਲ ਸਿੰਘ ਸੰਧੂ)** : ਸਰਵਹਿਤਕਾਰੀ ਵਿੱਦਿਆ


ਜਲਾਲਾਬਾਦ

ਮੰਦਰ ਹਾਈ ਸਕੂਲ ਮੱਖੂ ਵੱਲੋਂ ਵਿਸ਼ਵ ਵਾਤਾਵਰਣ ਦਿਵਸ ਸਕੂਲ 'ਚ ਪੌਦੇ ਲਗਾ ਕੇ ਮਨਾਇਆ ਗਿਆ। ਇਸ ਮੌਕੇ ਸਕੂਲ ਦੇ ਪ੍ਰਿੰਸੀਪਲ ਮੈਡਮ ਅਮਨਦੀਪ ਕੌਰ ਵੱਲੋਂ ਬੱਚਿਆਂ ਨੂੰ ਵਾਤਾਵਰਣ ਦਿਵਸ ਬਾਰੇ ਜਾਣਕਾਰੀ ਦਿੱਤੀ ਗਈ ਤੇ ਬੱਚਿਆਂ ਨੂੰ ਵਾਤਾਵਰਣ ਦੀ ਸੁਰੱਖਿਆ, ਸ਼ੁੱਧਤਾ ਤੇ ਸਾਂਭ ਸੰਭਾਲ ਲਈ ਪ੍ਰੇਰਿਤ ਕੀਤਾ। ਇਸ ਦੇ ਨਾਲ ਹੀ ਬੱਚਿਆਂ ਨੂੰ ਆਪਣੇ ਜਨਮ ਦਿਨ ਵਾਲੇ ਦਿਨ ਇੱਕ ਨਵਾਂ ਪੌਦਾ ਲਗਾਉਣ ਲਈ ਵੀ ਪ੍ਰੇਰਿਤ ਕੀਤਾ। ਇਸ ਮੌਕੇ ਸਕੂਲ ਦੀ ਪ੍ਰਬੰਧਨ ਕਮੇਟੀ ਦੇ ਪ੍ਰਧਾਨ ਡਾ. ਰਜੀਵ ਅਹੂਜਾ, ਸਕੂਲ ਦੇ ਪ੍ਰਿੰਸੀਪਲ ਮੈਡਮ ਅਮਨਦੀਪ ਕੌਰ, ਪ੍ਰਾਂਤ ਪ੍ਰਤੀਨਿਧੀ ਸੁਭਾਸ਼ ਗੁਪਤਾ, ਸ੍ਰੀਮਤੀ ਰਜਨੀ ਠੁਕਰਾਲ, ਏਕਲ ਵਿਦਿਆਲੇ ਪ੍ਰਮੁੱਖ ਅਮਿਤ ਅਰੋੜਾ ਤੇ ਸਟਾਫ ਵੱਲੋਂ ਪੌਦੇ ਲਗਾਏ ਲਗਾਉਂਦਿਆਂ ਕਿਹਾ ਕਿ ਦਿਨ-ਬ-ਦਿਨ ਵਧ ਰਹੇ ਪ੍ਰਦੂਸ਼ਣ ਤੇ ਤਾਪਮਾਨ ਸਾਨੂੰ ਸਾਰਿਆਂ ਨੂੰ ਬੀਮਾਰੀਆਂ ਦੀ ਲਪੇਟ ਵਿੱਚ ਲਿਆ ਰਿਹਾ ਹੈ, ਜੋ ਕਿ ਚਿੰਤਾ ਦਾ ਵਿਸ਼ਾ ਹੈ। ਇਸ ਦੀ ਰੋਕਥਾਮ ਲਈ ਵੱਡੀ ਗਿਣਤੀ ਵਿੱਚ ਰੁੱਖ ਲਗਾਉਣੇ ਸਾਡੀ ਨੈਤਿਕ ਜ਼ਿੰਮੇਵਾਰੀ ਵੀ ਹੈ।


ਮਖੂ


ਰਾਮਪੁਰਾ ਫੂਲ


ਜਲਾਲਾਬਾਦ


ਦੋਦਾ



ਖੰਨਾ

# ਸਰਬ ਨੌਜਵਾਨ ਸਭਾ ਨੇ ਮਨਾਇਆ ਵਣ-ਮਹਾਂਉਤਸਵ



**ਫਗਵਾੜਾ (ਡਾ.ਰਮਨ, ਜਸਵਿੰਦਰ ਢੱਡਾ)**- ਸਰਬ ਨੌਜਵਾਨ ਸਭਾ (ਰਜਿ.) ਫਗਵਾੜਾ ਵੱਲੋਂ ਵਿਸ਼ਵ ਵਾਤਾਵਰਣ ਦਿਵਸ ਨੂੰ ਸਮਰਪਿਤ ਸਮਾਗਮ ਸਥਾਨਕ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ (ਲੜਕੇ) ਵਿਖੇ ਸਭਾ ਦੇ ਪ੍ਰਧਾਨ ਸੁਖਵਿੰਦਰ ਸਿੰਘ ਦੀ ਅਗਵਾਈ ਹੇਠ ਕਰਵਾਇਆ ਗਿਆ। ਨਹਿਰੂ ਯੁਵਾ ਕੇਂਦਰ, ਕਪੂਰਥਲਾ ਅਤੇ ਜੰਗਲਾਤ ਵਿਭਾਗ, ਫਗਵਾੜਾ ਦੇ ਸਹਿਯੋਗ ਨਾਲ ਕਰਵਾਏ ਗਏ ਇਸ ਸਮਾਗਮ ਦਾ ਵਿਸ਼ਾ 'ਵਾਤਾਵਰਣ ਦੀ ਸੁਰੱਖਿਆ ਲਈ ਪਲਾਸਟਿਕ ਦੀ ਘੱਟ ਵਰਤੋਂ' ਦਾ ਸੰਦੇਸ਼ ਦੇਣਾ ਸੀ। ਪ੍ਰੋਗਰਾਮ ਦੌਰਾਨ ਮੁੱਖ ਮਹਿਮਾਨ ਵਜੋਂ ਐਸ.ਡੀ.ਐਮ ਫਗਵਾੜਾ ਜੈਇੰਦਰ ਸਿੰਘ, ਜਦਕਿ ਵਿਸ਼ੇਸ਼ ਮਹਿਮਾਨਾਂ ਵਜੋਂ ਐਸ.ਪੀ ਫਗਵਾੜਾ ਗੁਰਪ੍ਰੀਤ ਸਿੰਘ ਗਿੱਲ, ਆਪ ਆਗੂ ਸੰਤੋਸ਼ ਕੁਮਾਰ ਗੋਗੀ, ਮਨੋਜ ਕੁਮਾਰ ਵਣ ਰੇਂਜ ਅਫ਼ਸਰ, ਤੀਰਥ ਸਿੰਘ ਬਲਾਕ ਅਫ਼ਸਰ ਤੋਂ ਇਲਾਵਾ ਪ੍ਰਿੰਸੀਪਲ ਗੁਰਮੀਤ ਸਿੰਘ ਪਲਾਹੀ, ਹੁਸਨ ਲਾਲ ਜਨਰਲ ਮੈਨੇਜਰ ਜੇ.ਸੀ.ਟੀ., ਐਨ.ਆਰ.ਆਈ. ਹਰਜਿੰਦਰ ਸਿੰਘ ਕੰਡਾ (ਫਰਾਂਸ), ਕੋਚ ਮਨੋਹਰ ਸਿੰਘ ਤਲਵਾੜ, ਅਧਿਆਪਕ ਆਗੂ ਵਰਿੰਦਰ ਸਿੰਘ ਕੰਬੋਜ ਨੇ ਸ਼ਿਰਕਤ ਕੀਤੀ। ਸਮਾਗਮ ਦਾ ਉਦਘਾਟਨ ਸਕੂਲ ਕੈਂਪਸ ਵਿੱਚ ਵੱਖ-ਵੱਖ ਕਿਸਮਾਂ ਦੇ ਬੂਟੇ ਲਗਾ ਕੇ ਕੀਤਾ ਗਿਆ। ਮੁੱਖ ਮਹਿਮਾਨ ਜੈਇੰਦਰ ਸਿੰਘ (ਪੀ ਸੀ ਐਸ) ਨੇ ਆਪਣੇ ਸੰਬੋਧਨ ਵਿੱਚ ਕਿਹਾ ਕਿ ਸਾਨੂੰ ਪਲਾਸਟਿਕ ਦੀ ਵਰਤੋਂ ਬੰਦ ਕਰਨੀ ਚਾਹੀਦੀ ਹੈ ਅਤੇ ਸ਼ਹਿਰ ਨੂੰ ਹਰਿਆ ਭਰਿਆ ਰੱਖਣ ਲਈ ਰੁੱਖ ਲਗਾਉਣੇ ਚਾਹੀਦੇ ਹਨ। ਉਨ੍ਹਾਂ ਰਵਾਇਤੀ ਰੁੱਖਾਂ ਜਿਵੇਂ ਬੋਹੜ, ਪਿੱਪਲ, ਕਿੱਕਰ, ਟਾਹਲੀ ਆਦਿ ਦੀ ਸਾਂਭ ਸੰਭਾਲ 'ਤੇ ਜ਼ੋਰ ਦਿੰਦਿਆਂ ਕਿਹਾ ਕਿ ਜੇਕਰ ਰੁੱਖ ਹੋਣਗੇ ਤਾਂ ਹੀ ਮਨੁੱਖੀ ਜੀਵਨ ਸੁਰੱਖਿਤ ਹੈ ਨਹੀਂ ਤਾਂ ਮਨੁੱਖਤਾ ਨੂੰ ਵੱਡੀਆਂ ਸਰੀਰਕ ਸਮੱਸਿਆਵਾਂ ਦਾ ਸਾਹਮਣਾ ਕਰਨਾ ਪਵੇਗਾ। ਐਸ ਪੀ ਗੁਰਪ੍ਰੀਤ ਸਿੰਘ ਗਿੱਲ ਨੇ ਕਿਹਾ ਕਿ ਰੁੱਖ ਲਗਾਉਣੇ, ਧਰਤੀ ਹੇਠਲੇ ਪਾਣੀ ਦੀ ਸੰਭਾਲ, ਵਾਤਾਵਰਣ ਨੂੰ ਪ੍ਰਦੂਸ਼ਿਤ ਹੋਣ ਤੋਂ ਬਚਾਉਣਾ ਸਮੇਂ ਦੀ ਮੁੱਖ ਲੋੜ ਹੈ। ਇਸ ਦੇ ਲਈ ਦੇਸ਼ ਦੇ ਹਰ ਨਾਗਰਿਕ ਨੂੰ ਸੁਚੇਤ ਹੋ ਕੇ ਕੰਮ ਕਰਨਾ ਚਾਹੀਦਾ ਹੈ ਕਿਉਂਕਿ ਰੁੱਖਾਂ ਦੀ ਕਟਾਈ ਨਾਲ ਵਾਤਾਵਰਣ ਦਾ ਸੰਤੁਲਨ ਵਿਗੜ ਰਿਹਾ ਹੈ, ਮੌਸਮ ਦਾ ਚੱਕਰ ਬਦਲ ਰਿਹਾ ਹੈ। ਵਣ ਰੇਂਜ ਅਫ਼ਸਰ ਮਨੋਜ ਕੁਮਾਰ ਨੇ ਵੱਧ ਤੋਂ ਵੱਧ ਰੁੱਖ ਲਗਾਉਣ ਅਤੇ ਉਨ੍ਹਾਂ ਦੀ ਸਾਂਭ ਸੰਭਾਲ 'ਤੇ ਜ਼ੋਰ ਦਿੱਤਾ। ਉਨ੍ਹਾਂ ਦੱਸਿਆ ਕਿ ਕੋਈ ਵੀ ਸਮਾਜ ਸੇਵੀ ਸੰਸਥਾ ਬੂਟੇ ਲਗਾਉਣ ਲਈ ਵਿਭਾਗ ਨਾਲ ਸੰਪਰਕ ਕਰਕੇ ਫਰੀ ਬੂਟੇ ਪ੍ਰਾਪਤ ਕਰ ਸਕਦੀ ਹੈ। 'ਆਪ' ਆਗੂ ਸੰਤੋਸ਼ ਕੁਮਾਰ ਗੋਗੀ ਨੇ ਕਿਹਾ ਕਿ ਹਵਾ, ਪਾਣੀ ਅਤੇ ਮਨ ਦੇ ਪ੍ਰਦੂਸ਼ਣ ਨੂੰ ਦੂਰ ਕਰਕੇ ਹੀ ਸਵੱਛ ਸਮਾਜ ਦੀ ਸਿਰਜਣਾ ਕੀਤੀ ਜਾ ਸਕਦੀ ਹੈ ਅਤੇ ਇਹ ਸਮੇਂ ਦੀ ਲੋੜ ਹੈ। ਪ੍ਰਿੰਸੀਪਲ ਗੁਰਮੀਤ ਸਿੰਘ ਪਲਾਹੀ ਨੇ ਕਿਹਾ ਕਿ ਪੰਜਾਬ ਵਿੱਚ ਧਰਤੀ ਹੇਠਲੇ ਪਾਣੀ ਦਾ ਘਟਣਾ ਇਸ ਉਪਜਾਊ ਸੂਬੇ ਨੂੰ ਮਾਰੂਥਲ ਵੱਲ ਲੈ ਜਾ ਰਿਹਾ ਹੈ ਜਿਸ ਨੂੰ ਹਰ ਕੀਮਤ 'ਤੇ ਰੋਕਿਆ ਜਾਣਾ ਚਾਹੀਦਾ ਹੈ। ਸਭਾ ਦੇ ਪ੍ਰਧਾਨ ਸੁਖਵਿੰਦਰ ਸਿੰਘ ਨੇ ਕਿਹਾ ਕਿ ਸਭਾ ਹਰ ਸਾਲ ਇਸ ਨਾਅਰੇ ਨਾਲ ਵਾਤਾਵਰਨ ਬਚਾਓ ਦਾ ਸੁਨੇਹਾ ਦਿੰਦੀ ਹੈ ਕਿ 'ਆਓ ਰਲ ਕੇ ਰੁੱਖ ਲਗਾਈਏ, ਜਿੰਨੇ ਲਾਈਏ, ਉਨ੍ਹੇ ਬਚਾਈਏ'। ਇਸ ਦੌਰਾਨ ਹਾਜ਼ਰ ਕਵੀਆਂ ਹਰਚਰਨ ਭਾਰਤੀ, ਮਨੋਜ ਫਗਵਾੜਵੀ, ਸੁਖਦੇਵ ਗੰਡਵਾਂ ਨੇ ਕਵਿਤਾਵਾਂ ਰਾਹੀਂ ਵਾਤਾਵਰਣ ਦੀ ਸੰਭਾਲ ਦਾ ਸੁਨੇਹਾ ਦਿੱਤਾ। ਸਭਾ ਦੀ ਸਰਪ੍ਰਸਤੀ ਹੇਠ ਚੱਲ ਰਹੇ ਵੋਕੇਸ਼ਨਲ ਸੈਂਟਰ ਦੇ ਵਿਦਿਆਰਥੀਆਂ ਨੇ ਸੁਖਦੇਵ ਰਾਏ ਅਤੇ ਨੀਤੂ ਗੁੱਡਿੰਗ ਵੱਲੋਂ ਤਿਆਰ ਕੀਤੀ ਕੋਰੀਓਗ੍ਰਾਫੀ ਰਾਹੀਂ ਵਾਤਾਵਰਣ ਦੀ ਸੰਭਾਲ ਦੀ ਬਹੁਤ ਹੀ ਭਾਵਪੂਰਤ ਪੇਸ਼ਕਾਰੀ ਦਿੱਤੀ। ਹਵਾ ਅਤੇ ਪਾਣੀ ਦੇ ਪ੍ਰਦੂਸ਼ਣ ਨੂੰ ਦਰਸਾਉਂਦੀ ਝਾਕੀ ਵਿਸ਼ੇਸ਼ ਖਿੱਚ ਦਾ ਕੇਂਦਰ ਰਹੀ। ਸਭਾ ਦੀ ਤਰਫੋਂ ਮੁੱਖ ਮਹਿਮਾਨ ਜੈਇੰਦਰ ਸਿੰਘ ਨੂੰ ਸਨਮਾਨਤ ਵੀ ਕੀਤਾ ਗਿਆ। ਮੰਚ ਸੰਚਾਲਨ ਸਭਾ ਦੇ ਉਪ ਪ੍ਰਧਾਨ ਰਵਿੰਦਰ ਸਿੰਘ ਰਾਏ ਨੇ ਕੀਤਾ। ਇਸ ਮੌਕੇ ਲੈਕਚਰਾਰ ਗਿਆਨ ਚੰਦ, ਲੈਕਚਰਾਰ ਸ਼ਰੂਤੀ ਦੁੱਗਲ, ਦਵਿੰਦਰ ਕੁਮਾਰ ਸ਼ਰਮਾ, ਸਤਨਾਮ ਸਿੰਘ ਰੰਧਾਵਾ, ਹਰਕਮਲ ਕੁਮਾਰ, ਗੁਰਪ੍ਰੀਤ ਕੌਰ, ਮੈਡਮ ਮਨਜੀਤ ਕੌਰ, ਰਮਨ ਨਹਿਰਾ, ਗੁਰਦੀਪ ਸਿੰਘ ਕੰਗ, ਸਵਰਨ ਸਿੰਘ ਪ੍ਰਧਾਨ ਹਲਵਾਈ ਯੂਨੀਅਨ, ਨਰੇਸ਼ ਕੋਹਲੀ ਰਿਟਾ. ਹੈੱਡ ਮਾਸਟਰ, ਡਾ. ਵਿਜੇ ਕੁਮਾਰ, ਰਾਕੇਸ਼ ਕੋਛੜ, ਸਾਹਿਬਜੀਤ ਸਾਬੀ, ਮਨਦੀਪ ਬਾਸੀ, ਅਨੂਪ ਦੁੱਗਲ, ਸੁਰਿੰਦਰ ਬੱਧਨ, ਰਾਜਕੁਮਾਰ ਰਾਜਾ, ਜੁਨੇਸ਼ ਜੈਨ, ਸਤਪ੍ਰਕਾਸ਼ ਸੱਗੂ, ਡਾ: ਨਰੇਸ਼ ਬਿੱਟੂ, ਹਰਵਿੰਦਰ ਸਿੰਘ, ਬਲਵੀਰ ਸਿੰਘ ਰਿਟਾ. ਐੱਸ.ਡੀ.ਓ., ਪਰਮਜੀਤ ਧਰਮਸੋਤ, ਸੁਧਾ ਰਾਣੀ, ਮੈਡਮ ਪੂਜਾ ਸੈਣੀ, ਮੈਡਮ ਤਨੂ, ਮੈਨੇਜਰ ਜਗਜੀਤ ਸੇਠ, ਵਿੱਕੀ ਸਿੰਘ, ਮੋਨਿਕਾ, ਪੂਜਾ ਮਹਿਮੀ, ਮਨਪ੍ਰੀਤ, ਪੂਨਮ, ਅਮਨਜੋਤ, ਸਿਮਰਨ, ਨਿਕਿਤਾ, ਦਾਮਿਨੀ, ਖੁਸ਼ਪ੍ਰੀਤ, ਈਸ਼ਾ, ਮਾਨਸੀ, ਨੀਲਮ, ਬਲਜਿੰਦਰ, ਜੋਵਨਪ੍ਰੀਤ, ਅੰਜਲੀ, ਨੀਲੂ, ਪ੍ਰਿਅੰਕਾ, ਪਰਮਜੀਤ, ਰੀਮਾ, ਪ੍ਰੀਤੀ, ਗੁਰਲੀਨ, ਮਨਜੀਤ, ਆਂਚਲ, ਪ੍ਰਿਆ, ਸੁਮਨ, ਅਮਨਪ੍ਰੀਤ ਆਦਿ ਹਾਜ਼ਰ ਸਨ।

# ਕੁੱਲ ਹਿੰਦ ਕਿਸਾਨ ਸਭਾ ਨੇ ਬ੍ਰਿਜ ਭੂਸ਼ਣ ਦਾ ਫੂਕਿਆ ਪੁਤਲਾ



**ਨਵਾਂਸ਼ਹਿਰ ( ਕੁਲਵਿੰਦਰ ਸਿੰਘ ਦੁਰਗਾਪੁਰੀਆ )** - ਦਿੱਲੀ ਵਿੱਚ ਆਪਣੇ ਸੰਵਿਧਾਨਕ ਹੱਕਾਂ ਲਈ ਅਤੇ ਦਿੱਲੀ ਪੁਲਸ ਦੇ ਅਤਿਆਚਾਰ ਦਾ ਸ਼ਿਕਾਰ ਹੋਈਆਂ ਪਹਿਲਵਾਨ ਬੇਟੀਆਂ ਨੂੰ ਇਨਸਾਫ ਦਿਵਾਉਣ ਲਈ ਸੰਯੁਕਤ ਕਿਸਾਨ ਮੋਰਚੇ ਦੇ ਸੱਦੇ 'ਤੇ ਕੁੱਲ ਹਿੰਦ ਕਿਸਾਨ ਸਭਾ ਪੰਜਾਬ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਵਲੋਂ ਕੁਸ਼ਤੀ ਫੈਡਰੇਸ਼ਨ ਦੇ ਸਾਬਕਾ ਪ੍ਰਧਾਨ ਐਮ ਪੀ ਬ੍ਰਿਜ ਭੂਸ਼ਨ ਸਰਨ ਸਿੰਘ ਦਾ ਪੁਤਲਾ ਫੂਕਿਆ ਗਿਆ। ਇਸ ਮੌਕੇ ਕੁੱਲ ਹਿੰਦ ਕਿਸਾਨ ਸਭਾ ਦੇ ਜ਼ਿਲ੍ਹਾ ਜਨਰਲ ਸਕੱਤਰ ਕਾਮਰੇਡ ਜਸਵਿੰਦਰ ਸਿੰਘ ਭੰਗਲ ਅਤੇ ਪ੍ਰਧਾਨ ਕਾਮਰੇਡ ਦਸੌਂਧਾ ਸਿੰਘ ਨੇ ਮੁਜਾਹਰੇ ਦੀ ਅਗਵਾਈ ਕਰਦਿਆਂ ਕਿਹਾ ਕਿ ਕੇਂਦਰ ਦੀ ਆਰ ਐਸ ਐਸ ਦੀ ਵਿਚਾਰਧਾਰਾ ਵਾਲੀ ਭਾਜਪਾ ਦੀ ਮੋਦੀ ਸਰਕਾਰ ਨੇ ਸਵਾਏ ਝੂਠੇ ਲਾਰਿਆਂ ਤੋਂ ਇਲਾਵਾ ਕੁੱਝ ਨਹੀਂ ਕੀਤਾ। ਬੇਟੀ ਪੜ੍ਹਾਓ ਬੇਟੀ ਬਚਾਓ ਪ੍ਰੋਗਰਾਮ ਤਹਿਤ ਇਸ ਦੇ ਆਗੂਆਂ ਦੀਆਂ ਕਰਤੂਤਾਂ ਨਾਲ ਪੂਰੇ ਸੰਸਾਰ ਵਿੱਚ ਕਿਰਕਿਰੀ ਹੋ ਰਹੀ ਹੈ। ਮਾਨਯੋਗ ਸੁਪਰੀਮ ਦੇ ਦਖ਼ਲ 'ਤੇ ਪਰਚਾ ਤਾਂ ਹੋ ਗਿਆ ਪਰ ਅੱਗੇ ਕੋਈ ਕਾਰਵਾਈ ਨਹੀਂ ਕੀਤੀ ਗਈ। ਉਨ੍ਹਾਂ ਕਿਹਾ ਕਿ ਇਸ ਜ਼ਿਆਦਤੀ ਦਾ ਸ਼ਿਕਾਰ ਹੋਈਆਂ ਪਹਿਲਵਾਨ ਬੇਟੀਆਂ ਨੂੰ ਇਨਸਾਫ ਦਿਵਾਉਣ ਲਈ ਆਖਰੀ ਸਾਹ ਤੱਕ ਸਾਥ ਦੇਣਗੇ। ਇਸ ਮੌਕੇ ਹੋਰਨਾਂ ਤੋਂ ਇਲਾਵਾ ਕਾਮਰੇਡ ਸੁਤੰਤਰ ਕੁਮਾਰ, ਬਲਜਿੰਦਰ ਸਿੰਘ, ਕਾਮਰੇਡ ਨਰੰਜਣ ਦਾਸ ਮੇਹਲੀ, ਜਸਵਿੰਦਰ ਲਾਲ , ਗੁਰਿੰਦਰ ਲਾਲ, ਜੋਗਿੰਦਰ ਸਿੰਘ ਚਣਕੋਈ, ਮੁਕੰਦ ਲਾਲ, ਪਰਵਿੰਦਰ ਮੇਨਕਾ, ਜਗਤਾਰ ਸਿੰਘ ਅਤੇ ਸੰਤੋਖ ਪਾਲ ਆਦਿ ਹਾਜਰ ਸਨ।

# ਵੱਖ-ਵੱਖ ਥਾਈਂ ਵਿਸ਼ਵ ਵਾਤਾਵਰਨ ਦਿਵਸ ਮਨਾਇਆ



**ਫਿਲੌਰ (ਨਿਰਮਲ)**- ਗੁਰੂ ਨਾਨਕ ਦੇਵ ਯੂਨੀਵਰਸਿਟੀ ਕਾਲਜ ਫਿਲੌਰ ਵਿਖੇ ਵਿਸ਼ਵ ਵਾਤਾਵਰਣ ਦਿਵਸ ਮਨਾਇਆ ਗਿਆ। ਇਸ ਮੌਕੇ ਕਾਲਜ ਪ੍ਰਿੰਸੀਪਲ ਡਾ. ਪਰਮਜੀਤ ਕੌਰ ਜੱਸਲ ਅਤੇ ਸਮੂਹ ਸਟਾਫ ਮੈਂਬਰਾਂ ਦੀ ਅਗਵਾਈ ਹੇਠ ਕਾਲਜ ਵਿੱਚ ਵੱਖ-ਵੱਖ ਕਿਸਮ ਦੇ ਫਲਦਾਰ ਅਤੇ ਛਾਂਦਾਰ ਬੂਟੇ ਲਗਾਏ ਗਏ ਜਿਸ ਵਿੱਚ ਕਟਹਲ, ਅੰਬ, ਲੀਚੀ, ਆੜੂ, ਬਦਾਮ, ਔਲ਼ੇ, ਚੀਕੂ, ਅੰਗੂਰ,ਆਲੂ ਬੁਖਾਰੇ, ਬੱਗੂ ਗੋਸ਼ਾ ਆਦਿ ਸ਼ਾਮਲ ਹਨ। ਕਾਲਜ ਪ੍ਰਿੰਸੀਪਲ ਡਾ. ਪਰਮਜੀਤ ਕੌਰ ਜੱਸਲ ਨੇ ਘੱਟ ਤੋਂ ਘੱਟ ਪਲਾਸਟਿਕ ਵਰਤਣ ਅਤੇ ਵੱਧ ਤੋਂ ਵੱਧ ਰੁੱਖ ਲਗਾਉਣ ਦਾ ਸੁਨੇਹਾ ਦਿੱਤਾ। ਵਿਦਿਆਰਥੀਆਂ ਨੇ ਵਾਤਾਵਰਣ ਦੀ ਸਾਂਭ ਸੰਭਾਲ ਕਰਨ ਅਤੇ ਇਸ ਸਬੰਧੀ ਜਾਗਰੂਕਤਾ ਫੈਲਾਉਣ ਦੀ ਸਹੁੰ ਚੁੱਕੀ।



**ਮੋਹਾਲੀ (ਗੁਰਜੀਤ ਬਿੱਲਾ)**- ਯੂਨੀਵਰਸਲ ਆਰਟ ਐਂਡ ਕਲਚਰ ਵੈਲਫੇਅਰ ਸੁਸਾਇਟੀ (ਰਜਿ:) ਮੋਹਾਲੀ ਵਲੋਂ ਲੱਚਰ ਤੇ ਹਥਿਆਰੀ ਗਾਇਕੀ ਦੇ ਵਿਰੋਧ ਵਿਚ ਚਲਾਏ ਗਏ ਵਿਰਾਸਤੀ ਅਖਾੜੇ ਦੇ ਨਾਲ-ਨਾਲ ਖਰਾਬ ਹੋ ਰਹੇ ਵਾਤਾਵਰਨ ਨੂੰ ਬਚਾਉਣ ਦਾ ਉਪਰਾਲਾ ਵੀ ਸ਼ੁਰੂ ਕਰ ਦਿੱਤਾ ਗਿਆ ਹੈ। ਸੋਸਾਇਟੀ ਦੇ ਪ੍ਰਧਾਨ ਰੰਗਕਰਮੀ ਤੇ ਅਦਾਕਾਰ ਨਰਿੰਦਰ ਪਾਲ ਸਿੰਘ ਨੀਨਾ ਨੇ ਦੱਸਿਆ ਕਿ ਵਿਸ਼ਵ ਵਾਤਾਵਰਣ ਦਿਵਸ ਨੂੰ ਰੁੱਖ ਲਗਾ ਕੇ ਮਨਾਇਆ ਗਿਆ। ਉਹਨਾਂ ਕਿਹਾ ਕਿ ਵਾਤਾਵਰਣ ਨੂੰ ਸਾਫ ਤੇ ਸ਼ੁੱਧ ਰੱਖਣ ਲਈ ਰੁੱਖ ਸੱਭ ਤੋਂ ਵੱਧ ਸਹਾਈ ਹੁੰਦੇ ਹਨ। ਸ਼ਹਿਰੀ ਵਿਕਾਸ ਕਾਰਨ ਬਹੁਤ ਸਾਰੇ ਰੁੱਖ ਕੱਟੇ ਜਾ ਰਹੇ ਹਨ। ਜਿਸ ਦੀ ਕੀਮਤ ਸਾਡਾ ਵਿਗੜਦਾ ਵਾਤਾਵਰਣ ਹੈ। ਅਸੀਂ ਆਪਣੀਆਂ ਆਉਣ ਵਾਲੀਆਂ ਪੀੜ੍ਹੀਆਂ ਨੂੰ ਸ਼ੁੱਧ ਵਾਤਾਵਰਨ ਦੇਣ ਲਈ ਹੁਣੇ ਤੋਂ ਤਿਆਰੀ ਸ਼ੁਰੂ ਕਰੀਏ। ਮਨਜੀਤ ਕੌਰ ਸਾਬਕਾ ਐਮ ਸੀ ਨੇ ਪਹਿਲਾ ਬੂਟਾ ਲਗਾਉਣ ਨਾਲ ਵਾਤਾਵਰਣ ਦੀ ਸੰਭਾਲ ਲਈ ਜਾਣਕਾਰੀ ਦਿੱਤੀ। ਕੌਮਾਂਤਰੀ ਅਲਗੋਜਾ ਉਸਤਾਦ ਕਰਮਜੀਤ ਸਿੰਘ ਬੱਗਾ ਸਟੇਟ ਐਵਾਰਡੀ ਅਤੇ ਗੀਤਕਾਰ ਬਲਜੀਤ ਫਿੱਡਿਆਂਵਾਲਾ ਵੱਲੋਂ ਵਾਤਾਵਰਣ ਨੂੰ ਬਚਾਉਣ ਦੀ ਸਿੱਖਿਆ ਦਿੰਦੇ ਹੋਏ ਕਵਿਤਾਵਾਂ ਵੀ ਬੋਲੀਆਂ ਗਈਆਂ। ਇਸ ਮੌਕੇ ਸਰਪ੍ਰਸਤ ਗੁਰਪ੍ਰੀਤ ਸਿੰਘ ਖਾਲਸਾ , ਗੋਪਾਲ ਸਰਮਾ , ਅੰਮ੍ਰਿਤਪਾਲ ਸਿੰਘ , ਸਿਮਰਨ ਸਿੰਘ, ਸੁਖਬੀਰ ਪਾਲ ਕੌਰ, ਅਨੁਰੀਤ ਪਾਲ , ਹਰਕੀਰਤ ਪਾਲ , ਮਨਦੀਪ, ਹਰਦੀਪ, ਸੁੱਖੀ, ਰਾਵਿੰਦਰ ਰਵੀ, ਦਰਸ਼ਨ ਸਿੰਘ ਆਦਿ ਹਾਜਰ ਸਨ।



**ਗੁਰਾਇਆ (ਬਿੰਦਰ ਸੁਮਨ)**—ਨਜ਼ਦੀਕੀ ਸ੍ਰੀ ਦਸਮੇਸ਼ ਕਾਨਵੈਂਟ ਕਾਨਵੈਂਟ ਸਕੂਲ ਮਨਸੂਰਪੁਰ ਅੱਟੀ ਦੇ ਬੱਚਿਆਂ ਨੇ ਗੁਰਾਇਆ ਥਾਣੇ ਦਾ ਦੌਰਾ ਕੀਤਾ। ਵਾਤਾਵਰਣ ਦਿਵਸ 'ਤੇ ਉਨਾਂ ਗੁਰਾਇਆ ਥਾਣੇ ਦੇ ਵਿਹੜੇ ਅੰਦਰ ਬੂਟੇ ਲਗਾਏ। ਥਾਣਾ ਮੁੱਖੀ ਗੁਰਾਇਆ ਇੰਸਪੈਕਟਰ ਸੁਰਿੰਦਰ ਕੁਮਾਰ ਨੇ ਕਿਹਾ ਕਿ ਵਾਤਾਵਰਣ ਦੀ ਸ਼ੁੱਧਤਾ ਲਈ ਵੱਧ ਤੋਂ ਵੱਧ ਦਰਖ਼ਤ ਲਗਾਉਣਾ ਸਮੇਂ ਦੀ ਲੋੜ ਹੈ ਤਾਂ ਜੋ ਆਉਣ ਵਾਲੀਆਂ ਪੀੜੀਆਂ ਸ਼ੁੱਧ ਹਵਾ 'ਚ ਸਾਹ ਲੈ ਸਕਣ। ਉਨਾਂ ਬੱਚਿਆਂ ਨੂੰ ਵੱਖ-ਵੱਖ ਪੁਲਸ ਹੈਲਪ ਲਾਈਨਾਂ ਅਤੇ ਟਰੈਫਿਕ ਰੂਲਾਂ ਬਾਰੇ ਜਾਣਕਾਰੀ ਦਿੱਤੀ। ਇਸ ਦੌਰਾਨ ਬੱਚਿਆਂ ਨੇ ਉਨਾਂ ਨਾਲ ਸੁਆਲ ਜੁਆਬ ਵੀ ਕੀਤੇ। ਐਚ ਸੀ ਉਕਾਂਰ ਸਿੰਘ ਅਤੇ ਮੈਡਮ ਅਲਕਾ ਨੇ ਸਾਂਝ ਕੇਂਦਰਾਂ ਵਲੋਂ ਦਿੱਤੀਆਂ ਜਾਂਦੀਆਂ ਸਹੂਲਤਾਂ ਬਾਰੇ ਬੱਚਿਆਂ ਨੂੰ ਵਿਸਥਾਰਪੂਰਵਕ ਜਾਣਕਾਰੀ ਦਿੱਤੀ। ਉਪਰੰਤ ਬੱਚਿਆਂ ਨੂੰ ਰਿਫਰੈਸ਼ਮੈਂਟ ਵੀ ਦਿੱਤੀ ਗਈ।



**ਭੋਗਪੁਰ ( ਕੁਲਵੀਰ ਸਿੰਘ ਕਾਹਲੋਂ)**, ਸ੍ਰੀਮਤੀ ਧੀਰਜ ਕਲਸੀ (ਸਾਇੰਸ ਅਧਿਆਪਕਾ) ਨੇ ਵਿਦਿਆਰਥੀਆਂ ਅਤੇ ਅਧਿਆਪਕਾਂ ਨੂੰ ਵਾਤਾਵਰਨ ਦੀ ਸੰਭਾਲ ਕਰਨ ਵਾਸਤੇ ਸਹੁੰ ਚੁਕਾਈ। ਪ੍ਰਿੰਸੀਪਲ ਸੁਰਿੰਦਰ ਕੁਮਾਰ ਰਾਣਾ ਨੇ ਦੱਸਿਆ ਕਿ ਸਿੱਖਿਆ ਵਿਭਾਗ ਦੀਆਂ ਹਦਾਇਤਾਂ ਅਨੁਸਾਰ ਵਿਦਿਆਰਥੀਆਂ ਨੂੰ ਵਾਤਾਵਰਣ ਦੀ ਸੰਭਾਲ ਕਰਨ ਸੰਬੰਧੀ ਜਾਗਰੂਕ ਕਰਨ ਦੇ ਲਈ 15 ਮਈ ਤੋਂ ਸ੍ਰੀਮਤੀ ਧੀਰਜ ਕਲਸੀ ਵੱਲੋਂ ਪੇਂਟਿੰਗ ਮੁਕਾਬਲੇ, ਕੁਵਿਜ ਮੁਕਾਬਲੇ, ਕੋਰੀਓਗਰਾਫੀ ਅਤੇ ਸਾਈਕਲ ਰੈਲੀ ਦਾ ਆਯੋਜਨ ਕਰਵਾਇਆ ਗਿਆ। ਪਾਣੀ ਦੀ ਸੰਭਾਲ ਕਰਨ ਵਾਸਤੇ, ਪਲਾਸਟਿਕ ਦੀ ਵਰਤੋਂ ਨਾ ਕਰਨ ਵਾਸਤੇ ਅਤੇ ਊਰਜਾ ਦੀ ਸੰਭਾਲ ਕਰਨ ਵਾਸਤੇ ਭਾਸ਼ਣ ਮੁਕਾਬਲੇ ਅਤੇ ਕਵਿਤਾ ਮੁਕਾਬਲੇ ਕਰਵਾਏ ਗਏ। ਸਕੂਲ ਨੂੰ ਹਰਾ-ਭਰਾ ਬਣਾਉਣ ਦੇ ਲਈ ਪੌਦੇ ਲਗਵਾਏ ਗਏ ਅਤੇ ਵਿਦਿਆਰਥੀਆਂ ਨੂੰ ਆਪਣੇ ਘਰਾਂ ਵਿੱਚ ਵੀ ਵੱਧ ਤੋਂ ਵੱਧ ਪੌਦੇ ਲਗਾਉਣ ਲਈ ਪ੍ਰੇਰਿਤ ਕੀਤਾ ਗਿਆ। ਇਸ ਮੌਕੇ ਸਕੂਲ ਸਟਾਫ ਨਲਿਨੀ ਸਿੱਕਾ, ਪੂਨਮ ਦੱਤਾ, ਬਲਜੀਤ ਕੌਰ, ਲਵਲੀਨ, ਰਾਜਿੰਦਰ ਸਿੰਘ, ਬ੍ਰਿਜ ਲਾਲ, ਜਸਕਿੰਦਰ ਸਿੰਘ, ਲਲਿਤ ਕੁਮਾਰ, ਰੂਪ ਰਾਣੀ, ਬਲਜੀਤ ਕੌਰ ਸੈਣੀ, ਮਾਲਤੀ, ਗਗਨਦੀਪ ਕੌਰ, ਸਰਬਜੀਤ ਕੌਰ, ਰਾਜਵੰਤ ਕੌਰ, ਗੁਰਜੀਤ ਕੌਰ, ਨਿਰਮਲ ਕੌਰ, ਅੰਮ੍ਰਿਤਾ ਰਾਣੀ, ਰੰਜਨਾ, ਸੁਮਨ ਬਾਲਾ ਅਤੇ ਗੀਤਾ ਦੇਵੀ ਹਾਜਰ ਸਨ।

## *ਪੁਸਤਕ ਵਿਚਾਰ ਗੋਸ਼ਟੀ ਤੇ ਲਾਇਬਰੇਰੀ ਦਾ ਉਦਘਾਟਨ 10 ਨੂੰ*

**ਬਹਿਰਾਮ (ਅਵਤਾਰ ਕਲੇਰ)**- ਪੰਜਾਬੀ ਸਾਹਿਤ ਸਭਾ ਖਟਕੜ ਕਲਾਂ (ਬੰਗਾ) ਦੇ ਪ੍ਰਧਾਨ ਮੋਹਨ ਬੀਕਾ ਅਤੇ ਜਨਰਲ ਸਕੱਤਰ ਤਲਵਿੰਦਰ ਸ਼ੇਰਗਿੱਲ ਨੇ ਪ੍ਰੈੱਸ ਬਿਆਨ ਜਾਰੀ ਕਰਦਿਆਂ ਦੱਸਿਆ ਕਿ ਤੇਲਗੂ ਲੇਖਿਕਾ ਬੀ ਅਨੁਰਾਧਾ ਦੁਆਰਾ ਲਿਖਤ ਅਤੇ ਬੂਟਾ ਸਿੰਘ ਮਹਿਮੂਦਪੁਰ ਦੁਆਰਾ ਅਨੁਵਾਦਿਤ ਪੁਸਤਕ "ਜੁਰਮ ਕੀ ਹੈ ? " 'ਤੇ ਵਿਚਾਰ ਗੋਸ਼ਟੀ ਕਰਵਾਈ ਜਾ ਰਹੀ ਹੈ। ਇਹ ਵਿਚਾਰ ਗੋਸ਼ਟੀ 10 ਜੂਨ ਦਿਨ ਸਨਿਚਰਵਾਰ ਨੂੰ ਸਵੇਰੇ 11 ਵਜੇ ਬੀਬੀ ਅਮਰ ਕੌਰ ਯਾਦਗਾਰੀ ਹਾਲ ਖਟਕੜ ਕਲਾਂ ਵਿਖੇ ਕੀਤੀ ਜਾਵੇਗੀ। ਇਸੇ ਦਿਨ ਵਿਚਾਰ ਗੋਸ਼ਟੀ ਤੋਂ ਬਾਅਦ ਉਪਰੋਕਤ ਹਾਲ ਵਿਚ ਹੀ ਸ਼ਹੀਦ ਭਗਤ ਸਿੰਘ ਸ਼ਤਾਬਦੀ ਫਾਊਂਡੇਸਨ ਖਟਕੜ ਕਲਾਂ ਵੱਲੋਂ ਪੰਜਾਬੀ ਸਾਹਿਤ ਸਭਾ ਖਟਕੜ ਕਲਾਂ ਦੇ ਸਹਿਯੋਗ ਨਾਲ ਸ਼ਹੀਦ ਭਗਤ ਸਿੰਘ ਯਾਦਗਾਰੀ ਲਾਇਬ੍ਰੇਰੀ ਦਾ ਉਦਘਾਟਨ ਕੀਤਾ ਜਾਵੇਗਾ। ਇਸ ਸਮਾਗਮ ਦੀ ਪ੍ਰਧਾਨਗੀ ਪ੍ਰੋ. ਸੁਰਜੀਤ ਜੱਜ ਪ੍ਰਧਾਨ ਪ੍ਰਗਤੀਸ਼ੀਲ ਲੇਖਕ ਸੰਘ ਪੰਜਾਬ ਕਰਨਗੇ। ਪ੍ਰੋ. ਜਗਮੋਹਣ ਸਿੰਘ ਪ੍ਰਧਾਨ ਜਮਹੂਰੀ ਅਧਿਕਾਰ ਸਭਾ ਪੰਜਾਬ ਮੁੱਖ ਮਹਿਮਾਨ ਵਜੋਂ ਸ਼ਿਰਕਤ ਕਰਨਗੇ। ਪੁਸਤਕ ਉੱਪਰ ਬੂਟਾ ਸਿੰਘ ਮਹਿਮੂਦਪੁਰ ਮੁੱਖ ਵਕਤਾ ਵਜੋਂ ਬੋਲਣਗੇ। ਜਨਤਕ ਜਮਹੂਰੀ ਜਥੇਬੰਦੀਆਂ ਅਤੇ ਇਨਸਾਫਪਸੰਦ ਸ਼ਖ਼ਸੀਅਤਾਂ ਨੂੰ ਇਸ ਸਮਾਗਮ ਵਿਚ ਸ਼ਾਮਲ ਹੋਣ ਦਾ ਨਿੱਘਾ ਸੱਦਾ ਹੈ।

## *ਪੰਜਾਬੀ ਬੋਲੀ ਲਈ ਯਤਨਸ਼ੀਲ ਸਰਦੂਲ ਸਿੰਘ ਮਰਵਾਹਾ ਚੋਣ ਜਿੱਤੇ*



**ਸ੍ਰੀ ਚਮਕੌਰ ਸਾਹਿਬਨ (ਗੁਰਵਿੰਦਰਪਾਲ ਸਿੰਘ ਬੋਬੀ)** - ਵਰਲਡ ਰਾਮਗੜ੍ਹੀਆ ਸਿੱਖ ਆਰਗੇਨਾਈਜੇਸ਼ਨ ਯੂ.ਕੇ.ਦੇ ਜਨਰਲ ਸਕੱਤਰ ਧਰਮਜੀਤ ਸਿੰਘ ਘਟੌੜਾ ਨੇ ਯੂ .ਕੇ.'ਚ ਪੰਜਾਬੀ ਬੋਲੀ ਦੇ ਪ੍ਰਚਾਰ ਅਤੇ ਪ੍ਰਸਾਰ ਲਈ ਯਤਨਸ਼ੀਲ ਸਰਦੂਲ ਸਿੰਘ ਮਰਵਾਹਾ ਸੈਲੀਹੁੱਲ ਬਾਰੋਅ ਦੇ ਸੇਟਅਲਫੋਜ ਵਾਰਡ ਤੋਂ ਕੌਂਸਲਰ ਚੁਣੇ ਗਏ ਹਨ। ਮਰਵਾਹਾ ਨੇ ਇਹ ਚੋਣ ਸੱਤਾਧਾਰੀ ਕੰਜਰਵੇਟਿਵ ਪਾਰਟੀ ਵਲੋਂ ਲੜੀ ਸੀ। ਬਰਤਾਨੀਆ ਦੀ ਮਰਹੂਮ ਮਹਾਰਾਣੀ ਐਲਿਜਾਬੈਥ ਵਲੋਂ ਐਮ. ਬੀ .ਈ .ਦੇ ਸਾਹੀ ਸਨਮਾਨ ਨਾਲ ਸਨਮਾਨਿਤ ਹੋ ਚੁੱਕੇ ਮਰਵਾਹਾ 1982 'ਚ ਪਹਿਲੀ ਵਾਰ ਬਰਮਿੰਘਮ ਤੋਂ ਕੌਂਸਲਰ ਬਣੇ ਸਨ। 1995 ਤੋਂ ਜਸਟਿਸ ਆਫ ਪੀਸ ਦੀਆਂ ਸੇਵਾਵਾਂ ਨਿਭਾਅ ਰਹੇ ਸਰਦੂਲ ਸਿੰਘ ਮਰਵਾਹਾ ਕਈ ਸਭਾ ਸੁਸਾਇਟੀਆਂ 'ਚ ਸਰਗਰਮੀ ਨਾਲ ਭਾਗ ਲੈ ਰਹੇ ਹਨ। ਉਹ 1960 'ਚ ਪੰਜਾਬ ਤੋਂ ਯੂ. ਕੇ. ਆਏ ਅਤੇ ਹੱਡ ਭੰਨਵੀਂ ਮਿਹਨਤ ਕਰਦਿਆਂ ਭਾਈਚਾਰਕ ਸਮਾਜ ਸੇਵਾਵਾਂ ਕਰਦੇ ਆ ਰਹੇ ਹਨ। ਇਸ ਮੌਕੇ ਵਰਲਡ ਰਾਮਗੜ੍ਹੀਆ ਸਿੱਖ ਆਰਗੇਨਾਈਜੇਸਨ ਯੂ.ਕੇ.ਦੇ ਪ੍ਰਧਾਨ ਕਰਨੈਲ ਸਿੰਘ ਚੀਮਾ ਯੂ . ਕੇ, ਪੰਜਾਬ ਦੇ ਪ੍ਰਧਾਨ ਹਰਪ੍ਰੀਤ ਸਿੰਘ ਧੰਜਲ ਅਤੇ ਨੌਜਵਾਨ ਸਭਾ ਪੰਜਾਬ ਦੇ ਪ੍ਰਧਾਨ ਅਮਰਜੀਤ ਸਿੰਘ ਕਲਸੀ ਨੇ ਵਧਾਈ ਦਿੱਤੀ।

# ਬੇਲਾ ਕਾਲਜ ਵਿਖੇ ਭੋਜਨ ਸੁਰੱਖਿਆ ਵਿਸ਼ੇ 'ਤੇ ਵਿਸ਼ੇਸ਼ ਭਾਸ਼ਣ



**ਸ੍ਰੀ ਚਮਕੌਰ ਸਾਹਿਬ (ਕੁਲਵਿੰਦਰ ਕਾਲਾ)**-ਅਮਰ ਸ਼ਹੀਦ ਬਾਬਾ ਅਜੀਤ ਸਿੰਘ ਜੁਝਾਰ ਸਿੰਘ ਮੈਮੋਰੀਅਲ ਕਾਲਜ, ਬੇਲਾ (ਰੋਪੜ) ਵਿਖੇ ਭੋਜਨ ਸੁਰੱਖਿਆ ਵਿਸ਼ੇ 'ਤੇ ਡਾ. ਹੇਮੰਤ ਵਿਨਾਇਕ, ਐਸੋਸੀਏਟ ਪ੍ਰੋਫ਼ੈਸਰ. ਨੈਸ਼ਨਲ ਇੰਸਟੀਚਿਊਟ ਆਫ਼ ਟੈਕਨੀਕਲ ਟੀਚਰ ਟ੍ਰੇਨਿੰਗ ਅਤੇ ਰਿਸਰਚ, ਚੰਡੀਗੜ੍ਹ ਦਾ ਵਿਸ਼ੇਸ਼ ਭਾਸ਼ਣ ਕਰਵਾਇਆ ਗਿਆ। ਆਪਣੇ ਵਿਚਾਰ ਸਾਂਝੇ ਕਰਦਿਆਂ ਡਾ. ਵਿਨਾਇਕ ਨੇ ਕਿਹਾ ਕਿ ਭੋਜਨ ਸੁਰੱਖਿਆ ਸੰਬੰਧੀ ਬੇਸ਼ੱਕ ਜਾਣਕਾਰੀ ਅਜੋਕੇ ਸਮੇਂ ਵਿੱਚ ਇੰਟਰਨੈਟ 'ਤੇ ਉਪਲਬਧ ਹੈ , ਪ੍ਰੰਤੂ ਬਹੁਤ ਸਾਰੇ ਤੱਥ ਅਤੇ ਸੋਮਿਆਂ ਦੀ ਨਵਿਰਤੀ ਲਈ ਹਰ ਸੰਸਥਾ ਖਾਸ ਕਰਕੇ ਬੇਲਾ ਕਾਲਜ ਵਰਗੀ ਸੰਸਥਾ ਜਿਸ ਵਿੱਚ ਫ਼ੂਡ ਪ੍ਰੋਸੈਸਿੰਗ ਦੀ ਵੋਕੇਸ਼ਨਲ ਡਿਗਰੀ ਕਰਵਾਈ ਜਾਂਦੀ ਹੈ, ਨੂੰ ਵਿਸ਼ੇਸ਼ ਭਾਸ਼ਣ ਲੜੀ ਕਰਵਾਉਣੀ ਚਾਹੀਦੀ ਹੈ। ਪੇਂਡੂ ਖੇਤਰ ਵਿੱਚ ਜੈਵਿਕ ਖੇਤੀ ਸੰਬੰਧੀ ਚੁਣੌਤੀਆਂ ਅਤੇ ਇਸ ਦੀਆਂ ਭਵਿੱਖੀ ਸੰਭਾਵਨਾਵਾਂ ਤੇ ਵੀ ਉਹਨਾਂ ਚਾਨਣਾ ਪਾਇਆ। ਉਹਨਾਂ ਨੇ ਬਹੁਤ ਸਾਰੀਆਂ ਸਰਜਰੀ ਸਕੀਮਾਂ, ਕ ਫਾਰਮਿੰਗ, ਸੀਡਲਿੰਗ ਪ੍ਰੋਡਕਸ਼ਨ ਪ੍ਰੋਟੈਕਟਡ ਕਲਟੀਵੇਸ਼ਨ ਅਤੇ ਮਿੱਟੀ ਰਹਿਤ ਫਾਰਮਿੰਗ ਆਦਿ ਤੇ ਜਾਣਕਾਰੀ ਸਾਂਝੀ ਕੀਤੀ। ਡਾ. ਮਮਤਾ ਅਰੋੜਾ ਨੇ ਕਿਹਾ ਕਿ ਇਹ ਭਾਸ਼ਣ ਇੱਕ ਵਿਸ਼ੇਸ਼ ਮਕਸਦ ਨੂੰ ਮੁੱਖ ਰੱਖਦਿਆਂ ਕਰਵਾਇਆ ਗਿਆ ਤਾਂ ਕਿ ਪੇਂਡੂ ਖੇਤਰ ਵਿੱਚ ਵਿਚਰ ਰਹੇ ਸਾਰੇ ਸਿੱਖਿਅਕ ਕਰਮਚਾਰੀ ਵਿਦਿਆਰਥੀਆਂ ਨੂੰ ਸਹੀ ਸੇਧ ਦੇ ਸਕਣ। ਕਾਲਜ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸੰਗਤ ਸਿੰਘ ਲੌਂਗੀਆ ਮੈਂਬਰ ਗੁਰਮੇਲ ਸਿੰਘ ਅਤੇ ਮਹਾਰਾਣੀ ਸਤਿੰਦਰ ਕੌਰ ਸੀਨੀਅਰ ਸੈਕੰਡਰੀ ਸਕੂਲ ਦੇ ਪ੍ਰਿੰਸੀਪਲ ਮੇਹਰ ਸਿੰਘ ਨੇ ਡਾ. ਵਿਨਾਇਕ ਨੂੰ ਸਨਮਾਨਿਤ ਕੀਤਾ।

# ਛੇਵੇਂ ਪਾਤਿਸ਼ਾਹ ਦਾ ਪ੍ਰਕਾਸ਼ ਪੁਰਬ ਸ਼ਰਧਾ ਤੇ ਉਤਸ਼ਾਹ ਨਾਲ ਮਨਾਇਆ



**ਐੱਸ. ਏ.ਐੱਸ ਨਗਰ: -( ਗੁਰਜੀਤ ਬਿੱਲਾ)** ਇੱਥੋਂ ਨੇੜਲੇ ਪਿੰਡ ਸੋਹਾਣਾ ਦੇ ਇਤਿਹਾਸਕ ਗੁਰਦੁਆਰਾ ਸਿੰਘ ਸ਼ਹੀਦਾਂ ਵਿਖੇ ਮੀਰੀ ਪੀਰੀ ਦੇ ਮਾਲਕ, ਛੇਵੇਂ ਪਾਤਿਸ਼ਾਹ ਧੰਨ ਧੰਨ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦਾ ਪ੍ਰਕਾਸ਼ ਪੁਰਬ ਬੜੀ ਸ਼ਰਧਾ ਭਾਵਨਾ ਨਾਲ ਉਤਸ਼ਾਹ ਪੂਰਵਕ ਮਨਾਇਆ ਗਿਆ । ਸਵੇਰੇ 9:00 ਵਜੇ ਸ੍ਰੀ ਸਹਿਜ ਪਾਠ ਸਾਹਿਬ ਜੀ ਦੇ ਭੋਗ ਪਾਏ ਗਏ, ਇਸ ਉਪਰੰਤ ਸਾਰਾ ਦਿਨ ਧਾਰਮਿਕ ਸਮਾਗਮ ਦਾ ਆਯੋਜਨ ਕੀਤਾ ਗਿਆ। ਇਸ ਧਾਰਮਿਕ ਸਮਾਗਮ ਵਿੱਚ ਭਾਈ ਪਰਵੀਨ ਸਿੰਘ ਪ੍ਰੀਤ ਨਰਾਇਣਗੜ੍ਹ ਵਾਲਿਆਂ ਦੇ ਇਨਟਰਨੈਸ਼ਲ ਪੰਥਕ ਢਾਡੀ ਜੱਥੇ ਨੇ ਮੀਰੀ ਪੀਰੀ ਦੇ ਮਾਲਕ ਛੇਵੇਂ ਪਾਤਿਸ਼ਾਹ ਦਾ ਪੂਰਾ ਜੀਵਨ ਬ੍ਰਿਤਾਂਤ ਸੰਗਤਾਂ ਨੂੰ ਵਿਸਥਾਰ ਵਿੱਚ ਸੁਣਾਇਆ। ਭਾਈ ਇੰਦਰਜੀਤ ਸਿੰਘ ਅੰਮ੍ਰਿਤਸਰ ਵਾਲਿਆਂ ਆਪਣੇ ਰਸ ਭਿੰਨੇ ਕੀਰਤਨ ਨਾਲ ਸੰਗਤਾਂ ਨੂੰ ਇਲਾਹੀ ਬਾਣੀ ਨਾਲ ਗਵਾ ਕੇ ਗੁਰੂ ਨਾਲ ਜੋੜਨ ਦਾ ਉਪਰਾਲਾ ਕੀਤਾ। ਇਸ ਤੋਂ ਇਲਾਵਾ ਭਾਈ ਸੁਖਵਿੰਦਰ ਸਿੰਘ ਗੁਰਦੁਆਰਾ ਨਾਭਾ ਸਾਹਿਬ, ਭਾਈ ਅਵਿਨਾਸ਼ ਸਿੰਘ, ਭਾਈ ਮਨਦੀਪ ਸਿੰਘ ਭਾਮੀਆਂ ਸਾਹਿਬ, ਸ਼ੇਰੇ ਪੰਜਾਬ ਕਵੀਸ਼ਰੀ ਜੱਥਾ, ਭਾਈ ਕੁਲਦੀਪ ਸਿੰਘ ਕਾਂਸਲ, ਭਾਈ ਬਲਜੀਤ ਸਿੰਘ, ਭਾਈ ਗੁਰਿੰਦਰ ਸਿੰਘ, ਭਾਈ ਤੇਜਿੰਦਰ ਸਿੰਘ, ਭਾਈ ਬਹਾਦਰ ਸਿੰਘ, ਭਾਈ ਗੁਰਬਖਸ਼ ਸਿੰਘ, ਭਾਈ ਸਿਮਰਨਜੀਤ ਸਿੰਘ, ਸੁਖਮਨੀ ਸੇਵਾ ਸੁਸਾਇਟੀ ਦੀਆਂ ਬੀਬੀਆਂ ਦੇ ਜੱਥਿਆਂ ਤੋਂ ਇਲਾਵਾ ਗੁਰਦੁਆਰਾ ਸਿੰਘ ਸ਼ਹੀਦਾਂ ਦੇ ਹਜ਼ੂਰੀ ਜੱਥੇ ਭਾਈ ਨਿਤਿੰਨ ਸਿੰਘ, ਭਾਈ ਗੁਰਮੀਤ ਸਿੰਘ, ਭਾਈ ਇੰਦਰਜੀਤ ਸਿੰਘ, ਭਾਈ ਹਰਬਖਸ਼ ਸਿੰਘ ਨੇ ਕਥਾ, ਕੀਰਤਨ, ਕਵੀਸ਼ਰੀ ਅਤੇ ਗੁਰਮਤਿ ਵਿਚਾਰਾਂ ਰਾਹੀਂ ਸੰਗਤਾਂ ਨੂੰ ਸਾਰਾ ਦਿਨ ਹਰਿ ਜਸ ਸੁਣਾ ਕੇ ਨਿਹਾਲ ਕੀਤਾ।

ਗੁਰਦੁਆਰਾ ਸਿੰਘ ਸ਼ਹੀਦਾਂ ਸੋਹਾਣਾ ਵਿਖੇ 25 ਜੂਨ ਤਕ ਦਸਤਾਰ ਸਿਖਲਾਈ ਅਤੇ ਗੁਰਬਾਣੀ ਸੰਥਿਆ ਸਮਾਗਮ ਆਯੋਜਨ ਕੀਤਾ ਜਾ ਰਿਹਾ ਹੈ।

# ਜਾਲ੍ਹੀ ਇੰਸ਼ੋਰੈਂਸ ਕਰਕੇ ਧੋਖਾਧੜੀ ਕਰਨ ਵਾਲਾ ਕਾਬੂ



**ਐਸ.ਏ.ਐਸ ਨਗਰ (ਗੁਰਜੀਤ ਬਿੱਲਾ)**-ਡਾ: ਸੰਦੀਪ ਕੁਮਾਰ ਗਰਗ, ਆਈ.ਪੀ.ਐਸ, ਸੀਨੀਅਰ ਕਪਤਾਨ ਪੁਲਸ ਜ਼ਿਲ੍ਹਾ ਐਸ.ਏ.ਐਸ ਨਗਰ ਨੇ ਪ੍ਰੈਸ ਨੂੰ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਬੂਟਾ ਸਿੰਘ ਨਾਂਅ ਦੇ ਵਿਅਕਤੀ ਨੇ ਇਤਲਾਹ ਦਿੱਤੀ ਸੀ ਕਿ ਉਸ ਨੇ ਆਪਣੀ ਸਕਾਰਪਿਓ ਗੱਡੀ ਦੀ ਇੰਸ਼ੋਰੈਂਸ ਕਰਵਾਉਣ ਲਈ ਵਰਿੰਦਰ ਸਿੰਘ ਨਾਂਅ ਦੇ ਵਿਅਕਤੀ ਨਾਲ ਸੰਪਰਕ ਕੀਤਾ ਸੀ। ਜਿਸ 'ਤੇ ਵਰਿੰਦਰ ਸਿੰਘ ਨੇ ਉਸ ਨੂੰ ਜਾਅਲੀ ਇੰਸ਼ੋਰੈਂਸ 9663® Insurance General Company Ltd ਕੰਪਨੀ ਦੀ ਕਰਵਾ ਧੋਖਾਧੜੀ ਕੀਤੀ ਹੈ। ਜਿਸ ਸਬੰਧੀ ਮੁਕੱਦਮਾ ਨੰਬਰ 82 ਮਿਤੀ 02.06.2023 ਅ/ਧ 406,420,465,467, 468 ਭ:ਦ:, ਥਾਣਾ ਲਾਲੜੂ, ਐਸ.ਏ.ਐਸ ਨਗਰ ਦਰਜ ਕੀਤਾ ਗਿਆ ਸੀ। ਮਨਪ੍ਰੀਤ ਸਿੰਘ, ਪੀ.ਪੀ.ਐਸ, ਕਪਤਾਨ ਪੁਲਸ (ਦਿਹਾਤੀ), ਐਸ.ਏ.ਐਸ ਨਗਰ ਅਤੇ ਡਾ: ਦਰਪਨ ਆਹਲੂਵਾਲੀਆ ਆਈ.ਪੀ.ਐਸ, ਸਹਾਇਕ ਕਪਤਾਨ ਪੁਲਸ (ਡੇਰਾਬਸੀ), ਐਸ.ਏ.ਐਸ ਨਗਰ ਦੀ ਨਿਗਰਾਨੀ ਹੇਠ ਥਾਣੇਦਾਰ ਅਜੀਤੇਸ਼ ਕੋਸ਼ਲ, ਮੁੱਖ ਅਫਸਰ ਥਾਣਾ ਲਾਲੜੂ ਦੀ ਟੀਮ ਵੱਲੋਂ ਮੁਕੱਦਮਿਆਂ ਦੀ ਅਗਲੇਰੀ ਤਫਤੀਸ਼ ਅਮਲ ਵਿੱਚ ਲਿਆਂਦੀ ਗਈ। ਮੁਕੱਦਮਾ ਦੀ ਤਫਤੀਸ਼ ਟੈਕਨੀਕਲ ਅਤੇ ਹਿਊਮਨ ਸੋਰਸ ਦੀ ਸਹਾਇਤਾ ਨਾਲ ਮੁਕੱਦਮਾ ਉਕਤ ਵਿੱਚ ਵਰਿੰਦਰ ਸਿੰਘ ਪੁੱਤਰ ਬਲਜੀਤ ਸਿੰਘ ਵਾਸੀ ਪਿੰਡ ਹੰਸਾਲਾ, ਐਸ.ਏ.ਐਸ ਨਗਰ ਗ੍ਰਿਫਤਾਰ ਕਰਨ ਵਿੱਚ ਅਹਿਮ ਸਫਲਤਾ ਹਾਸਲ ਕੀਤੀ ਗਈ ਹੈ। ਡਾ: ਗਰਗ ਨੇ ਦੱਸਿਆ ਕਿ ਇਹ ਦੋਸ਼ੀ ਸਾਲ 2019 ਵਿੱਚ ਉਕਤ ਇੰਸ਼ੋਰੈਂਸ ਕੰਪਨੀ ਵਿੱਚ ਸੰਗਰੂਰ ਵਿਖੇ ਨੌਕਰੀ ਕਰਦਾ ਸੀ। ਜਿਸ ਨੂੰ ਉਕਤ ਕੰਪਨੀ ਦੇ ਕਰਮਚਾਰੀਆਂ ਦੇ ਲੋਗ ਇੰਨ ਪਾਸਵਰਡ ਬਾਰੇ ਜਾਣਕਾਰੀ ਸੀ, ਜਿਨ੍ਹਾਂ ਦੀ ਵਰਤੋਂ ਕਰਕੇ ਇਸ ਵਿਅਕਤੀ ਵੱਲੋਂ ਜਾਅਲੀ ਪਾਲਿਸੀ ਬਣਾ ਕਰ ਪੈਸੇ ਹਾਸਲ ਕਰਕੇ ਧੋਖਾਧੜੀ ਕੀਤੀ ਹੈ।

# ਪ੍ਰਕਾਸ਼ ਸਿੰਘ ਬਾਦਲ ਨਮਿੱਤ ਸ਼ਰਧਾਂਜਲੀ ਸਮਾਗਮ ਭਲਕੇ

**ਮੋਹਾਲੀ, (ਗੁਰਜੀਤ ਬਿੱਲਾ)**—ਅਕਾਲੀ ਜਥਾ ਮੋਹਾਲੀ ਵੱਲੋਂ ਫਖਰ ਏ ਕੌਮ ਪ੍ਰਕਾਸ਼ ਸਿੰਘ ਬਾਦਲ ਨਮਿੱਤ ਸਰਧਾਂਜਲੀ ਸਮਾਗਮ 8 ਜੂਨ ਨੂੰ ਗੁਰਦੁਆਰਾ ਸਿੰਘ ਸ਼ਹੀਦਾਂ ਸੋਹਾਣਾ ਵਿਖੇ ਸਵੇਰ 10 ਵਜੇ ਕਰਵਾਇਆ ਜਾ ਰਿਹਾ ਹੈ। ਇਸ ਸਬੰਧੀ ਇਕ ਮੀਟਿੰਗ ਸਾਬਕਾ ਮੈਂਬਰ ਪਾਰਲੀਮੈਂਟ ਪ੍ਰੋਫੈਸਰ ਪ੍ਰੇਮ ਸਿੰਘ ਚੰਦੂਮਾਜਰਾ ਦੀ ਅਗਵਾਈ ਹੇਠ ਹੋਈ। ਮੀਟਿੰਗ ਵਿੱਚ ਪ੍ਰੋਫੈਸਰ ਚੰਦੂਮਾਜਰਾ ਨੇ ਕਿਹਾ ਕਿ ਪ੍ਰਕਾਸ਼ ਸਿੰਘ ਬਾਦਲ ਭਾਰਤੀ ਸਿਆਸਤ ਦੇ ਵੱਡੇ ਕੱਦ ਵਾਲੇ ਖੇਤਰੀ ਆਗੂਆਂ ਵਿੱਚ ਸੁਮਾਰ ਰਹੇ ਅਤੇ ਪੰਜਾਬ ਦੇ 5 ਵਾਰ ਮੁੱਖ ਮੰਤਰੀ ਬਣੇ। ਬਾਦਲ 1996 ਤੋਂ 2008 ਤੱਕ ਸ਼੍ਰੋਮਣੀ ਅਕਾਲੀ ਦੇ ਪ੍ਰਧਾਨ ਵੀ ਰਹੇ ਅਤੇ 1979 ਤੋਂ 1980 ਦੌਰਾਨ ਉਹ ਕੇਂਦਰ ਵਿੱਚ ਚੌਧਰੀ ਚਰਨ ਸਿੰਘ ਦੀ ਅਗਵਾਈ ਵਾਲੀ ਸਰਕਾਰ ਵਿੱਚ ਖੇਤੀ ਮੰਤਰੀ ਬਣੇ। ਪ੍ਰੋਫੈਸਰ ਚੰਦੂਮਾਜਰਾ ਨੇ ਕਿਹਾ ਕਿ ਪ੍ਰਕਾਸ ਸਿੰਘ ਬਾਦਲ ਭਾਵੇਂ ਕਿ ਸਿੱਖਾਂ ਦੀ ਨੁਮਾਇੰਦਗੀ ਕਰਨ ਵਾਲੀ ਅਕਾਲੀ ਪਾਰਟੀ ਦੇ ਆਗੂ ਸਨ, ਪਰ ਉਨ੍ਹਾਂ ਭਾਜਪਾ ਨਾਲ ਗਠਜੋੜ ਕੀਤਾ ਅਤੇ ਪੰਜਾਬ ਦੀ ਸਿਆਸਤ ਵਿੱਚ ਕਈ ਕੀਰਤੀਮਾਨ ਸਥਾਪਤ ਕੀਤੇ। ਉਨ੍ਹਾਂ ਕਿਹਾ ਕਿ ਇਸ ਮਹਾਨ ਸ਼ਖਸੀਅਤ ਦੇ ਜਾਣ ਨਾਲ ਪੰਜਾਬ ਤੇ ਪੰਜਾਬੀਅਤ ਨੂੰ ਬਹੁਤ ਵੱਡਾ ਘਾਟਾ ਪਿਆ ਹੈ ਜੋ ਕਦੇ ਵੀ ਪੂਰਾ ਨਹੀਂ ਹੋ ਸਕੇਗਾ। ਇਸ ਮੌਕੇ ਚਰਨਜੀਤ ਸਿੰਘ ਕਾਲੇਵਾਲ, ਕਮਲਜੀਤ ਸਿੰਘ ਰੂਬੀ, ਸੁਖਦੇਵ ਸਿੰਘ ਚੱਪੜਚਿੜੀ ਜਿਲਾ ਪ੍ਰਧਾਨ ਬਸਪਾ, ਹਰਮਨਪ੍ਰੀਤ ਸਿੰਘ ਪ੍ਰਿੰਸ, ਸਰਬਜੀਤ ਸਿੰਘ ਪਾਰਸ, ਮਨਜੀਤ ਸਿੰਘ ਮੁੰਧੋ, ਸਾਧੂ ਸਿੰਘ ਖਲੌਰ, ਰਜਿੰਦਰ ਸਿੰਘ ਈਸਾਪੁਰ, ਗੁਰਤੇਜ ਸਿੰਘ, ਹਰਪ੍ਰੀਤ ਸਿੰਘ ਸਵਾੜਾ, ਸੰਦੀਪ ਰਾਣਾ, ਗੁਰਮੀਤ ਸਿੰਘ ਸਾਮਪੁਰ, ਬਲਵਿੰਦਰ ਸਿੰਘ ਲਖਨੌਰ, ਨਿਰਮਲ ਸਿੰਘ ਮਾਣਕਮਾਜਰਾ, ਹੈਪੀ ਸਨੇਟਾ, ਅਵਤਾਰ ਸਿੰਘ ਗੋਸਲ, ਕੇਸਰ ਸਿੰਘ ਬਲੌਂਗੀ, ਜਰਨੈਲ ਸਿੰਘ ਬਲੌਂਗੀ, ਹਰਵਿੰਦਰ ਸਿੰਘ ਨੰਬਰਦਾਰ ਸਮੇਤ ਹੋਰ ਅਕਾਲੀ ਆਗੂ ਤੇ ਵਰਕਰ ਵੱਡੀ ਗਿਣਤੀ ਵਿੱਚ ਹਾਜਰ ਸਨ।

# ਵੱਖ-ਵੱਖ ਥਾਈਂ ਵਿਸ਼ਵ ਵਾਤਾਵਰਣ ਦਿਵਸ ਮਨਾਇਆ



ਹੁਸ਼ਿਆਰਪੁਰ



ਨੂਰਮਹਿਲ



ਮਹਿਤਪੁਰ



ਭੋਗਪੁਰ



ਮੁਹਾਲੀ

**ਹੁਸ਼ਿਆਰਪੁਰ, , (ਬਲਵੀਰ ਸਿੰਘ ਸੈਣੀ)**— "ਵਿਸ਼ਵ ਵਾਤਾਵਰਣ ਦਿਵਸ" ਦੇ ਮੌਕੇ ਤੇ ਅਲਾਇੰਸ ਕਲੱਬ ਇੰਟਰਨੈਸ਼ਨਲ ਡਿਸਟ੍ਰਿਕ-119 ਅਤੇ ਗੁਰੂ ਨਾਨਕ ਇੰਟਰਨੈਸ਼ਨਲ ਐਜੂਕੇਸ਼ਨਲ ਟ੍ਰਸਟ ਵਲੋਂ "ਦਰੱਖਤ ਲਗਾਓ ਅਤੇ ਇਕੋ ਫਰੈਂਡਲੀ ਜਾਗਰੂਕਤਾ" ਵਿਸ਼ੇ ਉਪਰ ਇਕ ਸੈਮੀਨਾਰ ਸਥਾਨਕ ਗੁਰੂ ਨਾਨਕ ਪਵਿੱਤਰ ਜੰਗਲ ਅੱਜੋਵਾਲ ਵਿਖੇ ਕੀਤਾ ਗਿਆ। ਅਲਾਇੰਸ ਕਲੱਬ ਦੇ ਡਿਸਟ੍ਰਿਕ ਗਵਰਨਰ ਐਲੀ ਰਮੇਸ਼ ਕੁਮਾਰ ਨਾਲ ਪ੍ਰੋ.ਬਹਾਦਰ ਸਿੰਘ ਸੁਨੇਤ, ਡਾ.ਸਰਬਜੀਤ ਸਿੰਘ ਮਾਨਕੂ, ਐਲੀ ਅਸ਼ੋਕ ਪੁਰੀ, ਵੀ.ਡੀ.ਜੀ. ਐਲੀ ਵਿਵੇਕ ਸਾਹਨੀ, ਡਾ.ਹਰਜਿੰਦਰ ਸਿੰਘ ਓਬਰਾਏ ਅਤੇ ਪ੍ਰਿੰ.ਪ੍ਰਵੀਨ ਕੁਮਾਰ ਵਿਸ਼ੇਸ਼ ਤੌਰ 'ਤੇ ਹਾਜ਼ਰ ਹੋਏ। ਚੇਅਰਮੈਨ ਐਲੀ ਡਾ.ਅਮਿਤ ਕੁਮਾਰ ਅਤੇ ਭਾਈ ਘਨਈਆ ਸੇਵਾ ਮਿਸ਼ਨ ਦੇ ਧਾਰਮਿਕ ਵਿੰਗ ਦੇ ਮੁੱਖੀ ਉਂਕਾਰ ਸਿੰਘ ਧਾਮੀ ਸਨ। ਸਭ ਤੋਂ ਵੱਧ ਮਹੱਤਵਪੂਰਨ ਵਿਸ਼ੇ ਮਿਸ਼ਨ ਲਾਈਫ ਲਈ ਇਕੋ ਫਰੈਂਡਲੀ ਹੋਣਾ ਸਭ ਤੋਂ ਵੱਧ ਮਹੱਤਵਪੂਰਨ ਹੈ। ਦਰੱਖਤ ਲਗਵਾਉਣਾ ਸ਼ੁੱਧ ਵਾਤਾਵਰਣ ਅਤੇ ਪਾਣੀ ਦੀ ਸੰਭਾਲ ਸਾਡੇ ਜੀਵਨ ਦਾ ਪਹਿਲਾ ਅੰਗ ਹੈ। ਸ਼੍ਰੀਮਤੀ ਸੰਤੋਸ਼ ਸੈਣੀ, ਨਿਰਮਲ ਸਿੰਘ, ਪ੍ਰੀਤਮ ਸਿੰਘ ਖਾਲਸਾ, ਪ੍ਰਧਾਨ ਸਿੰਘ, ਰਜਿੰਦਰ ਸਿੰਘ ਅਤੇ ਨੌਜਵਾਨ ਆਗੂ ਸੰਜੈ ਸ਼ਰਮਾ ਨੇ ਆਪਣੇ ਆਪਣੇ ਵਿਚਾਰ ਪੇਸ਼ ਕੀਤੇ। ਪ੍ਰੋਗਰਾਮ ਦੇ ਅਖੀਰ ਵਿੱਚ ਸਾਰੇ ਬੁਧੀਜੀਵੀਆਂ ਵਲੋਂ ਇਕੋ ਫਰੈਂਡਲੀ ਵਿਚਾਰ ਨਾਲ ਇਕ ਸੁਰ ਹੋਣ 'ਤੇ ਵਿਸ਼ਵਾਸ਼ ਦਿਵਾਇਆ।

**ਨੂਰਮਹਿਲ( ਬਾਲ ਕ੍ਰਿਸਨ ਬਾਲੀ )**—ਸਿੱਖਿਆ ਵਿਭਾਗ ਪੰਜਾਬ ਦੀਆਂ ਹਦਾਇਤਾਂ ਅਨੁਸਾਰ ਸਰਕਾਰੀ ਸੀਨੀਅਰ ਸੈਕੰਡਰੀ ਸਮਾਰਟ ਸਕੂਲ ਗੁਮਟਾਲਾ ਵਿਖੇ ਸਕੂਲ ਦੇ ਕਾਰਜਕਾਰੀ ਪ੍ਰਿੰਸੀਪਲ ਰਾਜਿੰਦਰ ਕਾਲੜਾ ਦੀ ਅਗਵਾਈ ਹੇਠ ਵਿਸ਼ਵ ਵਾਤਾਵਰਣ ਦਿਵਸ ਮਨਾਇਆ ਗਿਆ। ਜਿਸ ਦੀ ਸ਼ੁਰੂਆਤ ਸਕੂਲ ਮੈਨੇਜਮੈਂਟ ਕਮੇਟੀ ਦੀ ਚੇਅਰਮੈਨ ਸ੍ਰੀਮਤੀ ਪ੍ਰਵੀਨ ਕੌਰ ਨੇ ਸਕੂਲ ਵਿਚ ਪੌਦਾ ਲਗਾ ਕੇ ਕੀਤੀ। ਇਸ ਮੌਕੇ ਸਕੂਲ ਦੇ ਅਧਿਆਪਕਾਂ ਵੱਲੋਂ ਵੀ ਪੌਦੇ ਲਗਾਏ ਗਏ। ਕਾਲੜਾ ਨੇ ਕਿਹਾ ਕਿ ਸਾਨੂੰ ਸਭ ਨੂੰ ਵਾਤਾਵਰਨ ਨੂੰ ਸਾਫ-ਸੁਥਰਾ ਰੱਖਣ ਅਤੇ ਪ੍ਰਦੂਸ਼ਣ ਰਹਿਤ ਬਣਾਉਣ ਲਈ ਰਲ ਮਿਲ ਕੇ ਹੰਭਲਾ ਮਾਰਨਾ ਚਾਹੀਦਾ ਹੈ ਅਤੇ ਵੱਧ ਤੋਂ ਵੱਧ ਪੌਦੇ ਲਗਾਉਣੇ ਚਾਹੀਦੇ ਹਨ। ਵਾਤਾਵਰਣ ਦੀ ਸਾਂਭ ਸੰਭਾਲ ਲਈ ਅਧਿਆਪਕਾਂ ਵੱਲੋਂ ਸ਼ਪਥ ਵੀ ਲਈ ਗਈ। ਇਸ ਮੌਕੇ ਸ੍ਰੀਮਤੀ ਆਸ਼ੂ ਨਾਗਰ, ਸ੍ਰੀਮਤੀ ਹਰਵਿੰਦਰ ਕੌਰ, ਸ੍ਰੀਮਤੀ ਨੀਤੂ ਵਰਮਾ, ਰਾਕੇਸ਼ ਠਾਕੁਰ,ਨਰੇਸ਼ ਕੁਮਾਰ ਆਦਿ ਅਧਿਆਪਕ ਵੀ ਸ਼ਾਮਿਲ ਸਨ।

**ਮਹਿਤਪੁਰ (ਰਾਜਾ)** ਸਰਕਾਰੀ ਪ੍ਰਾਇਮਰੀ ਸਕੂਲ ਰਸੂਲਪੁਰ ਵਿਖੇ ਵਿਸ਼ਵ ਵਾਤਾਵਰਣ ਦਿਵਸ ਮਨਾਇਆ ਗਿਆ। ਸਕੂਲ ਦੇ ਅਧਿਆਪਕ ਜਗਜੀਤ ਸਿੰਘ ਅਤੇ ਮੈਡਮ ਹਰਪਾਲ ਕੌਰ ਵੱਲੋਂ ਬੱਚਿਆਂ ਦੇ ਨਾਲ ਮਿਲ ਕੇ ਪੌਦੇ ਲਗਾਏ ਗਏ। ਅਧਿਆਪਕ ਜਗਜੀਤ ਸਿੰਘ ਵੱਲੋਂ ਹਰ ਸਾਲ ਘੱਟੋ-ਘੱਟ ਦਸ ਪੌਦੇ ਲਗਾ ਕੇ ਉਹਨਾਂ ਨੂੰ ਪਾਲਿਆ ਵੀ ਜਾਂਦਾ ਹੈ। ਇਸ ਮੌਕੇ ਬੱਚਿਆਂ ਅਤੇ ਅਧਿਆਪਕਾਂ ਵੱਲੋਂ ਪੌਦਿਆਂ ਦੀ ਸੰਭਾਲ ਅਤੇ ਵਾਤਾਵਰਣ ਦੀ ਸੰਭਾਲ ਬਾਰੇ ਵਿਚਾਰ ਚਰਚਾ ਕੀਤੀ ਗਈ। ਮੈਡਮ ਹਰਪਾਲ ਕੌਰ ਨੇ ਵੀ ਬੱਚਿਆਂ ਨੂੰ ਵਾਤਾਵਰਣ ਦੀ ਸੰਭਾਲ ਬਾਰੇ ਚਾਨਣਾ ਪਾਇਆ। ਬੱਚਿਆਂ ਅਤੇ ਅਧਿਆਪਕਾਂ ਨੇ ਵਾਤਾਵਰਣ ਦੀ ਸੰਭਾਲ ਬਾਰੇ ਸਹੁੰ ਵੀ ਚੁੱਕੀ। ਇਸ ਮੌਕੇ ਲਵਪ੍ਰੀਤ ਸਿੰਘ, ਲਵਪ੍ਰੀਤ, ਮਾਨਵ, ਗੁਰਲੀਨ ਕੌਰ, ਗੁਰਕੀਰਤ, ਸੁਨਾਕਸ਼ੀ, ਰੋਕਸਾਨਾ ਖਾਤੂਨ,ਅਤੇ ਕੰਚਨ ਆਦਿ ਬੱਚਿਆਂ ਨੇ ਪੌਦੇ ਵੀ ਲਗਾਏ।

**ਭੋਗਪੁਰ (ਕੁਲਵੀਰ ਸਿੰਘ ਕਾਹਲੋਂ)**-ਸਕੂਲ ਨੂੰ ਹਰਾ-ਭਰਾ ਬਣਾਉਣ ਲਈ ਵਿਦਿਆਰਥੀਆਂ ਅਤੇ ਅਧਿਆਪਕਾਂ ਵੱਲੋਂ ਸਕੂਲ ਵਿੱਚ ਪੌਦੇ ਲਗਾਏ ਗਏ। ਇਸ ਮੌਕੇ ਚੇਅਰਪਰਸਨ ਸ੍ਰੀਮਤੀ ਹਰਪ੍ਰੀਤ ਕੌਰ, ਪ੍ਰਭਜੀਤ ਬਾਂਸਲ ਸੀ. ਐੱਚ. ਟੀ. ਮਾਣਕਰਾਏ, ਬਲਵਿੰਦਰ ਕੁਮਾਰ ਇੰਚਾਰਜ ਸਰਕਾਰੀ ਮਿਡਲ ਸਕੂਲ ਮਾਣਕਰਾਏ, ਸੁਰੇਸ਼ ਕੁਮਾਰ, ਮਨਦੀਪ ਸਿੰਘ ਰਾਏ, ਮਨਦੀਪ ਸਿੰਘ, ਜਗਦੀਸ਼ ਲਾਲ ਐਚ. ਟੀ., ਮੈਡਮ ਮਨਜੀਤ ਕੌਰ, ਜਸਦੀਪ ਕੌਰ ਤੇ ਵਿਦਿਆਰਥੀ ਹਾਜਰ ਸਨ।

**ਮੋਹਾਲੀ (ਗੁਰਜੀਤ ਬਿੱਲਾ)-ਵਿਸ਼ਵ** ਵਾਤਾਵਰਣ ਦਿਵਸ ਮੌਕੇ ਮੈਕਸ ਹਸਪਤਾਲ ਮੋਹਾਲੀ ਵਲੋਂ ਨਗਰ ਨਿਗਮ ਮੋਹਾਲੀ ਦੇ ਸਹਿਯੋਗ ਨਾਲ ਫੇਜ 7 ਦੀ ਮਾਰਕੀਟ ਵਿਖੇ ਸਫਾਈ ਅਭਿਆਨ ਚਲਾਇਆ ਗਿਆ। ਇਸ ਮੌਕੇ ਮੁਹਾਲੀ ਨਗਰ ਨਿਗਮ ਦੀ ਕਮਿਸ਼ਨਰ ਨਵਜੋਤ ਕੌਰ ਸਮੇਤ ਸੰਯੁਕਤ ਕਮਿਸ਼ਨਰ ਨੇ ਸਫਾਈ ਦੀ ਲੋੜ 'ਤੇ ਜੋਰ ਦਿੱਤਾ ਅਤੇ ਵਾਤਾਵਰਨ ਨੂੰ ਸ਼ੁੱਧ ਰੱਖਣ ਦੀ ਅਪੀਲ ਕੀਤੀ। ਇਸ ਦੌਰਾਨ ਉਨ੍ਹਾਂ ਲੋਕਾਂ ਨੂੰ ਸਫਾਈ ਵਿਵਸਥਾ ਬਣਾਈ ਰੱਖਣ ਲਈ ਵੀ ਪ੍ਰੇਰਿਤ ਕੀਤਾ। ਨਵਜੋਤ ਕੌਰ ਨੇ ਮਾਰਕੀਟ ਵਿੱਚ ਇੱਕ ਬੂਟਾ ਵੀ ਲਗਾਇਆ। ਪਰਸੂਟ ਮੈਗਜੀਨ ਐਨ.ਜੀ.ਓ ਦੇ ਵਲੰਟੀਅਰਾਂ ਨੇ ਮੈਕਸ ਹਸਪਤਾਲ ਦੇ ਸਟਾਫ ਨਾਲ ਮਿਲ ਕੇ ਮਾਰਕੀਟ ਵਿਖੇ ਸਫਾਈ ਅਭਿਆਨ ਚਲਾਇਆ। ਇਸ ਮੌਕੇ ਸਹਿਤਾ ਰਾਣੀ ਵੱਲੋਂ ਕੂੜੇ ਤੋਂ ਉਪਯੋਗੀ ਵਸਤੂਆਂ ਬਣਾਉਣ ਸਬੰਧੀ ਵਰਕਸ਼ਾਪ ਵੀ ਲਗਾਈ ਗਈ।

**ਕੁਰਾਲੀ (ਮੋਹਨ ਅੱਗਰਵਾਲ)** ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ ਐਸ.ਏ.ਐਸ ਨਗਰ ਵੱਲੋ ਪਿੰਡ ਸਿੰਘਪੁਰਾ ਬਲਾਕ ਮਾਜਰੀ ਵਿਖੇ ਵਿਸ਼ਵ ਵਾਤਾਵਰਣ ਦਿਵਸ ਮਨਾਇਆ ਗਿਆ। ਇਸ ਮੌਕੇ ਡਾ. ਗੁਰਬਚਨ ਸਿੰਘ ਮੁੱਖ ਖੇਤੀਬਾੜੀ ਅਫ਼ਸਰ ਨੇ ਦੱਸਿਆ ਕਿ ਵਾਤਾਵਰਣ ਬਾਰੇ ਜੇਕਰ ਗੱਲ ਕਰੀਏ ਤਾਂ ਹਾਲਾਤ ਬਹੁਤੇ ਸਾਜਗਰ ਨਜਰ ਨਹੀਂ ਆਉਂਦੇ, ਦੇਸ਼ ਦੀਆਂ ਲੱਗਭਗ ਸਾਰੀਆਂ ਨਦੀਆਂ ਤੇ ਦਰਿਆਵਾਂ ਦੇ ਪਾਣੀ ਵਿੱਚ ਕਿਸੇ ਨਾ ਕਿਸੇ ਤਰ੍ਹਾਂ ਫੈਕਟਰੀਆਂ ਤੇ ਸ਼ਹਿਰਾਂ ਦਾ ਜਹਿਰੀਲਾ ਤੇ ਗੰਦਾ ਪਾਣੀ ਸੁੱਟਿਆ ਜਾ ਰਿਹਾ। ਖੇਤਾਂ ਵਿੱਚ ਜੋ ਕੈਮੀਕਲਾਂ ਤੇ ਕੀਟਨਾਸ਼ਕ ਦਵਾਈਆਂ ਦੀ ਧੜੱਲੇ ਨਾਲ ਵਰਤੋਂ ਕੀਤੀ ਜਾ ਰਹੀ ਹੈ। ਉਨ੍ਹਾਂ ਨੇ ਸਾਡੇ ਖਾਣ ਵਾਲੇ ਪਦਾਰਥਾਂ ਨੂੰ ਵੀ ਜਹਿਰੀਲੇ ਬਣਾ ਦਿੱਤਾ ਹੈ ਅਤੇ ਇਹ ਜਹਿਰਾਂ ਹੌਲੀ ਹੌਲੀ ਧਰਤੀ ਹੇਠਲੇ ਪਾਣੀ ਤੱਕ ਪਹੁੰਚ ਗਈਆਂ ਹਨ। ਇਸ ਮੌਕੇ ਡਾ. ਰਮਿੰਦਰ ਸਿੰਘ ਘੁੱਮਣ (ਏ.ਐਫ.ਐਸ.ਸੀ) ਪੀ.ਏ.ਯੂ ਲੁਧਿਆਣਾ ਨੇ ਕਿਹਾ ਕਿ ਵਾਤਾਵਰਣ ਅਤੇ ਕੁਦਰਤੀ ਸੋਮਿਆ ਦੀ ਸਾਂਭ-ਸੰਭਾਲ ਲਈ ਝੋਨੇ ਦੀ ਸਿੱਧੀ ਬਿਜਾਈ ਕੀਤੀ ਜਾਵੇ। ਜਿਸ ਨਾਲ ਪਾਣੀ,ਬਿਜਲੀ,ਲੇਬਰ ਅਤੇ ਸਮੇਂ ਦੀ ਬੱਚਤ ਹੁੰਦੀ ਹੈ। ਇਸ ਮੌਕੇ ਸੋਨੀਆ ਪਰਾਸ਼ਰ ਏ.ਈ.ਉ,ਜਸਵੰਤ ਸਿੰਘ, ਸਿਮਰਨਜੀਤ ਕੌਰ ਏ.ਟੀ.ਐਮ ਅਤੇ ਕਿਸਾਨ ਕੁਲਵਿੰਦਰ ਸਿੰਘ ਆਦਿ ਹਾਜ਼ਰ ਸਨ।

**ਨੂਰਮਹਿਲ (ਬਾਲ ਕ੍ਰਿਸ਼ਨ ਬਾਲੀ)**- ਸ਼ਿਵਾ ਪਬਲਿਕ ਸਕੂਲ ਵਿੱਚ ਵਿਸ਼ਵ ਵਾਤਾਵਰਣ ਦਿਵਸ ਮਨਾਇਆ ਗਿਆ। ਇਸ ਮੌਕੇ ਸਕੂਲ ਪ੍ਰਿੰਸੀਪਲ ਸੁਮਨ ਪਾਠਕ ਨੇ ਵਿਦਿਆਰਥੀਆਂ ਅਤੇ ਸਟਾਫ ਨਾਲ ਮਿਲ ਕੇ ਸਕੂਲ ਵਿੱਚ ਨਵੇਂ ਪੌਦੇ ਲਗਾਏ। ਪਾਠਕ ਨੇ ਵਿਦਿਆਰਥੀਆਂ ਨੂੰ ਪੌਦਿਆਂ ਦੀ ਮਹੱਤਤਾ ਬਾਰੇ ਜਾਣਕਾਰੀ ਦਿੱਤੀ ਅਤੇ ਵੱਧ ਤੋਂ ਵੱਧ ਪੌਦੇ ਲਗਾਉਣ ਲਈ ਪ੍ਰੇਰਿਤ ਕੀਤਾ। ਇਸ ਮੌਕੇ ਸੀਮਾ ਮੈਡਮ, ਸੁਨੈਨਾ,ਅਦਿਤੀ, ਗਾਇਤਰੀ ਸ਼ਰਮਾ, ਗੀਤਾ ਤੇ ਬਾਕੀ ਸਟਾਫ ਮੌਜੂਦ ਸੀ।

**ਆਦਮਪੁਰ (ਪਰਮਜੀਤ ਸਿੰਘ)**-ਆਦਮਪੁਰ ਵਿਖੇ ਪ੍ਰਿਥਵੀ ਵੈਲਫੇਅਰ ਸੋਸਾਇਟੀ ਅਤੇ ਦ ਇੰਪੀਰੀਅਲ ਸਕੂਲ ( ਗ੍ਰੀਨ ਕੈਂਪਸ ) ਵੱਲੋਂ ਸਾਂਝੇ ਤੌਰ 'ਤੇ ਵਿਸ਼ਵ ਵਾਤਾਵਰਣ ਦਿਵਸ ਮਨਾਇਆ ਗਿਆ । ਦ ਇੰਪੀਰੀਅਲ ਸਕੂਲ ਦੇ ਚੇਅਰਮੈਨ ਜਗਦੀਸ਼ ਪਸਰੀਚਾ ਨੇ ਵਾਤਾਵਰਣ ਦਿਵਸ ਤੇ ਇਸ ਲਈ ਵਿਸ਼ੇਸ਼ ਤੌਰ ਤੇ ਇਲਾਕੇ ਦੇ ਉਘੇ ਸਮਾਜ ਸੇਵੀ ਅਤੇ ਵਾਤਾਵਰਣ ਪ੍ਰੇਮੀ ਹਰਿੰਦਰ ਸਿੰਘ ਨੂੰ ਸੱਦਾ ਦਿੱਤਾ । ਇਸ ਮੌਕੇ ਬੋਲਦਿਆਂ ਜਗਦੀਸ਼ ਪਸਰੀਚਾ ਅਤੇ ਪ੍ਰਿੰਸੀਪਲ ਸਤਵਿੰਦਰ ਕੌਰ ਨੇ ਵਿਦਿਆਰਥੀਆਂ ਨੂੰ ਵਾਤਾਵਰਣ ਦੀ ਸੰਭਾਲ ਲਈ ਪ੍ਰੇਰਿਤ ਕੀਤਾ। ਉਨ੍ਹਾਂ ਕਿਹਾ ਕਿ ਹਰ ਬੱਚੇ ਨੂੰ ਵਾਤਾਵਰਣ ਦੀ ਸੰਭਾਲ ਲਈ ਯਤਨ ਕਰਨੇ ਚਾਹੀਦੇ ਹਨ। ਸਕੂਲ ਵੱਲੋਂ ਪਿਛਲੇ ਵਰ੍ਹੇ ਵੀ ਵਿਦਿਆਰਥੀਆਂ ਨੂੰ 1100 ਬੂਟੇ ਵੰਡੇ ਗਏ ਸੀ। ਇਹ ਵੀ ਯਕੀਨੀ ਬਣਾਇਆ ਜਾ ਰਿਹਾ ਹੈ ਕਿ ਬੱਚੇ ਉਨ੍ਹਾਂ ਦੀ ਦੇਖਭਾਲ ਕਰ ਰਹੇ ਹਨ । ਹਰਿੰਦਰ ਸਿੰਘ ( ਪ੍ਰਧਾਨ: ਪ੍ਰਿਥਵੀ ਵੈਲਫੇਅਰ ਸੋਸਾਇਟੀ ) ਨੇ ਸੰਬੋਧਨ ਵਿੱਚ ਸਕੂਲ ਦੇ ਚੇਅਰਮੈਨ ਜਗਦੀਸ਼ ਪਸਰੀਚਾ ਅਤੇ ਸਕੂਲ ਸਟਾਫ ਦਾ ਧੰਨਵਾਦ ਕੀਤਾ ਅਤੇ ਇਸ ਉਪਰਾਲੇ ਦੀ ਸ਼ਲਾਘਾ ਕੀਤੀ । ਉਨ੍ਹਾਂ ਕਿਹਾ ਕਿ ਪਿਛਲੇ ਦਹਾਕਿਆਂ ਤੋਂ ਪੰਜਾਬ ਵਿੱਚ ਜੰਗਲਾਂ ਦਾ ਖੇਤਰਫਲ ਬਹੁਤ ਘਟ ਗਿਆ ਹੈ । ਅਨੇਕਾਂ ਵਰ੍ਹੇ ਪਹਿਲਾਂ ਇਹ 33% ਸੀ ਸੋ ਹੁਣ ਤਕਰੀਬਨ 3% ਰਹਿ ਗਿਆ ਹੈ । ਜੰਗਲਾਂ ਦੀ ਕਟਾਈ, ਵਧ ਰਹੀ ਆਬਾਦੀ, ਰਿਵਾਇਤੀ ਰੁੱਖਾਂ ਦੀ ਘਟ ਰਹੀ ਗਿਣਤੀ, ਆਦਿ ਅਨੇਕ ਕਾਰਨਾਂ ਕਰਕੇ ਪਰਿਆਵਰਣ ਅਸੰਤੁਲਿਤ ਹੋ ਗਿਆ ਹੈ। ਅੰਤ ਵਿੱਚ ਜਗਦੀਸ਼ ਪਸਰੀਚਾ ਅਤੇ ਹਰਿੰਦਰ ਸਿੰਘ ਨੇ ਹਰ ਵਿਦਿਆਰਥੀ ਨੂੰ ਇਕ ਇਕ ਬੂਟਾ ਦਿੱਤਾ । ਇਸ ਮੌਕੇ ਸਕੂਲ ਦੇ ਪ੍ਰਿੰਸੀਪਲ, ਅਤੇ ਸਮੂਹ ਸਟਾਫ, ਪ੍ਰਿਥਵੀ ਵੈਲਫੇਅਰ ਸੋਸਾਇਟੀ ਦੇ ਮੈਂਬਰ, ਗੁਰਮੀਤ ਸਿੰਘ ਨਿੱਝਰ, ਬਲਵਿੰਦਰ ਸਿੰਘ ਵੀ ਹਾਜ਼ਰ ਸਨ । ਆਪ ਪਾਰਟੀ ਦੇ ਆਗੂ, ਪਰਮਜੀਤ ਸਿੰਘ, ਹਨਿੰਦਰ ਸਿੰਘ, ਮੰਗਾ ਸਿੰਘ, ਇੰਦਰਜੀਤ ਸਿੰਘ ਵੀ ਸ਼ਾਮਲ ਹੋਏ ।

**ਜਲੰਧਰ ( ਇਕਬਾਲ ਸਿੰਘ ਉੱਭੀ )** ਆਈਵੀ ਵਰਲਡ ਸਕੂਲ ਨੇ ਵਾਤਾਵਰਨ ਸੁਰੱਖਿਆ ਦੇ ਮਹੱਤਵ ਬਾਰੇ ਜਾਗਰੂਕਤਾ ਪੈਦਾ ਕਰਨ ਲਈ ਇੱਕ ਆਕਰਸ਼ਕ ਫੈਸਟ ਦਾ ਆਯੋਜਨ ਕੀਤਾ। ਇਸ ਸਮਾਗਮ ਵਿੱਚ ਸਲੋਗਨ ਰਾਈਟਿੰਗ, ਡਾਂਸ, ਗਾਇਨ, ਬਰਡ ਹਾਊਸ ਨਿਰਮਾਣ ਅਤੇ ਪੋਸਟਰ ਮੇਕਿੰਗ ਸਮੇਤ ਬਹੁਤ ਸਾਰੀਆਂ ਗਤੀਵਿਧੀਆਂ ਦੇਖੀਆਂ ਗਈਆਂ, ਜਿਸ ਨਾਲ ਵਿਦਿਆਰਥੀਆਂ ਨੂੰ ਆਪਣੀ ਰਚਨਾਤਮਕਤਾ ਅਤੇ ਟਿਕਾਊ ਭਵਿੱਖ ਪ੍ਰਤੀ ਵਚਨਬੱਧਤਾ ਦਾ ਪ੍ਰਦਰਸ਼ਨ ਕਰਨ ਦਾ ਮੌਕਾ ਮਿਲਿਆ। ਸੀਨੀਅਰ ਪ੍ਰਿੰਸੀਪਲ, ਆਈਵੀ ਵਰਲਡ ਸਕੂਲ, ਮਿਸ. ਚੌਹਾਨ ਨੇ ਵਿਦਿਆਰਥੀਆਂ ਦੀ ਉਤਸ਼ਾਹੀ ਸਮੂਲੀਅਤ 'ਤੇ ਖ਼ੁਸ਼ੀ ਦਾ ਪ੍ਰਗਟਾਵਾ ਕੀਤਾ। ਵਾਸਲ ਐਜੂਕੇਸ਼ਨ ਸੋਸਾਇਟੀ ਦੇ ਪ੍ਰਧਾਨ ਕੇ.ਕੇ ਵਾਸਲ, ਪ੍ਰਧਾਨ ਸੰਜੀਵ ਕੁਮਾਰ ਵਾਸਲ, ਮੀਤ ਪ੍ਰਧਾਨ ਸ੍ਰੀਮਤੀ ਈਨਾ ਵਾਸਲ , ਸੀਈਓ ਰਾਘਵ ਵਾਸਲ ਅਤੇ ਡਾਇਰੈਕਟਰ ਸ੍ਰੀਮਤੀ ਅਦਿਤੀ ਵਾਸਲ ਨੇ ਵਾਤਾਵਰਨ ਨੂੰ ਬਚਾਉਣ ਦੀ ਮਹੱਤਤਾ ਬਾਰੇ ਚਾਨਣਾ ਪਾਇਆ।



ਕੁਰਾਲੀ



ਨੂਰਮਹਿਲ





ਜਲੰਧਰ



ਆਦਮਪੁਰ

## ਮੁਰੰਮਤ ਨੂੰ ਤਰਸ ਰਹੀ ਲਿੰਕ ਰੋਡ




**ਅੱਡਾ ਸਰਾਂ (ਜਸਵੀਰ ਕਾਜਲ)**-ਅੱਡਾ ਸਰਾਂ ਤੋਂ ਲਿੰਕ ਰੋਡ ਪਿੰਡ ਢੱਟਾ, ਭਾਗੀਆਂ,ਕੰਧਾਲੀ ਨੌਰੰਗਪੁਰ ,ਮਸੀਤ ਪਾਲਕੋਟ,ਮੋਹਾ ਆਦਿ ਪਿੰਡਾਂ ਵਿਚੋਂ ਗੁਜਰਦੀ ਹੋਈ ਖੁੱਡਾ -ਦਸੂਹਾ ਨਾਲ ਜਾ ਮਿਲਦੀ ਹੈ। ਇਸ ਸੜਕ ਦੀ ਹਾਲਤ ਬਹੁਤ ਨਾਜ਼ੁਕ ਤੇ ਆਵਾਜਾਈ ਵੀ ਬਹੁਤ ਹੈ। ਸੜਕ 'ਤੇ ਥਾਂ-ਥਾਂ ਟੋਏ ਪਏ ਹੋਏ ਹਨ ਤੇ ਹਾਲਤ ਮੀਹਾਂ ਦੇ ਦਿਨਾਂ ਵਿੱਚ ਹੋਰ ਵੀ ਖਰਾਬ ਹੋ ਜਾਂਦੀ ਹੈ। ਟੋਇਆਂ ਵਿਚ ਪਾਣੀ ਭਰ ਜਾਦਾ ਹੈ ਅਤੇ ਰਾਹਗੀਰਾਂ ਦਾ ਲੰਘਣਾ ਹੋਰ ਵੀ ਔਖਾ ਹੋ ਜਾਂਦਾ ਹੈ। ਇਹ ਲਿੰਕ ਸੜਕ ਦੁਰਘਟਨਾਵਾਂ ਨੂੰ ਆਵਾਜਾਂ ਮਾਰ ਰਹੀ ਹੈ। ਇਲਾਕੇ ਦੇ ਲੋਕਾਂ ਦੀ ਸਰਕਾਰ ਤੋਂ ਮੰਗ ਹੈ ਕਿ ਇਸ ਸੜਕ ਵੱਲ ਜਰੂਰ ਧਿਆਨ ਦਿੱਤਾ ਜਾਵੇ।

## ਜ਼ਿਲ੍ਹਾ ਕਚਹਿਰੀਆਂ 'ਚ ਵਾਤਾਰਵਰਨ ਦਿਵਸ ਮਨਾਇਆ

**ਜਲੰਧਰ (ਸ਼ੈਲੀ ਐਲਬਰਟ)**-ਜ਼ਿਲ੍ਹਾ ਕਚਿਹਰੀਆਂ ਜਲੰਧਰ ਵਿਖੇ ਵਾਤਾਰਵਰਨ ਦਿਵਸ ਮਨਾਇਆ ਗਿਆ। ਨਿਰਭਉ ਸਿੰਘ ਗਿੱਲ, ਜ਼ਿਲ੍ਹਾ ਅਤੇ ਸੈਸ਼ਨਜ ਜੱਜ-ਕਮ-ਚੇਅਰਮੈਨ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਜਲੰਧਰ ਵੱਲੋਂ ਰੁੱਖ ਲਗਾਏ ਗਏ। ਲੋਕਾਂ ਨੂੰ ਵਾਤਾਵਰਨ ਨਾਲ ਜੁੜੀਆਂ ਸਮੱਸਿਆਵਾਂ ਪ੍ਰਤੀ ਸਚੇਤ ਹੋਣਾ ਚਾਹੀਦਾ ਹੈ। ਹਰੇਕ ਵਿਅਕਤੀ ਨੂੰ ਵਾਤਾਵਰਨ ਦੀ ਸੰਭਾਲ ਕਰਨਾ ਆਪਣਾ ਫਰਜ ਸਮਝਣਾ ਚਾਹੀਦਾ ਹੈ। ਉਨ੍ਹਾਂ ਨੇ ਦੱਸਿਆ ਕਿ ਰੁੱਖ ਵਾਤਾਵਰਨ ਦੇ ਸੰਤੁਲਨ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦੇ ਹਨ। ਉਨ੍ਹਾਂ ਆਖਿਆ ਕਿ ਹਰ ਮਨੁੱਖ ਨੂੰ ਹਰ ਸਾਲ ਜਿੱਥੇ ਦਰਖਤ ਲਗਾਉਣੇ ਚਾਹੀਦੇ ਹਨ ਉੱਥੇ ਹੀ ਇਨ੍ਹਾਂ ਦੀ ਸੰਭਾਲ ਵੀ ਕਰਨੀ ਚਾਹੀਦੀ ਹੈ। ਇਸ ਮੌਕੇ 'ਤੇ ਡਾ. ਗਗਨਦੀਪ ਕੌਰ, ਸੀ.ਜੇ.ਐਮ-ਕਮ-ਸਕੱਤਰ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਜਲੰਧਰ, ਪਰਿੰਦਰ ਸਿੰਘ ਸਿਵਲ ਜੱਜ (ਸੀਨੀਅਰ ਡਵੀਜਨ) ਅਤੇ ਅਮਿਤ ਗਰਗ (ਚੀਫ ਜੁਡੀਸ਼ੀਅਲ ਮੈਜੀਸਟ੍ਰੇਟ) ਵੀ ਮੌਜੂਦ ਸਨ।

## ਵਨ ਟਾਈਮ ਸੈਟਲਮੈਂਟ ਸਕੀਮ ਅਧੀਨ ਲਗਾਇਆ ਕੈਂਪ

**ਅੱਡਾ ਸਰਾਂ (ਜਸਵੀਰ ਕਾਜਲ)** ਵਨ ਟਾਈਮ ਸੈਟਲਮੈਂਟ ਸਕੀਮ ਅਧੀਨ 30 ਸਤੰਬਰ 2022 ਤੋਂ ਪਹਿਲਾਂ ਖੜ੍ਹੀ ਕੁਤਾਹੀ ਰਕਮ ਨੂੰ ਸੈਟਲ ਕਰਨ ਹਿਤ ਸਬ-ਡਵੀਜਨ ਕੰਧਾਲਾ ਜੱਟਾਂ ਵਿਖੇ ਕੈਂਪ ਲਗਾਇਆ ਜਾ ਰਿਹਾ ਹੈ। ਇਹ ਜਾਣਕਾਰੀ ਦਿੰਦੇ ਹੋਏ ਐਸ ਡੀ ਓ ਸੁਰਿੰਦਰ ਸਿੰਘ ਨੇ ਦੱਸਿਆ ਕਿ ਉਪ ਮੰਡਲ ਕੰਧਾਲਾ ਜੱਟਾਂ ਅਧੀਨ ਆਉਂਦੇ ਸਰਕਾਰੀ ਅਤੇ ਗੈਰ ਸਰਕਾਰੀ ਸੰਸਥਾਵਾਂ ਦੇ ਖਪਤਕਾਰ ਨੂੰ ਨਿਜੀ ਤੌਰ 'ਤੇ ਇਸ ਸਕੀਮ ਦਾ ਲਾਭ ਸਵੇਰੇ 9 ਵੱਜ ਕੇ 30 ਮਿੰਟ ਤੋਂ 12 ਵੱਜ ਕੇ 30 ਮਿੰਟ ਤੱਕ ਪਹੁੰਚ ਕੇ ਲੈ ਸਕਦੇ ਹਨ।

## ਬਹੁ-ਰੰਗ ਕਲਾ ਮੰਚ ਨੇ ਨੁਕੜ ਨਾਟਕ 'ਮਿਸ਼ਨ ਲਾਈਫ' ਖੇਡਿਆ

**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)**- ਇਥੇ ਬਹੁ-ਰੰਗ ਕਲਾ ਮੰਚ ਹੁਸ਼ਿਆਰਪੁਰ ਵਲੋਂ ਨਹਿਰੂ ਯੂਵਾ ਕੇਂਦਰ ਹੁਸ਼ਿਆਰਪੁਰ ਦੇ ਦਿਸ਼ਾ ਨਿਰਦੇਸ਼ ਤੇ ਅਸ਼ੋਕ ਪੁਰੀ ਦਾ ਲਿਖਿਤ ਅਤੇ ਨਿਰਦੇਸ਼ਤ ਨੁਕੜ ਨਾਟਕ "ਜੀਵਨ ਜਾਚ" ਖੇਡਿਆ ਗਿਆ। ਇਹ ਨਾਟਕ ਭਾਰਤ ਸਰਕਾਰ ਦੇ "ਮਿਸ਼ਨ ਲਾਈਫ" 'ਤੇ ਅਧਾਰਤ ਹੈ। ਇਸ ਵਿਚ ਜੀਵਨ ਜਿਊਣ ਦੇ ਸਿਧਾਂਤ, ਜੀਵਨ ਵਿਚ ਪਾਣੀ ਦੀ ਮਹਤੱਤਾ, ਪੋਲਿਊਸ਼ਨ ਪ੍ਰਤੀ ਜਾਗਰੂਕਤਾ ਅਤੇ ਅਨਰਜੀ ਦੇ ਸਦ-ਉਪਯੋਗ 'ਤੇ ਅਧਾਰਤ ਹੈ। ਇਸ ਮੌਕੇ 'ਤੇ ਸਮਾਜ ਸੇਵੀ ਪ੍ਰੋ. ਬਹਾਦਰ ਸਿੰਘ, ਡਾ. ਹਰਵਿੰਦਰ ਸਿੰਘ ਉਬਰਾਏ, ਐਲੀ ਰਮੇਸ਼ ਕੁਮਾਰ, ਸੰਗੀਤਕਾਰ ਵਿਵੇਕ ਸਾਹਨੀ, ਅਮਿਤ ਕੁਮਾਰ, ਗਾਇਕ ਜੀਤ ਸੱਜਣ ਵਿਸ਼ੇਸ਼ ਤੌਰ 'ਤੇ ਹਾਜਰ ਹੋਏ। ਇਸ ਨਾਟਕ ਵਿਚ ਜਿੰਦਰ, ਅਮਿਤ, ਜਸਵੀਰ ਅਤੇ ਨਰੇਸ਼ ਕੁਮਾਰ ਦੇ ਨਾਲ ਨਾਟਕਕਾਰ ਅਸ਼ੋਕ ਪੁਰੀ ਵੀ ਸ਼ਾਮਲ ਹਨ। ਇਹ ਨਾਟਕ ਗੁਰੂ ਨਾਨਕ ਪਵਿੱਤਰ ਜੰਗਲ ਚੋਹਾਲ ਦੀਆਂ ਝੁੱਗੀਆਂ ਅਤੇ ਗੁਰੂਦਵਾਰਾ ਸਾਹਿਬ ਅੱਜੋਵਾਲ ਵਿਖੇ ਸਫਲਤਾਪੂਰਵਕ ਖੇਡਿਆ ਗਿਆ।

## ਲੜਕੀ ਨੂੰ ਚਿੱਟੇ ਦਿਨ ਛੁਰਾ ਦਿਖਾ ਕੇ ਲੁੱਟੇ 80 ਹਜ਼ਾਰ

**ਹੁਸ਼ਿਆਰਪੁਰ/ਮੇਹਟੀਆਣਾ, (ਬਲਵੀਰ ਸਿੰਘ ਸੈਣੀ, ਜਗਤਾਰ ਸਿੰਘ ਭੁੰਗਰਨੀ)**— ਪਿੰਡ ਰਾਜਪੁਰ-ਭਾਈਆਂ ਵਿਖੇ ਵੈਸਟਰਨ ਯੂਨੀਅਨ ਦੇ ਦਫਤਰ ਵਿੱਚ ਇੱਕ ਲੜਕੀ ਨੂੰ ਛੁਰਾ ਦਿਖਾ ਕੇ 80 ਹਜ਼ਾਰ ਦੀ ਨਕਦੀ ਲੈ ਕੇ ਲੁਟੇਰਾ ਮੋਟਰਸਾਈਕਲ 'ਤੇ ਸਵਾਰ ਹੋ ਕੇ ਰਫੂਚੱਕਰ ਹੋ ਗਿਆ। ਪੀੜਤ ਸੁਖਵਿੰਦਰ ਲਾਲ ਵਾਸੀ ਬਡਲਾ ਖੁਰਦ ਨੇ ਦੱਸਿਆ ਕਿ ਉਹ ਰਾਜਪੁਰ ਭਾਈਆਂ ਮਿੱਠੇ ਵੈਸਟਨ ਯੂਨੀਅਨ ਦਾ ਕੰਮ ਕਰਦਾ ਹੈ। ਸਵੇਰੇ ਸਾਢੇ ਦਸ ਵਜੇ ਦੇ ਕਰੀਬ ਉਹ ਆਪਣੇ ਬੱਚੇ ਨੂੰ ਉਸ ਦੀ ਭੂਆ ਦੇ ਪਿੰਡ ਛੱਡਣ ਗਿਆ ਹੋਇਆ ਸੀ ਅਤੇ ਦਫਤਰ ਵਿਚ ਰੱਖੀ ਲੜਕੀ ਅੰਸ਼ਿਕਾ ਦਫਤਰ ਵਿਚ ਇਕੱਲੀ ਸੀ। ਉਸ ਨੂੰ ਇਕੱਲੀ ਨੂੰ ਦੇਖ ਇਕ ਲੜਕਾ ਦਫਤਰ ਵਿਚ ਦਾਖਲ ਹੋਇਆ। ਜਿਸ ਨੇ ਆਪਣਾ ਮੂੰਹ ਰੁਮਾਲ ਨਾਲ ਢੱਕਿਆ ਹੋਇਆ ਸੀ ਅਤੇ ਸਿਰ 'ਤੇ ਪਰਨਾ ਬੰਨ੍ਹਿਆਂ ਹੋਇਆ ਸੀ। ਲੜਕੀ ਦੀ ਗਰਦਨ 'ਤੇ ਛੁਰਾ ਰੱਖ ਕੇ ਗੋਲਕ ਵਿੱਚ ਪਈ 80 ਹਜਾਰ ਰੁਪਏ ਦੀ ਨਕਦੀ ਲੁੱਟ ਕੇ ਮੋਟਰਸਾਈਕਲ 'ਤੇ ਸਵਾਰ ਹੋ ਕੇ ਫਰਾਰ ਹੋ ਗਿਆ। ਦਿਨ- ਦਿਹਾੜੇ ਹੋਈ ਇਸ ਲੁੱਟ ਦੀ ਵਾਰਦਾਤ ਕਾਰਨ ਇਲਾਕੇ ਵਿਚ ਦਹਿਸ਼ਤ ਦਾ ਮਾਹੌਲ ਬਣਿਆ ਹੋਇਆ ਹੈ ਅਤੇ ਦੁਕਾਨਦਾਰ ਆਪਣੇ ਆਪ ਨੂੰ ਅਸੁਰੱਖਿਅਤ ਮਹਿਸੂਸ ਕਰ ਰਹੇ ਹਨ।

## ਪਹਿਲਵਾਨ ਲੜਕੀਆਂ ਦੇ ਮਾਮਲੇ ਨੂੰ ਲੈ ਕੇ ਕਿਸਾਨਾਂ ਨੇ ਕੇਂਦਰ ਸਰਕਾਰ ਦਾ ਪੁਤਲਾ ਫੂਕਿਆ



**ਨੂਰਪੁਰਬੇਦੀ, (ਸੁਰਜੀਤ ਸਿੰਘ ਕਾਹਲੋਂ)**- ਮਹਿਲਾ ਪਹਿਲਵਾਨਾਂ ਦੇ ਚੱਲ ਰਹੇ ਵਿਵਾਦ ਦੇ ਮੱਦੇਨਜ਼ਰ ਅੱਜ ਜਮਹੂਰੀ ਕਿਸਾਨ ਸਭਾ ਅਤੇ ਪਿੰਡ ਜੇਤੇਵਾਲ ਦੇ ਕਿਸਾਨਾਂ ਨੇ ਮਵਾ ਮੁਕਾਰੀ ਨੂੰ ਜਾਣ ਵਾਲੀ ਸੜਕ ਉੱਤੇ ਕੇਂਦਰ ਸਰਕਾਰ ਦਾ ਪੁਤਲਾ ਫੂਕਿਆ ਅਤੇ ਕੇਂਦਰ ਸਰਕਾਰ ਵਿਰੁੱਧ ਜ਼ੋਰਦਾਰ ਨਾਅਰੇਬਾਜ਼ੀ ਕੀਤੀ। ਜਮਹੂਰੀ ਕਿਸਾਨ ਸਭਾ ਦੇ ਜ਼ਿਲ੍ਹਾ ਪ੍ਰਧਾਨ ਮਾ.ਗੁਰਨੈਬ ਸਿੰਘ ਜੇਤੇਵਾਲ ਨੇ ਕਿਹਾ ਕਿ ਮਹਿਲਾ ਪਹਿਲਵਾਨਾਂ ਵੱਲੋਂ ਭਾਜਪਾ ਸਾਂਸਦ ਵਿਰੁੱਧ ਬੇਹੱਦ ਗੰਭੀਰ ਦੋਸ਼ ਲਗਾਏ ਗਏ ਹਨ ਪਰ ਡੇਢ ਮਹੀਨੇ ਤੋਂ ਭਾਜਪਾ ਸੰਸਦ ਵਿਰੁੱਧ ਕਿਸੇ ਵੀ ਪ੍ਰਕਾਰ ਦੀ ਕਾਰਵਾਈ ਕਰਨ ਤੋਂ ਮੋਦੀ ਸਰਕਾਰ ਕਤਰਾ ਰਹੀ ਹੈ ਜੋ ਕਿ ਲੋਕਤੰਤਰ 'ਤੇ ਇੱਕ ਕਾਲਾ ਧੱਬਾ ਹੈ। ਉਨ੍ਹਾ ਕਿਹਾ ਕਿ ਹੁਣ ਕਿਸਾਨਾਂ ਨੇ ਮਹਿਲਾ ਪਹਿਲਵਾਨਾਂ ਦੇ ਹੱਕ ਵਿਚ ਪੱਕਾ ਸਟੈਂਡ ਲੈ ਲਿਆ ਹੈ। ਪਿੰਡਾਂ-ਸ਼ਹਿਰਾਂ ਵਿਚ ਘਰਾਂ ਤੋਂ ਬਾਹਰ ਨਿਕਲ ਕੇ ਸਰਕਾਰ ਵਿਰੁੱਧ ਜ਼ੋਰਦਾਰ ਲੜਾਈ ਲੜੀ ਜਾਵੇਗੀ। ਇਸ ਮੌਕੇ ਹਾਜ਼ਰ ਬੀਬੀਆਂ ਨੇ ਕੇਂਦਰ ਸਰਕਾਰ ਦਾ ਜ਼ੋਰਦਾਰ ਪਿੱਟ ਸਿਆਪਾ ਕੀਤਾ। ਕਿਸਾਨਾਂ ਨੇ ਕੇਂਦਰ ਸਰਕਾਰ ਨੂੰ ਚਿਤਾਵਨੀ ਦਿੰਦਿਆਂ ਕਿਹਾ ਕਿ ਜਦੋਂ ਤੱਕ ਸੰਬੰਧਤ ਸੰਸਦ ਮੈਂਬਰ ਨੂੰ ਗ੍ਰਿਫਤਾਰ ਕਰਕੇ ਮਹਿਲਾ ਪਹਿਲਵਾਨਾਂ ਨੂੰ ਇਨਸਾਫ ਨਹੀਂ ਦਿੱਤਾ ਜਾਂਦਾ ਉਦੋਂ ਤੱਕ ਸੰਘਰਸ਼ ਨੂੰ ਹੋਰ ਤਿੱਖਾ ਕੀਤਾ ਜਾਵੇਗਾ। ਇਸ ਮੌਕੇ ਮਾਸਟਰ ਚਰਨ ਸਿੰਘ, ਗੁਰਦੇਵ ਸਿੰਘ, ਜਗਤਾਰ ਸਿੰਘ, ਰੇਸ਼ਮ ਸਿੰਘ, ਪਾਲ ਸਿੰਘ, ਨੰਬਰਦਾਰ ਰਾਮ ਕਿਸ਼ਨ, ਗੁਰਪ੍ਰੀਤ ਸਿੰਘ, ਪ੍ਰੀਤ ਸਿੰਘ ਆਦਿ ਹਾਜ਼ਰ ਸਨ।

## ਡਾ. ਸ਼ਸ਼ੀ ਬਾਲਾ ਨੇ ਸਰਕਾਰੀ ਕਾਲਜ ਟਾਂਡਾ ਦੇ ਪ੍ਰਿੰਸੀਪਲ ਵਜੋਂ ਅਹੁਦਾ ਸੰਭਾਲਿਆ



**ਟਾਂਡਾ ਉੜਮੁੜ, (ਜਸਵਿੰਦਰ ਸੰਧੂ, ਉਂਕਾਰ ਸਿੰਘ )**- ਗਿਆਨੀ ਕਰਤਾਰ ਸਿੰਘ ਯਾਦਗਾਰੀ ਸਰਕਾਰੀ ਕਾਲਜ ਟਾਂਡਾ ਵਿਖੇ ਹੋਏ ਇਕ ਸਮਾਗਮ ਦੌਰਾਨ ਡਾ. ਸ਼ਸ਼ੀ ਬਾਲਾ ਨੇ ਕਾਲਜ ਪ੍ਰਿੰਸੀਪਲ ਵਜੋਂ ਅਹੁਦਾ ਸੰਭਾਲਿਆ। ਇਸ ਮੌਕੇ ਉਨ੍ਹਾ ਸਟਾਫ ਮੈਂਬਰਾਂ ਦੀ ਹਾਜ਼ਰੀ ਵਿੱਚ ਕਿਹਾ ਕਿ ਉਹ ਕਾਲਜ ਦੀ ਬਿਹਤਰੀ ਅਤੇ ਵਿਦਿਆਰਥੀਆਂ ਦੇ ਸੁਨਹਿਰੇ ਭਵਿੱਖ ਲਈ ਸਾਰੇ ਸਟਾਫ ਮੈਂਬਰਾਂ ਨੂੰ ਨਾਲ ਲੈ ਕੇ ਚੱਲਣਗੇ। ਇਸ ਤੋਂ ਪਹਿਲਾਂ ਸਮੂਹ ਸਟਾਫ ਅਤੇ ਹੋਰਨਾਂ ਸ਼ਖ਼ਸੀਅਤਾਂ ਵੱਲੋਂ ਕਾਲਜ ਪਹੁੰਚਣ 'ਤੇ ਉਨ੍ਹਾਂ ਦਾ ਨਿੱਘਾ ਸਵਾਗਤ ਕੀਤਾ ਗਿਆ ਤੇ ਅਹੁਦਾ ਸੰਭਾਲਣ 'ਤੇ ਮੁਬਾਰਕਬਾਦ ਦਿੱਤੀ । ਇਸ ਮੌਕੇ ਡਾ.ਐੱਸ.ਕੇ ਸਿੰਘ ਐਸ.ਐਮ.ਓ ਘੋਗਰਾ, ਪ੍ਰੋ. ਰਮਿੰਦਰਜੀਤ ਕੌਰ, ਪ੍ਰੋ. ਸੋਨੀਆ ਚਾਹਲ, ਪ੍ਰੋ ਹਰਮੇਸ਼ ਸਿੰਘ, ਪ੍ਰੋ. ਗੁਰਦੇਵ ਸਿੰਘ, ਪ੍ਰੋ. ਗਗਨਦੀਪ ਕੌਰ, ਸੇਵਾਮੁਕਤ ਪ੍ਰਿੰਸੀਪਲ ਅਮਰਜੀਤ ਸਿੰਘ, ਚੌਧਰੀ ਭੁਪਿੰਦਰ ਸਿੰਘ ਸਲੇਮਪੁਰ, ਮਲਕੀਤ ਸਿੰਘ, ਪ੍ਰੋ. ਰਾਜੇਸ਼ ਕੁਮਾਰ, ਸੁਰਜੀਤ ਸਿੰਘ, ਗੁਰਵਿੰਦਰ ਸਿੰਘ, ਨਾਨਕ ਸਿੰਘ, ਜੀਤ ਕੌਰ, ਤਲਵਿੰਦਰ ਕੌਰ ਆਦਿ ਵੀ ਮੌਜੂਦ ਸਨ।

## ਦੋ ਪ੍ਰਵਾਸੀ ਮਜ਼ਦੂਰਾਂ ਤੋਂ 17 ਹਜ਼ਾਰ ਰੁਪਏ ਨਗਦ ਤੇ ਦੋ ਮੋਬਾਈਲ ਲੁੱਟੇ



**ਫਿਲੌਰ (ਨਿਰਮਲ )**- ਬੀਤੀ ਰਾਤ ਰੇਲਵੇ ਸਟੇਸ਼ਨ ਫਿਲੌਰ ਦੇ ਸਾਹਮਣੇ ਦੋ ਪਰਵਾਸੀ ਮਜ਼ਦੂਰਾਂ ਤੋਂ 17 ਹਜ਼ਾਰ ਰੁਪਏ ਨਗਦ ਅਤੇ ਦੋ ਮੋਬਾਇਲ ਫੋਨ ਲੁੱਟ ਕੇ ਲੁਟੇਰੇ ਫਰਾਰ ਹੋ ਗਏ। ਲੁੱਟ ਦੇ ਸੰਬੰਧ ਵਿੱਚ ਪੱਤਰਕਾਰਾਂ ਨੂੰ ਜਾਣਕਾਰੀ ਦਿੰਦੇ ਹੋਏ ਪ੍ਰਵਾਸੀ ਮਜ਼ਦੂਰਾਂ ਦੇ ਠੇਕੇਦਾਰ ਕਮਲੇਸ਼ ਚੌਧਰੀ ਪੁੱਤਰ ਬੁੱਧ ਰਾਮ ਚੌਧਰੀ ਪਿੰਡ ਮਾਨਪੁਰ ਮਕਰੀ ਥਾਣਾ ਬਥੌੜੀਆਂ ਜ਼ਿਲ੍ਹਾ ਬੇਤੀਆਂ (ਬਿਹਾਰ ) ਹਾਲ ਪਿੰਡ ਸੇਲਕਿਆਨਾ ਫਿਲੌਰ ਨੇ ਦੱਸਿਆ ਕਿ ਬੀਤੀ ਰਾਤ 9.50 ਦੇ ਕਰੀਬ ਆਪਣੇ ਸਾਥੀ ਮਜ਼ਦੂਰ ਨੂੰ ਬਿਹਾਰ ਜਾਣ ਲਈ ਰੇਲਵੇ ਸਟੇਸ਼ਨ ਫਿਲੌਰ ਤੋਂ ਚੜ੍ਹਾਉਣ ਆਏ ਸੀ ਅਤੇ ਉਸ ਸਮੇਂ ਮੇਰੇ ਨਾਲ ਇੱਕ ਹੋਰ ਸਾਥੀ ਸੀ। ਜਦੋਂ ਅਸੀਂ ਆਪਣੇ ਸਾਥੀਆਂ ਨੂੰ ਰੇਲ ਗੱਡੀ ਚੜ੍ਹਾ ਕੇ ਸਟੇਸ਼ਨ ਤੋਂ ਬਾਹਰ ਆਏ ਤਾਂ ਸਾਨੂੰ ਦੋ ਲੁਟੇਰਿਆਂ ਨੇ ਤੇਜ਼ਧਾਰ ਹਥਿਆਰਾਂ ਨਾਲ ਘੇਰ ਲਿਆ ਤਾਂ ਸਾਡੇ ਕੋਲੋਂ 17 ਹਜ਼ਾਰ ਰੁਪਏ ਨਗਦ ਅਤੇ ਦੋ ਮੋਬਾਇਲ ਫੋਨ ਖੋਹ ਲਏ। ਉਸ ਸਮੇਂ ਰੌਲਾ ਵੀ ਪਾਇਆ ਪਰ ਲੁਟੇਰੇ ਫਰਾਰ ਹੋਣ ਵਿਚ ਸਫਲ ਹੋ ਗਏ। ਇਸ ਸਬੰਧ ਵਿਚ ਉਨ੍ਹਾਂ ਥਾਣਾ ਫਿਲੌਰ ਵਿਖੇ ਰਿਪੋਰਟ ਦਰਜ ਕਰਵਾਈ। ਥਾਣੇਦਾਰ ਸਾਥੀ ਕਰਮਚਾਰੀਆਂ ਨਾਲ ਘਟਨਾ ਵਾਲੀ ਥਾਂ ਪਹੁੰਚੇ । ਉਨ੍ਹਾਂ ਕਿਹਾ ਕਿ ਸਵੇਰੇ ਲੱਗੇ ਕਿਲਾ ਰੋਡ ਦੀਆਂ ਦੁਕਾਨਾਂ 'ਤੇ ਲੱਗੇ ਸੀ.ਸੀ.ਟੀ.ਵੀ ਕੈਮਰਿਆਂ ਵਿੱਚ ਇਸ ਘਟਨਾ ਨੂੰ ਚੈੱਕ ਕਰਾਂਗੇ ਤਾਂ ਜੋ ਅਗਲੀ ਕਾਰਵਾਈ ਕੀਤੀ ਜਾ ਸਕੇ। ਠੇਕੇਦਾਰ ਨੇ ਦੱਸਿਆ ਕਿ ਮੈਂ ਬਿਹਾਰ ਤੋਂ ਪੰਜਾਬ ਵਿਚ ਲੇਬਰ ਲਿਆਉਂਦਾ ਹਾਂ ਜੋ ਕਿਸਾਨਾਂ ਦਾ ਖੇਤੀਬਾੜੀ ਦਾ ਕੰਮ ਕਰਦਾ ਹਾਂ ਅਤੇ ਪਿੰਡ ਸੇਲਕਿਆਣਾ ਫਿਲੌਰ ਦੇ ਕਿਸਾਨ ਜੋਗਾ ਸਿੰਘ ਦੇ ਕੰਮ ਕਰਦਾ ਹਾਂ।

# ਦਸੂਹਾ-ਹਾਜੀਪੁਰ ਸੜਕ ਦਾ ਨਾਂਅ ਹੋਇਆ ਜੱਸਾ ਸਿੰਘ ਰਾਮਗੜ੍ਹੀਆ ਮਾਰਗ



**ਹੁਸ਼ਿਆਰਪੁਰ, (ਓ ਪੀ ਰਾਣਾ)**-ਕੈਬਨਿਟ ਮੰਤਰੀ ਬ੍ਰਮ ਸ਼ੰਕਰ ਜਿੰਪਾ ਨੇ ਕਿਹਾ ਕਿ ਦਸੂਹਾ ਹਾਜੀਪੁਰ ਸੜਕ ਦਾ ਨਾਂਅ ਜੱਸਾ ਸਿੰਘ ਰਾਮਗੜ੍ਹੀਆ ਮਾਰਗ ਰੱਖਣ ਸੰਬੰਧੀ ਪੰਜਾਬ ਸਰਕਾਰ ਵੱਲੋਂ ਨੋਟੀਫਿਕੇਸ਼ਨ ਜਾਰੀ ਹੋ ਗਿਆ ਹੈ। ਉਨ੍ਹਾ ਕਿਹਾ ਕਿ 5 ਮਈ ਨੂੰ ਦਸੂਹਾ ਦੇ ਪਿੰਡ ਸਿੰਘਪੁਰ ਵਿਚ ਮਹਾਨ ਯੋਧਾ ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਦੇ 300ਵੇਂ ਜਨਮ ਦਿਵਸ ਮੌਕੇ ਆਯੋਜਿਤ ਰਾਜ ਪੱਧਰੀ ਸਮਾਗਮ ਵਿਚ ਮੁੱਖ ਮੰਤਰੀ ਭਗਵੰਤ ਮਾਨ ਨੇ ਰਾਜ ਦੀ ਅਮੀਰ ਵਿਰਾਸਤ ਸੰਬੰਧੀ ਨੌਜਵਾਨ ਪੀੜ੍ਹੀ ਨੂੰ ਜਾਣੂ ਕਰਵਾਉਣ ਲਈ ਦਸੂਹਾ-ਹਾਜੀਪੁਰ ਸੜਕ ਦਾ ਨਾਂਅ ਜੱਸਾ ਸਿੰਘ ਰਾਮਗੜ੍ਹੀਆ ਦੇ ਨਾਂਅ 'ਤੇ ਰੱਖਣ ਦਾ ਐਲਾਨ ਕੀਤਾ ਸੀ। ਕੈਬਨਿਟ ਮੰਤਰੀ ਨੇ ਮੁੱਖ ਮੰਤਰੀ ਦਾ ਧੰਨਵਾਦ ਕਰਦੇ ਹੋਏ ਉਨ੍ਹਾ ਨੇ ਜਨਤਾ ਨਾਲ ਕੀਤੇ ਹਰ ਵਾਅਦੇ ਨੂੰ ਨਿਭਾਇਆ ਹੈ। ਉਨ੍ਹਾ ਕਿਹਾ ਕਿ ਨੋਟੀਫਿਕੇਸ਼ਨ ਜਾਰੀ ਹੋਣ ਤੋਂ ਬਾਅਦ ਰਾਮਗੜ੍ਹੀਆ ਭਾਈਚਾਰੇ ਵਿਚ ਖੁਸ਼ੀ ਦੀ ਲਹਿਰ ਹੈ। ਉਨ੍ਹਾ ਕਿਹਾ ਕਿ ਮਹਾਰਾਜਾ ਜੱਸਾ ਸਿੰਘ ਰਾਮਗੜ੍ਹੀਆ ਵਰਗੇ ਸੂਰਬੀਰਾਂ ਦੀ ਬਹਾਦਰੀ ਨੇ ਸਾਨੂੰ ਦੇਸ਼ ਲਈ ਹਮੇਸ਼ਾ ਨਿਰਸਵਾਰਥ ਬਲੀਦਾਨ ਕਰਨ ਲਈ ਪ੍ਰੇਰਿਤ ਕੀਤਾ ਹੈ। ਮਹਾਨ ਸਿੱਖ ਗੁਰੂ ਸਾਹਿਬਾਨਾਂ ਨੇ ਸਾਨੂੰ ਜਬਰ-ਜ਼ੁਲਮ ਅਤੇ ਬੇਇਨਸਾਫ਼ੀ ਵਿਰੁੱਧ ਲੜਨ ਦਾ ਸੰਦੇਸ਼ ਦਿੱਤਾ ਹੈ ਅਤੇ ਸਰਦਾਰ ਜੱਸਾ ਸਿੰਘ ਵਰਗੇ ਯੋਧੇ ਨੇ ਮਹਾਨ ਗੁਰੂਆਂ ਦੇ ਦਰਸਾਏ ਮਾਰਗ ਉਪਰ ਪਹਿਰਾ ਦਿੱਤਾ।

## ਕਬੱਡੀ ਖਿਡਾਰਨ ਹਰਪ੍ਰੀਤ ਕੌਰ ਦੀ ਨੈਸ਼ਨਲ ਸਕੂਲ ਖੇਡਾਂ ਲਈ ਚੋਣ



**ਨੂਰਪੁਰਬੇਦੀ, (ਸੁਰਜੀਤ ਸਿੰਘ ਕਾਹਲੋਂ)**- ਹਰ ਖੇਤਰ 'ਚ ਮਾਨਮੱਤੀਆਂ ਪ੍ਰਾਪਤ ਕਰਨ ਵਾਲੇ ਸਰਕਾਰੀ ਕੰਨਿਆ ਸੀਨੀਅਰ ਸੈਕੰਡਰੀ ਸਕੂਲ ਤਖਤਗੜ੍ਹ ਦੀ ਕਬੱਡੀ ਖਿਡਾਰਨ ਦੀ ਦਿੱਲੀ ਵਿਖੇ ਹੋਣ ਵਾਲੀਆਂ ਨੈਸ਼ਨਲ ਸਕੂਲ ਖੇਡਾਂ ਲਈ ਚੋਣ ਹੋਈ ਹੈ। ਜਾਣਕਾਰੀ ਦਿੰਦਿਆਂ ਸਕੂਲ ਦੇ ਪ੍ਰਿੰਸੀਪਲ ਮਨੀ ਰਾਮ ਨੇ ਦੱਸਿਆ ਕਿ 6 ਜੂਨ ਤੋਂ ਦਿੱਲੀ ਵਿਖੇ 66 ਵੀਆਂ ਨੈਸ਼ਨਲ ਖੇਡਾਂ ਹੋ ਰਹੀਆਂ ਹਨ ਜਿਸ ਲਈ ਕੰਨਿਆਂ ਸਕੂਲ ਤਖਤਗੜ੍ਹ ਦੀ ਕਬੱਡੀ ਖਿਡਾਰਨ ਹਰਪ੍ਰੀਤ ਕੌਰ ਪੁੱਤਰੀ ਕੇਸਰ ਸਿੰਘ ਵਾਸੀ ਭੋਗੀਪੁਰ ਦੀ ਅੰਡਰ 19 ਵਰਗ ਦੀ ਕਬੱਡੀ ਲਈ ਚੋਣ ਹੋਈ ਹੈ ਜਿਸ ਕਾਰਨ ਕਬੱਡੀ ਖਿਡਾਰਨ, ਉਸ ਦੇ ਮਾਪਿਆਂ ਅਤੇ ਸਕੂਲ ਸਟਾਫ ਵਿਚ ਖੁਸ਼ੀ ਦੀ ਲਹਿਰ ਹੈ। ਉਨ੍ਹਾਂ ਦੱਸਿਆ ਕਿ ਨੈਸ਼ਨਲ ਖੇਡਾਂ ਲਈ ਪ੍ਰੀ-ਕੋਚਿੰਗ ਕੈਂਪ 25 ਮਈ ਤੋਂ 3 ਜੂਨ ਤੱਕ ਲਗਾਇਆ ਗਿਆ ਸੀ ਜਿਸ ਦੌਰਾਨ ਹਰਪ੍ਰੀਤ ਕੌਰ ਦੀ ਵਧੀਆ ਖੇਡ ਨੂੰ ਦੇਖਦਿਆਂ ਉਸ ਦੀ ਨੈਸ਼ਨਲ ਖੇਡਾਂ ਲਈ ਚੋਣ ਹੋਈ ਹੈ। ਹੁਣ ਇਹ ਖਿਡਾਰਨ ਦਿੱਲੀ ਵਿਖੇ ਹੋ ਰਹੀਆਂ ਖੇਡਾਂ ਚ ਕਬੱਡੀ ਨੈਸ਼ਨਲ ਸਟਾਈਲ ਅੰਡਰ 19 ਵਰਗ 'ਚ ਪੰਜਾਬ ਦੀ ਪ੍ਰਤੀਨਿਧਤਾ ਕਰੇਗੀ ਜੋ ਕੇ ਸਕੂਲ, ਬਲਾਕ ਅਤੇ ਜ਼ਿਲ੍ਹਾ ਰੂਪਨਗਰ ਲਈ ਮਾਣ ਦੀ ਗੱਲ ਹੈ। ਪ੍ਰਿੰਸੀਪਲ ਮਨੀ ਰਾਮ, ਸਮੂਹ ਸਕੂਲ ਸਟਾਫ, ਇਲਾਕੇ ਦੇ ਖੇਡ ਪ੍ਰੇਮੀਆਂ ਨੇ ਉਕਤ ਖਿਡਾਰਨ ਦੀ ਇਸ ਮਾਨਮੱਤੀ ਪ੍ਰਾਪਤੀ ਤੇ ਉਸ ਨੂੰ ਵਧਾਈ ਦਿੰਦਿਆਂ ਆਪਣੀ ਚੰਗੀ ਖੇਡ ਦਾ ਪ੍ਰਦਰਸ਼ਨ ਕਰਕੇ ਨਾਂਅ ਰੋਸ਼ਨ ਕਰਨ ਲਈ ਪ੍ਰੇਰਿਤ ਕੀਤਾ।

# ਸੰਤ ਗਿਆਨ ਦਾਸ ਦੀ ਯਾਦ 'ਚ ਵਿਛੋਹੀ ਵਿਖੇ ਧਾਰਮਿਕ ਸਮਾਗਮ

**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)**- ਮਹਾਨ ਤਪੱਸਵੀ ਸੰਤ ਗਿਆਨ ਦਾਸ ਜੀ ਦੇ ਸਾਲਾਨਾ ਬਰਸੀ ਸਮਾਗਮ ਡੇਰਾ ਗਿਆਨਪੁਰੀ ਵਿਛੋਹੀ ਵਿਖੇ ਮੌਜੂਦਾ ਗੱਦੀਨਸ਼ੀਨ ਸੰਤ ਸਤਨਾਮ ਦਾਸ, ਸੰਤ ਮਨਜੀਤ ਦਾਸ ਮੈਂਬਰ ਗੁਰੂ ਰਵਿਦਾਸ ਸਾਧੂ ਸੰਪਰਦਾਇਕ ਸੁਸਾਇਟੀ (ਰਜਿ.) ਪੰਜਾਬ ਦੀ ਰਹਿਨੁਮਾਈ ਹੇਠ ਸ਼ਰਧਾ ਪੂਰਵਕ ਮਨਾਏ ਗਏ। ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਤੋਂ ਉਪਰੰਤ ਸਰਬੱਤ ਦੇ ਭਲੇ ਲਈ ਅਰਦਾਸ ਕੀਤੀ ਗਈ ਅਤੇ ਖੁਲ੍ਹੇ ਪੰਡਾਲ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਛਤਰਛਾਇਆ ਹੇਠ ਕੀਰਤਨ ਦੇ ਦੀਵਾਨ ਤੇ ਸੰਤ ਸਮਾਗਮਾਂ ਦੀ ਆਰੰਭਤਾ ਹੋਈ। ਇਨਾਂ ਸਮਾਗਮਾਂ ਵਿਚ ਪੰਥ ਪ੍ਰਸਿੱਧ ਰਾਗੀ, ਢਾਡੀ ਕਵੀਸ਼ਰੀ ਜਥੇ ਮਹਿਕ,ਅਰਵਿੰਦ, ਭਾਈ ਗੁਰਦੇਵ ਸਿੰਘ ਤਾਹਿਰਪੁਰੀ,ਭਾਈ ਕੁਲਦੀਪ ਸਿੰਘ ਲਲਵਾਣ, ਸੰਤ ਸਤਨਾਮ ਦਾਸ ਕੈਂਡੋਵਾਲ, ਮਨਜੋਤ ਸਿੰਘ ਤਲਵੰਡੀ, ਬੂਟਾ ਮੁਹੰਮਦ ਨੇ ਸੰਗਤਾਂ ਨੂੰ ਨਾਮਬਾਣੀ ਨਾਲ ਜੋੜਿਆ। ਗੁਰੂ ਰਵਿਦਾਸ ਸਾਧੂ ਸੰਪਰਦਾਇਕ ਸੁਸਾਇਟੀ ਰਜਿ: ਪੰਜਾਬ ਦੇ ਵੱਖ ਵੱਖ ਡੇਰਿਆਂ ਤੋਂ ਆਏ ਸੰਤ ਮਹਾਪੁਰਸ਼ਾਂ,ਧਾਰਮਿਕ, ਸਮਾਜਿਕ ਤੇ ਰਾਜਨੀਤਿਕ ਸ਼ਖ਼ਸੀਅਤਾਂ ਤੇ ਬੁੱਧੀਜੀਵੀਆਂ ਨੇ ਵੀ ਆਪਣੀ ਹਾਜ਼ਰੀ ਲਗਵਾਈ ਤੇ ਸੰਤਾਂ ਮਹਾਪੁਰਸ਼ਾਂ ਦੇ ਮਹਾਨ ਜੀਵਨ ਤੋਂ ਸੰਗਤਾਂ ਨੂੰ ਜਾਣੂ ਕਰਾਇਆ। ਇਸ ਮੌਕੇ ਸੰਤ ਸਰਵਣ ਦਾਸ ਜੀ ਬੋਹਣ ਚੇਅਰਮੈਨ ਗੁਰੂ ਰਵਿਦਾਸ ਸਾਧੂ ਸੰਪਰਦਾਇ,ਆਦਿ ਧਰਮ ਗੁਰੂ ਸੰਤ ਸਰਵਣ ਦਾਸ ਲੁਧਿਆਣਾ, ਸੰਤ ਮਨਜੀਤ ਦਾਸ ਚਲੇਟ ਹਿਮਾਚਲ, ਸੰਤ ਧਰਮਪਾਲ ਸ਼ੇਰਗੜ੍ਹ,ਸੰਤ ਬਲਵੰਤ ਦਾਸ ਡੀਗਰੀਆਂ,ਸੰਤ ਬੀਬੀ ਕੁਲਦੀਪ ਕੌਰ ਮਹਿਨਾ,ਸੰਤ ਬੀਬੀ ਕਮਲੇਸ਼ ਕੌਰ ਨਾਹਲਾਂ, ਸੰਤ ਗੁਰਮੀਤ ਦਾਸ,ਸੰਤ ਕੁਲਦੀਪ ਦਾਸ ਬਸੀ ਮਰੂਫ,ਲਵਪ੍ਰੀਤ ਬੋਹਣ, ਸੰਤ ਜੋਗਾ ਸਿੰਘ ਧਾਮੀਆਂ ਆਦਿ ਵੱਲੋਂ ਕੀਰਤਨ, ਗੁਰਮਤਿ ਵਿਚਾਰਾਂ ਦੀ ਸਾਂਝ ਪਾਈ । ਸਟੇਜ ਸਕੱਤਰ ਦੀ ਸੇਵਾ ਪ੍ਰਿੰਸੀਪਲ ਜਸਵੰਤ ਸਿੰਘ ਸਰਪੰਚ ਵਿਛੋਹੀ ਨੇ ਨਿਭਾਈ। ਇਸ ਮੌਕੇ ਸੇਵਦਾਰ ਮਾਤਾ ਸੰਤੋਸ਼ ਰਾਣੀ, ਜਸਵੀਰ, ਕਮਲ, ਹਰਜਿੰਦਰ, ਵਿੱਕੀ, ਹਨੀ,ਹਰਮਨ, ਅਕਾਸ਼, ਨੀਲਮ, ਨਿਰਮਲਾ, ਪਰਮਜੀਤ, ਸੁਨੀਤਾ,ਪ੍ਰਵੀਨ,ਜਸੀ,ਸਿਮਰ ਕੌਰ,ਸੁਰਿੰਦਰ ਕੌਰ, ਓਮ ਪ੍ਰਕਾਸ਼, ਲਵਪ੍ਰੀਤ, ਮੰਨਾ, ਸਰਬਜੀਤ, ਮਨੋਜ, ਸੁਖਵਿੰਦਰ ਕੌਰ, ਪਰਮਿੰਦਰ ਰਾਣੀ ਵੀ ਹਾਜਰ ਸਨ। ਪਿੰਡ ਸਾਰੰਗਵਾਲ ਤੇ ਨੌਜਵਾਨ ਸਭਾ ਵਿਛੋਹੀ ਵਲੋਂ ਸੰਗਤਾਂ ਲਈ ਠੰਡੇ ਮਿੱਠੇ ਜਲ ਦੀ ਛਬੀਲ ਲਗਾਈ ਗਈ।

## ਭਗਤ ਕਬੀਰ ਦਾ ਜਨਮ ਦਿਹਾੜਾ ਧੂਮ-ਧਾਮ ਤੇ ਸ਼ਰਧਾ ਨਾਲ ਮਨਾਇਆ



**ਸ੍ਰੀ ਚਮਕੌਰ ਸਾਹਿਬ (ਗੁਰਵਿੰਦਰਪਾਲ ਸਿੰਘ ਬੋਬੀ)**— ਪੰਜਾਬ ਕਲਾ ਮੰਚ ਸ੍ਰੀ ਚਮਕੌਰ ਸਾਹਿਬ ਵੱਲੋਂ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਹਿਯੋਗ ਨਾਲ ਸ੍ਰੋਮਣੀ ਭਗਤ, ਭਗਤ ਕਬੀਰ ਜੀ ਦਾ ਜਨਮ ਦਿਹਾੜਾ ਗੁਰਦੁਆਰਾ ਗੜ੍ਹੀ ਸਾਹਿਬ ਵਿਖੇ ਬੜੀ ਸ਼ਰਧਾ ਭਾਵਨਾ ਅਤੇ ਧੂਮ ਧਾਮ ਨਾਲ ਮਨਾਇਆ ਗਿਆ। ਇਸ ਮੌਕੇ ਭਾਈ ਮਨਸਿਮਰਨ ਸਿੰਘ ਅਤੇ ਅਵਤਾਰ ਸਿੰਘ ਦੇ ਜੱਥੇ, ਬੀਬੀ ਸਿਮਰਨਜੋਤ ਕੌਰ ਅਤੇ ਹਜੂਰ ਸਿੰਘ ਮੱਕੜ ਵੱਲੋਂ ਗੁਰਬਾਣੀ ਜਸ ਗਾ ਕੇ ਸੰਗਤਾਂ ਨੂੰ ਨਿਹਾਲ ਕੀਤਾ ਅਤੇ ਭਗਤ ਕਬੀਰ ਜੀ ਬਾਰੇ ਜਾਣੂ ਕਰਵਾਇਆ। ਡਾਕਟਰ ਰਾਜਪਾਲ ਸਿੰਘ ਚੌਧਰੀ ਨੇ ਦੱਸਿਆ ਕਿ ਲੱਖ ਲੱਖ ਵਧਾਈ ਦਿੱਤੀ ਜੋ ਕੇ ਗੁਰਦੁਆਰਾ ਗੜ੍ਹੀ ਸਾਹਿਬ ਵਿਖੇ ਪਹਿਲੀ ਵਾਰ ਮਨਾਇਆ ਗਿਆ ਹੈ ।. ਇਸ ਮੌਕੇ ਗੁਰਦੁਆਰਾ ਕਤਲਗੜ੍ਹ ਸਾਹਿਬ ਦੇ ਮੈਨੇਜਰ ਭਾਈ ਨੱਥਾ ਸਿੰਘ ਹੈੱਡ ਗ੍ਰੰਥੀ ਭਾਈ ਗੁਰਜੀਤ ਸਿੰਘ, ਗ੍ਰੰਥੀ ਚਰਨਜੀਤ ਸਿੰਘ ਗਿਆਨ ਸਿੰਘ ਸੱਲੋ ਮਾਜਰਾ ਮਨਮੋਹਨ ਸਿੰਘ, ਕਮਾਲ ਪੁਰ ਬਲਜੀਤ ਸਿੰਘ ਬਸੂ ਗੁੱਜਰਾਂ ਅਜੈਬ ਸਿੰਘ ਸਾਬਕਾ ਸੂਬੇਦਾਰ ਤਰਲੋਚਨ ਸਿੰਘ ਜਰਨੈਲ ਸਿੰਘ ਸਿੰਘ ਮਨਮੋਹਨ ਸਿੰਘ, ਕਾਲਾ ਅਵਤਾਰ ਸਿੰਘ ਭੋਜੇ ਮਾਜਰਾ ਤੋਂ ਇਲਾਵਾ ਸੰਗਤ ਹਾਜਰ ਸੀ। ਮੰਚ ਵੱਲੋਂ ਸੰਗਤਾਂ ਲਈ ਦੁੱਧ ਅਤੇ ਲੱਡੂਆਂ ਦਾ ਲੰਗਰ ਲਗਾਇਆ ਗਿਆ। ਇਹ ਉਪਰਾਲਾ ਪੰਜਾਬ ਕਲਾ ਮੰਚ ਦੇ ਪ੍ਰਧਾਨ ਕੁਲਦਿੰਰਜੀਤ ਸਿੰਘ ਬੰਬਰ, ਸਵਰਨ ਸਿੰਘ ਸੈਣੀ ਜਰਨਲ ਸਕੱਤਰ ਅਤੇ ਉਨ੍ਹਾਂ ਦੀ ਪੂਰੀ ਟੀਮ ਦੇ ਸਹਿਯੋਗ ਸਦਕਾ ਹੀ ਸੰਭਵ ਹੋ ਸਕਿਆ ਹੈ। ਡਾ. ਸਾਹਿਬ ਨੇ ਸੰਗਤਾਂ ਨਾਲ ਵਿਚਾਰ ਸਾਂਝੇ ਕਰਦੇ ਹੋਏ ਭਗਤ ਕਬੀਰ ਜੀ ਦੇ 625ਵੇਂ ਜਨਮ ਦਿਹਾੜੇ ਦੀ

## ਸੰਯੁਕਤ ਕਿਸਾਨ ਮੋਰਚੇ ਨੇ ਬ੍ਰਿਜ ਭੂਸ਼ਣ ਦਾ ਪੁਤਲਾ ਫੂਕਿਆ



**ਸੁਲਤਾਨਪੁਰ ਲੋਧੀ (ਬਲਵਿੰਦਰ ਸਿੰਘ ਧਾਲੀਵਾਲ ਰਾਜਵੀਰ ਸਿੰਘ)** ਸੰਯੁਕਤ ਕਿਸਾਨ ਮੋਰਚੇ ਸੁਲਤਾਨਪੁਰ ਲੋਧੀ ਦੀ ਅਗਵਾਈ ਹੇਠ ਇੰਟਰਨੈਸ਼ਨਲ ਕਬੱਡੀ ਖਿਡਾਰੀ ਅਤੇ ਮਹਿਲਾ ਐਡਵੋਕੇਟ ਦੀ ਦੇਖਰੇਖ ਹੇਠ ਕੁਸ਼ਤੀ ਸੰਘ ਦੇ ਪ੍ਰਧਾਨ ਬ੍ਰਿਜ ਭੂਸ਼ਨ ਸ਼ਰਨ ਸਿੰਘ ਦਾ ਪੁਤਲਾ ਫੂਕਿਆ। ਕਬੱਡੀ ਖਿਡਾਰੀ ਰਣਧੀਰ ਸਿੰਘ ਧੀਰਾ, ਕੁਲਦੀਪ ਸਿੰਘ, ਬਲਕਾਰ ਸਿੰਘ ਨੇ ਕਿਹਾ ਕਿ ਸਾਡੇ ਦੇਸ਼ ਦਾ ਨਾਂਅ ਰੋਸ਼ਨ ਕਰਨ ਵਾਲੀਆਂ ਖਿਡਾਰਨਾਂ ਨਾਲ ਯੌਨ ਸ਼ੋਸ਼ਣ ਕਰਨ ਵਾਲੇ ਕਥਿਤ ਮੁਲਜ਼ਮ ਖ਼ਿਲਾਫ਼ ਬਣਦੀ ਕਾਨੂੰਨੀ ਕਾਰਵਾਈ ਕੀਤੀ ਜਾਵੇ। ਸੰਯੁਕਤ ਕਿਸਾਨ ਮੋਰਚੇ ਸੁਲਤਾਨਪੁਰ ਲੋਧੀ ਦੇ ਆਗੂ ਐਡਵੋਕੇਟ ਰਜਿੰਦਰ ਸਿੰਘ ਰਾਣਾ, ਰਛਪਾਲ ਸਿੰਘ, ਧਰਮਿੰਦਰ ਸਿੰਘ, ਨਿਰਮਲ ਸਿੰਘ ਨੇ ਕਿਹਾ ਕਿ ਕੇਂਦਰ ਸਰਕਾਰ ਨਾ ਤਾਂ ਬ੍ਰਿਜ ਭੂਸ਼ਨ ਸ਼ਰਨ ਸਿੰਘ ਨੂੰ ਅਹੁਦੇ ਤੋਂ ਲਾਹ ਰਹੀ ਹੈ ਨਾ ਹੀ ਉਸ ਦੀ ਗ੍ਰਿਫਤਾਰੀ ਕਰਵਾ ਰਹੀ ਹੈ। ਇਸ ਮੌਕੇ ਐਡਵੋਕੇਟ ਰਾਜਵਿੰਦਰ ਕੌਰ ਸੰਧਾ, ਐਡਵੋਕੇਟ ਰਾਜਵਿੰਦਰ ਕੌਰ ਜੱਬੋਵਾਲ, ਐਡਵੋਕੇਟ ਰਿੰਪਲ, ਐਡਵੋਕੇਟ ਮਨਦੀਪ ਕੌਰ ਨੇ ਕਿਹਾ ਕਿ ਅਸੀਂ ਮਹਿਲਾਵਾਂ ਪਹਿਲਵਾਨਾਂ ਦੀ ਮਦਦ ਲਈ ਤਿਆਰ ਹਾਂ ਅਤੇ ਇਨਸਾਫ ਮਿਲਣ ਤਕ ਸੰਘਰਸ਼ ਕਰਦੀਆਂ ਰਹਾਂਗੀਆਂ। ਇਸ ਮੌਕੇ ਅਮਰਜੀਤ ਸਿੰਘ ਟਿੱਬਾ, ਕਾਮਰੇਡ ਬਲਦੇਵ ਸਿੰਘ, ਮਾਸਟਰ ਚਰਨ ਸਿੰਘ, ਦਰਸਨ ਸਿੰਘ, ਹਰਬੰਸ ਮੱਟੂ ਆਦਿ ਨੇ ਵੀ ਸੰਬੋਧਨ ਕੀਤਾ। ਹੋਰਨਾਂ ਤੋਂ ਇਲਾਵਾ ਗੁਰਮੀਤ ਸਿੰਘ ਢਿੱਲੋਂ, ਸਰਵਨ ਸਿੰਘ ਕਰਮਜੀਤ ਪੁਰ, ਰਘਬੀਰ ਸਿੰਘ ਮਹਿਰਵਾਲਾ, ਦਿਆਲ ਸਿੰਘ ਦੀਪੇਵਾਲ, ਮਦਨ ਲਾਲ ਕੰਡਾ, ਅਮਰਜੀਤ ਸਿੰਘ ਜਵਾਲਾ ਪੁਰ, ਸੁਖਵਿੰਦਰ ਸਿੰਘ ਸਹਿਰੀ, ਰਣਜੀਤ ਸਿੰਘ ਸੋਢੀ, ਹਰਪਿੰਦਰ ਸਿੰਘ, ਸੁਰਜੀਤ ਸਿੰਘ ਠੱਟਾ, ਮੇਜਰ ਸਿੰਘ, ਹਰਨੇਕ ਸਿੰਘ, ਪਿਆਰਾ ਸਿੰਘ ਆਦਿ ਹਾਜਰ ਸਨ।

## ਔਰਤ ਮੁਕਤੀ ਮੋਰਚਾ ਨੇ ਗੜ੍ਹਾ ਵਿਖੇ ਬ੍ਰਿਜ ਭੂਸ਼ਣ ਦਾ ਪੁਤਲਾ ਫੂਕਿਆ

**ਜਲੰਧਰ ਨਵਾਂ ਜ਼ਮਾਨਾ ਸਰਵਿਸ)**- 'ਔਰਤ ਮੁਕਤੀ ਮੋਰਚਾ' ਦੇ ਸੱਦੇ 'ਤੇ ਭਾਰੀ ਗਿਣਤੀ ਵਿੱਚ ਪੁੱਜੀਆਂ ਇਸਤਰੀਆਂ ਨੇ ਗੜ੍ਹਾ ਵਿਚਲੇ ਦਯਾਨੰਦ ਚੌਂਕ 'ਚ ਜ਼ਬਰਦਸਤ ਰੋਸ ਮੁਜਾਹਰਾ ਕਰਨ ਉਪਰੰਤ ਪਹਿਲਵਾਨ ਧੀਆਂ ਦੇ ਜਿਨਸੀ ਸੋਸਣ ਦੇ ਦੋਸ਼ੀ ਭਾਰਤੀ ਕੁਸ਼ਤੀ ਮਹਾਸੰਘ ਦੇ ਪ੍ਰਧਾਨ ਬ੍ਰਿਜ ਭੂਸ਼ਣ ਸ਼ਰਨ ਸਿੰਘ ਦਾ ਪੁਤਲਾ ਫੂਕ ਕੇ ਜਬਰਦਸਤ ਰੋਸ ਪ੍ਰਦਰਸ਼ਨ ਕੀਤਾ। ਬੀਬੀਆਂ ਬੁਲੰਦ ਬਾਂਗ ਨਾਅਰਿਆਂ ਰਾਹੀਂ ਬ੍ਰਿਜ ਭੂਸ਼ਣ ਨੂੰ ਫੌਰੀ ਗ੍ਰਿਫ਼ਤਾਰ ਕਰਨ ਦੀ ਜ਼ੋਰਦਾਰ ਮੰਗ ਕਰ ਰਹੀਆਂ ਸਨ। ਸੰਗੀਨ ਧਾਰਾਵਾਂ ਤਹਿਤ ਪਰਚਾ ਦਰਜ ਹੋਣ ਦੇ ਬਾਵਜੂਦ ਉਸ ਨੂੰ ਗ੍ਰਿਫ਼ਤਾਰ ਨਾ ਕਰਨ ਵਾਲੀ ਮੋਦੀ ਸਰਕਾਰ ਦੀ ਵੀ ਡਟਵੀਂ ਨਿੰਦਾ ਕੀਤੀ। ਪੁਤਲਾ ਫੂਕ ਮੁਜਾਹਰੇ ਦੀ ਅਗਵਾਈ ਔਰਤ ਮੁਕਤੀ ਮੋਰਚੇ ਦੀ ਸਰਪ੍ਰਸਤ ਡਾਕਟਰ ਰਘਬੀਰ ਕੌਰ ਅਤੇ ਸੀਨੀਅਰ ਆਗੂ ਸਾਥੀ ਸੁਨੀਤਾ ਨੂਰਪੁਰੀ ਨੇ ਕੀਤੀ। ਬੀਬੀ ਕਮਲਾ ਕਾਲਾ, ਅਮਨ ਪ੍ਰੀਤ ਕੌਰ, ਨਿਰਮਲਾ ਦੇਵੀ, ਰਣਜੀਤ ਕੌਰ, ਨੀਲਮ ਰਾਣੀ ਨੇ ਵਿਚਾਰ ਰੱਖੇ। ਭਰਾਤਰੀ ਜੱਥੇਬੰਦੀਆਂ ਦਿਹਾਤੀ ਮਜਦੂਰ ਸਭਾ ਪੰਜਾਬ, ਸੀਟੀਯੂ ਪੰਜਾਬ, ਪੰਜਾਬ ਨਿਰਮਾਣ ਮਜਦੂਰ ਯੂਨੀਅਨ, ਸ਼ਹੀਦ ਭਗਤ ਸਿੰਘ ਨੌਜਵਾਨ ਸਭਾ ਦੇ ਆਗੂ ਬਲਦੇਵ ਸਿੰਘ ਨੂਰਪੁਰੀ, ਰਾਮ ਕਿਸ਼ਨ, ਡਾਕਟਰ ਬਲਵਿੰਦਰ ਸਿੰਘ ਛੇਹਰਟਾ, ਸੁਭਾਸ਼ ਫਰੂਟ ਵਾਲਾ, ਸੋਨੀ ਭਗਤ, ਨਿੱਕਾ ਰਾਮ ਅਤੇ ਗੋਲ੍ਹਾ ਵੀ ਮੌਜੂਦ ਸਨ।

# ਵਿਸ਼ਵ ਵਾਤਾਵਰਨ ਦਿਵਸ ਮੌਕੇ ਆਸਰਾ ਫਾਊਂਡੇਸ਼ਨ ਨੇ ਲਗਾਇਆ ਬੂਟਿਆਂ ਦਾ ਲੰਗਰ



**ਨੰਗਲ, (ਸੁਰਜੀਤ ਸਿੰਘ)**:- 5 ਜੂਨ ਨੂੰ ਸੰਸਾਰ ਭਰ ਵਿਚ "ਵਿਸ਼ਵ ਵਾਤਾਵਰਨ ਦਿਵਸ" ਮਨਾਇਆ ਜਾਂਦਾ ਹੈ। "ਆਸਰਾ ਫਾਊਂਡੇਸ਼ਨ (ਰਜਿ:) ਸ੍ਰੀ ਅਨੰਦਪੁਰ ਸਾਹਿਬ ਦੇ ਨੌਜਵਾਨਾਂ ਵੱਲੋ ਐਨ ਐਫ ਐੱਲ ਚੌਂਕ ਨੰਗਲ ਵਿਖੇ ਵਿਖੇ ਬੂਟਿਆਂ ਦਾ ਲੰਗਰ ਲਗਾਇਆ ਗਿਆ, ਜਿਸ ਦੌਰਾਨ 250 ਦੇ ਕਰੀਬ ਵੱਖ ਵੱਖ ਤਰ੍ਹਾਂ ਦੇ ਫਲਦਾਰ ਅਤੇ ਛਾਂਦਾਰ ਬੂਟੇ ਵੰਡੇ ਗਏ। ਇਸ ਮੁਹਿੰਮ ਦੀ ਸ਼ੁਰੂਆਤ ਬੀ ਬੀ ਐਮ ਬੀ ਡਿਪਟੀ ਚੀਫ ਰਿਟਾਇਰਡ ਵਾਤਾਵਰਨ ਪ੍ਰੇਮੀ ਕੇ ਕੇ ਸੂਦ ਅਤੇ ਖੇਤੀ ਵਿਰਾਸਤ ਦੇ ਡਾਇਰੈਕਟਰ ਸੁਰਿੰਦਰ ਸਿੰਘ ਵੱਲੋਂ ਕੀਤੀ ਗਈ। ਵਾਤਾਵਰਨ ਪ੍ਰੇਮੀ ਬਲਰਾਮ ਪ੍ਰਾਸ਼ਰ ਗੰਨੂ, ਰਿਟਾਇਰਡ ਅਧਿਆਪਕ ਫੋਰਨ ਚੰਦ ਅਤੇ ਫ਼ੈਸਲ ਖਾਨ ਨੇ ਹਰ ਘਰ 'ਚ ਇੱਕ ਰੁੱਖ ਲਗਾਉਣ ਦੀ ਵਕਾਲਤ ਕਰਦਿਆਂ ਕਿਹਾ ਕਿ ਹਰ ਵਿਅਕਤੀ ਨੂੰ ਵੱਧ ਤੋਂ ਵੱਧ ਬੂਟੇ ਲਗਾਉਣੇ ਚਾਹੀਦੇ ਹਨ ਤੇ ਬੂਟੇ ਲਾ ਕੇ ਉਹਨਾਂ ਦੀ ਸੰਭਾਲ ਵੀ ਕਰਨੀ ਚਾਹੀਦੀ ਹੈ। ਇਸ ਮੌਕੇ ਆਸਰਾ ਫਾਊਂਡੇਸ਼ਨ ਦੇ ਪ੍ਰਧਾਨ ਨਵੀਨ ਕੁਮਾਰ ਅਤੇ ਸਕੱਤਰ ਦਵਿੰਦਰਪਾਲ ਸਿੰਘ ਨੇ ਦੱਸਿਆ ਕਿ ਅੱਜ ਦੇ ਸਮੇਂ ਵਿਚ ਜਿੱਥੇ ਸਾਇੰਸ ਦਿਨ ਪ੍ਰਤੀ ਦਿਨ ਤਰੱਕੀ ਕਰ ਰਹੀ ਹੈ, ਉਹਨਾਂ ਕਿਹਾ ਕਿ ਤਰੱਕੀ ਜ਼ਰੂਰੀ ਹੈ ਪਰ ਕੁਦਰਤ ਨਾਲ ਕਿਸੇ ਵੀ ਤਰ੍ਹਾਂ ਦਾ ਖਿਲਵਾੜ ਨਹੀਂ ਕਰਨਾ ਚਾਹੀਦਾ। ਇਸ ਮੌਕੇ ਹੋਰਨਾਂ ਤੋਂ ਇਲਾਵਾ ਮਾਸਟਰ ਨਿਰੁਪਮ ਕਾਲੀਆ, ਦੀਪਕ ਪਜਨੀ, ਜਗਦੇਵ ਸਿੰਘ ਦਿਲਬਰ, ਹਰਕਮਲ ਸਿੰਘ, ਸਤਿੰਦਰਪਾਲ ਸਿੰਘ, ਮਾ:ਸੰਜੀਵ ਧਰਮਾਣੀ, ਅੰਕੁਸ਼ ਕੁਮਾਰ, ਕੰਵਲਜੋਤ ਸਿੰਘ, ਦੁਰੋਹਿਨ ਘਈ, ਧੀਰਜ ਘਈ, ਰਮਨ ਕੁਮਾਰ ਰੰਮੀ, ਰਿਸ਼ਵ ਸੰਦਲ, ਅਮਿਤ ਪੁਰੀ, ਜਸਵੀਰ ਸਿੰਘ ਦੀਪੂ ਆਦਿ ਹਾਜ਼ਰ ਸਨ।

# ਕੈਡਿਟਾਂ ਨੇ ਕਲਾਸਾਂ ਦੌਰਾਨ ਵੱਖ-ਵੱਖ ਵਿਸ਼ਿਆਂ ਸੰਬੰਧੀ ਲਈ ਜਾਣਕਾਰੀ



**ਭਲਾਣ (ਹਰਭਜਨ ਢਿੱਲੋਂ)**-ਭਾਰਤ ਸਰਕਾਰ ਦੇ ਰੱਖਿਆ ਮੰਤਰਾਲੇ ਅਧੀਨ ਚਲ ਰਹੇ ਐਨ ਸੀ ਸੀ ਫਸਟ ਪੰਜਾਬ ਨੇਵਲ ਯੂਨਿਟ ਨਵਾਂ ਨੰਗਲ ਦੇ ਕਮਾਂਡਿੰਗ ਅਫਸਰ ਕੈਪਟਨ ਅਨਿਲ ਕੁਮਾਰ ਮਹਿਤਾ ਦੀ ਅਗਵਾਈ ਚੱਲ ਰਹੇ 10 ਰੋਜ਼ਾ ਐਨ ਸੀ ਸੀ ਜੂਨੀਅਰ ਵਿੰਗ ਦੇ ਸਾਲਾਨਾ ਟਰੇਨਿੰਗ ਕੈਂਪ ਦੇ ਚੌਥੇ ਦਿਨ ਕੈਡਿਟਾਂ ਨੇ ਵੱਖ-ਵੱਖ ਗਤੀਵਿਧੀਆਂ ਵਿਚ ਭਾਗ ਲਿਆ ਗਿਆ। ਕੈਂਪ ਦੇ ਮੀਡੀਆ ਪ੍ਰਭਾਰੀ ਐਨ ਸੀ ਸੀ ਅਫਸਰ ਸੋਹਨ ਸਿੰਘ ਚਾਹਲ ਅਤੇ ਚੀਫ ਇੰਸਟ੍ਰਕਟਰ ਗੁਰਦੇਵ ਸਿੰਘ ਨੇ ਕਿਹਾ ਕਿ ਕੈਂਪ ਦੌਰਾਨ ਕੈਡਿਟਾਂ ਨੇ ਡਰਿੱਲ ਅਤੇ ਭਾਰਤੀ ਨੇਵੀ ਸੰਬੰਧੀ ਕਲਾਸਾਂ ਵਿੱਚ ਜਾਣਕਾਰੀ ਹਾਸਿਲ ਕੀਤੀ । ਉਹਨਾਂ ਕਿਹਾ ਕਿ ਡਰਿੱਲ ਇੱਕ ਕੈਡੇਟ ਦੇ ਜੀਵਨ ਦਾ ਇੱਕ ਮਹੱਤਵਪੂਰਨ ਹਿੱਸਾ ਹੈ। ਇਹ ਅਨੁਸ਼ਸ਼ਨ ਦੀ ਭਾਵਨਾ ਪੈਦਾ ਕਰਦੀ ਹੈ, ਸਹਿਣਸ਼ੀਲਤਾ ਵਿੱਚ ਸੁਧਾਰ ਕਰਦੀ ਹੈ, ਸਰੀਰ ਵਿੱਚ ਚੁਸਤੀ ਪੈਦਾ ਕਰਦੀ ਹੈ, ਸਵੈ-ਵਿਸ਼ਵਾਸ ਪੈਦਾ ਕਰਦੀ ਹੈ, ਆਦੇਸ਼ਾਂ ਅਤੇ ਟੀਮ ਵਰਕ ਲਈ ਤੁਰੰਤ ਅਤੇ ਸਪੱਸ਼ਟ ਆਗਿਆਕਾਰੀ ਦੀ ਗੁਣਵੱਤਾ ਦਾ ਵਿਕਾਸ ਕਰਦੀ ਹੈ। ਇਸ ਤੋਂ ਇਲਾਵਾ ਕੈਡਿਟਾਂ ਨੂੰ ਐਨਸੀਸੀ ਜਨਰਲ ,ਰਾਸ਼ਟਰੀ ਏਕਤਾ ਅਤੇ ਜਾਗਰੂਕਤਾ,ਹਥਿਆਰਾਂ ਦੀ ਸਿਖਲਾਈ,ਸ਼ਖ਼ਸੀਅਤ ਦੇ ਵਿਕਾਸ,ਲੀਡਰਸ਼ਿਪ,ਆਫਤ ਪ੍ਰਬੰਧਨ,ਸਮਾਜਿਕ ਜਾਗਰੂਕਤਾ ਅਤੇ ਭਾਈਚਾਰਕ ਵਿਕਾਸ ਦੇ ਨਾਲ ਨਾਲ ਸਿਹਤ ਅਤੇ ਸਫਾਈ ਵਰਗੇ ਵਿਸ਼ਿਆਂ ਸਬੰਧੀ ਜਾਣਕਾਰੀ ਦਿੱਤੀ ਗਈ। ਇਸ ਮੌਕੇ ਕੈਂਪ ਵਿੱਚ ਪੇਟੀ ਅਫਸਰ ਰਮਨ ਚੌਧਰੀ, ਪੇਟੀ ਅਫਸਰ ਮਨਦੀਪ ਸਿੰਘ, ਪੇਟੀ ਅਫਸਰ ਸੁਮਿਤ, ਪੇਟੀ ਅਫਸਰ ਨਸੀਬ, ਪੇਟੀ ਅਫਸਰ ਲੋਕੇਂਦਰਾ, ਐਨਸੀਸੀ ਅਫਸਰ ਮਹਿੰਦਰ ਸਿੰਘ, ਸੁਗਲ ਪਾਲ ਸਰਮਾ, ਪ੍ਰੀਤਮ ਦਾਸ, ਰਾਕੇਸ ਕੁਮਾਰ,ਮਨਦੀਪ ਸਿੰਘ, ਵੇਬਾਵ ਸਰਮਾ ਹਰਦੀਪ ਕੌਰ ਅਤੇ ਕੇਅਰ ਟੇਕਰ ਵਿਕਰਮਜੀਤ ਸਿੰਘ, ਅਮਰਜੀਤ ਸਿੰਘ, ਲਾਲ ਸਿੰਘ, ਜਸਪ੍ਰੀਤ ਸਿੰਘ, ਮਨਪ੍ਰੀਤ ਸਿੰਘ, ਸਿਮਰਨ ਸਿੰਘ, ਅਮਰਿੰਦਰ ਸਿੰਘ, ਦਵਿੰਦਰ ਦੱਤ, ਗੁਰਦੀਪ ਸਿੰਘ, ਰਮਨ ਪ੍ਰੀਤ ਕੌਰ ਅਤੇ ਸੀਨੀਅਰ ਸਹਾਇਕ ਬਲਬੀਰ ਸਿੰਘ, ਗੁਰਦਿਆਲ ਸਿੰਘ ਅਤੇ ਹੋਰ ਅਧਿਕਾਰੀ ਮੌਜੂਦ ਸਨ।

# ਖਟਕੜ ਕਲਾਂ ਦੀ ਧਰਤੀ 'ਤੇ ਵਾਤਾਵਰਨ ਬਚਾਉਣ ਦਾ ਸੱਦਾ, ਸਾਇਕਲ ਰੈਲੀ ਕੱਢੀ



**ਬਹਿਰਾਮ (ਅਵਤਾਰ ਕਲੇਰ)** ਵਾਤਾਵਰਣ ਦਿਵਸ ਮੌਕੇ ਸ਼ਹੀਦ-ਏ-ਆਜ਼ਮ ਭਗਤ ਸਿੰਘ ਦੀ ਖਟਕੜ ਕਲਾਂ ਵਿੱਚ ਸਥਾਪਿਤ ਯਾਦਗਾਰ 'ਤੇ ਚੌਗਿਰਦੇ ਦੀ ਸਾਂਭ ਸੰਭਾਲ ਅਤੇ ਸੁੰਦਰਤਾ 'ਚ ਵਲੰਟੀਅਰ ਬਣ ਕੇ ਸੇਵਾਵਾਂ ਨਿਭਾਉਣ ਦਾ ਸੱਦਾ ਦਿੱਤਾ ਗਿਆ। ਇਹ ਉਪਰਾਲਾ ਬਲੱਡ ਡੋਨਰਜ਼ ਸੁਸਾਇਟੀ ਬੰਗਾ ਦੇ ਬੈਨਰ ਹੇਠ ਕੀਤਾ ਗਿਆ। ਸੁਸਾਇਟੀ ਦੇ ਪ੍ਰਧਾਨ ਰੋਟੇਰੀਅਨ ਦਿਲਬਾਗ ਸਿੰਘ ਬਾਗੀ ਨੇ ਕਿਹਾ ਕਿ ਜ਼ਿੰਦਗੀ ਨੂੰ ਸੁਰੱਖਿਅਤ ਕਰਨ ਲਈ ਪੌਸ਼ਟਿਕ ਖਾਣ ਪੀਣ ਅਤੇ ਵਾਤਾਵਰਣ ਦੀ ਸ਼ੁੱਧਤਾ ਬਣਾਈ ਰੱਖਣ ਲਈ ਗੰਭੀਰ ਹੋਣ ਦੀ ਲੋੜ ਹੈ। ਉਹਨਾਂ ਇਸ ਸਬੰਧੀ ਦਰਖ਼ਤ ਲਾਉਣ, ਪਾਣੀ ਦੀ ਬੇਲੋੜੀ ਵਰਤੋਂ ਬੰਦ ਕਰਨ ਅਤੇ ਪਲਾਸਟਿਕ ਦੀ ਵਰਤੋਂ ਘਟਾਉਣ ਦੀ ਲੋੜ 'ਤੇ ਜ਼ੋਰ ਦਿੱਤਾ। ਉਪਰੰਤ ਸ਼ਹੀਦੀ ਸਮਾਰਕ ਤੋਂ ਸਾਇਕਲ ਰੈਲੀ ਰਾਹੀਂ ਉਕਤ ਵਿਸ਼ੇ 'ਤੇ ਜਾਗਰੂਕਤਾ ਦਾ ਸੁਨੇਹਾ ਦਿੱਤਾ ਗਿਆ। ਇਸ ਸਾਇਕਲ ਰੈਲੀ ਨੇ ਸ਼ਹਿਰ ਦੀਆਂ ਵੱਖ ਵੱਖ ਥਾਂਵਾਂ ਰਾਹੀਂ ਆਪਣਾ ਸਫ਼ਰ ਤਹਿ ਕੀਤਾ। ਇਸ ਰੈਲੀ ਦੌਰਾਨ ਲੋਕਾਂ ਨੂੰ ਸੰਬੋਧਨ ਕਰਦਿਆਂ ਐਨ ਆਰ ਆਈ ਸ਼ੁਮਿੰਦਰ ਸਿੰਘ ਗਰਚਾ ਨੇ ਕਿਹਾ ਕਿ ਬਜ਼ਾਰੂ ਵਸਤਾਂ ਦੀ ਬਜਾਏ ਘਰ ਦਾ ਬਣਾਇਆ ਖਾਣਾ ਹੀ ਖਾਣਾ ਚਾਹੀਦਾ ਹੈ ਤਾਂ ਕਿ ਬਿਮਾਰੀਆਂ ਤੋਂ ਬਚਿਆ ਜਾ ਸਕੇ। ਇਸ ਮੌਕੇ ਸੰਸਥਾ ਦੇ ਵਾਇਸ ਪ੍ਰਧਾਨ ਸ਼ਿਵ ਕੌੜਾ ਅਤੇ ਸਕੱਤਰ ਅਮਰਦੀਪ ਬੰਗਾ ਨੇ ਜਾਣਕਾਰੀ ਦਿੱਤੀ ਕਿ ਇਸ ਕਾਰਜ ਦੀ ਲਗਾਤਾਰਾ ਕਾਇਮ ਰੱਖਦਿਆਂ ਹਰ ਐਤਵਾਰ ਨੂੰ ਇਲਾਕੇ ਦੇ ਵੱਖ ਵੱਖ ਪਿੰਡਾਂ ਵਿੱਚ ਜਾ ਕੇ ਲੋਕਾਂ ਵਿੱਚ ਵਾਤਾਵਰਣ ਅਤੇ ਸਿਹਤ ਸਬੰਧੀ ਜਾਗਰੂਕਤਾ ਪੈਦਾ ਕਰੇਗੀ। ਇਸ ਰੈਲੀ ਵਿੱਚ ਰਣਬੀਰ ਸਿੰਘ ਰਾਣਾ ਰਾਣਾ ਟ੍ਰੈਵਲਰ ਬੰਗਾ, ਰੋਟਰੀਅਨ ਭੁਪੇਸ਼ ਕੁਮਾਰ, ਸਿੱਖਿਆ ਸ਼ਾਸਤਰੀ ਸੁਰੇਸ਼ ਕੁਮਾਰ, ਸੁਸਾਇਟੀ ਦੇ ਖਜ਼ਾਨਚੀ ਕੁਲਵੀਰ ਸਿੰਘ ਪਾਬਲਾ, ਬਲਵਿੰਦਰ ਸਿੰਘ ਭੰਮਰਾ, ਪਰਮਜੀਤ ਸਿੰਘ ਪਨੇਸ਼ਰ, ਰਾਜਿੰਦਰ ਗੌਡ, ਕੁਲਵੀਰ ਸਿੰਘ ਪਿਰੋਜ਼ਪੁਰ, ਲੈਕਚਰਾਰ ਅਸ਼ੋਕ ਕੁਮਾਰ ਅਤੇ ਦਿਲਬਾਗ ਬਾਦੀਆਂ ਆਦਿ ਸ਼ਾਮਲ ਸਨ।

# ਵਿਸ਼ਵ ਵਾਤਾਵਰਣ ਦਿਵਸ ਮੌਕੇ ਜਾਗਰੂਕਤਾ ਸੈਮੀਨਾਰ



**ਮਹਿਤਪੁਰ, (ਰਾਜਾ)** ਸਿਹਤ ਬਲਾਕ ਮਹਿਤਪੁਰ ਵੱਲੋਂ ਸਾਡੀ ਧਰਤੀ, ਸਾਡੀ ਸਿਹਤ, ਸਾਡੀ ਜ਼ਿੰਮੇਵਾਰੀ ਮੁਹਿੰਮ ਤਹਿਤ ਵਿਸ਼ਵ ਵਾਤਾਵਰਨ ਦਿਵਸ ਦੇ ਮੌਕੇ 'ਤੇ ਵੱਖ ਵੱਖ ਸਿਹਤ ਸੰਸਥਾਵਾਂ ਵਿੱਚ ਜਾਗਰੂਕਤਾ ਸੈਮੀਨਾਰ ਆਯੋਜਿਤ ਕੀਤੇ ਗਏ। ਇਸ ਮੌਕੇ ਸਿਹਤ ਸੰਸਥਾਵਾਂ ਵਿੱਚ ਪਲਾਸਟਿਕ, ਲਿਫਾਫੇ ਅਤੇ ਰਹਿੰਦ ਖੂੰਦ ਇਕੱਤਰ ਕਰਕੇ ਡੱਸਟਬਿਨ ਦੀ ਆਦਤ ਅਪਨਾਉਣ ਲਈ ਪ੍ਰੇਰਿਤ ਕੀਤਾ ਗਿਆ । ਵੱਖ ਵੱਖ ਸਿਹਤ ਸੰਸਥਾਵਾਂ ਵਿੱਚ ਛਾਂਦਾਰ ਅਤੇ ਫਲਦਾਰ ਬੂਟੇ ਲਗਾਏ ਗਏ। ਇਸ ਮੌਕੇ ਸੀਨੀਅਰ ਮੈਡੀਕਲ ਅਫਸਰ ਡਾਕਟਰ ਮਹੇਸ਼ ਕੁਮਾਰ ਪ੍ਰਭਾਕਰ ਨੇ ਕਿਹਾ ਕਿ ਧਰਤੀ ਨੂੰ ਸੁੰਦਰ, ਹਰਿਆਵਲ ਭਰਪੂਰ ਅਤੇ ਰਹਿਣਯੋਗ ਬਣਾਉਣ ਲਈ ਸਾਨੂੰ ਵੱਧ ਤੋਂ ਵੱਧ ਪੌਦੇ ਲਗਾਉਣੇ ਚਾਹੀਦੇ ਹਨ ਅਤੇ ਇਸ ਨੇਕ ਕਾਰਜ ਲਈ ਹਰ ਵਿਅਕਤੀ ਨੂੰ ਅੱਗੇ ਆਉਣਾ ਚਾਹੀਦਾ ਹੈ। ਉਨਾਂ ਕਿਹਾ ਕਿ ਰੁੱਖ ਲਗਾਉਣ ਦੇ ਨਾਲ-ਨਾਲ ਸਾਂਭ-ਸੰਭਾਲ ਵੀ ਕਰਨੀ ਚਾਹੀਦੀ ਹੈ। ਉਨਾਂ ਅਪੀਲ ਕਰਦਿਆਂ ਕਿਹਾ ਕਿ ਪੰਜਾਬ ਨੂੰ ਹਰਿਆ-ਭਰਿਆ ਬਣਾਉਣ ਲਈ ਦਰੱਖਤ ਲਗਾ ਕੇ ਉਨਾਂ ਨੂੰ ਪਾਲਦੇ ਹੋਏ ਸੁਰੱਖਿਅਤ ਰੱਖਣ ਵਿੱਚ ਹਰੇਕ ਵਿਅਕਤੀ ਆਪਣਾ ਯੋਗਦਾਨ ਜ਼ਰੂਰ ਪਾਏ। ਇਸ ਮੌਕੇ ਬਲਾਕ ਐਜੂਕੇਟਰ ਸੰਦੀਪ ਵਾਲੀਆ ਨੇ ਕਿਹਾ ਕਿ ਪਲਾਸਟਿਕ, ਲਿਫਾਫੇ, ਬੋਤਲਾਂ ਆਦਿ ਥੋੜੀ ਦੇਰ ਲਈ ਲਾਭਦਾਇਕ ਹੈ ਪ੍ਰੰਤੂ ਦਹਾਕਿਆਂ ਤੱਕ ਵਾਤਾਵਰਨ ਨੂੰ ਨੁਕਸਾਨ ਕਰਦੇ ਹਨ । ਇਸ ਲਈ ਪਲਾਸਟਿਕ ਦੀ ਘੱਟ ਤੋਂ ਘੱਟ ਵਰਤੋਂ ਕੀਤੀ ਜਾਵੇ ਅਤੇ ਪਲਾਸਟਿਕ ਰਹਿੰਦ ਖੂੰਦ ਨੂੰ ਰੀਸਾਈਕਲ ਕਰਨ ਲਈ ਕਬਾੜ ਵਿੱਚ ਭੇਜਿਆ ਜਾਵੇ। ਬਜਾਰ ਖਰੀਦਦਾਰੀ ਕਰਨ ਸਮੇਂ ਕੱਪੜੇ ਦੇ ਥੈਲਿਆਂ ਦੀ ਸਿਹਤਮੰਦ ਆਦਤ ਅਪਨਾਈਏ । ਇਸ ਮੌਕੇ ਦੱਸਿਆ ਕਿ ਘਰ ਵਿੱਚ ਕੂੜੇ ਦੇ ਨਿਪਟਾਰੇ ਲਈ ਗਿੱਲੇ-ਸੁੱਕੇ ਕੂੜੇ ਲਈ ਵੱਖ-ਵੱਖ ਡੱਸਟਬਿਨ ਦੀ ਆਦਤ ਅਪਨਾਈਏ । ਇਸ ਮੌਕੇ ਸਿਹਤ ਤੰਦਰੁਸਤੀ ਕੇਂਦਰ ਵਿੱਚ ਕਰਮਚਾਰੀਆਂ ਨੇ ਪੌਦੇ ਲਗਾ ਕੇ ਸੰਭਾਲ ਕਰਨ ਦਾ ਪ੍ਰਣ ਲਿਆ।

# ਪੰਜਾਬ ਉਦਯੋਗਿਕ ਤੇ ਵਪਾਰ ਨੀਤੀ ਦੀਆਂ ਪ੍ਰਮੁੱਖ ਵਿਸ਼ੇਸ਼ਤਾਵਾਂ ਦੀ ਪੜਚੋਲ

**ਜਲੰਧਰ (ਸ਼ੈਲੀ ਐਲਬਰਟ)**-: ਸੀ.ਆਈ.ਆਈ. ਜਲੰਧਰ ਜ਼ੋਨ ਨੇ ਵਿਸ਼ਵ ਬੰਧੂ, ਸੰਯੁਕਤ ਨਿਰਦੇਸ਼ਕ - ਉਦਯੋਗ ਅਤੇ ਵਣਜ, ਪੰਜਾਬ ਸਰਕਾਰ ਦੇ ਨਾਲ ਇੱਕ ਬਹੁਤ ਹੀ ਜਾਣਕਾਰੀ ਭਰਪੂਰ ਅਤੇ ਦਿਲਚਸਪ ਇੰਟਰਐਕਟਿਵ ਸੈਸ਼ਨ ਦਾ ਆਯੋਜਨ ਕੀਤਾ। ਇਹ ਸਮਾਗਮ ਹੋਟਲ ਬੈਸਟ ਵੈਸਟਰਨ ਪਲੱਸ, ਜਲੰਧਰ ਵਿਖੇ ਹੋਇਆ।। ਮੁੱਖ ਮਹਿਮਾਨ ਦਾ ਸੁਆਗਤ ਕਰਦੇ ਹੋਏ, ਸੀ.ਆਈ.ਆਈ. ਜਲੰਧਰ ਜ਼ੋਨ ਦੇ ਚੇਅਰਮੈਨ ਅਮਰਿੰਦਰ ਸਿੰਘ ਧੀਮਾਨ ਨੇ ਪੰਜਾਬ ਉਦਯੋਗਿਕ ਅਤੇ ਵਪਾਰ ਨੀਤੀ 2022 ਲਈ ਉਤਸ਼ਾਹ ਜ਼ਾਹਰ ਕੀਤਾ, ਜਿਸ ਨੂੰ ਕਾਰੋਬਾਰ ਦੇ ਵਾਧੇ, ਨਿਵੇਸ਼ ਆਕਰਸ਼ਣ ਅਤੇ ਨਵੀਨਤਾ ਲਈ ਅਨੁਕੂਲ ਮਾਹੌਲ ਸਿਰਜਣ ਲਈ ਤਿਆਰ ਕੀਤਾ ਗਿਆ ਹੈ। ਉਨ੍ਹਾਂ ਨੇ ਰਾਜ ਵਿੱਚ ਆਰਥਿਕ ਵਿਕਾਸ ਅਤੇ ਰੁਜ਼ਗਾਰ ਦੇ ਮੌਕੇ ਪੈਦਾ ਕਰਨ ਲਈ ਨੀਤੀ ਦੀ ਸਮਰੱਥਾ 'ਤੇ ਜ਼ੋਰ ਦਿੱਤਾ। ।ਇੰਟਰਐਕਟਿਵ ਸੈਸ਼ਨ ਦੌਰਾਨ, ਵਿਸ਼ਵ ਬੰਧੂ ਨੇ ਨੀਤੀ ਦੇ ਮੁੱਖ ਪਹਿਲੂਆਂ ਨੂੰ ਉਜਾਗਰ ਕੀਤਾ। । ਉਦਯੋਗਿਕ ਬੁਨਿਆਦੀ ਢਾਂਚੇ ਨੂੰ ਉਤਸ਼ਾਹਿਤ ਕਰਨ ਲਈ ਉਦਯੋਗ ਅਤੇ ਵਣਜ ਵਿਭਾਗ ਦੁਆਰਾ 15 ਨਵੇਂ ਫੋਕਲ ਪੁਆਇੰਟ ਅਤੇ 20 ਪੇਂਡੂ ਉਦਯੋਗਿਕ ਫੋਕਲ ਪੁਆਇੰਟਾਂ ਦੀ ਸਥਾਪਨਾ 'ਤੇ ਜ਼ੋਰ ਦਿੱਤਾ। ਹਾਜ਼ਰੀਨ ਨੇ ਸਰਕਾਰ ਦੀਆਂ ਪਹਿਲਕਦਮੀਆਂ ਲਈ ਆਪਣੀ ਪ੍ਰਸ਼ੰਸਾ ਪ੍ਰਗਟ ਕੀਤੀ ਅਤੇ ਟਿਕਾਊ ਵਿਕਾਸ ਅਤੇ ਮੁਕਾਬਲੇਬਾਜ਼ੀ ਨੂੰ ਵਧਾਉਣ ਲਈ ਇਹਨਾਂ ਨੀਤੀਆਂ ਦਾ ਲਾਭ ਉਠਾਉਣ ਦੇ ਸੰਭਾਵੀ ਤਰੀਕਿਆਂ ਬਾਰੇ ਚਰਚਾ ਕੀਤੀ । ਸੈਸ਼ਨ ਦੀ ਸਮਾਪਤੀ ਦੌਰਾਨ ਸੀ.ਆਈ.ਆਈ ਜਲੰਧਰ ਜ਼ੋਨ ਦੇ ਵਾਈਸ ਚੇਅਰਮੈਨ ਡਾ: ਅਮਨ ਮਿੱਤਲ ਅਤੇ ਲਵਲੀ ਪ੍ਰੋਫੈਸ਼ਨਲ ਯੂਨੀਵਰਸਿਟੀ ਦੇ ਵਾਈਸ ਪ੍ਰੈਜ਼ੀਡੈਂਟ ਨੇ ਪੰਜਾਬ ਰਾਜ ਦੀ ਨਵੀਂ ਉਦਯੋਗਿਕ ਅਤੇ ਕਾਰੋਬਾਰੀ ਨੀਤੀ ਦੀ ਸ਼ਲਾਘਾ ਕੀਤੀ ਅਤੇ ਉਦਯੋਗਿਕ ਨੀਤੀ ਵਿੱਚ ਸਟਾਰਟਅਪਸ ਵੱਲ ਵਿਸ਼ੇਸ਼ ਧਿਆਨ ਦੇਣ ਲਈ ਸਰਕਾਰ ਦਾ ਧੰਨਵਾਦ ਕੀਤਾ । ਇਸ ਮੌਕੇ ਵਿਸ਼ਵ ਬੰਧੂ ਨੇ ਬਲਰਾਮ ਕਪੂਰ, ਪਾਰਟਨਰ, ਜੇਐਮਪੀ ਇੰਡਸਟਰੀਜ਼ ਨੂੰ ਆਟੋ ਪਾਰਟਸ ਅਤੇ ਫਾਊਂਡਰੀ ਸ਼੍ਰੇਣੀ ਵਿੱਚ ਜ਼ੈੱਡ ਗੋਲਡ ਸਰਟੀਫਿਕੇਟ ਅਵਾਰਡ ਨਾਲ ਸਨਮਾਨਿਤ ਕੀਤਾ ਅਤੇ ਤੁਸ਼ਾਰ ਜੈਨ, ਮੁੱਖ ਕਾਰਜਕਾਰੀ ਅਧਿਕਾਰੀ, ਬਸੰਤ ਆਟੋਟੈਕ ਐਲਐਲਪੀ ਨੂੰ ਜ਼ੈੱਡ ਬ੍ਰੌਂਜ਼ ਸਰਟੀਫਿਕੇਟ ਨਾਲ ਸਨਮਾਨਿਤ ਕੀਤਾ ।

# ਪੈਰਾ-ਮੈਡੀਕਲ ਯੂਨੀਅਨ ਵੱਲੋਂ ਸੂਬਾ ਪੱਧਰੀ ਪ੍ਰਤੀਨਿਧ ਕਨਵੈਨਸ਼ਨ




**ਜਲੰਧਰ, (ਕੇਸਰ, ਰਾਜੇਸ਼ ਥਾਪਾ)** ਸਿਹਤ ਵਿਭਾਗ ਅੰਦਰ ਕੰਮ ਕਰਦੇ ਮੁਲਾਜ਼ਮਾਂ ਦੀ ਦੀ ਜੱਥੇਬੰਦੀ ਤਾਲਮੇਲ ਕਮੇਟੀ ਪੈਰਾ-ਮੈਡੀਕਲ ਅਤੇ ਸਿਹਤ ਕਰਮਚਾਰੀ ਪੰਜਾਬ ਵੱਲੋਂ ਦੇਸ਼ ਭਗਤ ਯਾਦਗਾਰ ਹਾਲ ਵਿਖੇ ਇੱਕ ਸੂਬਾਈ ਪ੍ਰਤੀਨਿਧ ਕਨਵੈਨੰਸ਼ਨ ਦਾ ਆਯੋਜਨ ਕੀਤਾ ਗਿਆ। ਜੱਥੇਬੰਦੀ ਦੇ ਆਗੂਆਂ ਸਾਥੀ ਧਰਮ ਸਿੰਘ ਪੱਟੀ, ਮਨਜੀਤ ਬਾਜਵਾ, ਮੈਡਮ ਰਾਜ ਬੇਦੀ ਦੀ ਅਗਵਾਈ ਹੇਠ ਕੀਤੀ ਇਸ ਕਨਵੈਨਸ਼ਨ ਵਿੱਚ ਪ ਸ ਸ ਫ ਦੇ ਸੂਬਾ ਪ੍ਰਧਾਨ ਸਤੀਸ਼ ਰਾਣਾ ਅਤੇ ਸੂਬਾ ਜਨਰਲ ਸਕੱਤਰ ਤੀਰਥ ਸਿੰਘ ਬਾਸੀ ਵਿਸ਼ੇਸ਼ ਤੌਰ 'ਤੇ ਸ਼ਾਮਲ ਹੋਏ। ਇਸ ਕਨਵੈਨਸ਼ਨ ਦੀ ਕਾਰਵਾਈ ਚਲਾਉਂਦਿਆਂ ਜੱਥੇਬੰਦੀ ਦੇ ਸੂਬਾ ਚੇਅਰਮੈਨ ਇੰਦਰਜੀਤ ਵਿਰਦੀ ਨੇ ਦੱਸਿਆ ਕਿ ਇਹ ਪ੍ਰਤੀਨਿਧ ਕਨਵੈਨਸ਼ਨ ਜੱਥੇਬੰਦਕ ਅਵਸਥਾ ਨੂੰ ਦਰੁਸਤ ਕਰਕੇ ਅਗਲੇ ਪ੍ਰੋਗਰਾਮ ਉਲੀਕਣ ਲਈ ਕੀਤੀ ਜਾ ਰਹੀ ਹੈ। ਸਾਥੀ ਸਤੀਸ਼ ਰਾਣਾ ਅਤੇ ਸਾਥੀ ਤੀਰਥ ਸਿੰਘ ਬਾਸੀ ਨੇ ਸੰਬੋਧਨ ਕਰਦਿਆਂ ਕਿਹਾ ਕਿ ਮਾਨ ਸਰਕਾਰ ਚੋਣਾਂ ਤੋਂ ਪਹਿਲਾਂ ਕੀਤੇ ਵਾਅਦਿਆਂ ਨੂੰ ਭੁੱਲ ਗਈ ਹੈ। ਉਹਨਾਂ ਕਿਹਾ ਕਿ ਜੱਥੇਬੰਦੀ ਨੂੰ ਮਜਬੂਤ ਕਰਕੇ ਮਹਿਕਮੇ ਨੂੰ ਬਚਾਉਣ ਲਈ ਸੰਘਰਸ਼ ਕਰਨਾ ਸਮੇਂ ਦੀ ਮੁੱਖ ਮੰਗ ਹੈ। ਇਸ ਇਕੱਤਰਤਾ ਨੂੰ ਸੰਬੋਧਨ ਕਰਦਿਆਂ ਸਾਥੀ ਧਰਮ ਸਿੰਘ ਪੱਟੀ, ਹਰੀ ਬਿਲਾਸ, ਬਲਜੀਤ ਸਿੰਘ, ਪ੍ਰੇਮ ਚੰਦ, ਕਮਲਜੀਤ ਕੌਰ, ਨੀਲਮ ਰਾਣੀ, ਬਲਵਿੰਦਰ ਕੁਮਾਰ, ਮਨਜੀਤ ਸਿੰਘ, ਰਮੇਸ਼ ਲਾਲ, ਨਰਿੰਦਰ ਸਿੰਘ, ਸਰਬਜੀਤ ਸਿੰਘ ਪੱਟੀ, ਸਵਿੰਦਰ ਭੱਟੀ, ਬੀਰਇੰਦਰਜੀਤ ਪੁਰੀ ਨੇ ਕਿਹਾ ਕਿ ਸਿਹਤ ਮੁਲਾਜ਼ਮਾਂ ਵਲੋਂ ਸੰਘਰਸ਼ਾਂ ਦੁਆਰਾ ਪ੍ਰਾਪਤ ਕੀਤੀਆਂ ਅਨੇਕਾਂ ਪ੍ਰਾਪਤੀਆਂ ਨੂੰ ਪਿਛਲੀਆਂ ਸਰਕਾਰਾਂ ਵਾਂਗ ਮੌਜੂਦਾ ਆਪ ਸਰਕਾਰ ਵਲੋਂ ਵੀ ਖੋਰਾ ਲਗਾਇਆ ਜਾ ਰਿਹਾ ਹੈ। ਇਸ ਮੌਕੇ ਅਗਲੇ ਪ੍ਰੋਗਰਾਮ ਸੰਬੰਧੀ ਸੂਬਾ ਚੇਅਰਮੈਨ ਵਲੋਂ ਐਲਾਨ ਕੀਤਾ ਗਿਆ ਕਿ 20 ਅਗਸਤ ਨੂੰ ਦੇਸ਼ ਭਗਤ ਯਾਦਗਾਰ ਹਾਲ ਵਿਖੇ ਇੱਕ ਵਿਸ਼ਾਲ ਸੂਬਾ ਪੱਧਰੀ ਜੱਥੇਬੰਦਕ ਕਨਵੈਨਸ਼ਨ ਕੀਤੀ ਜਾਵੇਗੀ। ਜੂਨ ਅਤੇ ਜੁਲਾਈ ਮਹੀਨੇ ਵਿੱਚ ਜ਼ਿਲ੍ਹਿਆਂ ਦੀਆਂ ਮੀਟਿੰਗਾਂ ਕਰਨ ਉਪਰੰਤ ਜ਼ਿਲਾ ਪੱਧਰੀ ਚੋਣਾਂ ਕੀਤੀਆਂ ਜਾਣਗੀਆਂ। ਚੋਣਾਂ ਦੀ ਇਸ ਪ੍ਰਕਿਰਿਆ ਨੂੰ ਵਧੀਆ ਢੰਗ ਨਾਲ ਨੇਪਰੇ ਚਾੜ੍ਹਨ ਲਈ 8 ਮੈਂਬਰੀ ਕਮੇਟੀ ਦਾ ਗਠਨ ਕੀਤਾ ਗਿਆ ਜਿਸ ਵਿੱਚ ਸਾਥੀ ਇੰਦਰਜੀਤ ਵਿਰਦੀ ਹੁਸ਼ਿਆਰਪੁਰ, ਬਲਜੀਤ ਸਿੰਘ ਰੋਪੜ, ਸਵਿੰਦਰ ਭੱਟੀ ਅਤੇ ਨਰਿੰਦਰ ਸਿੰਘ ਅਮ੍ਰਿਤਸਰ, ਕਮਲਜੀਤ ਕੌਰ ਜਲੰਧਰ, ਸਰਬਜੀਤ ਸਿੰਘ ਤਰਨਤਾਰਨ, ਰਮੇਸ਼ ਲਾਲ ਨਵਾਂ ਸ਼ਹਿਰ, ਬਿੰਦਰਪਾਲ ਸਿੰਘ ਫਰੀਦਕੋਟ ਨੂੰ ਸ਼ਾਮਿਲ ਕੀਤਾ ਗਿਆ ਹੈ। ਇਸ ਪ੍ਰਤੀਨਿਧ ਕਨਵੈਂਸ਼ਨ ਨੂੰ ਨਾਅਰਿਆਂ ਦੀ ਗੂੰਜ ਵਿੱਚ ਖਤਮ ਕਰਦਿਆਂ ਉਲੀਕੇ ਗਏ ਪ੍ਰੋਗਰਾਮਾਂ ਨੂੰ ਪੂਰੀ ਤਨਦੇਹੀ ਨਾਲ ਨੇਪਰੇ ਚਾੜ੍ਹਨ ਦਾ ਅਹਿਦ ਲਿਆ ਗਿਆ।

# ਏਟਕ ਤੇ ਐਪਸੋ ਨੇ ਬ੍ਰਿਜ ਭੂਸ਼ਣ ਦਾ ਪੁਤਲਾ ਫੂਕਿਆ



ਮੋਗਾ ਦੇ ਮੁੱਖ ਚੌਕ ਵਿੱਚ ਬ੍ਰਿਜ ਭੂਸ਼ਣ ਦਾ ਪੁਤਲਾ ਫੂਕਦੇ ਹੋਏ ਏਟਕ ਤੇ ਐਪਸੋ ਦੇ ਮੈਂਬਰ।

**ਮੋਗਾ (ਅਮਰਜੀਤ ਬੱਬਰੀ)**-ਦੇਸ਼ ਦੀਆਂ ਟਰੇਡ ਯੂਨੀਅਨਾਂ ਦੇ ਸੱਦੇ 'ਤੇ ਮੇਨ ਚੌਕ ਵਿੱਚ ਏਟਕ ਮੋਗਾ ਅਤੇ ਐਪਸੋ ਵੱਲੋਂ ਭਾਰਤੀ ਕੁਸ਼ਤੀ ਸੰਘ ਦੇ ਪ੍ਰਧਾਨ ਬ੍ਰਿਜ ਭੂਸ਼ਨ ਸ਼ਰਨ ਸਿੰਘ ਦਾ ਪੁਤਲਾ ਫੂਕਿਆ ਗਿਆ। ਇਸ ਮੌਕੇ ਸੰਬੋਧਨ ਕਰਦਿਆਂ ਏਟਕ ਦੇ ਜ਼ਿਲ੍ਹਾ ਸਕੱਤਰ ਜਗਸੀਰ ਖੋਸਾ, ਐਪਸੋ ਦੇ ਜ਼ਿਲ੍ਹਾ ਪ੍ਰਧਾਨ ਸਵਰਨ ਸਿੰਘ ਖੋਸਾ, ਸੂਬਾ ਮੀਤ ਪ੍ਰਧਾਨ ਡਾਕਟਰ ਇੰਦਰਵੀਰ ਸਿੰਘ ਗਿੱਲ ਤੇ ਪੰਜਾਬ ਗੌਰਮਿੰਟ ਟਰਾਂਸਪੋਰਟ ਵਰਕਰ ਯੂਨੀਅਨ ਦੇ ਸੁਰਿੰਦਰ ਸਿੰਘ ਬਰਾੜ ਨੇ ਕਿਹਾ ਕਿ ਅੱਜ ਜਦੋਂ ਦੇਸ਼ ਦਾ ਪਹਿਲਵਾਨੀ ਦੇ ਖੇਤਰ ਵਿੱਚ ਨਾਮ ਰੌਸ਼ਨ ਕਰਨ ਵਾਲੀਆਂ ਬੇਟੀਆਂ ਨੂੰ ਸੱਤਾ ਦੇ ਨਸ਼ੇ ਵਿੱਚ ਚੂਰ ਲੋਕਾਂ ਵੱਲੋਂ ਇਨਸਾਫ ਦੇਣ ਦੀ ਬਜਾਏ ਸੜਕਾਂ ਤੇ ਰੌਂਦਿਆ ਜਾ ਰਿਹਾ ਹੈ, ਇਸ ਵੇਲੇ ਦੇਸ਼ ਦੇ ਮਿਹਨਤੀ ਤੇ ਇਨਸਾਫ ਪਸੰਦ ਲੋਕ ਆਪਣਾ ਫਰਜ਼ ਸਮਝਦੇ ਹੋਏ ਪਹਿਲਵਾਨ ਧੀਆਂ ਦੇ ਨਾਲ ਖੜੇ ਹੋ ਰਹੇ ਹਨ। ਬੇਟੀਆਂ ਨੂੰ ਪੜ੍ਹਾਉਣ ਤੇ ਬਚਾਉਣ ਦਾ ਨਾਅਰਾ ਦੇਣ ਵਾਲੇ ਸੱਤਾਧਾਰੀ, ਜਿਸ ਨੀਵੇਂ ਪੱਧਰ 'ਤੇ ਜਾ ਕੇ ਦੋਸ਼ੀ ਬ੍ਰਿਜ ਭੂਸ਼ਨ ਨੂੰ ਬਚਾ ਰਹੇ ਹਨ, ਇਸ ਤੋਂ ਸ਼ਰਮਨਾਕ ਗੱਲ ਹੋਰ ਕੀ ਹੋ ਸਕਦੀ ਹੈ? ਉਪਰੋਕਤ ਆਗੂਆਂ ਨੇ ਸਰਕਾਰ ਨੂੰ ਚਿਤਵਾਨੀ ਦਿੰਦੇ ਹੋਏ ਕਿਹਾ ਕਿ ਜਲਦੀ ਤੋਂ ਜਲਦੀ ਦੋਸ਼ੀ ਬ੍ਰਿਜ ਭੂਸ਼ਨ ਨੂੰ ਕੁਸ਼ਤੀ ਸੰਘ ਦੇ ਪ੍ਰਧਾਨ ਦੇ ਅਹੁਦੇ ਤੋਂ ਹਟਾਇਆ ਜਾਵੇ ਤੇ ਉਸ ਨੂੰ ਗ੍ਰਿਫਤਾਰ ਕਰਕੇ ਬਣਦੀ ਸਜ਼ਾ ਦਿੱਤੀ ਜਾਵੇ। ਆਗੂਆਂ ਨੇ ਦੇਸ਼ ਦੀਆਂ ਧੀਆਂ ਨੂੰ ਹਰ ਤਰ੍ਹਾਂ ਦੀ ਸਪੋਰਟ ਕਰਨ ਦਾ ਵਿਸ਼ਵਾਸ ਦਿਵਾਉਂਦਿਆਂ ਕਿਹਾ ਕਿ ਜਿੰਨਾ ਚਿਰ ਤੁਹਾਨੂੰ ਇਨਸਾਫ ਨਹੀਂ ਮਿਲਦਾ, ਦੇਸ਼ ਦਾ ਕਿਰਤੀ ਵਰਗ ਤੇ ਇਨਸਾਫ ਪਸੰਦ ਲੋਕ ਤੁਹਾਨੂੰ ਹਰ ਕਿਸਮ ਦੀ ਸਪੋਰਟ ਕਰਨਗੇ। ਇਸ ਮੌਕੇ ਪੰਜਾਬ ਪੈਨਸ਼ਨਰ ਯੂਨੀਅਨ ਦੇ ਸਤਪਾਲ ਸਿੰਘ ਸਹਿਗਲ, ਪੋਹਲਾ ਸਿੰਘ ਬਰਾੜ, ਭੁਪਿੰਦਰ ਸਿੰਘ, ਮੰਗਲ ਸਿੰਘ ਖੋਸਾ, ਤੇਜਾ ਸਿੰਘ ਬਰਾੜ, ਰਿਕਸ਼ਾ ਪੂਲਰ ਯੂਨੀਅਨ ਦੇ ਜਸਪਾਲ ਸਿੰਘ ਘਾਰੂ, ਬੱਗਾ ਸਿੰਘ, ਕਮਲੇਸ਼ ਸਿੰਘ ਫਿਰੋਜ਼ਵਾਲ, ਮੰਗਲ ਸਿੰਘ, ਪਰਮਜੀਤ ਕੌਰ ਮਨਾਵਾਂ, ਚਰਨਜੀਤ ਕੌਰ ਮਹਿਰੋਂ, ਨਰੇਗਾ ਰੁਜ਼ਗਾਰ ਪ੍ਰਾਪਤ ਮਜ਼ਦੂਰ ਯੂਨੀਅਨ, ਆਲ ਇੰਡੀਆ ਸਟੂਡੈਂਟਸ ਫੈਡਰੇਸ਼ਨ ਦੇ ਸਵਰਾਜ ਸਿੰਘ ਖੋਸਾ, ਵੀਰਪਾਲ ਕੌਰ, ਬਿਕਰਮ ਕੌਰ ਆਦਿ ਆਗੂ ਹਾਜ਼ਰ ਸਨ।

# ਐੱਸ ਐੱਸ ਪੀ ਨੇ ਵਾਅਦੇ ਅਨੁਸਾਰ ਪਰਵਿੰਦਰ ਸਿੰਘ ਝੋਟਾ ਨੂੰ ਕੀਤਾ ਰਿਹਾਅ

## ਡੀ ਐੱਸ ਪੀ ਤੇ ਡਰੱਗ ਇੰਸਪੈਕਟਰ ਵਿਰੁੱਧ ਜਾਂਚ ਤੇ ਨਸ਼ਾ ਤਸਕਰਾਂ ਵਿਰੁੱਧ ਵੀ ਹੋਵੇਗੀ ਕਾਰਵਾਈ



**ਮਾਨਸਾ (ਆਤਮਾ ਸਿੰਘ ਪਮਾਰ)**

ਪਿਛਲੇ ਕਰੀਬ ਇੱਕ ਮਹੀਨੇ ਤੋਂ ਨਸ਼ਿਆਂ ਖਿਲਾਫ ਮੁਹਿੰਮ ਦੀ ਸ਼ੁਰੂਆਤ ਕਰਨ ਵਾਲੇ ਮਾਨਸਾ ਦੇ ਨੌਜਵਾਨ ਪਰਵਿੰਦਰ ਸਿੰਘ ਝੋਟਾ ਤੇ ਤਿੰਨ ਹੋਰ ਨੌਜਵਾਨਾਂ ਖਿਲਾਫ ਦੋ ਦਿਨ ਪਹਿਲਾਂ ਮਾਨਸਾ ਪੁਲਸ ਵੱਲੋਂ ਦਰਜ ਕੀਤੇ ਇਰਾਦਾ ਕਤਲ ਦੇ ਪਰਚੇ ਖਿਲਾਫ ਅੱਜ ਬਾਲ ਭਵਨ ਵਿਖੇ ਵੱਡੀ ਗਿਣਤੀ ਵਿੱਚ ਜੁੜੇ ਮਾਨਸਾ ਦੀਆਂ ਸਮੂਹ ਪਾਰਟੀਆਂ, ਸੰਘਰਸ਼ੀ ਜਥੇਬੰਦੀਆਂ ਤੇ ਇਨਸਾਫ ਪਸੰਦ ਲੋਕਾਂ ਦੇ ਦਬਾਅ ਅੱਗੇ ਝੁਕਦਿਆਂ ਐੱਸ ਐੱਸ ਪੀ ਮਾਨਸਾ ਨੇ ਕੇਸ ਰੱਦ ਕਰਕੇ ਪਰਮਿੰਦਰ ਸਿੰਘ ਝੋਟਾ ਨੂੰ ਜਲਦ ਰਿਹਾਅ ਕਰਨ, ਡੀ ਐੱਸ ਪੀ ਤੇ ਡਰੱਗ ਇੰਸਪੈਕਟਰ ਖਿਲਾਫ ਪੜਤਾਲ ਕਰਾਉਣ ਤੇ ਨਸ਼ਾ ਤਸਕਰਾਂ ਖਿਲਾਫ ਕਾਰਵਾਈ ਕਰਨ ਦਾ ਭਰੋਸਾ ਦਿਵਾਇਆ। ਐੱਸ ਐੱਸ ਪੀ ਵੱਲੋਂ ਇਹ ਐਲਾਨ ਐਸ ਪੀ (ਡੀ) ਬੀ ਕੇ ਸਿੰਗਲਾ ਨੇ ਧਰਨੇ ਦੇ ਮੰਚ 'ਤੇ ਪਹੁੰਚ ਕੇ ਕੀਤਾ।

ਇਕੱਠ ਨੂੰ ਸੀ ਪੀ ਆਈ (ਐੱਮ ਐੱਲ) ਲਿਬਰੇਸ਼ਨ ਦੇ ਕੇਂਦਰੀ ਕਮੇਟੀ ਮੈਂਬਰ ਕਾਮਰੇਡ ਰਾਜਵਿੰਦਰ ਸਿੰਘ ਰਾਣਾ, ਸੀ ਪੀ ਆਈ ਵੱਲੋਂ ਕਾਮਰੇਡ ਕ੍ਰਿਸ਼ਨ ਚੌਹਾਨ, ਪੰਜਾਬ ਕਿਸਾਨ ਯੂਨੀਅਨ ਦੇ ਸੂਬਾ ਪ੍ਰਧਾਨ ਰੁਲਦੂ ਸਿੰਘ ਮਾਨਸਾ, ਲਿਬਰੇਸ਼ਨ ਆਗੂ ਕਾਮਰੇਡ ਸੁਖਦਰਸ਼ਨ ਸਿੰਘ ਨੱਤ, ਸ਼੍ਰੋਮਣੀ ਅਕਾਲੀ ਦਲ ਮਾਨ ਦੇ ਗੁਰਸੇਵਕ ਸਿੰਘ ਜਵਾਹਰਕੇ, ਸ਼੍ਰੋਮਣੀ ਕਮੇਟੀ ਮੈਂਬਰ ਗੁਰਪ੍ਰੀਤ ਸਿੰਘ ਝੱਬਰ, ਜਸਬੀਰ ਕੌਰ ਨੱਤ ਆਗੂ ਪ੍ਰਗਤੀਸ਼ੀਲ ਇਸਤਰੀ ਸਭਾ ਕਾਂਗਰਸ ਵੱਲੋਂ ਡਾ: ਮਨਜੀਤ ਰਾਣਾ, ਜਮਹੂਰੀ ਕਿਸਾਨ ਸਭਾ ਦੇ ਮੇਜਰ ਸਿੰਘ ਦੂਲੋਵਾਲ, ਏਟਕ ਵੱਲੋਂ ਕੁਲਵਿੰਦਰ ਸਿੰਘ ਉੱਡਤ, ਜਸਵੰਤ ਸਿੰਘ ਬਹੁਜਨ ਮੁਕਤੀ ਮੋਰਚਾ, ਰਾਜ ਸਿੰਘ ਖਾਲਸਾ, ਕ੍ਰਿਸ਼ਨਾ ਰਾਣੀ ਐੱਮ ਸੀ, ਐਡਵੋਕੇਟ ਬਲਵੰਤ ਭਾਟੀਆ, ਦੋਧੀ ਡੇਅਰੀ ਯੂਨੀਅਨ ਵੱਲੋਂ ਸੂਬਾ ਜਨਰਲ ਸਕੱਤਰ ਸੱਤਪਾਲ ਸਿੰਘ ਮਾਨਸਾ ਤੇ ਸ਼ਹਿਰੀ ਪ੍ਰਧਾਨ ਬੇਅੰਤ ਸਿੰਘ ਅਸਪਾਲ, ਮੁਸਲਿਮ ਫਰੰਟ ਪੰਜਾਬ ਦੇ ਪ੍ਰਧਾਨ ਹੰਸ ਰਾਜ ਮੋਫਰ, ਰਜਿੰਦਰ ਸਿੰਘ ਸਰਪੰਚ ਜਵਾਹਰਕੇ, ਡਾਕਟਰ ਧੰਨਾ ਮੱਲ ਗੋਇਲ, ਸੱਤਪਾਲ ਰਿਸ਼ੀ, ਡੈਮੋਕ੍ਰੇਟਿਕ ਟੀਚਰਜ਼ ਫਰੰਟ ਦੇ ਜ਼ਿਲ੍ਹਾ ਪ੍ਰਧਾਨ ਪਰਮਿੰਦਰ ਸਿੰਘ ਮਾਨਸਾ, ਬੀਐੱਸਪੀ ਦੇ ਭੁਪਿੰਦਰ ਬੀਰਬਲ, ਸੀਪੀਐੱਮ ਦੇ ਘਨਸ਼ਿਆਮ ਨਿੱਕੂ, ਐਡਵੋਕੇਟ ਗੁਰਲਾਭ ਸਿੰਘ ਮਾਹਿਲ, ਬਲਜੀਤ ਸਿੰਘ ਸੇਠੀ, ਕਾਕਾ ਲਾਦੇਨ, ਨਿਰਮਲ ਮੌਜੀਆ, ਬੀਕੇਯੂ (ਧਨੇਰ) ਦੇ ਬਲਜਿੰਦਰ ਸਿੰਘ ਖਿਆਲਾ, ਜਗਦੀਪ ਸਿੰਘ ਗੋਲੂ, ਲੱਖਾ ਸਿਧਾਣਾ, ਡਾ: ਸਿਕੰਦਰ ਸਿੰਘ ਘਰਾਂਗਣਾ, ਬੀਕੇਯੂ (ਉਗਰਾਹਾਂ) ਦੇ ਸੁਖਵਿੰਦਰ ਸਿੰਘ ਮਾਖਾ, ਬੀਕੇਯੂ ਕ੍ਰਾਂਤੀਕਾਰੀ ਦੇ ਹਰਚਰਨ ਸਿੰਘ ਬੁਰਜ ਹਰੀ, ਪਰਵਿੰਦਰ ਝੋਟੇ ਦੀ ਮਾਤਾ ਅਮਰਜੀਤ ਕੌਰ, ਇੰਦਰਜੀਤ ਮੁਨਸ਼ੀ, ਮਾਨ ਬਠਿੰਡੇ ਆਲਾ, ਲੋਕ ਅਧਿਕਾਰ ਲਹਿਰ ਦੇ ਰੁਪਿੰਦਰ ਸਿੰਘ, ਮਜ਼ਦੂਰ ਮੁਕਤੀ ਮੋਰਚੇ ਦੇ ਵਿਜੈ ਭੀਖੀ ਤੇ ਬਲਵਿੰਦਰ ਸਿੰਘ ਘਰਾਂਗਣਾ, ਰਣਧੀਰ ਸਿੰਘ ਧੀਰਾ, ਵਿੱਕੀ ਸਿੰਘ, ਗੁਰਦੀਪ ਸਿੰਘ ਝੁਨੀਰ, ਮਾਸਟਰ ਲਖਵਿੰਦਰ ਸਿੰਘ ਸਮੇਤ ਬੁਹਤ ਸਾਰੇ ਬੁਲਾਰਿਆਂ ਨੇ ਸੰਬੋਧਨ ਕੀਤਾ। ਸਟੇਜ ਸੰਚਾਲਨ ਦੀ ਭੂਮਿਕਾ ਆਇਸਾ ਆਗੂ ਸੁਖਜੀਤ ਸਿੰਘ ਰਾਮਾਂਨੰਦੀ ਵੱਲੋਂ ਨਿਭਾਈ ਗਈ।

ਧਰਨਾਕਾਰੀਆਂ ਨੇ ਮਾਨਸਾ ਮੈਡੀਕਲ ਹਾਲ ਵਾਲਿਆਂ ਦੀ ਨਸ਼ਾ ਵੇਚਦਿਆਂ ਦੀ ਵੀਡੀਓ ਬਣਾ ਲੈਣ ਬਦਲੇ ਪੁਲਸ ਥਾਣਾ ਮਾਨਸਾ ਸਿਟੀ-1 ਦੇ ਮੁਲਾਜ਼ਮ ਸੱਤਪਾਲ ਵੱਲੋਂ ਇਕ ਛੋਟੀ ਉਮਰ ਦੇ ਗੁਰਸਿੱਖ ਲੜਕੇ ਆਕਾਸ਼ ਦੀਪ ਨੂੰ ਗੈਰ-ਕਾਨੂੰਨੀ ਤੌਰ 'ਤੇ ਹਿਰਾਸਤ ਵਿੱਚ ਲੈ ਕੇ ਉਸ ਦੀ ਰਾਤ ਭਰ ਕੁੱਟ-ਮਾਰ ਕਰਨ, ਗਾਲਾਂ ਕੱਢ ਕੇ ਅਪਮਾਨਤ ਕਰਨ ਤੇ ਉਸ ਨੂੰ ਪਰਵਿੰਦਰ ਸਿੰਘ ਝੋਟਾ ਦਾ ਨਾਂਅ ਲੈਣ ਲਈ ਮਜਬੂਰ ਕਰਨ ਅਤੇ ਆਕਾਸ਼ ਦਾ ਫੋਨ ਖੋਹ ਲੈਣ ਦੀ ਸਖਤ ਨਿਖੇਧੀ ਕਰਦੇ ਹੋਏ ਪ੍ਰਸ਼ਾਸਨ ਤੋਂ ਮੰਗ ਕੀਤੀ ਕਿ ਇਸ ਦੋਸ਼ੀ ਪੁਲਸ ਮੁਲਾਜ਼ਮ ਨੂੰ ਸਸਪੈਂਡ ਕੀਤਾ ਜਾਵੇ। ਇਸੇ ਦੌਰਾਨ ਨਸ਼ਾ ਵਿਰੋਧੀ ਮੁਹਿੰਮ ਦੇ ਸੀਨੀਅਰ ਆਗੂ ਸੁਖਦਰਸ਼ਨ ਸਿੰਘ ਨੱਤ ਵੱਲੋਂ ਪ੍ਰਾਪਤ ਜਾਣਕਾਰੀ ਅਨੁਸਾਰ ਅਨੁਸਾਰ ਐੱਸ ਐੱਸ ਪੀ ਮਾਨਸਾ ਵੱਲੋਂ ਕੀਤੇ ਵਾਅਦੇ ਮੁਤਾਬਕ ਮਾਨਸਾ ਪੁਲਸ ਵੱਲੋਂ ਮਾਣਯੋਗ ਅਦਾਲਤ ਵਿੱਚ ਅਰਜ਼ੀ ਦੇ ਕੇ ਪਰਵਿੰਦਰ ਸਿੰਘ ਝੋਟਾ ਨੂੰ ਰਿਹਅ ਕਰ ਦਿੱਤਾ ਗਿਆ, ਜਿਸ ਦਾ ਨਸ਼ਾ ਵਿਰੋਧੀ ਮੁਹਿੰਮ ਦੇ ਆਗੂਆਂ ਵੱਲੋਂ ਸਵਾਗਤ ਕੀਤਾ ਗਿਆ।

## ਕਾਤਰਾਂ

### ਬਲੌਜ਼ਮਜ਼ ਕਾਨਵੈਂਟ ਸਕੂਲ ਵਿਖੇ ਸਮਰ ਕੈਂਪ

**ਜਗਰਾਉਂ (ਅਮਿਤ ਖੰਨਾ)**-ਬਲੌਜ਼ਮਜ਼ ਕਾਨਵੈਂਟ ਸਕੂਲ ਵਿਖੇ ਵਿਦਿਆਰਥੀਆਂ ਦੀ ਸਰਵਉੱਚਤਾ ਲਈ ਛੁੱਟੀਆਂ ਦੌਰਾਨ ਹਫ਼ਤੇ ਲਈ ਲਾਏ ਜਾ ਰਹੇ ਸਮਰ ਕੈਂਪ ਦੌਰਾਨ ਬੱਚਿਆਂ ਨੂੰ ਬਹੁਤ ਸਾਰੀਆਂ ਗਤੀਵਿਧੀਆਂ ਕਰਾਈਆਂ ਗਈਆਂ, ਜਿਸ ਵਿੱਚ ਸਕੂਲ ਦੇ ਡੀ.ਪੀ.ਈ ਸਟਾਫ਼ ਵਿਚ ਮਿ: ਰਾਕੇਸ਼ ਕੁਮਾਰ ਦੀ ਅਗਵਾਈ ਅਧੀਨ ਮਿ: ਅਮਨਦੀਪ ਸਿੰਘ ਤੇ ਮਿਸਿਜ਼ ਗੁਰਪ੍ਰੀਤ ਕੌਰ ਵੱਲੋਂ 'ਯੋਗਾ ਕੈਂਪ' ਦੌਰਾਨ ਬਹੁਤ ਸਾਰੇ ਆਸਣ ਕਰਾ ਕੇ ਉਨ੍ਹਾਂ ਨੂੰ ਸਿਹਤ ਪੱਖੋਂ ਫਿਟ ਰੱਖਣ ਲਈ ਵਿਸ਼ੇਸ਼ ਉਪਰਾਲੇ ਕੀਤੇ। ਪ੍ਰਿੰਸੀਪਲ ਡਾ. ਅਮਰਜੀਤ ਕੌਰ ਨਾਜ਼ ਨੇ ਬੋਲਦਿਆਂ ਕਿਹਾ ਕਿ ਵਿਦਿਆਰਥੀ ਵਰਗ ਲਈ ਅਜਿਹੀਆਂ ਗਤੀਵਿਧੀਆਂ ਜ਼ਰੂਰੀ ਹਨ ਤਾਂ ਜੁ ਉਨ੍ਹਾਂ ਅੰਦਰ ਅਮਿਊਨ ਸਿਸਟਮ ਵਧੀਆ ਰਹਿ ਸਕੇ ਤੇ ਅਸੀਂ ਪ੍ਰਦੂਸ਼ਿਤ ਸਮਾਜ ਤੋਂ ਦੂਰ ਰਹਿੰਦੇ ਹੋਏ ਆਪਣੀ ਸਿਹਤ ਨੂੰ ਵਧੀਆ ਰੱਖ ਸਕੀਏ। ਅਸੀਂ ਆਪਣੇ ਬੱਚਿਆਂ ਪ੍ਰਤੀ ਅਜਿਹੇ ਪ੍ਰੋਗਰਾਮ ਹਮੇਸ਼ਾ ਉਲੀਕਦੇ ਰਹਿੰਦੇ ਹਾਂ। ਇਸ ਮੌਕੇ ਸਕੂਲ ਦੇ ਚੇਅਰਮੈਨ ਹਰਭਜਨ ਸਿੰਘ ਜੌਹਲ, ਪ੍ਰੈਜ਼ੀਡੈਂਟ ਮਨਪ੍ਰੀਤ ਸਿੰਘ ਬਰਾੜ, ਅਜਮੇਰ ਸਿੰਘ ਰੱਤੀਆ ਅਤੇ ਸਤਵੀਰ ਸਿੰਘ ਸੇਖੋਂ ਵੀ ਹਾਜ਼ਰ ਸਨ।

### ਜੈਤੋ ਇਲਾਕੇ ਦੇ ਵਸ਼ਿੰਦੇ ਹੀ ਹਨ ਮੇਰਾ ਪਰਵਾਰ : ਅਮੋਲਕ ਸਿੰਘ



**ਜੈਤੋ (ਸਤੀਸ਼ ਕੁਮਾਰ ਭੀਰੀ)**-ਜੈਤੋ ਹਲਕੇ ਤੋਂ ਜਿੱਤ ਪ੍ਰਾਪਤ ਕਰਨਾ ਬਹੁਤ ਹੀ ਭਾਗਸ਼ਾਲੀ ਹੋਣ ਦੇ ਬਰਾਬਰ ਹੈ, ਮੈਨੂੰ ਗੁਰੂ ਪੀਰਾਂ ਦੀ ਚਰਨਛੋਹ ਪ੍ਰਾਪਤ ਧਰਤੀ ਤੇ ਇਤਿਹਾਸਕ ਨਗਰੀ ਦਾ ਬੇਟਾ ਬਣਨ 'ਤੇ ਮਾਣ ਮਹਿਸੂਸ ਹੋ ਰਿਹਾ ਹੈ। ਇਸ ਮੰਡੀ ਦੇ ਵਸ਼ਿੰਦੇ ਹੀ ਮੇਰੇ ਮਾਂ ਪਿਓ, ਮਿੱਤਰ ਤੇ ਭੈਣ-ਭਰਾ ਭਾਵ ਮੇਰਾ ਆਪਣਾ ਪਰਿਵਾਰ ਹਨ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਕਰਦਿਆਂ ਐਮ ਐਲ ਏ ਅਮੋਲਕ ਸਿੰਘ ਨੇ ਕਿਹਾ ਕਿ ਜੇਕਰ ਮੇਰੇ ਪਰਿਵਾਰ ਨੂੰ ਮੇਰੇ ਵਿੱਚ ਕੋਈ ਕਮੀਂ ਨਜ਼ਰ ਆਉਂਦੀ ਹੈ ਤਾਂ ਉਨ੍ਹਾਂ ਨੂੰ ਹੱਕ ਹੈ ਕਿ ਉਹ ਮੈਨੂੰ ਡਾਂਟ ਸਕਣ, ਮੈਨੂੰ ਇਲਾਕੇ ਦੇ ਵਿਕਾਸ ਕੰਮਾਂ ਵਿੱਚ ਆ ਰਹੀ ਖੜੋਤ ਸਬੰਧੀ ਸਵਾਲ ਕਰ ਸਕਣ। ਅਮੋਲਕ ਸਿੰਘ ਨੇ ਕਿਹਾ ਕਿ ਜੇਕਰ ਇਲਾਕੇ ਦੇ ਲੋਕਾਂ ਨੂੰ ਕਿਸੇ ਵੀ ਤਰ੍ਹਾਂ ਦੇ ਜਾਇਜ਼ ਕੰਮ ਕਰਵਾਉਣ ਲਈ ਕੋਈ ਦਿੱਕਤ ਪੇਸ਼ ਆਉਂਦੀ ਹੈ ਤਾਂ ਉਹ ਕਿਸੇ ਵੇਲੇ ਵੀ ਉਨ੍ਹਾਂ ਜਾਂ ਉਨ੍ਹਾਂ ਦੀ ਟੀਮ ਨਾਲ ਸੰਪਰਕ ਕਰ ਸਕਦੇ ਹਨ। ਉਨ੍ਹਾਂ ਕਿਹਾ ਕਿ ਉਹ ਭਰੋਸਾ ਦਿਵਾਉਂਦੇ ਹਨ ਕਿ ਤੁਹਾਡੇ ਵਿਸ਼ਵਾਸ ਨੂੰ ਕਾਇਮ ਰੱਖਦੇ ਹੋਏ ਇਲਾਕੇ ਦੀਆਂ ਗੰਭੀਰ ਸਮੱਸਿਆਵਾਂ ਜਿਵੇਂ ਕਿ ਸੀਵਰੇਜ ਦੇ ਗੰਦੇ ਪਾਣੀ ਦੀ ਨਿਕਾਸੀ ਤੇ ਥਾਂ ਥਾਂ ਤੋਂ ਟੁੱਟੀਆਂ ਗਲੀਆਂ ਤੇ ਸੜਕਾਂ ਤੋਂ ਛੇਤੀ ਹੀ ਨਿਜਾਤ ਦਵਾਉਣਗੇ, ਜਿਸ 'ਤੇ ਪੂਰੇ ਜ਼ੋਰ ਨਾਲ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ। ਉਨ੍ਹਾ ਕਿਹਾ ਕਿ ਇਲਾਕੇ ਦੇ ਲੋਕਾਂ ਨੂੰ ਸਰਕਾਰੀ ਦਫਤਰਾਂ ਵਿੱਚ ਆਪਣੇ ਜਾਇਜ਼ ਕੰਮ ਕਰਵਾਉਣ ਲਈ ਜੇਕਰ ਕੋਈ ਦਿੱਕਤ ਪੇਸ਼ ਆਉਂਦੀ ਹੈ, ਤਾਂ ਤੁਰੰਤ ਉਨ੍ਹਾਂ ਦੇ ਧਿਆਨ ਵਿੱਚ ਲਿਆਂਦਾ ਜਾਵੇ। ਅੰਤ 'ਚ ਵਿਧਾਇਕ ਅਮੋਲਕ ਸਿੰਘ ਨੇ ਫਿਰ ਕਿਹਾ ਕਿ ਉਹ ਇਲਾਕੇ ਦੀਆਂ ਉਮੀਦਾਂ 'ਤੇ ਖਰਾ ਉਤਰਨ ਲਈ ਕੋਈ ਵੀ ਮੌਕਾ ਨਹੀਂ ਛੱਡਣਗੇ।

### ਟੀ ਐੱਸ ਯੂ ਸਬ-ਡਵੀਜ਼ਨ ਕੈਂਟ ਦੀ ਮੀਟਿੰਗ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਟੈਕਨੀਕਲ ਸਰਵਿਸਿਜ਼ ਯੂਨੀਅਨ ਸਬ ਡਵੀਜ਼ਨ ਕੈਂਟ ਨੰਬਰ 2 ਦੀ ਇੱਕ ਅਹਿਮ ਮੀਟਿੰਗ ਪ੍ਰਧਾਨ ਮਨਜੀਤ ਸਿੰਘ ਦੀ ਪ੍ਰਧਾਨਗੀ ਹੇਠ ਹੋਈ, ਜਿਸ ਵਿੱਚ ਮੁਲਾਜ਼ਮ ਸਾਥੀਆਂ ਨੂੰ ਆ ਰਹੀਆਂ ਮੁਸ਼ਕਲਾਂ ਸਬੰਧੀ ਵਿਚਾਰਾਂ ਕੀਤੀਆਂ ਗਈਆਂ ।ਮੀਟਿੰਗ ਵਿੱਚ ਸਕੱਤਰ ਰਵੀ ਸ਼ਰਮਾ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਸੀਆਰਏ 295/19 ਰਾਹੀਂ ਭਰਤੀ ਹੋਏ ਸਹਾਇਕ ਲਾਈਨਮੈਨ ਸਾਥੀਆਂ ਦਾ ਪਰਖ਼ਕਾਲ ਦਾ ਸਮਾਂ ਪੂਰਾ ਹੋ ਜਾਣ ਦੇ ਬਾਵਜੂਦ ਪਾਵਰਕਾਮ ਦੀ ਮੈਨੇਜਮੈਂਟ ਤੇ ਸੰਬੰਧਤ ਅਧਿਕਾਰੀਆਂ ਵੱਲੋਂ ਪੂਰੇ ਤਨਖ਼ਾਹ ਸਕੇਲ ਨਹੀਂ ਲਾਗੂ ਨਹੀਂ ਕੀਤੇ ਜਾ ਰਹੇ ਤੇ ਕੋਰਟ ਦਾ ਮਸਲਾ ਦੱਸ ਕੇ ਵਾਰ-ਵਾਰ ਟਾਲ ਮਟੋਲ ਦੀ ਨੀਤੀ ਅਪਨਾਈ ਜਾ ਰਹੀ ਹੈ। ਉਨ੍ਹਾਂ ਅਧਿਕਾਰੀਆਂ ਤੇ ਮੈਨੇਜਮੈਂਟ ਨੂੰ ਚੇਤਾਵਨੀ ਦਿੰਦੇ ਕਿਹਾ ਕਿ ਜੇਕਰ ਇਨ੍ਹਾਂ ਸਾਥੀਆਂ ਦੀਆਂ ਪੂਰੀਆਂ ਤਨਖ਼ਾਹਾਂ ਨਹੀਂ ਬਣਾਈਆਂ ਜਾਂਦੀਆਂ ਤਾਂ ਪੈਡੀ ਸੀਜ਼ਨ ਵਿੱਚ ਕੰਮ ਠੱਪ ਕਰਕੇ ਸਰਕਲ ਫ਼ਿਰੋਜ਼ਪੁਰ ਵਿਖੇ ਇੱਕ ਵਿਸ਼ਾਲ ਧਰਨਾ ਪ੍ਰਦਰਸ਼ਨ ਕੀਤਾ ਜਾਵੇਗਾ। ਮੀਟਿੰਗ ਵਿੱਚ ਮੀਤ ਪ੍ਰਧਾਨ ਜਸਵੰਤ ਸਿੰਘ, ਸਹਾਇਕ ਸਕੱਤਰ ਪ੍ਰਦੀਪ ਕੁਮਾਰ, ਸਾਥੀ ਪ੍ਰਿੰਸ, ਲਾਈਨਮੈਨ ਦਰਸ਼ਨ ਸਿੰਘ, ਸਾਥੀ ਤੁਸ਼ਾਰ ਜਾਂਗੀਰ, ਦੀਪਕ ਸ਼ਰਮਾ, ਹਰਜੀਤ ਸਿੰਘ, ਅਜੈ ਕੁਮਾਰ, ਦਿਲਬਾਜ ਸਿੰਘ, ਵਿਜੈ ਸਿੰਘ, ਅਵਤਾਰ ਸਿੰਘ, ਪ੍ਰਦੀਪ ਸਿੰਘ, ਪ੍ਰਣਵ ਦੇਵਗਨ, ਕਰਨ ਖੁਰਾਣਾ, ਸੰਜੀਵ ਮੱਕੜ, ਪਵਨ ਕੁਮਾਰ ਆਦਿ ਸਾਥੀਆਂ ਨੇ ਹਿੱਸਾ ਲਿਆ।

# ਵਿਧਾਇਕ ਨੇ ਰੋਡੇ 'ਚ ਨਵੇਂ ਬਿਜਲੀ ਬ੍ਰੇਕਰ ਦਾ ਕੀਤਾ ਉਦਘਾਟਨ



**ਬਾਘਾ ਪੁਰਾਣਾ (ਮਨੀ ਸਿੰਗਲਾ)**-ਬੀਤੇ ਦਿਨ ਵਿਧਾਨ ਸਭਾ ਹਲਕਾ ਬਾਘਾ ਪੁਰਾਣਾ ਦੇ ਪਿੰਡ ਰੋਡੇ ਵਿਖੇ ਕਿਸਾਨਾਂ ਵੱਲੋਂ ਲੰਮੇਂ ਸਮੇਂ ਤੋਂ ਕੀਤੀ ਜਾ ਰਹੀ ਮੰਗ ਨੂੰ ਪੂਰਾ ਕਰਦਿਆਂ ਰਣ ਸਿੰਘ ਦੇ ਨਾਮ ਨਵਾਂ ਫੀਡਰ ਚਾਲੂ ਕਰਨ ਲਈ ਹਲਕਾ ਵਿਧਾਇਕ ਅੰਮ੍ਰਿਤਪਾਲ ਸਿੰਘ ਸੁਖਾਨੰਦ ਨੇ ਪਿੰਡ ਰੋਡੇ ਵਿਖੇ ਨਵੇਂ ਬਿਜਲੀ ਬ੍ਰੇਕਰ ਦਾ ਉਦਘਾਟਨ ਕੀਤਾ, ਜਿਸ ਨੂੰ ਲੈ ਕੇ ਕਿਸਾਨਾਂ ਵਿੱਚ ਖੁਸ਼ੀ ਦੀ ਲਹਿਰ ਪਾਈ ਜਾ ਰਹੀ ਹੈ। ਇਸ ਮੌਕੇ ਵਿਧਾਇਕ ਅੰਮ੍ਰਿਤਪਾਲ ਸਿੰਘ ਨੇ ਸੰਬੋਧਨ ਕਰਦਿਆਂ ਕਿਹਾ ਕਿ ਨਵਾਂ ਬ੍ਰੇਕਰ ਲੱਗਣ ਨਾਲ 4-5 ਪਿੰਡਾਂ ਦੇ ਕਿਸਾਨਾਂ ਨੂੰ ਫਾਇਦਾ ਮਿਲੇਗਾ, ਕਿਉਂਕਿ ਖੇਤੀ ਵਾਸਤੇ ਕਿਸਾਨਾਂ ਨੂੰ ਨਿਰਵਿਘਨ ਬਿਜਲੀ ਸਪਲਾਈ ਮਿਲਣ ਨਾਲ ਕਿਸਾਨਾਂ ਨੂੰ ਹੋਰ ਵੀ ਸੁਖਾਲਾ ਹੋ ਜਾਵੇਗਾ ਤੇ ਬਿਜਲੀ ਨਿਰਵਿਘਨ ਚਲਦੀ ਰਹੇਗੀ। ਵਿਧਾਇਕ ਨੇ ਕਿਹਾ ਕੇ ਹੋਰ ਵੀ ਬਿਜਲੀ ਬ੍ਰੇਕਰ ਲਾਏ ਜਾਣਗੇ ਤਾਂ ਜੋ ਕਿਸਾਨਾਂ ਨੂੰ ਕਿਸੇ ਵੀ ਮੁਸ਼ਕਲ ਦਾ ਸਾਹਮਣਾ ਨਾ ਕਰਨਾ ਪਵੇ। ਇਸ ਮੌਕੇ ਵਿਧਾਇਕ ਅੰਮ੍ਰਿਤਪਾਲ ਸਿੰਘ ਸੁਖਾਨੰਦ ਨੂੰ ਐਕਸੀਅਨ ਰਘੁਵੀਰ ਸਿੰਘ ਬਰਾੜ, ਹਰਿੰਦਰ ਸਿੰਘ ਚਾਹਲ ਐੱਸ.ਡੀ.ਓ ਸਮਾਲਸਰ, ਰਜਿੰਦਰ ਕੁਮਾਰ ਤੇ ਗਿਆਨ ਸਿੰਘ ਜੇ ਈ ਵੱਲੋਂ ਫੁੱਲਾਂ ਦਾ ਗੁਲਦਸਤਾ ਦੇ ਕੇ ਜੀ ਆਇਆਂ ਆਖਿਆ ਗਿਆ।

ਇਸ ਮੌਕੇ ਆਮ ਆਦਮੀ ਪਾਰਟੀ ਦੇ ਵਰਕਰ ਗੁਰਤੇਜ ਸਿੰਘ ਤੇਜਾ, ਸੋਨੀ ਧਾਲੀਵਾਲ ਮਾੜੀ ਮੁਸਤਫਾ, ਪ੍ਰਧਾਨ ਰਵੀ ਮੌੜ, ਲੱਖਾ ਚੰਨ ਵਾਲਾ, ਧਰਮਿੰਦਰ ਸਿੰਘ ਰੱਖੜਾ, ਗਗਨ ਚੱਢਾ, ਸਿਰਾ ਸਿੰਘ ਖਾਲਸਾ ਡੇਰੀਵਾਲਾ, ਟੀਟੂ ਬਰਾੜ, ਮਸਟਰ ਸੁਖਦੇਵ ਸਿੰਘ, ਦਲਜੀਤ ਸਿੰਘ ਪੱਪਾ ਅਮਰੀਕਾ ਵਾਲੇ, ਰਾਜਾ ਸਿੰਘ, ਪ੍ਰਿੰਸੀਪਲ ਮਨਜੀਤ ਸਿੰਘ ਰਾਜੇਆਣਾ, ਬਲਦੇਵ ਸਿੰਘ, ਮਾਵਾਂ ਸ਼ਹਿਰੀ ਪ੍ਰਧਾਨ ਗੁਰਪ੍ਰੀਤ ਮਨਚੰਦਾ ਤੇ ਰਵਿੰਦਰ ਰਵੀ ਪੀ ਏ, ਬੂਟਾ ਸਿੰਘ ਐੱਸ.ਐੱਸ.ਏ., ਹਰਜਿੰਦਰ ਸਿੰਘ ਨਾਲ ਮੌਜੂਦ ਸਨ।

# ਐਂਟੀ ਡਰੱਗ ਐਂਡ ਸੋਸ਼ਲ ਵੈੱਲਫੇਅਰ ਨੇ ਪੰਛੀਆਂ ਦੇ ਰਹਿਣ ਲਈ ਆਲ੍ਹਣੇ ਟੰਗੇ ਤੇ ਕਟੋਰੇ ਵੰਡੇ

## ਵਾਤਾਵਰਨ ਦੇ ਸ਼ਿੰਗਾਰ ਪੰਛੀਆਂ ਦੀਆਂ ਖਤਮ ਹੋ ਰਹੀਆਂ ਪ੍ਰਜਾਤੀਆਂ ਨੂੰ ਬਚਾਉਣਾ ਅਤਿ ਜ਼ਰੂਰੀ : ਚੇਅਰਮੈਨ ਸੰਜੀਵ ਗਰਗ



**ਸਮਾਣਾ (ਪੱਤਰ ਪ੍ਰੇਰਕ)**-ਬੀਤੀ ਦਿਨ ਸਮਾਣਾ ਬ੍ਰੈਕਿੰਗ ਟੀਮ ਵੱਲੋਂ ਵਾਤਾਵਰਨ ਦੇ ਸ਼ਿੰਗਾਰ ਪੰਛੀਆਂ ਦੀਆਂ ਖਤਮ ਹੋ ਰਹੀਆਂ ਪ੍ਰਜਾਤੀਆਂ ਨੂੰ ਬਚਾਉਣ ਤੇ ਉਨ੍ਹਾਂ ਦੀ ਸਾਂਭ ਸੰਭਾਲ ਲਈ ਅਪੀਲ ਕੀਤੀ ਗਈ, ਜਿਸ ਦੇ ਚਲਦਿਆਂ ਐਂਟੀ ਡਰੱਗ ਐਂਡ ਸੋਸ਼ਲ ਵੈੱਲਫੇਅਰ ਔਰਗਨਾਈਜੇਸ਼ਨ ਪੰਜਾਬ ਦੇ ਚੇਅਰਮੈਨ ਸੰਜੀਵ ਗਰਗ ਵੱਲੋਂ ਅੱਗੇ ਆਉਂਦੇ ਹੋਏ ਇਸ ਮੁਹਿੰਮ ਦੀ ਸ਼ੁਰੂਆਤ ਕੀਤੀ ਗਈ। ਸੰਸਥਾ ਵੱਲੋਂ ਸਥਾਨਕ ਇਨਵਾਇਰਮੈਂਟ ਪਾਰਕ ਵਿਖੇ ਪੰਛੀਆਂ ਲਈ ਆਲ੍ਹਣੇ ਲਗਾਏ ਗਏ, ਪੰਛੀਆਂ ਦੇ ਪੀਣ ਵਾਲਾ ਪਾਣੀ ਰੱਖਣ ਲਈ ਰਾਹਗੀਰਾਂ ਨੂੰ ਕਟੋਰੇ ਵੰਡੇ ਗਏ ਤੇ ਨਾਲ ਹੀ ਵਾਤਾਵਰਣ ਦੀ ਸ਼ੁੱਧਤਾ ਲਈ ਪਾਰਕ ਵਿਖੇ ਪੌਦੇ ਵੀ ਲਗਾਏ ਗਏ। ਇਸ ਮੌਕੇ ਚੇਅਰਮੈਨ ਸੰਜੀਵ ਗਰਗ ਤੇ ਪੋਲੀਵੁੱਡ ਪੋਸਟ ਦੇ ਓਨਰ ਹਰਜਿੰਦਰ ਸਿੰਘ ਜਵੰਦਾ ਨੇ ਕਿਹਾ ਕਿ ਪੰਛੀਆਂ ਨੂੰ ਬਚਾਉਣਾ ਅਸਲ ਵਿੱਚ ਵਾਤਾਵਰਨ ਨੂੰ ਬਚਾਉਣਾ ਹੈ। ਅੱਜ ਜਿਸ ਰਫ਼ਤਾਰ ਨਾਲ ਪੰਛੀ ਅਲੋਪ ਹੁੰਦੇ ਜਾ ਰਹੇ ਹਨ, ਲੋੜ ਹੈ ਕਿ ਪੰਛੀਆਂ ਦੀ ਸੁਰੱਖਿਆ ਲਈ ਕੀਤੇ ਜਾ ਰਹੇ ਉਪਰਾਲੇ ਹੋਰ ਤੇਜ਼ ਕੀਤੇ ਜਾਣ, ਇਸ ਲਈ ਜ਼ਰੂਰੀ ਹੈ ਕਿ ਪੰਛੀਆਂ ਨੂੰ ਵਾਪਸ ਲਿਆਉਣ ਲਈ ਘਰ ਦੀ ਛੱਤ 'ਤੇ ਅਨਾਜ ਤੇ ਪਾਣੀ ਦਾ ਪ੍ਰਬੰਧ ਕੀਤਾ ਜਾਵੇ। ਇਸ ਤੋਂ ਇਲਾਵਾ ਘਰਾਂ ਦੇ ਆਲੇ-ਦੁਆਲੇ ਰੁੱਖ ਤੇ ਪੌਦੇ ਵੀ ਲਗਾਏ ਜਾਣ। ਇਸ ਦੇ ਨਾਲ ਹੀ ਖੇਤੀ ਵਿੱਚ ਕੀਟਨਾਸ਼ਕਾਂ ਦੀ ਵਰਤੋਂ ਘੱਟ ਕੀਤੀ ਜਾਵੇ ਤੇ ਵੱਖ-ਵੱਖ ਥਾਵਾਂ 'ਤੇ ਪੰਛੀ ਘਰ ਬਣਾਏ ਜਾਣ। ਇਸ ਮੌਕੇ ਸਮਾਜ ਸੇਵੀ ਲਖਵਿੰਦਰ ਸਿੰਘ ਜਵੰਦਾ ਤੇ ਸੀਨੀਅਰ ਪੱਤਰਕਾਰ ਇਕਬਾਲ ਸਿੰਘ ਬੱਲ ਨੇ ਕਿਹਾ ਕਿ ਹੁਣ ਜਦੋਂ ਗਰਮੀ ਦਾ ਮੌਸਮ ਹੈ, ਮਨੁੱਖ ਧੁੱਪ ਤੋਂ ਬਚਾਅ ਲਈ ਆਪਣੇ ਸਰੀਰ ਨੂੰ ਪੂਰਾ ਢੱਕ ਕੇ ਬਾਹਰ ਨਿੱਕਲਦੇ ਹਨ ਤੇ ਹਰ ਕੋਈ ਠੰਢੇ ਪਾਣੀ ਵੱਲ ਭੱਜ ਕੇ ਜਾਂਦਾ ਹੈ। ਗਰਮੀ ਦੇ ਮੌਸਮ ਵਿੱਚ ਬਹੁਤ ਸਾਰੇ ਛੋਟੇ ਪਿਆਰੇ ਪੰਛੀ ਸਿਰਫ ਪਾਣੀ ਦੀ ਘਾਟ ਕਰਕੇ ਹੀ ਮਰ ਜਾਂਦੇ ਹਨ, ਕਿਉਂਕਿ ਜਿਵੇਂ-ਜਿਵੇਂ ਗਰਮੀ ਦਾ ਪਾਰਾ ਵਧਦਾ ਜਾਂਦਾ ਹੈ ਤਲਾਬਾਂ, ਟੋਭਿਆਂ, ਖੂਹਾਂ ਤੇ ਖੇਤਾਂ ਵਿੱਚੋਂ ਪਾਣੀ ਸੁੱਕ ਜਾਂਦਾ ਹੈ ਤੇ ਇਹ ਸਾਰੇ ਸਾਧਨ ਹੀ ਮੁੱਖ ਹਨ, ਪੰਛੀਆਂ ਦੇ ਪਾਣੀ ਪੀਣ ਲਈ। ਇਸ ਮੌਕੇ ਸੀਨੀਅਰ ਆਪ ਆਗੂ ਬਲਵਿੰਦਰ ਸਿੰਘ ਵੜੈਚ ਤੇ ਸ਼ੁਭਨੀਤ ਗਰਗ ਡਾਇਰੈਕਟਰ ਮਾਈਂਡ ਗਲੋਅ ਨੇ ਕਿਹਾ ਕਿ ਦੁੱਖ ਦੀ ਗੱਲ ਹੈ ਕਿ ਐਨਾ ਪਿਆਰਾ ਤੇ ਅਣਭੋਲ ਇਹ ਪੰਛੀ ਸਾਡੀਆਂ ਰੋਜ਼ਾਨਾ ਦੀਆਂ ਬਦਲ ਚੁੱਕੀਆਂ ਆਦਤਾਂ ਕਰਕੇ ਸਾਡੇ ਕੋਲੋਂ ਦੂਰ ਜਾ ਰਿਹਾ ਹੈ, ਜੇਕਰ ਮਨੁੱਖਾਂ ਨੇ ਅਜੇ ਵੀ ਆਪਣੇ-ਆਪ ਨੂੰ ਨਾ ਬਦਲਿਆ ਤਾਂ ਉਹ ਦਿਨ ਦੂਰ ਨਹੀਂ ਕਿ ਪੰਛੀ ਸਾਡੇ ਕੋਲ ਸਿਰਫ ਤਸਵੀਰਾਂ ਵਿੱਚ ਵੇਖਣ ਨੂੰ ਹੀ ਰਹਿ ਜਾਣਗੀਆਂ। ਇਸ ਦੇ ਨਾਲ ਹੀ ਸਮੂਹ ਪਤਵੰਤਿਆਂ ਵੱਲੋਂ ਸਮਾਣਾ ਬ੍ਰੈਕਿੰਗ ਟੀਮ ਵੱਲੋਂ ਇਹ ਮੁਹਿੰਮ ਦੀ ਸ਼ੁਰੂਆਤ ਕਰਨ ਦੀ ਸ਼ਲਾਘਾ ਕੀਤੀ ਗਈ।

ਇਸ ਮੌਕੇ ਦੇਵਕੀ ਨੰਦਨ ਸਿੰਗਲਾ, ਦਮਨ ਭੱਲਾ, ਲਲਿਤ ਭੱਲਾ, ਪੱਤਰਕਾਰ ਮਹੇਸ਼ ਸ਼ੇਰਾ ਤੇ ਪ੍ਰਿੰਸ ਕੁਮਾਰ ਮੌਜੂਦ ਰਹੇ।

# ਇੰਜ. ਇੰਦਰਪਾਲ ਸਿੰਘ ਨੇ ਚੀਫ ਇੰਜਨੀਅਰ ਸੈਂਟਰਲ ਜ਼ੋਨ ਵਜੋਂ ਅਹੁਦਾ ਸੰਭਾਲਿਆ

**ਲੁਧਿਆਣਾ (ਐਮ ਐਸ ਭਾਟੀਆ, ਰੈਕਟਰ ਕਥੂਰੀਆ)**-ਇੰਜ. ਇੰਦਰਪਾਲ ਸਿੰਘ ਨੇ ਸੋਮਵਾਰ ਨੂੰ ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਲਿਮ: (ਪੀ.ਐੱਸ.ਪੀ.ਸੀ.ਐੱਲ.) ਦੇ ਸੈਂਟਰਲ ਜ਼ੋਨ ਲੁਧਿਆਣਾ ਦੇ ਨਵੇਂ ਚੀਫ਼ ਇੰਜਨੀਅਰ ਵਜੋਂ ਅਹੁਦਾ ਸੰਭਾਲ ਲਿਆ। ਉਨ੍ਹਾਂ ਨੇ ਇੰਜ. ਐਸ.ਆਰ ਵਸ਼ਿਸ਼ਟ ਦੀ ਥਾਂ ਲਈ ਹੈ। ਇੰਜ. ਇੰਦਰਪਾਲ ਸਿੰਘ ਇਸ ਤੋਂ ਪਹਿਲਾਂ ਮੁੱਖ ਇੰਜਨੀਅਰ ਦੱਖਣੀ ਪਟਿਆਲਾ ਵਜੋਂ ਸੇਵਾ ਨਿਭਾਅ ਚੁੱਕੇ ਹਨ। ਚਾਰਜ ਸੰਭਾਲਣ ਤੋਂ ਬਾਅਦ ਇੰਜ. ਇੰਦਰਪਾਲ ਸਿੰਘ ਨੇ ਕੇਂਦਰੀ ਜ਼ੋਨ ਲੁਧਿਆਣਾ ਦੇ ਐਸ.ਈ, ਐਕਸੀਅਨ ਤੇ ਹੋਰ ਸਟਾਫ਼ ਨਾਲ ਮੀਟਿੰਗ ਕੀਤੀ ਅਤੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਅਤੇ ਬਿਜਲੀ ਮੰਤਰੀ ਹਰਭਜਨ ਸਿੰਘ ਈ.ਟੀ.ਓ ਵੱਲੋਂ ਮਿੱਥੇ ਟੀਚੇ ਦੀ ਪ੍ਰਾਪਤੀ ਲਈ ਉਨ੍ਹਾਂ ਦਾ ਸਹਿਯੋਗ ਮੰਗਿਆ। ਉਨ੍ਹਾਂ ਕਿਹਾ ਕਿ ਉਹ ਇੰਜ. ਬਲਦੇਵ ਸਿੰਘ ਸਰਾਂ, ਸੀ.ਐਮ.ਡੀ ਪੀ.ਐਸ.ਪੀ.ਸੀ.ਐਲ ਅਤੇ ਡੀ.ਪੀ.ਐਸ ਗਰੇਵਾਲ, ਡਾਇਰੈਕਟਰ ਡਿਸਟ੍ਰੀਬਿਊਸ਼ਨ ਦੀਆਂ ਉਮੀਦਾਂ 'ਤੇ ਖਰੇ ਉਤਰਨਗੇ। ਇੰਜ. ਸਿੰਘ ਨੇ ਖਪਤਕਾਰਾਂ ਨੂੰ ਵਿਸ਼ੇਸ਼ ਤੌਰ 'ਤੇ ਝੋਨੇ ਦੇ ਇਸ ਸੀਜ਼ਨ ਦੌਰਾਨ ਨਿਰਵਿਘਨ ਬਿਜਲੀ ਸਪਲਾਈ ਦੇਣ ਦਾ ਭਰੋਸਾ ਦਿੱਤਾ ਤੇ ਕਿਹਾ ਕਿ ਪੰਜਾਬ ਸਰਕਾਰ ਸੂਬੇ ਵਿੱਚ ਉਦਯੋਗਿਕ ਵਿਕਾਸ ਨੂੰ ਹੁਲਾਰਾ ਦੇਣ ਲਈ ਵਚਨਬੱਧ ਹੈ ਅਤੇ ਲੁਧਿਆਣਾ ਨੂੰ ਉੱਤਰੀ ਭਾਰਤ ਦੇ ਉਦਯੋਗਿਕ ਧੁਰੇ ਵਜੋਂ ਜਾਣਿਆ ਜਾਂਦਾ ਹੈ ਤੇ ਉਹ ਉਦਯੋਗਿਕ ਖਪਤਕਾਰਾਂ ਦੀਆਂ ਲੋੜਾਂ ਨੂੰ ਪੂਰਾ ਕਰਨਾ ਯਕੀਨੀ ਬਣਾਉਣਗੇ। ਇੰਜ. ਸਿੰਘ ਨੇ ਅਧਿਕਾਰੀਆਂ ਨੂੰ ਬਿਜਲੀ ਦੀਆਂ ਚੋਰੀਆਂ 'ਤੇ ਨਜ਼ਰ ਰੱਖਣ ਲਈ ਵੀ ਹਦਾਇਤ ਕੀਤੀ ਤੇ ਇਲਾਕਾ ਨਿਵਾਸੀਆਂ ਨੂੰ ਅਪੀਲ ਕੀਤੀ ਕਿ ਉਹ ਬਿਜਲੀ ਚੋਰੀ ਦੀ ਸਮੱਸਿਆ ਨੂੰ ਖਤਮ ਕਰਨ ਲਈ ਪੀ.ਐਸ.ਪੀ.ਸੀ.ਐਲ. ਦੀ ਮਦਦ ਕਰਨ, ਤਾਂ ਜੁ ਇਸ ਕੁਰੀਤੀ 'ਤੇ ਨੱਥ ਪਾਈ ਜਾ ਸਕੇ।

# ਨਰਾਇਣ ਸੇਵਾ ਸੰਸਥਾਨ ਨੇ ਅਪੰਗ ਵਿਅਕਤੀਆਂ ਦੇ ਨਕਲੀ ਅੰਗ ਲਗਵਾਏ



**ਬਰੇਟਾ (ਗੋਬਿੰਦ ਸ਼ਰਮਾ)**-ਨਰਾਇਣ ਸੇਵਾ ਸੰਸਥਾਨ ਉਦੇਪੁਰ (ਰਾਜਸਥਾਨ) ਤੇ ਬਿੱਗ ਹੋਪ ਫਾਊਂਡੇਸ਼ਨ ਬਰੇਟਾ ਵੱਲੋਂ ਆਦਰਸ਼ ਨਗਰ ਵੈੱਲਫ਼ੇਅਰ ਸੋਸਾਇਟੀ ਬਠਿੰਡਾ ਦੇ ਸਹਿਯੋਗ ਸਦਕਾ ਖਾਲਸਾ ਗੁਰਮਤਿ ਗਿੱਲ ਪੱਤੀ ਬਠਿੰਡਾ ਵਿਖੇ ਅੰਗਹੀਣ ਵਿਅਕਤੀਆਂ ਨੂੰ ਨਕਲੀ ਅੰਗ ਹੱਥ-ਪੈਰ ਲਗਾਉਣ ਸਬੰਧੀ ਕੈਂਪ ਲਾਇਆ ਗਿਆ, ਜਿਸ ਵਿੱਚ ਮੁੱਖ ਮਹਿਮਾਨ ਸੰਦੀਪ ਪਾਠਕ ਆਲ ਇੰਡੀਆ ਪ੍ਰਧਾਨ ਹਿੰਦੂ ਮਹਾਂ ਗਠਬੰਧਨ, ਅਨਿਲ ਗੁਪਤਾ, ਦਿਲਵਰ ਸਿੰਘ ਜਿੰਦਾ, ਬਾਬੂ ਸਿੰਘ ਬਰਾੜ, ਮੁਖਤਿਆਰ ਸਿੰਘ ਰਿਟਾਇਰਡ ਏਅਰ ਫੋਰਸ ਵਿਭਾਗ ਵਜੋਂ ਸ਼ਿਰਕਤ ਕੀਤੀ ਤੇ ਕਿਹਾ ਅਜਿਹੇ ਕੈਂਪ ਲੱਗਣਾ ਸਾਡੇ ਇਲਾਕੇ ਲਈ ਮਾਨ ਵਾਲੀ ਗੱਲ ਹੈ। ਪੰਜਾਬ ਆਸ਼ਰਮ ਪ੍ਰਧਾਨ ਮਧੁਸੂਦਨ ਧਨਖੜ ਨੇ ਦੱਸਿਆ ਕਿ ਕੁਝ ਸਮਾਂ ਪਹਿਲਾਂ ਬਠਿੰਡਾ ਵਿੱਚ 181 ਅੰਗਹੀਣ ਵਿਅਕਤੀਆਂ ਦੇ ਅੰਗਾਂ ਦਾ ਮਾਪ ਲਿਆ ਗਿਆ ਸੀ, ਜਿਨ੍ਹਾਂ ਨੂੰ 5 ਜੂਨ ਨੂੰ ਗਿੱਲ ਪੱਤੀ ਬਠਿੰਡਾ ਵਿਖੇ ਲਗਾਇਆ ਗਿਆ। ਸੰਸਥਾਨ ਦੇ ਮੁਖੀ ਪ੍ਰਸ਼ਾਂਤ ਅਗਰਵਾਲ ਨੇ ਦੱਸਿਆ ਕਿ ਹੁਣ ਤੱਕ 480000 ਤੋਂ ਵੱਧ ਲੋਕਾਂ ਦੇ ਅਪਰੇਸ਼ਨ ਕਰ ਜ਼ਿੰਦਗੀ ਨੂੰ ਸੁਖਾਲਾ ਬਣਾਇਆ ਹੈ। ਬਿੱਗ ਹੋਪ ਫਾਊਂਡੇਸ਼ਨ ਬਰੇਟਾ ਦੇ ਮੁਖੀ ਮਨਿੰਦਰ ਕੁਮਾਰ ਨੇ ਦੱਸਿਆ ਗਿਆ ਕਿ ਇਸ ਕੈਂਪ ਵਿੱਚ 161 ਵਿਅਕਤੀਆਂ ਦੇ ਨਕਲੀ ਅੰਗ ਲਗਾ ਕੇ ਉਨ੍ਹਾਂ ਨੂੰ ਤੁਰਨ-ਫਿਰਨ ਦੇ ਕਾਬਲ ਬਣਾ ਕੇ ਇੱਕ ਨਵੀਂ ਜ਼ਿੰਦਗੀ ਪ੍ਰਦਾਨ ਕੀਤੀ ਹੈ, ਜਿਸ ਵਿੱਚ ਬਹੁਤ ਸਾਰੀਆਂ ਸਮਾਜ ਸੇਵੀ ਸੰਸਥਾਵਾਂ ਨੇ ਆਪਣਾ ਯੋਗਦਾਨ ਪਾਇਆ। ਇਸ ਕੈਂਪ ਵਿੱਚ ਰਣਜੀਤ ਸਿੰਘ ਪ੍ਰਧਾਨ, ਦਿਨੇਸ਼ ਰਾਜਨ, ਨੈਬ ਸਿੰਘ, ਸ਼ੇਰ ਸਿੰਘ, ਸ਼ੰਕਰ ਕੁਮਾਰ, ਕੁਲਵਿੰਦਰ ਸਿੰਘ, ਰਣਜੀਤ ਸਿੰਘ, ਰਾਜਵਿੰਦਰ ਸਿੰਘ, ਬਖਸ਼ਿੰਦਰ ਸਿੰਘ, ਬੰਟੀ ਸਿੰਘ ਤੇ ਸਮੂਹ ਮੈਂਬਰਾਂ ਤੋਂ ਇਲਾਵਾ ਗੁਰਦਵਾਰਾ ਪ੍ਰਬੰਧਕ ਕਮੇਟੀ ਦਾ ਯੋਗਦਾਨ ਵੀ ਰਿਹਾ।

# ਪਹਿਲਵਾਨਾਂ ਦੇ ਸਮਰਥਨ 'ਚ ਕੇਂਦਰ ਸਰਕਾਰ ਦਾ ਫੂਕਿਆ ਪੁਤਲਾ



**ਜਲਾਲਾਬਾਦ (ਜੀਤ ਕੁਮਾਰ)**-ਸੰਯੁਕਤ ਕਿਸਾਨ ਮੋਰਚੇ ਵੱਲੋਂ ਪਹਿਲਵਾਨ ਧੀਆਂ ਨੂੰ ਇਨਸਾਫ ਦਿਵਾਉਣ ਲਈ ਪਿੰਡ ਪ੍ਰਭਾਤ ਸਿੰਘ ਵਾਲਾ ਵਿੱਚ ਕੇਂਦਰ ਸਰਕਾਰ ਦੀ ਅਰਥੀ ਫੂਕੀ ਗਈ। ਇਸ ਕੁੱਲ ਹਿੰਦ ਕਿਸਾਨ ਸਭਾ ਦੇ ਜ਼ਿਲ੍ਹਾ ਪ੍ਰਧਾਨ ਕਾਮਰੇਡ ਸੁਰਿੰਦਰ ਢੰਡੀਆ, ਬਲਾਕ ਪ੍ਰਧਾਨ ਕ੍ਰਿਸ਼ਨ ਧਰਮੂਵਾਲਾ, ਕਾਲਾ ਸਿੰਘ, ਰਛਪਾਲ ਸਿੰਘ, ਟਹਿਲ ਸਿੰਘ, ਕਰਨੈਲ ਬੱਘੇ ਕੇ ਤੇ ਕ੍ਰਾਂਤੀਕਾਰੀ ਕਿਸਾਨ ਯੂਨੀਅਨ ਬਲਾਕ ਜਲਾਲਾਬਾਦ ਦੇ ਪ੍ਰਧਾਨ ਮਹਿੰਦਰ ਸਿੰਘ ਪ੍ਰਭਾਤ ਸਿੰਘ ਵਾਲਾ ਆਦਿ ਹਾਜ਼ਰ ਸਨ। ਉਕਤ ਆਗੂਆਂ ਨੇ ਕਿਹਾ ਕਿ ਕੌਮਾਤਰੀ ਪੱਧਰ 'ਤੇ ਖੇਡਾਂ ਵਿੱਚ ਮੈਡਲ ਜਿੱਤ ਕੇ ਭਾਰਤ ਦੇਸ਼ ਦਾ ਨਾਮ ਉੱਚਾ ਕਰਨ ਵਾਲੇ ਪਹਿਲਵਾਨਾਂ ਦਾ ਸ਼ੋਸ਼ਣ ਕਰਨ ਵਾਲੇ ਭਾਜਪਾ ਆਗੂ ਖਿਲਾਫ ਕਾਰਵਾਈ ਨਾ ਕਰਨ ਦੇ ਖਿਲਾਫ ਵਿੱਚ ਮੋਦੀ ਸਰਕਾਰ ਖਿਲਾਫ ਪ੍ਰਦਰਸ਼ਨ ਕੀਤਾ ਗਿਆ ਹੈ, ਉਨ੍ਹਾਂ ਮੰਗ ਕੀਤੀ ਕਿ ਪਹਿਲਵਾਨ ਔਰਤਾਂ ਨੂੰ ਇਨਸਾਫ ਦਿੱਤਾ ਜਾਵੇ। ਉਧਰ, ਇਸੇ ਤਰ੍ਹਾਂ ਹੀ ਪਿੰਡ ਬੱਘੇਕੇ ਹਿਠਾੜ ਵਿਖੇ ਸੰਯੁਕਤ ਕਿਸਾਨ ਮੋਰਚੇ ਦੇ ਫੈਸਲੇ ਤਹਿਤ ਕਿਸਾਨਾਂ ਵੱਲੋਂ ਪਹਿਲਵਾਨ ਔਰਤਾਂ ਨੂੰ ਇਨਸਾਫ ਦੇਣ ਦੀ ਮੰਗ ਲਈ ਮੋਦੀ ਸਰਕਾਰ ਦੀ ਅਰਥੀ ਫੂਕ ਕੇ ਰੋਸ ਪ੍ਰਦਰਸ਼ਨ ਕੀਤਾ ਗਿਆ।

# ਜ਼ਿਲ੍ਹਾ ਪੁਲਸ ਵੱਲੋਂ ਮੁਫਤ ਮੈਡੀਕਲ ਚੈੱਕਅੱਪ ਕੈਂਪ 15 ਨੂੰ

**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)**-ਜ਼ਿਲ੍ਹਾ ਪੁਲਸ ਮੁਖੀ ਹਰਮਨਬੀਰ ਸਿੰਘ ਗਿੱਲ ਆਈ ਪੀ ਐੱਸ ਵੱਲੋਂ ਸ੍ਰੀ ਮੁਕਤਸਰ ਸਾਹਿਬ ਵਿਖੇ ਬਤੌਰ ਜ਼ਿਲ੍ਹਾ ਪੁਲਸ ਮੁਖੀ ਵੱਲੋਂ ਚਾਰਜ ਸਭਾਲਦਿਆਂ ਹੀ ਜਿੱਥੇ ਕ੍ਰਾਇਮ ਨੂੰ ਰੋਕਣ ਲਈ ਜ਼ਿਲ੍ਹਾ ਅੰਦਰ ਸਖਤ ਸੁਰੱਖਿਆ ਪ੍ਰਬੰਧ ਕੀਤੇ ਗਏ ਹਨ ਤੇ ਲੋਕਾਂ ਦੀ ਸੁਰੱਖਿਆ ਨੂੰ ਮੁੱਖ ਰੱਖਦਿਆਂ ਪੁਲਸ ਦੀਆਂ ਅਲੱਗ-ਅਲੱਗ ਟੀਮਾਂ ਵੱਲੋਂ ਪੂਰੇ ਜ਼ਿਲ੍ਹੇ ਅੰਦਰ ਜਿੱਥੇ ਨਾਕਾਬੰਦੀ ਕਰ ਚੈਕਿੰਗ ਕੀਤੀ ਜਾ ਰਹੀ ਹੈ, ਉੱਥੇ ਹੀ ਸ਼ੱਕੀ ਪੁਰਸ਼ਾਂ ਦੇ ਟਕਾਣਿਆਂ 'ਤੇ ਸਰਚ ਕਰ ਮਾੜੇ ਅਨਸਰਾਂ ਖਿਲਾਫ ਕਾਰਵਾਈ ਕੀਤੀ ਜਾ ਰਹੀ ਹੈ, ਇਸ ਦੇ ਨਾਲ ਹੀ ਐੱਸ.ਐੱਸ.ਪੀ. ਵੱਲੋਂ ਪੁਲਿਸ ਕ੍ਰਮਚਾਰੀਆਂ ਦੀ ਸਿਹਤ ਨੂੰ ਧਿਆਨ ਵਿੱਚ ਰੱਖਦੇ ਹੋਏ ਮੈਡੀਕਲ ਜਾਂਚ ਲਈ ਇੱਕ ਵਿਸ਼ੇਸ਼ ਮੈਡੀਕਲ ਕੈਂਪ 15 ਜੂਨ ਨੂੰ ਲਗਾਇਆ ਜਾ ਰਿਹਾ ਹੈ। ਇਸ ਕੈਂਪ ਵਿੱਚ ਮਾਹਰ ਡਾਕਟਰਾਂ ਦੀਆਂ ਟੀਮਾਂ ਜਾਂਚ ਲਈ ਪਹੁੰਚ ਰਹੀਆਂ ਹਨ। ਇਸ ਕੈਂਪ ਵਿੱਚ ਪੁਲਸ ਕ੍ਰਮਚਾਰੀਆਂ ਤੇ ਉਨ੍ਹਾਂ ਦੇ ਪਰਿਵਾਰਾਂ ਤੋਂ ਇਲਾਵਾ ਆਮ ਪਬਲਿਕ ਨੂੰ ਵੀ ਆਪਣਾ ਮੁਫਤ 'ਚ ਸਰੀਰਕ ਮੈਡੀਕਲ ਕਰਵਾਉਣ ਦੀ ਸਹੂਲਤ ਦਿੱਤੀ ਜਾ ਰਹੀ ਹੈ।

# ਪੰਜਾਬੀ ਲਿਖਾਰੀ ਸਭਾ ਰਾਮਪੁਰ ਦੀ ਮੀਟਿੰਗ 'ਚ ਚੱਲਿਆ ਰਚਨਾਵਾਂ ਦਾ ਦੌਰ



**ਸਮਰਾਲਾ (ਸੁਰਜੀਤ ਸਿੰਘ)**

ਪੰਜਾਬੀ ਲਿਖਾਰੀ ਸਭਾ ਰਾਮਪੁਰ ਦੀ ਮੀਟਿੰਗ ਸਭਾ ਦੀ ਲਾਇਬ੍ਰੇਰੀ ਦੇ ਸੈਮੀਨਾਰ ਹਾਲ ਵਿੱਚ ਸਭਾ ਦੇ ਪ੍ਰਧਾਨ ਅਨਿਲ ਫ਼ਤਿਹਗੜ੍ਹ ਜੱਟਾਂ ਦੀ ਪ੍ਰਧਾਨਗੀ ਹੇਠ ਹੋਈ। ਇਕੱਤਰਤਾ ਦੇ ਆਰੰਭ ਵਿੱਚ ਪ੍ਰਧਾਨ ਅਨਿਲ ਨੇ ਆਏ ਲੇਖਕਾਂ ਦਾ ਸਵਾਗਤ ਕੀਤਾ। ਉਪਰੰਤ ਜਨਰਲ ਸਕੱਤਰ ਬਲਵੰਤ ਮਾਂਗਟ ਨੇ ਪਿਛਲੇ ਮਹੀਨੇ ਦੀ ਇਕੱਤਰਤਾ ਦੀ ਕਾਰਵਾਈ ਰਿਪੋਰਟ ਪੜ੍ਹੀ। ਪੂਰੀ ਸਭਾ ਵੱਲੋਂ ਸਭਾ ਦੀ ਨਵੀਂ ਪੀੜ੍ਹੀ ਦੇ ਲੇਖਕ ਤਰਨਵੀਰ ਸਿੰਘ ਨੂੰ ਦਸਵੀਂ ਵਿੱਚੋਂ ਚੰਗੇ ਨੰਬਰ ਲੈ ਕੇ ਪਾਸ ਹੋਣ ਦੀ ਮੁਬਾਰਕਵਾਦ ਦਿੱਤੀ ਗਈ। ਲੇਖਕ ਸੰਗ ਸੰਵਾਦ ਲੜੀ ਤਹਿਤ ਅਮਨਪ੍ਰੀਤ ਸਿੰਘ ਮਾਨ ਨਾਲ ਸੰਵਾਦ ਰਚਾਇਆ ਗਿਆ। ਅਮਨਪ੍ਰੀਤ ਸਿੰਘ ਮਾਨ ਨੇ ਦੱਸਿਆ ਕਿ ਉਹ ਭਗਤ ਸਿੰਘ ਦੀ ਕਿਤਾਬ 'ਮੈਂ ਨਾਸਤਿਕ ਕਿਉਂ ਹਾਂ' ਤੋਂ ਪ੍ਰਭਾਵਤ ਹੋ ਕੇ ਲਿਖਣ ਲੱਗੇ ਸਨ ਤੇ ਹੁਣ ਤੱਕ ਤਿੰਨ ਕਿਤਾਬਾਂ ਨਾਵਲ 'ਕੱਚ ਕੌਲ, ਤੇ 360 ਡਿਗਰੀ' ਅਤੇ ਇੱਕ ਜੀਵਨੀ 'ਉਮਰ ਕੈਦੀ ' ਲਿਖ ਚੁੱਕੇ ਹਨ। ਹਾਜ਼ਰ ਸਹਿਤਕਾਰਾਂ ਵਲੋਂ ਉਨ੍ਹਾਂ ਨੂੰ ਸਵਾਲ ਪੁੱਛੇ ਗਏ। ਇਸ ਤੋਂ ਬਾਅਦ ਮਨਜੀਤ ਸਿੰਘ ਧੰਜਲ ਨੇ ਗੀਤ 'ਜੇ ਸੱਜਣਾਂ ਤੂੰ ਬਣੇ ਮਹਿਨਤੀ' ਸੁਣਾਇਆ। ਦਲਬੀਰ ਕਲੇਰ ਨੇ ਕਹਾਣੀ 'ਬੀਬੀ ਫਾਤਿਮਾ' ਪੜ੍ਹੀ। ਦਰਸ਼ਨ ਸਿੰਘ ਤੂਰ ਨੇ ਗੀਤ 'ਜਵਾਨੀ ਮੇਰੇ ਦੇਸ ਦੀ ਰਾਖ ਹੋਈ ਜਾਂਦੀ ਏ', ਸਿਮਰਨਦੀਪ ਕੌਰ ਨੇ ਕਵਿਤਾ 'ਇੱਕ ਅਜੀਬ ਵਿਚਾਰ', ਗੁਰਦਿਆਲ ਦਲਾਲ ਨੇ 'ਵਿਦਾਇਗੀ ਤੋਂ ਪਹਿਲਾਂ' ਨਾਵਲ ਦਾ ਕਾਂਡ, ਅਮਨਪ੍ਰੀਤ ਸਿੰਘ ਮਾਨ ਨੇ ਕਹਾਣੀ 'ਵਿਦੇਸ਼', ਜੋਰਾਵਰ ਸਿੰਘ ਪੰਛੀ ਨੇ ਗੀਤ 'ਅੱਖਾਂ ਤੇਰੇ ਨਾਲ ਲਾਈਆਂ '। ਅਮਰਿੰਦਰ ਸੋਹਲ ਨੇ ਗੀਤ 'ਅੱਜ ਫੇਰ ਔਰੰਗਾ ਆਇਆ', ਤੇਲੂ ਰਾਮ ਕੁਹਾੜਾ ਨੇ ਕਹਾਣੀ ' ਸੰਧੂਰੀ ਅੰਬ ਦੀ ਕਸਕ', ਹਰਬੰਸ ਮਾਲਵਾ ਨੇ ਕਵਿਤਾ 'ਮੇਰਾ ਪਿੰਡ', ਤਰਨਵੀਰ ਸਿੰਘ ਨੇ ਕਵਿਤਾ 'ਖੁਸ਼ੀਆਂ ਨਾਲ ਮਨਾਈ ਅੱਜ ਉਹ ਗੱਲ ਥੋੜ੍ਹੀ ਆ', ਕਮਲਜੀਤ ਨੀਲੋਂ ਨੇ ਕਹਾਣੀ 'ਇੱਕ ਤੱਕਣੀ ਦਾ ਅਸਰ' ਪੇਸ਼ ਕੀਤਾ। ਸਭਾ ਦੀ ਸਮਾਪਤੀ ਵੇਲੇ ਪਹਿਲਵਾਨ ਕੁੜੀਆਂ ਨਾਲ ਹੋ ਰਹੀ ਵਧੀਕੀ ਦੀ ਨਿੰਦਾ ਕੀਤੀ ਗਈ। ਲੇਖਕ ਡਿਪਟੀ ਚੰਦ ਮਿੱਤਲ, ਜਾਵੇਦ ਬੂਟਾ , ਹਰਭਜਨ ਸਿੱਧੂ ਮਾਨਸਾ, ਕੇਹਰ ਸ਼ਰੀਫ਼ ਅਤੇ ਪਿਆਰਾ ਸਿੰਘ ਭੋਗਲ ਤੇ ਤਨਵੀਰ ਬੁਖਾਰੀ ਦੇ ਸਦੀਵੀ ਵਿਛੋੜੇ 'ਤੇ ਦੁੱਖ ਪ੍ਰਗਟ ਕੀਤਾ ਗਿਆ। ਅੰਤ ਵਿੱਚ ਮੀਤ ਪ੍ਰਧਾਨ ਅਮਰਿੰਦਰ ਸੋਹਲ ਨੇ ਮੀਟਿੰਗ ਵਿੱਚ ਸ਼ਾਮਲ ਸਾਰੇ ਸਾਹਿਤਕਾਰਾਂ ਦਾ ਧੰਨਵਾਦ ਕੀਤਾ। ਸਭਾ ਦੀ ਕਾਰਵਾਈ ਬਲਵੰਤ ਮਾਂਗਟ ਨੇ ਬਹੁਤ ਹੀ ਸੁਚੱਜੇ ਢੰਗ ਨਾਲ ਚਲਾਈ, ਜਿਸ ਦੀ ਭਰਪੂਰ ਸ਼ਲਾਘਾ ਹੋਈ। ਅਮਨਪ੍ਰੀਤ ਸਿੰਘ ਮਾਨ ਵਲੋਂ ਸਭਾ ਦੀ ਲਾਇਬ੍ਰੇਰੀ ਨੂੰ ਆਪਣੀਆਂ ਤਿੰਨ ਕਿਤਾਬਾਂ ਭੇਟ ਕੀਤੀਆਂ।

# ਲੋਕ ਸੇਵਾ ਸੁਸਾਇਟੀ ਨੇ ਲਾਇਆ ਮੁਫ਼ਤ ਮੈਡੀਕਲ ਕੈਂਪ

**ਜਗਰਾਉਂ (ਅਮਿਤ ਖੰਨਾ)**-ਸਵ: ਸ਼੍ਰੀ ਸੁਸ਼ੀਲ ਜੈਨ ਪੁੱਤਰ ਸਵ: ਦਯਾ ਚੰਦ ਜੈਨ (ਸੁਤੰਤਰਤਾ ਸੈਨਾਨੀ) ਦੀ ਤੀਜੀ ਬਰਸੀ ਨੂੰ ਸਮਰਪਤ ਲੋਕ ਸੇਵਾ ਸੁਸਾਇਟੀ (ਰਜਿ:) ਵੱਲੋਂ ਚੇਅਰਮੈਨ ਗੁਲਸ਼ਨ ਅਰੋੜਾ, ਪ੍ਰਧਾਨ ਕੰਵਲ ਕੱਕੜ, ਸੈਕਟਰੀ ਕੁਲਭੂਸ਼ਨ ਗੁਪਤਾ ਅਤੇ ਕੈਸ਼ੀਅਰ ਸੁਨੀਲ ਬਜਾਜ ਦੀ ਅਗਵਾਈ ਹੇਠ ਚਮੜੀ, ਹੱਡੀਆਂ ਅਤੇ ਨੱਕ, ਕੰਨ, ਗਲੇ ਦਾ ਮੁਫ਼ਤ ਚੈੱਕਅਪ ਕੈਂਪ ਅਰੋੜਾ ਪ੍ਰਾਪਰਟੀ ਐਡਵਾਈਜ਼ਰ ਲਿੰਕ ਰੋਡ ਵਿਖੇ ਲਾਇਆ ਗਿਆ। ਕੈਂਪ ਦਾ ਉਦਘਾਟਨ ਉੱਘੇ ਸਮਾਜ ਸੇਵੀ ਰਾਜਿੰਦਰ ਜੈਨ ਨੇ ਕਰਦਿਆਂ ਕਿਹਾ ਕਿ ਲੋੜਵੰਦ ਮਰੀਜ਼ਾਂ ਦੀ ਮਦਦ ਲਈ ਜਿਹੜੇ ਕੰਮ ਸਰਕਾਰਾਂ ਤੇ ਪ੍ਰਸ਼ਾਸਨ ਨੂੰ ਕਰਨੇ ਚਾਹੀਦੇ ਹਨ, ਉਹ ਕੰਮ ਸਮਾਜ ਸੇਵੀ ਸੰਸਥਾ ਲੋਕ ਸੇਵਾ ਸੁਸਾਇਟੀ ਸੀਮਤ ਸਾਧਨ ਹੋਣ ਦੇ ਬਾਵਜੂਦ ਨਿਰਵਿਘਨ ਕਰਦੀ ਆ ਰਹੀ ਹੈ। ਕੈਂਪ ਵਿੱਚ ਸੀ ਐੱਮ ਸੀ ਦੇ ਡਾਕਟਰਾਂ ਦੀ ਟੀਮ ਵੱਲੋਂ ਚਮੜੀ, ਹੱਡੀਆਂ ਅਤੇ ਨੱਕ, ਕੰਨ, ਗਲੇ ਦੀਆਂ ਬਿਮਾਰੀਆਂ ਨਾਲ ਪੀੜਤ 167 ਮਰੀਜ਼ਾਂ ਦਾ ਚੈੱਕਅਪ ਕਰਦਿਆਂ ਮੁਫ਼ਤ ਦਵਾਈਆਂ ਦਿੱਤੀਆਂ। ਕੈਂਪ ਵਿੱਚ ਚਮੜੀ ਦੇ ਰੋਗਾਂ ਦੇ ਮਾਹਿਰ ਡਾ: ਇੰਦਰਪ੍ਰੀਤ ਕੌਰ ਨੇ 56 ਮਰੀਜ਼ਾਂ, ਹੱਡੀਆਂ ਦੇ ਰੋਗਾਂ ਦੇ ਮਾਹਿਰ ਡਾ: ਸੰਜੀਤ ਨੇ 57 ਮਰੀਜ਼ਾਂ, ਨੱਕ, ਕੰਨ ਤੇ ਗਲੇ ਦੀਆਂ ਬਿਮਾਰੀਆਂ ਦੇ ਮਾਹਿਰ ਡਾ: ਸੁਰੇਨ ਨੇ 52 ਮਰੀਜ਼ਾਂ ਦੀ ਜਾਂਚ ਕਰਦਿਆਂ ਜਿੱਥੇ ਉਨ੍ਹਾਂ ਦੇ ਇਲਾਜ ਲਈ ਦਵਾਈਆਂ ਦਿੱਤੀਆਂ, ਉੱਥੇ ਮਰੀਜ਼ਾਂ ਨੂੰ ਬਿਮਾਰੀਆਂ ਤੋਂ ਬਚਣ ਦੇ ਲਈ ਸੁਝਾਅ ਦਿੰਦਿਆਂ ਕਿਹਾ ਕਿ ਬਿਮਾਰੀਆਂ ਤੋਂ ਬਚਣ ਲਈ ਸੰਤੁਲਤ ਆਹਾਰ ਦੀ ਲੋੜ ਹੈ, ਉੱਥੇ ਸੈਰ ਕਰਨੀ ਵੀ ਜ਼ਰੂਰੀ ਹੈ। ਉਨ੍ਹਾਂ ਕਿਹਾ ਕਿ ਹੱਡੀਆਂ ਦੀਆਂ ਬਿਮਾਰੀਆਂ ਦੇ ਵਧਣ ਦਾ ਕਾਰਨ ਖਾਣ ਪੀਣ ਦੇ ਮਾਮਲਿਆਂ ਵਿੱਚ ਆਈ ਤਬਦੀਲੀ ਦੇ ਕਾਰਨ ਜ਼ਿਆਦਾਤਰ ਸਾਹਮਣੇ ਆ ਰਹੇ ਹਨ, ਇਸ ਤੋਂ ਇਲਾਵਾ ਸਮੇਂ ਸਿਰ ਡਾਕਟਰੀ ਸਲਾਹ ਤੋਂ ਬਿਨਾਂ ਨੀਮ ਹਕੀਮਾਂ ਕੋਲੋਂ ਇਲਾਜ ਕਰਾਉਣ ਵਿੱਚ ਸਮਾਂ ਬਰਬਾਦ ਕਰਨਾ ਵੀ ਹੱਡੀਆਂ ਅਤੇ ਜੋੜਾਂ ਦੀਆਂ ਬਿਮਾਰੀਆਂ ਵਿੱਚ ਵਾਧਾ ਹੋਣ ਦਾ ਕਾਰਨ ਹੈ।

## Public Notice

It hereby informs to public at large that Satyam Chopra has avail loan from AU SMALL FINANCE BANK LIMITED have its branch office at Nawanshahar. That Anu Chopra w/o Satyam Chopra is owner of Property Bearing No. PT 1704-86194 Measuring 7 Marla 5.5 Sarsai Situated at Raho Tehsil Nawanshar Distt SBS Nagar vide Transfer deed no. 385 dated 12.05.2023. This property was earlier owned by Khushi Ram s/o Bhagat Ram vide Sale deed Dated 09.08.1943 and Khushi Ram s/o Bhagat Ram died and his property Measuring inherited by Shant Devi w/o Khushi Ram as per Will No. 159 and Shant Devi died, and his property inherited by Satyam Chopra s/o Khushi Ram vide Will No. 172 dated 28.07.1999 and Satyam Chopra s/o Khushi Ram executed a Transfer deed for Area Measuring 7 Marla 5.5 Sarsai in favour of Anu Chopra w/o Satyam Chopra Vide Transfer deed no.385 dated 12.05.2023. That earlier Will No. 159 dated 14.07.1986 is lost and not available with Borrower. If anybody have any Objection regarding the ownership of the property mention below then may contact to undersigned and anybody having claim or claiming any prior rights or interest in any manner in this property or has raised by depositing the aforesaid document to any person/bank/corporation/financial institution may approach the undersigned and submit objection within 7 days from the date of this public notice. After the expiry of period of this no claim shall be entertained and such claim shall be deemed to be false, fake, frivolous, fraudulent and baseless claim and shall have no value in the eyes of law.

**Description of Property :-**

Property Bearing No. PT 1704-86194 Measuring 7 Marla 5.5 Sarsai Situated at Raho Tehsil Nawanshar Distt SBS Nagar. Boundaries- as Per Title Deed as under:

East : Gali — West: Gurbax Singh
North: Gali — South: Banaras Singh

**Lalit Kakkar (Advocate),Off. : Chamber No. 24, New Courts, Jalandhar., M.No. 98761-07449**

## Public Notice

It hereby informs to public at large that Dharam pal has avail loan from AU SMALL FINANCE BANK LIMITED have its branch office at Hoshiarpur. That Dharam Pal S/o Dilbagh Raj is owner of Property measuring 1 Marlas 121 sq.ft. comprising under khasra no. 4//21, 4//22/1 situated at Chaini Kalan, Tehsil and Distt Hoshiarpur vide Transfer Deed No.6432 Dated 24.03.2021. This property was earlier owned by Dilbagh Singh S/o Chunni Lal i.e for more than 15 Years and Dilbagh Singh S/o Chunni Lal died and his share of property devolved upon Kaushalya Devi (Wife), Kiran Bala , Geeta Rani , Sita Rani , Neetu Rani all the daughters and Jog Raj and Dharam Pal S/o Dilbagh Singh, which is duly mutated mutation No.2562 and Dharam Pal S/o Dilbagh Singh executed a Transfer Deed for area measuring 1 Marla 121 sq.ft. in Favour of Neha W/o Dharampal Vide Transfer deed No.2908 Dated 22.10.2020, which is duly mutated mutation No.2778 and Neha W/o Dharampal executed a Transfer Deed for area measuring 1 Marla 121 sq.ft. in Favour of Dharampal S/o Dilbagh Raj Vide Transfer Deed No.6432 Dated 24.03.2021, which is duly mutated mutation No.2802. That earlier Transfer deed No.2908 Dated 22.10.2020 is lost and not available with Borrower. If anybody have any Objection regarding the ownership of the property mention below then may contact to undersigned and anybody having claim or claiming any prior rights or interest in any manner in this property or has raised by depositing the aforesaid document to any person/bank/corporation/financial institution may approach the undersigned and submit objection within 7 days from the date of this public notice. After the expiry of period of this no claim shall be entertained and such claim shall be deemed to be false, fake, frivolous, fraudulent and baseless claim and shall have no value in the eyes of law.

**Description of Property :-**

Property measuring 1 Marlas 121 sq.ft. comprising under khasra no. 4//21, 4//22/1 situated at Chaini Kalan, Tehsil and Distt Hoshiarpur. Boundaries- as Per Sale Deed as under:

East : Sarabjit Singh — West: Bakshish Singh
North: Chandige Rai — South: Mangat Ram

**Lalit Kakkar (Advocate),Off. : Chamber No. 24, New Courts, Jalandhar., M.No. 98761-07449**

# ਨਗਰ ਕੌਂਸਲ ਪਾਤੜਾਂ ਦੇ ਅਹੁਦੇਦਾਰਾਂ ਦੀ ਚੋਣ, ਲਾਲੀ ਮਹੰਤ ਸੀਨੀਅਰ ਮੀਤ ਪ੍ਰਧਾਨ ਤੇ ਰਾਜਵੀਰ ਕੌਰ ਮੀਤ ਪ੍ਰਧਾਨ ਬਣੇ



**ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)**

ਨਗਰ ਕੌਂਸਲ ਦੇ ਸੀਨੀਅਰ ਮੀਤ ਪ੍ਰਧਾਨ ਤੇ ਮੀਤ ਪ੍ਰਧਾਨ ਦੇ ਅਹੁਦੇ ਲਈ ਚੋਣ ਕੀਤੀ ਗਈ। ਨਗਰ ਕੌਂਸਲ ਦੇ ਮੀਟਿੰਗ ਹਾਲ ਵਿਚ ਵਿਧਾਨ ਸਭਾ ਹਲਕਾ ਸ਼ੁਤਰਾਣਾ ਦੇ ਵਿਧਾਇਕ ਕੁਲਵੰਤ ਬਾਜੀਗਰ ਦੀ ਹਾਜ਼ਰੀ ਵਿੱਚ ਕੀਤੀ ਚੋਣ ਦੌਰਾਨ ਆਮ ਆਦਮੀ ਪਾਰਟੀ ਦੀ ਟਿਕਟ ਉੱਤੇ ਥਰਡ ਜੈਂਡਰ ਕੌਂਸਲਰ ਬਣੀ ਲਾਲੀ ਮਹੰਤ ਨੂੰ ਨਗਰ ਕੌਂਸਲ ਦਾ ਸੀਨੀਅਰ ਮੀਤ ਪ੍ਰਧਾਨ ਅਤੇ ਵਾਰਡ ਨੰਬਰ 17 ਵਿਚੋਂ ਆਜ਼ਾਦ ਉਮੀਦਵਾਰ ਦੇ ਤੌਰ 'ਤੇ ਜਿੱਤਣ ਮਗਰੋਂ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋਏ ਸ੍ਰੀਮਤੀ ਰਾਜਬੀਰ ਕੌਰ ਨੂੰ ਚੁਣਿਆ ਗਿਆ। ਐਸ ਡੀ ਐਮ ਪਾਤੜਾਂ ਕਮ ਚੋਣ ਅਧਿਕਾਰੀ ਨਵਦੀਪ ਕੁਮਾਰ ਦੀ ਦੇਖ-ਰੇਖ ਹੇਠ ਹੋਈ ਚੋਣ ਦੌਰਾਨ ਸੀਨੀਅਰ ਮੀਤ ਪ੍ਰਧਾਨ ਦੇ ਅਹੁਦੇ ਲਈ ਲਾਲੀ ਮਹੰਤ ਦਾ ਨਾਮ ਪਿਛਲੇ ਦਿਨੀਂ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋਏ ਸਾਬਕਾ ਪ੍ਰਧਾਨ ਪ੍ਰੇਮ ਚੰਦ ਗੁਪਤਾ ਨੇ ਪੇਸ਼ ਕੀਤਾ, ਜਿਸ ਦੀ ਤਾਈਦ ਸਾਬਕਾ ਪ੍ਰਧਾਨ ਰਣਜੀਤ ਅਰੋੜਾ ਬਿੱਲਾ ਨੇ ਕੀਤੀ। ਇਸੇ ਤਰ੍ਹਾਂ ਮੀਤ ਪ੍ਰਧਾਨ ਦੇ ਅਹੁਦੇ ਲਈ ਕੌਂਸਲਰ ਰਾਜਬੀਰ ਕੌਰ ਦਾ ਨਾਂਅ ਸਾਬਕਾ ਸੀਨੀਅਰ ਮੀਤ ਪ੍ਰਧਾਨ ਸੋਨੀ ਜਲੂਰ ਨੇ ਪੇਸ਼ ਕੀਤਾ ਅਤੇ ਇਸ ਦੀ ਤਾਈਦ ਕੌਂਸਲਰ ਬਲਜਿੰਦਰ ਸਿੰਘ ਸੋਨੀ ਠੇਕੇਦਾਰ ਨੇ ਕੀਤੀ। ਦੋਵਾਂ ਅਹੁਦਿਆਂ ਲਈ ਪੇਸ ਕੀਤੇ ਗਏ ਨਾਵਾਂ ਨੂੰ ਹਾਊਸ ਵਿੱਚ ਹਾਜ਼ਰ ਕੌਂਸਲਰਾਂ ਨੇ ਸਰਬਸੰਮਤੀ ਨਾਲ ਪ੍ਰਵਾਨ ਕਰ ਲਿਆ। ਇਸ ਤਰ੍ਹਾਂ ਲਾਲੀ ਮਹੰਤ ਨੂੰ ਸੀਨੀਅਰ ਮੀਤ ਪ੍ਰਧਾਨ ਅਤੇ ਸ੍ਰੀਮਤੀ ਰਾਜਬੀਰ ਕੌਰ ਨੂੰ ਅਗਲੇ ਸਾਲ ਲਈ ਨਗਰ ਕੌਂਸਲ ਦਾ ਮੀਤ ਪ੍ਰਧਾਨ ਚੁਣ ਲਿਆ ਗਿਆ। ਇਸ ਦੌਰਾਨ ਹਲਕਾ ਵਿਧਾਇਕ ਕੁਲਵੰਤ ਸਿੰਘ ਬਾਜ਼ੀਗਰ ਨੇ ਨਵੇਂ ਚੁਣੇ ਗਏ ਅਹੁਦੇਦਾਰਾਂ ਨੂੰ ਮੁਬਾਰਕਬਾਦ ਦਿੱਤੀ, ਜਦੋਂਕਿ ਨਵੇਂ ਚੁਣੇ ਗਏ ਅਹੁਦੇਦਾਰਾਂ ਨੇ ਪਾਰਟੀ ਵੱਲੋਂ ਦਿੱਤੇ ਗਏ ਮਾਨ-ਸਨਮਾਨ ਲਈ ਧੰਨਵਾਦ ਕਰਦਿਆਂ ਮਿਲੀ ਜ਼ਿੰਮੇਵਾਰੀ ਨੂੰ ਪੂਰੀ ਤਨਦੇਹੀ ਨਾਲ ਨਿਭਾਉਣ ਦਾ ਭਰੋਸਾ ਦਿੱਤਾ। ਇਸ ਮੌਕੇ ਹੋਰਨਾਂ ਤੋਂ ਇਲਾਵਾ ਆਮ ਆਦਮੀ ਪਾਰਟੀ ਦੇ ਬਲਾਕ ਪ੍ਰਧਾਨ ਮਹਿੰਗਾ ਸਿੰਘ ਬਰਾੜ, ਸ਼ਹਿਰੀ ਪ੍ਰਧਾਨ ਮਦਨ ਲਾਲ ਗੋਇਲ, ਆੜ੍ਹਤੀ ਐਸੋਸੀਏਸਨ ਦੇ ਪ੍ਰਧਾਨ ਸੁਰਿੰਦਰ ਕੁਮਾਰ ਪੈਂਦ, ਸੀਨੀਅਰ ਆਗੂ ਕੁਲਦੀਪ ਸਿੰਘ ਥਿੰਦ, ਪ੍ਰੀਤ ਗਿੱਲ ਤੇ ਬਲਜਿੰਦਰ ਸਿੰਘ ਜੋਗੇਵਾਲ ਆਦਿ ਹਾਜ਼ਰ ਸਨ।

# ਮੰਗਾਂ ਸੰਬੰਧੀ ਪਾਵਰਕਾਮ ਵਿਰੁੱਧ ਪਟਿਆਲਾ 'ਚ ਬੀ ਕੇ ਯੂ (ਸਿੱਧੂਪੁਰ) ਦਾ ਧਰਨਾ ਭਲਕੇ

**ਸਮਰਾਲਾ (ਸੁਰਜੀਤ ਸਿੰਘ)**-ਸੰਯੁਕਤ ਕਿਸਾਨ ਮੋਰਚਾ ਗੈਰ-ਰਾਜਨੀਤਕ ਵੱਲੋਂ ਬਿਜਲੀ ਨਾਲ ਸੰਬੰਧਤ ਮੰਗਾਂ ਨੂੰ ਲੈ ਕੇ 8 ਜੂਨ ਨੂੰ ਪਟਿਆਲਾ ਵਿਖੇ ਦਿੱਤੇ ਜਾਣ ਵਾਲੇ ਵੱਡੇ ਧਰਨੇ ਦੇ ਸੰਬੰਧ ਵਿੱਚ ਭਾਰਤੀ ਕਿਸਾਨ ਯੂਨੀਅਨ ਏਕਤਾ ਸਿੱਧੂਪੁਰ ਵੱਲੋਂ ਪੂਰੇ ਪੰਜਾਬ ਅੰਦਰ ਪਟਿਆਲੇ ਧਰਨੇ ਦੀ ਮਜ਼ਬੂਤੀ ਲਈ ਚੱਲ ਰਹੀਆਂ ਮੀਟਿੰਗਾਂ ਦੇ ਦੌਰ ਵਿੱਚੋਂ ਜ਼ਿਲ੍ਹਾ ਲੁਧਿਆਣਾ ਦੇ ਮਾਛੀਵਾੜਾ ਸਾਹਿਬ ਵਿਖੇ ਮੀਟਿੰਗ ਰੱਖੀ ਗਈ, ਜਿਸ ਵਿੱਚ ਬਿਜਲੀ ਨਾਲ ਤੇ ਪਾਵਰਕੌਮ ਵਿਭਾਗ ਨਾਲ ਸੰਬੰਧਤ ਸਮੱਸਿਆਵਾਂ ਉੱਪਰ ਜਗਜੀਤ ਸਿੰਘ ਡੱਲੇਵਾਲ ਵੱਲੋਂ ਕਿਸਾਨਾਂ ਨਾਲ ਵਿਚਾਰ ਵਟਾਂਦਰਾ ਕੀਤਾ ਗਿਆ ਤੇ ਬਿਜਲੀ ਬੋਰਡ ਦੇ ਪਟਿਆਲਾ ਮੁੱਖ ਦਫਤਰ ਅੱਗੇ ਲੱਗਣ ਵਾਲੇ ਧਰਨੇ ਦੀਆਂ ਤਿਆਰੀਆਂ ਦਾ ਜਾਇਜ਼ਾ ਲਿਆ ਗਿਆ। ਇਸ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਜਗਜੀਤ ਸਿੰਘ ਡੱਲੇਵਾਲ ਨੇ ਕਿਹਾ ਕਿ ਭਗਵੰਤ ਮਾਨ ਸਰਕਾਰ ਵੱਲੋਂ ਪੰਜਾਬ ਵਿੱਚ ਸਾਜ਼ਿਸ਼ ਅਧੀਨ ਲੁਕਵੇਂ ਢੰਗ ਨਾਲ ਕੇਂਦਰ ਸਰਕਾਰ ਦੀਆਂ ਲੋਕ ਮਾਰੂ ਨੀਤੀਆਂ ਨੂੰ ਲਾਗੂ ਕਰਵਾਉਣ ਲਈ ਕੰਮ ਕੀਤਾ ਜਾ ਰਿਹਾ ਹੈ, ਜਿਸ ਦੀ ਕੜੀ ਵਜੋਂ ਹੀ ਸਰਕਾਰ ਨਾਲ ਹੋਈਆਂ ਮੀਟਿੰਗਾਂ ਵਿੱਚ ਚਿੱਪ ਵਾਲੇ ਮੀਟਰ ਨਾ ਲਗਾਉਣ ਦੀ ਮੰਗ ਮੰਨਣ ਦੇ ਬਾਵਜੂਦ ਪੰਜਾਬ ਸਰਕਾਰ ਵੱਲੋਂ ਚਿੱਪ ਵਾਲੇ ਮੀਟਰ ਲਗਾਉਣ ਦੀਆ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ, ਜਿਸ ਤੋਂ ਸਿੱਧ ਹੁੰਦਾ ਹੈ ਕਿ ਪੰਜਾਬ ਸਰਕਾਰ ਵੀ ਕਾਰਪੋਰੇਟ ਪੱਖੀ ਤੇ ਗਰੀਬ ਵਰਗ ਦੇ ਲੋਕਾਂ ਦੇ ਵਿਰੋਧੀ ਹੈ, ਕਿਉਂਕਿ ਕਿਸਾਨੀ ਅੰਦੋਲਨ ਦੌਰਾਨ ਜੋ ਮੰਗਾਂ ਕੇਂਦਰ ਸਰਕਾਰ ਨੇ ਮੰਨੀਆਂ ਸੀ, ਉਨ੍ਹਾਂ ਤਿੰਨ ਕਾਲੇ ਕਾਨੂੰਨਾਂ ਨੂੰ ਰੱਦ ਕਰਨ ਦੀ ਮੰਗ ਤੋਂ ਇਲਾਵਾ ਇੱਕ ਮੰਗ ਬਿਜਲੀ ਸੋਧ ਬਿੱਲ 2020 ਨੂੰ ਵੀ ਵਾਪਸ ਲੈਣਾ ਸੀ ਤੇ ਕੇਂਦਰ ਸਰਕਾਰ ਨੇ ਮੰਨਿਆਂ ਸੀ ਕਿ ਉਹ ਬਿਜਲੀ ਸੋਧ ਬਿੱਲ 2020 ਨੂੰ ਲਾਗੂ ਨਹੀਂ ਕਰੇਗੀ, ਪਰ ਹੁਣ ਕੇਂਦਰ ਸਰਕਾਰ ਅਸਿੱਧੇ ਢੰਗ ਰਾਹੀਂ ਰਾਜ ਸਰਕਾਰਾਂ ਤੋਂ ਉਸ ਨੂੰ ਲਾਗੂ ਕਰਵਾਉਣ ਦੀਆਂ ਸਾਜ਼ਿਸ਼ਾਂ ਰਚ ਰਹੀ ਹੈ, ਜਿਸ ਨੂੰ ਲੈ ਕੇ 8 ਜੂਨ ਨੂੰ ਪਾਵਰਕੌਮ ਦੇ ਮੁੱਖ ਦਫਤਰ ਪਟਿਆਲਾ ਪਿੱਛੇ ਧਰਨਾ ਦਿੱਤਾ ਜਾ ਰਿਹਾ ਹੈ, ਜਿਸ ਦੀ ਮਜ਼ਬੂਤੀ ਲਈ ਤੇ ਤਿਆਰੀਆਂ ਲਈ ਮੀਟਿੰਗਾਂ ਕੀਤੀਆਂ ਜਾ ਰਹੀਆਂ ਹਨ। ਇਸ ਮੌਕੇ ਉਨ੍ਹਾਂ ਨਾਲ ਸੁਪਿੰਦਰ ਸਿੰਘ ਬੱਗਾ ਜ਼ਿਲ੍ਹਾ ਪ੍ਰਧਾਨ, ਹਰਦੀਪ ਸਿੰਘ ਰਾਣਵਾਂ ਬਲਾਕ ਪ੍ਰਧਾਨ, ਕੁਲਦੀਪ ਸਿੰਘ ਸੇਖੋਂ ਬਲਾਕ ਸਰਪ੍ਰਸਤ, ਮਲਕੀਤ ਸਿੰਘ ਘੁਲਾਲ, ਮਲਕੀਤ ਸਿੰਘ ਬਲਾਕ ਜਨਰਲ ਸਕੱਤਰ, ਗੁਰਮੁੱਖ ਸਿੰਘ ਬਲਾਕ ਵਿੱਤ ਸਕੱਤਰ, ਸਵਰਨਜੀਤ ਸਿੰਘ, ਅਮਨਦੀਪ ਸਿੰਘ ਬਲਾਕ ਜਨਰਲ ਸਕੱਤਰ, ਸਤਪਾਲ ਸਿੰਘ, ਗੁਰਦੀਪ ਸਿੰਘ ਮਿਲਕਵਾਲ, ਰਾਜਵੰਤ ਸਿੰਘ ਗਿੱਲ ਤੇ ਗੁਰਜੀਤ ਸਿੰਘ ਬਲਾਕ ਪ੍ਰਧਾਨ ਦੋਰਾਹਾ ਆਦਿ ਕਿਸਾਨ ਆਗੂ ਹਾਜ਼ਰ ਸਨ।

# ਜਮਹੂਰੀ ਕਿਸਾਨ ਸਭਾ ਪੰਜਾਬ ਵੱਲੋਂ ਪਾਵਰਕਾਮ ਦਫਤਰ ਮਜੀਠਾ ਵਿਖੇ ਰੋਸ ਮੁਜ਼ਾਹਰਾ



ਮਜੀਠਾ (ਸੋਇਮ ਆਨੰਦ)-ਜਮਹੂਰੀ ਕਿਸਾਨ ਸਭਾ ਪੰਜਾਬ ਦੀ ਦਬੁਰਜੀ ਇਕਾਈ ਵੱਲੋਂ ਜਥੇਬੰਦੀ ਦੇ ਆਗੂ ਨਰਿੰਜਨ ਸਿੰਘ ਦੀ ਅਗਵਾਈ ਵਿਚ ਰੋਸ ਮੁਜ਼ਾਹਰਾ ਕੀਤਾ ਗਿਆ। ਇਕੱਠ ਨੂੰ ਸੰਬੋਧਨ ਕਰਦਿਆਂ ਆਗੂ ਨਰਿੰਜਨ ਸਿੰਘ ਨੇ ਦੱਸਿਆ ਕਿ ਉਨ੍ਹਾਂ ਦੇ ਪਿੰਡ ਦਬੁਰਜੀ ਵਿਚ ਬੰਬੀਆਂ ਦੀ ਬਿਜਲੀ ਦੀ ਸਪਲਾਈ ਓਵਰਲੋਡ ਚੱਲਣ ਕਰਕੇ ਅਕਸਰ ਬਿਜਲੀ ਸਪਲਾਈ ਵਿਚ ਨੁਕਸ ਪਿਆ ਰਹਿੰਦਾ ਹੈ ਜਿਸ ਨਾਲ ਮੋਟਰਾਂ ਨਹੀ ਚੱਲਦੀਆਂ ਜਿਸ ਕਾਰਣ ਉਨ੍ਹਾਂ ਦੀਆਂ ਫਸਲਾਂ ਦਾ ਭਾਰੀ ਨੁਕਸਾਨ ਹੋ ਰਿਹਾ ਹੈ ਜਿਸ ਦਾ ਮੁੱਖ ਕਾਰਣ ਉਨ੍ਹਾਂ ਨੇ ਬਿਜਲੀ ਦੀ ਲਾਈਨ ਜ਼ਿਆਦਾ ਲੰਬੀ ਹੋਣਾ ਦੱਸਿਆ ਹੈ ਅਤੇ ਇਹ ਲਾਈਨ ਸਾਰਾ ਪਿੰਡ ਘੁੰਮ ਕੇ ਅਖੀਰ ਤੇ ਇਨ੍ਹਾਂ ਬੰਬੀਆਂ ਨੂੰ ਸਪਲਾਈ ਦਿੰਦੀ ਹੈ। ਉਨ੍ਹਾਂ ਦੱਸਿਆ ਕਿ ਇਸ ਲਾਈਨ ਤੇ ਕਰੀਬ 60 ਬੰਬੀਆਂ ਹਨ ਅਤੇ ਪਿੰਡ ਵਿਚ ਹੀ ਇੱਕ ਨਵੀਂ ਲਾਈਨ ਚੱਲ ਰਹੀ ਹੈ। ਇਨ੍ਹਾਂ ਬੰਬੀਆਂ ਦਾ ਲੋਡ ਇਸ ਨਵੀਂ ਲਾਈਨ 'ਤੇ ਪਾ ਦਿੱਤਾ ਜਾਵੇ ਤਾਂ ਲਾਈਨ ਵਿਚ ਨੁਕਸ ਨਹੀਂ ਪਵੇਗਾ ਅਤੇ ਨਿਰਵਿਘਨ ਬਿਜਲੀ ਦੀ ਪੂਰੀ ਸਪਲਾਈ ਮਿਲਦੀ ਰਹੇਗੀ ਜਿਸ ਤੇ ਕਿਸਾਨਾਂ ਨੇ ਮਹਿਕਮਾ ਪਾਵਰਕਾਮ ਤੋਂ ਮੰਗ ਕੀਤੀ ਕਿ ਨਵੀਂ ਲਾਈਨ ਜਿਹੜੀ ਕਿ ਸਿੱਧੀ ਹੈ ਅਤੇ ਇਨਾਂ ਮੋਟਰਾਂ ਦਾ ਲੋਡ ਉਸ ਉਪਰ ਪਾ ਦਿੱਤਾ ਜਾਵੇ। ਕਿਸਾਨ ਆਗੂਆਂ ਨੇ ਅਧਿਕਾਰੀਆਂ ਨੂੰ ਚਿਤਾਵਨੀ ਦਿੱਤੀ ਕਿ ਅਗਰ ਤਿੰਨ ਦਿਨਾਂ ਵਿਚ ਮਾਮਲਾ ਹੱਲ ਨਾ ਹੋਇਆ ਤਾਂ ਕਿਸਾਨ ਜਥੇਬੰਦੀ ਬਿਜਲੀ ਘਰ ਮਜੀਠਾ ਵਿਖੇ ਪੱਕਾ ਧਰਨਾ ਲਗਾਉਣ ਲਈ ਮਜਬੂਰ ਹੋਵੇਗੀ। ਇਸ ਸਬੰਧੀ ਸਬੰਧਤ ਅਫਸਰ ਸਹਾਇਕ ਕਾਰਜਕਾਰੀ ਇੰਜੀਨੀਅਰ ਸੁਖਜਿੰਦਰ ਸਿੰਘ ਨਾਲ ਗੱਲ ਕਰਨ ਤੇ ਉਨ੍ਹਾਂ ਨੇ ਦੱਸਿਆ ਕਿ ਇਸ ਸਬੰਧੀ ਸਬੰਧਤ ਕਿਸਾਨਾਂ ਵਲੋਂ ਉਨ੍ਹਾਂ ਨੂੰ ਪੱਤਰ ਮਿਲਿਆ ਹੈ।

ਉਨ੍ਹਾਂ ਨੇ ਇਸ ਸਾਰੇ ਮਾਮਲੇ ਸਬੰਧੀ ਆਪਣੇ ਉਚ ਅਧਿਕਾਰੀਆਂ ਨੂੰ ਜਾਣੂੰ ਕਰਵਾ ਦਿੱਤਾ ਹੈ ਅਤੇ ਮਨਜ਼ੂਰੀ ਵਾਸਤੇ ਲਿਖਿਆ ਹੈ। ਮਨਜ਼ੂਰੀ ਮਿਲਣ 'ਤੇ ਜਲਦੀ ਹੀ ਲੋਡ ਸ਼ਿਫਟ ਕਰਵਾ ਕੇ ਮਾਮਲਾ ਹੱਲ ਕਰਵਾ ਦਿੱਤਾ ਜਾਵੇਗਾ।

ਇਸ ਮੌਕੇ ਕਿਸਾਨ ਆਗੂਆਂ ਵਿੱਚ ਪ੍ਰਧਾਨ ਗੁਰਜੀਤ ਸਿੰਘ, ਕੁਲਵੰਤ ਸਿੰਘ, ਮਾਸਟਰ ਹਰਭਜਨ ਸਿੰਘ ਟਰਪਈ, ਰਣਬੀਰ ਸਿੰਘ ਮਜੀਠਾ, ਸਵਰਾਜ ਸਿੰਘ ਮਜੀਠਾ, ਬਲਰਾਜ ਸਿੰਘ, ਜਗਵਿੰਦਰ ਸਿੰਘ, ਗੁਰਦੇਵ ਸਿੰਘ, ਅੰਮ੍ਰਿਤਪਾਲ ਸਿੰਘ, ਬਲਵਿੰਦਰ ਸਿੰਘ, ਬਿਕਰਮ ਸਿੰਘ, ਬਖਸ਼ੀਸ਼ ਸਿੰਘ, ਨਰੰਜਨ ਸਿੰਘ ਦਬੁਰਜੀ ਆਦਿ ਕਿਸਾਨ ਆਗੂ ਹਾਜ਼ਰ ਸਨ।

# ਵਿਦਿਆਰਥੀਆਂ ਦੀ ਕੈਨੇਡਾ ਤੋਂ ਜਬਰੀ ਵਤਨ ਵਾਪਸੀ ਸਬੰਧੀ ਕੇਂਦਰ ਸਰਕਾਰ ਨੂੰ ਪੱਤਰ ਲਿਖਿਆ: ਧਾਲੀਵਾਲ

ਅਜਨਾਲਾ (ਨਰਿੰਦਰਜੀਤ ਸਿੰਘ)-ਠੱਗ ਟਰੈਵਲ ਏਜੰਟ ਦੇ ਧੱਕੇ ਚੜ੍ਹ ਕੇ ਜੋ 700 ਦੇ ਕਰੀਬ ਵਿਦਿਆਰਥੀ ਕੈਨੇਡਾ ਦੇ ਗਲਤ ਕਾਲਜਾਂ ਵਿਚ ਫਸੇ ਹਨ, ਉਨ੍ਹਾਂ ਦੀ ਵਤਨ ਵਾਪਸੀ ਨਾ ਹੋਵੇ, ਬਲਕਿ ਉਨ੍ਹਾਂ ਦੇ ਵੀਜ਼ੇ ਨੂੰ ਵੇਖਦੇ ਹੋਏ ਵਰਕ ਪਰਮਿਟ ਦਿੱਤਾ ਜਾਵੇ, ਦੀ ਮੰਗ ਨੂੰ ਲੈ ਕੇ ਪੰਜਾਬ ਸਰਕਾਰ ਨੇ ਕੇਂਦਰ ਸਰਕਾਰ ਦੇ ਵਿਦੇਸ਼ ਮੰਤਰਾਲੇ ਨੂੰ ਪੱਤਰ ਲਿਖਿਆ ਹੈ। ਪ੍ਰਵਾਸੀ ਭਾਰਤੀ ਮਾਮਲਿਆਂ ਦੇ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਨੇ ਇਹ ਪ੍ਰਗਟਾਵਾ ਕਰਦੇ ਕਿਹਾ ਕਿ ਉਕਤ ਠੱਗ ਟਰੈਵਲ ਏਜੰਟ, ਜਿਸਨੇ ਇਨ੍ਹਾਂ ਵਿਦਿਆਰਥੀਆਂ ਨਾਲ ਧੋਖਾ ਕੀਤਾ ਹੈ, ਦੇ ਪੰਜਾਬ ਤੋਂ ਬਾਹਰ ਦਾ ਵਾਸੀ ਹੋਣ ਕਾਰਨ ਮੈਂ ਦੇਸ਼ ਦੇ ਗ੍ਰਹਿ ਮੰਤਰੀ ਅਮਿਤ ਸ਼ਾਹ ਤੋਂ ਵੀ ਮੰਗ ਕਰਦਾ ਹਾਂ ਕਿ ਉਹ ਇਸ ਕੇਸ ਵਿਚ ਸਾਡਾ ਸਾਥ ਦੇਣ ਤਾਂ ਜੋ ਇਸ ਟਰੈਵਲ ਏਜੰਟ ਨੂੰ ਸਖਤ ਤੋਂ ਸਖਤ ਸਜ਼ਾ ਦਿੱਤੀ ਜਾ ਸਕੇ। ਉਨਾਂ ਕਿਹਾ ਕਿ ਮਨੁੱਖੀ ਤਸਕਰੀ ਸਬੰਧੀ ਇਹ ਘਟਨਾਵਾਂ ਨਾ ਵਾਪਰਨ, ਇਸ ਲਈ ਦੇਸ਼ ਦੇ ਕਾਨੂੰਨ ਸਖਤ ਹੋਣੇ ਚਾਹੀਦੇ ਹਨ। ਸ. ਧਾਲੀਵਾਲ ਨੇ ਪੰਜਾਬ ਵਾਸੀਆਂ ਨੂੰ ਅਪੀਲ ਵੀ ਕੀਤੀ ਕਿ ਉਹ ਕਿਸੇ ਦੇਸ਼ ਵਿਚ ਜਾਣ ਜਾਂ ਬੱਚਾ ਭੇਜਣ ਤੋਂ ਪਹਿਲਾਂ ਉਸ ਕਾਲਜ ਜਿੱਥੇ ਦਾਖਲਾ ਕਰਵਾਇਆ ਗਿਆ ਹੈ, ਦੇ ਵੇਰਵੇ ਅਤੇ ਟਰੈਵਲ ਏਜੰਟ, ਜੋ ਕਿ ਤੁਹਾਡਾ ਕੇਸ ਲਗਾ ਰਿਹਾ ਹੈ, ਦਾ ਰਿਕਾਰਡ ਜ਼ਰੂਰ ਚੈੱਕ ਕੀਤਾ ਜਾਵੇ। ਇਕ ਸਵਾਲ ਦੇ ਜਵਾਬ ਵਿਚ ਧਾਲੀਵਾਲ ਨੇ ਦੱਸਿਆ ਕਿ ਇੰਡੋਨੇਸ਼ੀਆ ਵਿਚ ਫਾਂਸੀ ਦੀ ਸਜ਼ਾ ਪ੍ਰਾਪਤ ਨੌਜਵਾਨਾਂ ਦਾ ਕੇਸ 26 ਜੂਨ ਤੋਂ ਮੁੜ ਸ਼ੁਰੂ ਹੋ ਰਿਹਾ ਹੈ ਅਤੇ ਆਸ ਹੈ ਕਿ ਇਸ ਕੇਸ ਵਿਚੋਂ ਨੌਜਵਾਨ ਬਾਇੱਜ਼ਤ ਬਰੀ ਹੋਣਗੇ। ਉਨ੍ਹਾਂ ਦੱਸਿਆ ਕਿ ਭਾਰਤ ਦੇ ਵਿਦੇਸ਼ ਮੰਤਰਾਲੇ ਨੇ ਇਸ ਸਬੰਧੀ ਸੂਚਨਾ ਬੀਤੇ ਦਿਨ ਸਾਡੇ ਨਾਲ ਸਾਂਝੀ ਕੀਤੀ ਸੀ ਅਤੇ ਉਹ ਹੀ ਇਹ ਕੇਸ ਇੰਡੋਨੇਸ਼ੀਆ ਸਰਕਾਰ ਕੋਲ ਉਠਾ ਰਹੇ ਹਨ।

# ਪਹਿਲਵਾਨ ਆਗੂਆਂ 'ਤੇ ਕੀਤੇ ਝੂਠੇ ਪਰਚੇ ਰੱਦ ਕੀਤੇ ਜਾਣ: ਆਰ ਐੱਮ ਪੀ ਆਈ



ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)-ਪਹਿਲਵਾਨ ਲੜਕੀਆਂ ਜਿਨ੍ਹਾਂ ਨੇ ਤਮਗੇ ਜਿੱਤ ਕੇ ਦੇਸ਼ ਦਾ ਨਾਮ ਦੁਨੀਆ ਵਿਚ ਰੌਸ਼ਨ ਕਰਕੇ ਔਰਤਾਂ ਵਿੱਚ ਕੁਝ ਕਰ ਸਕਣ ਦਾ ਹੌਸਲਾ ਹੋਰ ਬੁਲੰਦ ਕੀਤਾ ਪਰ ਬੀਜੇਪੀ ਦਾ ਸੰਸਦ ਮੈਂਬਰ ਭਾਰਤੀ ਕੁਸ਼ਤੀ ਫੈਡਰੇਸ਼ਨ ਦੇ ਤਤਕਾਲੀਨ ਚੇਅਰਮੈਨ ਬ੍ਰਿਜ਼ ਭੂਸ਼ਣ ਸ਼ਰਨ ਸਿੰਘ ਇਨਾਂ ਪਹਿਲਵਾਨ ਕੁੜੀਆਂ ਦਾ ਜਿਨਸੀ ਸ਼ੋਸ਼ਣ ਕਰਦਾ ਰਿਹਾ ਹੈ, ਧਮਕੀਆਂ ਦਿੰਦਾ ਰਿਹਾ। ਪਹਿਲਵਾਨ ਕੁੜੀਆਂ ਦੀ ਗਿਣਤੀ ਤਾਂ ਬੜੀ ਜ਼ਿਆਦਾ ਹੈ, ਜਿਨ੍ਹਾਂ ਨਾਲ ਇਹ ਸੰਸਦ ਮੈਂਬਰ ਘਿਨਾਉਣੀਆਂ ਹਰਕਤਾਂ ਕਰਦਾ ਰਿਹਾ ਹੈ, ਪਰ 7 ਪਹਿਲਵਾਨ ਲੜਕੀਆਂ ਦੇ ਬਿਆਨਾਂ 'ਤੇ ਸੁਪਰੀਮ ਕੋਰਟ ਨੇ ਬ੍ਰਿਜ ਭੂਸ਼ਣ ਦੇ ਖਿਲਾਫ ਐਫ. ਆਈ. ਆਰ. ਤਾਂ ਦਰਜ ਕਰਵਾ ਦਿੱਤੀ ਹੈ, ਪਰ ਦਿੱਲੀ ਦੀ ਪੁਲਸ ਭੂਸ਼ਣ ਨੂੰ ਗ੍ਰਿਫਤਾਰ ਨਹੀਂ ਕਰ ਰਹੀ। ਬ੍ਰਿਜ ਭੂਸ਼ਣ ਨੂੰ ਗ੍ਰਿਫਤਾਰ ਕਰਨ ਦੀ ਮੰਗ ਨੂੰ ਲੈ ਕੇ ਪਹਿਲਵਾਨ ਲੜਕੀਆਂ ਮਰਦ ਪਹਿਲਵਾਨਾਂ ਤੇ ਹੋਰ ਨਾਮਵਰ ਖਿਡਾਰੀਆਂ ਦੀ ਮਦਦ ਨਾਲ ਧਰਨਾ ਲਗਾ ਕੇ ਬੈਠੀਆਂ ਪਰ ਬੀਜੇਪੀ ਦੀ ਸਰਕਾਰ ਬ੍ਰਿਜ ਭੂਸ਼ਣ ਦੀ ਗ੍ਰਿਫਤਾਰੀ ਵਿੱਚ ਅੜਿੱਕਾ ਬਣੀ ਰਹੀ ਹੈ ਭਾਵੇਂਕਿ ਹਰਿਆਣਾ ਤੋਂ ਸੰਸਦ ਮੈਂਬਰ ਬ੍ਰਿਜੇਂਦਰ ਸਿੰਘ ਨੇ ਵੀ ਖੁੱਲੇ ਤੌਰ 'ਤੇ ਭੂਸ਼ਣ ਦੀ ਗ੍ਰਿਫਤਾਰੀ ਦੀ ਮੰਗ ਕੀਤੀ ਹੈ। ਭੂਸ਼ਣ ਦੀ ਗ੍ਰਿਫਤਾਰੀ ਦੀ ਮੰਗ ਨੂੰ ਲੈ ਕੇ ਭਾਰਤੀ ਇਨਕਲਾਬੀ ਮਾਰਕਸਵਾਦੀ ਪਾਰਟੀ (ਆਰ. ਐਮ. ਪੀ.ਆਈ) ਦੀ ਗੁਮਟਾਲਾ ਇਕਾਈ ਵੱਲੋਂ ਕਾ: ਬੀਬੀ ਸਵਿੰਦਰ ਕੌਰ ਤੇ ਕਾਮਰੇਡ ਬਲਵਿੰਦਰ ਸਿੰਘ ਬੱਬੀ ਦੀ ਪ੍ਰਧਾਨਗੀ ਹੇਠ ਪਿੰਡ ਗੁਮਟਾਲਾ ਵਿੱਚ ਮੀਟਿੰਗ ਕੀਤੀ ਗਈ। ਮੀਟਿੰਗ 'ਚ ਜੁੜੇ ਔਰਤਾਂ-ਮਰਦਾਂ ਨੂੰ ਸੰਬੋਧਨ ਕਰਦਿਆਂ ਪਾਰਟੀ ਦੇ ਆਗੂਆਂ ਕਾ: ਜਗਤਾਰ ਸਿੰਘ ਕਰਮਪੁਰਾ, ਗੁਰਮੀਤ ਮਾਨ ਵੇਰਕਾ ਤੇ ਮੁਲਾਜ਼ਮ ਆਗੂ ਮੰਗਲ ਸਿੰਘ ਟਾਂਡਾ ਨੇ ਕਿਹਾ ਕਿ ਪਹਿਲਵਾਨਾਂ ਦੇ ਬ੍ਰਿਜ ਭੂਸ਼ਣ ਖਿਲਾਫ ਅੰਦੋਲਨ ਨੂੰ ਕਿਸਾਨਾ, ਪੇਂਡੂ ਮਜਦੂਰਾਂ, ਸਨਅਤੀ ਮਜ਼ਦੂਰਾਂ, ਮੁਲਾਜ਼ਮਾਂ, ਖਾਪ ਪੰਚਾਇਤਾਂ, ਬੁੱਧੀਜੀਵੀ ਲੋਕਾਂ ਦਾ ਭਾਰੀ ਸਮਰਥਨ ਮਿਲ ਰਿਹਾ ਹੈ ਅਤੇ ਇਹ ਅੰਦੋਲਨ ਦੇਸ਼ ਵਿਆਪੀ ਬਣਦਾ ਜਾ ਰਿਹਾ ਹੈ, ਪਰ ਬੇਸ਼ਰਮੀ ਦੀਆਂ ਹੱਦਾਂ ਬੰਨੇ ਪਾਰ ਕਰਦਿਆਂ ਮੋਦੀ ਸਰਕਾਰ ਨੇ ਭੂਸ਼ਣ ਨੂੰ ਗ੍ਰਿਫਤਾਰ ਕਰਾਉਣ ਦੀ ਬਜਾਏ ਅੰਦੋਲਨ ਦੀ ਅਗਵਾਈ ਕਰ ਰਹੇ ਪਹਿਲਵਾਨਾਂ ਸਾਕਸ਼ੀ, ਮਲਿਕ, ਵਿਨੇਸ਼ ਫੋਗਾਟ, ਬਜਰੰਗ ਪੂਨੀਆ ਤੋਂ ਸਖਤ ਧਰਾਵਾਂ ਲਗਾ ਕੇ ਝੂਠਾ ਪਰਚਾ ਦਰਜ ਕਰਵਾ ਦਿੱਤਾ ਹੈ ਜੋ ਕਿ ਆਰਐਸਐਸ ਤੇ ਅਦਾਨੀਆਂ ਅੰਬਾਨੀਆਂ ਦੇ ਇਸ਼ਾਰੇ ਤੇ ਪਹਿਲਵਾਨਾਂ ਦੇ ਅੰਦੋਲਨ ਨੂੰ ਦਬਾਉਣ ਦੀ ਇਕ ਸਾਜ਼ਿਸ ਹੈ, ਪਰ ਦੇਸ਼ ਦੇ ਅਗਾਂਹਵਧੂ ਲੋਕ ਇਹ ਕਦੀ ਵੀ ਬਰਦਾਸਤ ਨਹੀਂ ਕਰਨਗੇ। ਉਕਤ ਆਗੂਆਂ ਨੇ ਮੰਗ ਕੀਤੀ ਕਿ ਬ੍ਰਿਜ ਭੂਸ਼ਣ ਸ਼ਰਨ ਸਿੰਘ ਨੂੰ ਤੁਰੰਤ ਗ੍ਰਿਫਤਾਰ ਕਰਕੇ ਪਹਿਲਵਾਨਾਂ 'ਤੇ ਕੀਤੇ ਝੂਠੇ ਪਰਚੇ ਰੱਦ ਕੀਤਾ ਜਾਣ।

# ਭੁੱਲਰ ਨੂੰ ਪੰਚਾਇਤ ਮੰਤਰੀ ਬਣਨ 'ਤੇ ਆਗੂਆਂ ਵੱਲੋਂ ਵਧਾਈਆਂ, ਹਾਈ ਕਮਾਂਡ ਦਾ ਧੰਨਵਾਦ



ਪੱਟੀ (ਬਲਦੇਵ ਸਿੰਘ ਕਿਰਤੋਵਾਲ/ਸ਼ਮਸ਼ੇਰ ਸਿੰਘ ਯੋਧਾ)-ਪੰਜਾਬ ਸਰਕਾਰ ਵੱਲੋ ਮੰਤਰੀ ਮੰਡਲ ਵਿੱਚ ਕੀਤੇ ਗਏ ਫੇਰਬਦਲ ਦੌਰਾਨ ਮਾਝੇ ਦੇ ਜਰਨੈਲ ਲਾਲਜੀਤ ਸਿੰਘ ਭੁੱਲਰ ਨੂੰ ਟਰਾਂਸਪੋਰਟ ਵਿਭਾਗ ਦੇ ਨਾਲ ਨਾਲ ਪੰਚਾਇਤ ਮਹਿਕਮਾ ਦਿੱਤਾ ਗਿਆ। ਜ਼ਿਕਰਯੋਗ ਹੈ ਕਿ ਲਾਲਜੀਤ ਸਿੰਘ ਭੁੱਲਰ ਪਹਿਲਾਂ ਟਰਾਂਸਪੋਰਟ ਵਿਭਾਗ/ਫੂਡ ਪ੍ਰੋਸੈਸਿੰਗ/ਪਸ਼ੂ ਪਾਲਣ ਵਿਭਾਗ ਦੇ ਮੰਤਰੀ ਵਜੋਂ ਵੀ ਸੇਵਾਵਾਂ ਨਿਭਾ ਚੁੱਕੇ ਹਨ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਕਰਦਿਆਂ ਆਮ ਆਦਮੀ ਪਾਰਟੀ ਆਗੂਆਂ ਨੇ ਭੁੱਲਰ ਤੇ ਦਿਲਬਾਗ ਸਿੰਘ ਰੱਤਾਗੁੱਦਾ ਨੂੰ ਮਾਰਕੀਟ ਕਮੇਟੀ ਹਰੀਕੇ ਦਾ ਚੇਅਰਮੈਨ ਬਣਾਉਣ 'ਤੇ ਵਧਾਈਆਂ ਦਿੱਤੀਆਂ ਅਤੇ ਪਾਰਟੀ ਹਾਈਕਮਾਂਡ ਦਾ ਧੰਨਵਾਦ ਕਰਦਿਆਂ ਕਿਹਾ ਕਿ ਮਾਝੇ ਲਈ ਬਹੁਤ ਹੀ ਮਾਣ ਵਾਲੀ ਗੱਲ ਹੈ ਕਿ ਪੱਟੀ ਹਲਕੇ ਤੋਂ ਜਿੱਤ ਕੇ ਵਿਧਾਇਕ ਬਣੇ ਲਾਲਜੀਤ ਸਿੰਘ ਭੁੱਲਰ ਨੂੰ ਟਰਾਂਸਪੋਰਟ ਮਹਿਕਮੇ ਦੇ ਨਾਲ-ਨਾਲ ਪੰਚਾਇਤ ਮਹਿਕਮੇ ਦਾ ਮੰਤਰੀ ਵੀ ਬਣਾਇਆ ਗਿਆ। ਆਗੂਆਂ ਨੇ ਕਿਹਾ ਕਿ ਕੈਬਨਿਟ ਮੰਤਰੀ ਭੁੱਲਰ ਜਦੋਂ ਦੇ ਟਰਾਂਸਪੋਰਟ ਮੰਤਰੀ ਬਣੇ ਹਨ ਉਨ੍ਹਾ ਦਿਨ-ਰਾਤ ਮਿਹਨਤ ਕਰਕੇ ਟਰਾਂਸਪੋਰਟ ਵਿਭਾਗ ਵਿਚ ਸੁਧਾਰ ਲਿਆਂਦਾ ਹੈ। ਰਵਾਇਤੀ ਪਾਰਟੀਆਂ ਵੱਲੋਂ ਆਪਣੀਆਂ ਟਰਾਂਸਪੋਰਟਾਂ ਖੜੀਆਂ ਕਰਨ ਦੇ ਮਨਸੂਬੇ ਨਾਲ ਸਰਕਾਰੀ ਟਰਾਂਸਪੋਰਟ ਨੂੰ ਘਾਟੇ ਦਾ ਸੌਦਾ ਦੱਸ ਕੇ ਖਤਮ ਕਰਨ 'ਚ ਕੋਈ ਕਸਰ ਨਹੀਂ ਛੱਡੀ ਪਰ ਲਾਲਜੀਤ ਸਿੰਘ ਭੁੱਲਰ ਨੂੰ ਟਰਾਂਸਪੋਰਟ ਵਿਭਾਗ ਮਿਲਣ ਤੋਂ ਬਾਅਦ ਦਿਨ ਰਾਤ ਮਿਹਨਤ ਨਾਲ ਪੈਰਾਂ ਸਿਰ ਕੀਤਾ। ਕਾਂਗਰਸ ਸਰਕਾਰ ਸਮੇਂ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਵੱਲੋਂ ਔਰਤਾਂ ਨੂੰ ਸਰਕਾਰੀ ਬੱਸਾਂ 'ਚ ਫ੍ਰੀ ਸਫਰ ਕਰਨ ਦੇ ਕੀਤੇ ਐਲਾਨ ਤੋਂ ਬਾਅਦ ਆਪ ਸਰਕਾਰ ਵੱਲੋਂ ਫ੍ਰੀ ਸਫਰ ਜਾਰੀ ਰੱਖਣਾ ਕਿਸੇ ਮੁਸੀਬਤ ਤੋਂ ਘੱਟ ਨਹੀਂ ਸੀ ਪਰ ਭੁੱਲਰ ਵੱਲੋਂ ਬੜੇ ਸੁਚੱਜੇ ਢੰਗ ਨਾਲ ਟਰਾਂਸਪੋਰਟ ਵਿਭਾਗ ਨੂੰ ਚਲਾਇਆ ਜਾ ਰਿਹਾ। ਆਗੂਆਂ ਨੇ ਕਿਹਾ ਕਿ ਅਸੀਂ ਆਸ ਕਰਦੇ ਹਾ ਕਿ ਲਾਲਜੀਤ ਸਿੰਘ ਭੁੱਲਰ ਪੰਚਾਇਤ ਮਹਿਕਮੇ ਵਿਚ ਵੀ ਸੁਧਾਰ ਲਿਆਉਣਗੇ। ਇਸ ਮੌਕੇ ਜ਼ਿਲ੍ਹਾ ਪ੍ਰਧਾਨ ਹਰਮਨਜੀਤ ਸਿੰਘ ਉਸਮਾ, ਚੇਅਰਮੈਨ ਰਾਜਿੰਦਰ ਸਿੰਘ ਉਸਮਾ, ਲੱਖਵਿੰਦਰ ਸਿੰਘ ਯੂਥ ਪ੍ਰਧਾਨ ਦਦੇਹਰ ਸਾਹਿਬ, ਜਗਦੀਪ ਸਿੰਘ ਮੀਡੀਆ ਵਰਕਰ ਦਦੇਹਰ ਸਾਹਿਬ, ਚੇਅਰਮੈਨ ਗੁਰਦਿੱਤ ਸਿੰਘ. ਡਾ. ਸਰਬਜੀਤ ਸਿੰਘ ਅਤੇ ਅਜੀਤ ਸਿੰਘ ਨੰਬਰਦਾਰ ਆਦਿ ਹਾਜ਼ਰ ਸਨ।

# ਪਹਿਲਵਾਨਾਂ ਦੇ ਹੱਕ-ਸੱਚ ਦੇ ਸੰਘਰਸ਼ 'ਚ ਹੋਵਾਂਗੇ ਸ਼ਾਮਲ : ਲਾਲਪੁਰਾ/ਢੋਟੀਆਂ



ਪੱਟੀ, (ਬਲਦੇਵ ਸਿੰਘ ਕਿਰਤੋਵਾਲ/ਸ਼ਮਸ਼ੇਰ ਸਿੰਘ ਯੋਧਾ)-ਪੈਨਸ਼ਨਰ ਐਂਡ ਸੀਨੀਅਰ ਸਿਟੀਜ਼ਨ ਐਸੋਸੀਏਸ਼ਨ ਜ਼ਿਲ੍ਹਾ ਤਰਨ ਤਾਰਨ ਦੀ ਮਹੀਨਾਵਾਰ ਮੀਟਿੰਗ ਅਜੀਤ ਸਿੰਘ ਫਤਹਿ ਚੱਕ ਦੀ ਪ੍ਰਧਾਨਗੀ ਹੇਠ ਹੋਈ। ਮੀਟਿੰਗ ਦੌਰਾਨ ਸੁਰਜੀਤ ਸਿੰਘ ਜਰਨਲ ਸਕੱਤਰ ਅਤੇ ਸਰਪ੍ਰਸਤ ਕੁਲਵੰਤ ਸਿੰਘ ਢੋਟੀਆਂ ਨੇ ਸਾਂਝੇ ਰੂਪ ਵਿੱਚ ਸੰਬੋਧਨ ਕਰਦਿਆਂ ਕੇਂਦਰ ਸਰਕਾਰ ਦੇ ਅੜੀਅਲ ਰਵੱਈਏ ਦੀ ਨਿਖੇਧੀ ਕੀਤੀ। ਪੇ-ਕਮਿਸ਼ਨ ਦੀ ਰਿਪੋਰਟ ਸਹੀ ਰੂਪ ਵਿੱਚ ਹਾਲੇ ਤੱਕ ਲਾਗੂ ਨਹੀਂ ਕੀਤੀ ਜਾ ਰਹੀ।

ਪੈਨਸ਼ਨਰ ਰਵੀਜ਼ਨ ਦੇ ਕੇਸ ਹਾਲੇ ਤੱਕ ਏਜੀ ਦਫਤਰ ਵਿੱਚ ਲਟਕ ਰਹੇ ਹਨ। ਮੀਟਿੰਗ ਨੂੰ ਜਾਰੀ ਰੱਖਦੇ ਹੋਏ ਸਮੀਰ ਸਿੰਘ ਲਾਲਪੁਰਾ ਨੇ ਜ਼ਿਲ੍ਹਾ ਤਰਨ ਤਾਰਨ ਦੇ ਲਟਕ ਰਹੇ ਕੇਸਾਂ ਬਾਰੇ ਜਾਣਕਾਰੀ ਦਿੱਤੀ। ਉਨ੍ਹਾਂ ਕਿਹਾ ਕਿ ਉਹ ਪਹਿਲਵਾਨਾਂ ਦੇ ਹੱਕ-ਸੱਚ ਦੇ ਸੰਘਰਸ਼ 'ਚ ਸ਼ਾਮਲ ਹੋਣਗੇ।

ਸਵਰਨ ਸਿੰਘ ਗੋਇੰਦਵਾਲ ਨੇ 8% ਡੀਏ ਦੀ ਸਰਕਾਰ ਪਾਸੋਂ ਜ਼ੋਰਦਾਰ ਮੰਗ ਕੀਤੀ ਅਤੇ ਕਿਹਾ ਕਿ 2.59 ਅਨੁਸਾਰ ਪੈਨਸ਼ਨ ਫਿਕਸ ਕੀਤੀ ਜਾਵੇ, ਸਾਰੇ ਬਕਾਏ ਇਕੋ ਵਾਰ ਦਿੱਤੇ ਜਾਣ, ਕੇਂਦਰ ਸਰਕਾਰ ਦੀ ਪਹਿਲਵਾਨਾਂ ਵਿਰੁੱਧ ਨੀਤੀ ਦੀ ਨਿਖੇਧੀ ਕੀਤੀ। ਮੰਗ ਕੀਤੀ ਕਿ ਬ੍ਰਿਜ ਭੂਸ਼ਣ ਨੂੰ ਗ੍ਰਿਫਤਾਰ ਕੀਤਾ ਜਾਵੇ।

ਉੜੀਸਾ ਰੇਲ ਹਾਦਸੇ ਵਿੱਚ ਮੌਤ ਦੇ ਸ਼ਿਕਾਰ ਹੋਏ ਪਰਿਵਾਰਾਂ ਨਾਲ ਹਮਦਰਦੀ ਦਾ ਪ੍ਰਗਟਾਵਾ ਕੀਤਾ ਅਤੇ ਰੇਲਵੇ ਮੰਤਰੀ ਤੋਂ ਅਸਤੀਫੇ ਦੀ ਮੰਗ ਕੀਤੀ। ਹੋਰਨਾਂ ਤੋਂ ਇਲਾਵਾ ਮੀਟਿੰਗ ਵਿੱਚ ਪੱਟੀ ਤੋਂ ਜਗਤਾਰ ਸਿੰਘ ਆਸਲ, ਕਸ਼ਮੀਰ ਸਿੰਘ ਬੁਰਜ, ਨਿਰਮਲ ਸਿੰਘ ਸਰਹਾਲੀ, ਅਰਜਨ ਸਿੰਘ, ਮਨਜੀਤ ਸਿੰਘ, ਕੁਲਵੰਤ ਸਿੰਘ, ਸਰਵਨ ਸਿੰਘ, ਗੁਪਾਲ ਸਿੰਘ ਪੱਟੀ, ਹਰਭਜਨ ਸਿੰਘ ਸੰਗਵਾ, ਅਮਰ ਸਿੰਘ, ਨਿਰਮਲ ਸਿੰਘ ਆਦਿ ਆਗੂ ਹਾਜ਼ਰ ਸਨ। ਅਖੀਰ ਵਿੱਚ ਸਰਪ੍ਰਸਤ ਕੁਲਵੰਤ ਸਿੰਘ ਢੋਟੀਆਂ ਅਤੇ ਅਜੀਤ ਸਿੰਘ ਪ੍ਰਧਾਨ ਆਦਿ ਹਾਜ਼ਰ ਸਨ।

# ਦਸਮੇਸ਼ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਦਾ ਦਸਵੀਂ ਜਮਾਤ ਦਾ ਨਤੀਜਾ ਸ਼ਾਨਦਾਰ



**ਨੌਸ਼ਹਿਰਾ ਮੱਝਾ ਸਿੰਘ** (ਸਤਨਾਮ ਸਿੰਘ ਕਿਰਤੀ)-ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਐਲਾਨੇ ਦਸਵੀਂ ਕਲਾਸ ਦੇ ਨਤੀਜਿਆਂ ਵਿਚੋਂ ਇਲਾਕੇ ਦੀ ਨਾਮਵਰ ਵਿੱਦਿਅਕ ਸੰਸਥਾ ਦਸਮੇਸ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਨੌਸ਼ਹਿਰਾ ਮੱਝਾ ਸਿੰਘ ਦਾ ਦਸਵੀਂ ਦਾ ਨਤੀਜਾ ਸ਼ਾਨਦਾਰ ਰਿਹਾ। ਜਾਣਕਾਰੀ ਦਿੰਦਿਆਂ ਸਕੂਲ ਮੈਨੇਜਰ ਸੰਤੋਖ ਸਿੰਘ ਨੇ ਦੱਸਿਆ ਕਿ ਦਸਵੀਂ ਕਲਾਸ ਵਿਚੋਂ ਸਕੂਲ ਦੀ ਜਸਪ੍ਰੀਤ ਕੌਰ ਨੇ 92% ਅੰਕ ਪ੍ਰਾਪਤ ਕਰਕੇ ਪਹਿਲਾ, ਤਨਵੀਰ ਕੌਰ ਨੇ 91.3% ਅੰਕ ਪ੍ਰਾਪਤ ਕਰ ਕੇ ਦੂਜਾ, ਸਨਾਹ ਅਤੇ ਐਲਿਸਬਤ ਨੇ 91.2% ਅੰਕ ਪ੍ਰਾਪਤ ਕਰ ਕੇ ਤੀਜਾ ਸਥਾਨ ਹਾਸਲ ਕਰ ਕੇ ਸੰਸਥਾ ਦਾ ਨਾਂ ਰੌਸ਼ਨ ਕੀਤਾ ਹੈ। ਮੈਨੇਜਰ ਸੰਤੋਖ ਸਿੰਘ ਨੇ ਇਸ ਮੌਕੇ ਦੱਸਿਆ ਕਿ ਸਥਾਨਕ ਕਸਬਾ ਨੌਸ਼ਹਿਰਾ ਮੱਝਾ ਸਿੰਘ ਸਮੇਤ ਇਲਾਕੇ ਭਰ ਦੇ ਪਿੰਡਾਂ ਵਿੱਚ ਪਿਛਲੇ 40 ਸਾਲਾਂ ਤੋਂ ਨਿਰੰਤਰ ਬੱਚਿਆਂ ਨੂੰ ਵਿੱਦਿਆ ਦਾ ਚਾਨਣ ਵੰਡ ਰਿਹਾ ਹੈ। ਉਨ੍ਹਾਂ ਦੱਸਿਆ ਕਿ ਸਕੂਲ ਦੀ ਸਥਾਪਨਾ 1985 ਵਿੱਚ ਕੀਤੀ ਗਈ ਸੀ ਤੇ ਹੁਣ ਤੱਕ ਬੱਚਿਆਂ ਵਿੱਚ ਵਿੱਦਿਆ ਦਾ ਚਾਨਣ ਮੁਨਾਰਾ ਬਣਿਆ ਹੋਇਆ ਹੈ। ਇਸ ਖੁਸ਼ੀ ਦੇ ਮੌਕੇ ਉਨ੍ਹਾਂ ਵਿਦਿਆਰਥੀਆਂ ਤੇ ਉਨ੍ਹਾਂ ਦੇ ਮਾਪਿਆਂ ਨੂੰ ਵਧਾਈ ਦਿੰਦਿਆਂ ਬਾਕੀ ਵਿਦਿਆਰਥੀਆਂ ਨੂੰ ਵੀ ਪ੍ਰੇਰਿਤ ਕਰਦਿਆਂ ਕਿਹਾ ਕਿ ਸਭਨਾਂ ਨੂੰ ਸਖਤ ਮਿਹਨਤ ਕਰਕੇ ਚੰਗੀਆਂ ਪੁਜ਼ੀਜ਼ਨਾਂ ਹਾਸਲ ਕਰਕੇ ਮਾਤਾ-ਪਿਤਾ ਤੇ ਸੰਸਥਾ ਦਾ ਨਾਂ ਰੌਸ਼ਨ ਕਰਨਾ ਚਾਹੀਦਾ ਹੈ।

# ਬ੍ਰਿਜ ਭੂਸ਼ਣ ਖਿਲਾਫ ਪਿੰਡ ਮੂਧਲ 'ਚ ਪੁਤਲਾ ਫੂਕ ਪ੍ਰਦਰਸ਼ਨ



ਗਹਿਰੀ ਮੰਡੀ (ਮਨਜੀਤ ਸਿੰਘ ਮਿੰਟੂ)-ਪੰਜਾਬ ਕਿਸਾਨ ਯੂਨੀਅਨ ਅੰਮ੍ਰਿਤਸਰ ਦੀ ਸਥਾਨਕ ਇਕਾਈ ਮੂਧਲ ਵੱਲੋਂ ਸੰਯੁਕਤ ਕਿਸਾਨ ਮੋਰਚੇ ਦੇ ਸਦੇ 'ਤੇ ਪਿੰਡ ਦੇ ਚੌਕ ਵਿਚ ਕੁਸ਼ਤੀ ਫੈਡਰੇਸ਼ਨ ਪ੍ਰਧਾਨ ਬ੍ਰਿਜ ਭੂਸ਼ਣ ਸ਼ਰਨ ਸਿੰਘ ਦਾ ਪੁਤਲਾ ਫੂਕਿਆ ਗਿਆ। ਇਸ ਸਮੇਂ ਬੋਲਦਿਆਂ ਪੰਜਾਬ ਕਿਸਾਨ ਯੂਨੀਅਨ ਦੇ ਜ਼ਿਲਾ ਪ੍ਰਧਾਨ ਬਲਬੀਰ ਸਿੰਘ ਮੂਧਲ ਨੇ ਕਿਹਾ ਕਿ ਦੇਸ਼ ਦੀਆਂ ਪਹਿਲਵਾਨ ਖਿਡਾਰਨਾਂ ਨੂੰ ਇਨਸਾਫ ਦਿਵਾਉਣ ਲਈ ਸੰਯੁਕਤ ਕਿਸਾਨ ਮੋਰਚਾ ਜੋ ਪ੍ਰੋਗਰਾਮ ਦੇਵੇਗਾ, ਪੰਜਾਬ ਕਿਸਾਨ ਯੂਨੀਅਨ ਡਟ ਕੇ ਸਾਥ ਦੇਵੇਗੀ। ਇਸ ਸਮੇਂ ਜ਼ਿਲ੍ਹਾ ਆਗੂ ਮਨਜੀਤ ਸਿੰਘ ਗਹਿਰੀ, ਗੁਰਪ੍ਰਨਾਮ ਸਿੰਘ, ਸਿਮਰਜੀਤ ਸਿੰਘ ਸਰਕਾਰੀਆ ਨੇ ਵੀ ਸੰਬੋਧਨ ਕੀਤਾ। ਇਸ ਮੌਕੇ ਸਵਿੰਦਰ ਸਿੰਘ ਬਾਰੀਆ, ਗੋਲਡੀ, ਬਲਦੇਵ ਸਿੰਘ, ਕਾਮਰੇਡ ਲਖਵਿੰਦਰ ਸਿੰਘ, ਬਲਦੇਵ ਸਿੰਘ ਸਰਕਾਰੀਆ, ਕਸ਼ਮੀਰ ਸਿੰਘ ਅਤੇ ਸਤਨਾਮ ਸਿੰਘ ਮੂਧਲ ਆਦਿ ਹਾਜ਼ਰ ਸਨ।

# ਚਿਰੋਕਣੀ ਮੰਗ ਪੂਰੀ ਕਰਕੇ ਡਾ. ਸੋਹਲ ਨੇ ਸ੍ਰੀ ਚੰਦਰ ਕਲੋਨੀ ਵਾਸੀਆਂ ਦਾ ਦਿਲ ਜਿੱਤਿਆ



ਤਰਨ ਤਾਰਨ (ਸਾਗਰਦੀਪ ਸਿੰਘ ਅਰੋੜਾ)-ਵਿਧਾਨ ਸਭਾ ਹਲਕਾ ਤਰਨਤਾਰਨ ਤੋਂ ਵਿਧਾਇਕ ਡਾਕਟਰ ਕਸ਼ਮੀਰ ਸਿੰਘ ਸੋਹਲ ਨੇ ਤਰਨਤਾਰਨ ਦੇ ਸ੍ਰੀ ਚੰਦਰ ਕਲੋਨੀ ਦੇ ਵਸਨੀਕਾਂ ਦੀ 21 ਸਾਲਾਂ ਤੋਂ ਲਟਕ ਰਹੀ ਮੰਗ ਨੂੰ ਇਕ ਹਫਤੇ 'ਚ ਪੂਰਾ ਕਰਕੇ ਇਲਾਕੇ ਦੇ ਲੋਕਾਂ ਦਾ ਦਿਲ ਜਿੱਤਿਆ ਹੈ ਜਿਸ ਨਾਲ ਇਲਾਕੇ ਦੇ ਲੋਕ ਹਲਕਾ ਵਿਧਾਇਕ ਦੀ ਕਾਰਜਕਾਰੀ ਤੋਂ ਬੇਹੱਦ ਖੁਸ਼ ਹਨ ਅਤੇ ਇਲਾਕਾ ਵਾਸੀਆਂ ਨੇ ਵਿਧਾਇਕ ਦਾ ਧੰਨਵਾਦ ਵੀ ਕੀਤਾ। ਇਸ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਇਲਾਕਾ ਵਾਸੀ ਡਾਕਟਰ ਕੁਲਦੀਪ ਸਿੰਘ ਢਿੱਲੋਂ ਤੇ ਕੈਪਟਨ ਬਲਦੇਵ ਸਿੰਘ ਨੇ ਦੱਸਿਆ ਕਿ ਸ੍ਰੀ ਚੰਦਰ ਕਲੋਨੀ ਦੀ ਸੜਕ ਦਾ ਬੇਹੱਦ ਬੁਰਾ ਹਾਲ ਸੀ ਅਤੇ ਪਿੱਛਲੇ 21 ਸਾਲਾਂ ਤੋਂ ਇਹ ਸੜਕ ਨਹੀਂ ਬਣੀ ਸੀ। ਸੜਕਾਂ ਟੁੱਟੀਆਂ ਹੋਣ ਦੇ ਕਾਰਨ ਇਲਾਕੇ ਦੇ ਲੋਕ ਬੇਹੱਦ ਪ੍ਰੇਸ਼ਾਨ ਸਨ। ਉਨ੍ਹਾਂ ਕਿਹਾ ਕਿ ਇਸ ਸੜਕ ਨੂੰ ਬਣਾਉਣ ਲਈ ਅਕਾਲੀ ਦਲ ਦੇ ਵਿਧਾਇਕ ਨੂੰ ਵੀ ਕਿਹਾ ਤੇ ਕਾਂਗਰਸੀ ਵਿਧਾਇਕ ਨੂੰ ਵੀ ਕਈ ਵਾਰ ਕਿਹਾ ਗਿਆ ਪਰ ਕਿਸੇ ਨੇ ਵੀ ਸਾਰ ਨਹੀਂ ਲਈ। ਉਨ੍ਹਾਂ ਹਲਕਾ ਵਿਧਾਇਕ ਡਾਕਟਰ ਕਸ਼ਮੀਰ ਸਿੰਘ ਸੋਹਲ ਨੂੰ ਆਪਣੀ ਸਮੱਸਿਆ ਦੱਸੀ ਤਾਂ ਉਹ ਇਕ ਹਫਤੇ ਦੇ ਅੰਦਰ-ਅੰਦਰ ਸੜਕ ਦਾ ਨਵੀਨੀਕਰਨ ਕਰਵਾ ਕੇ ਨਵੀਂ ਸੜਕ ਬਣਾ ਦਿਤੀ ਜਿਸ ਤੋਂ ਹੁਣ ਇਲਾਕਾ ਵਾਸੀ ਬੇਹੱਦ ਖੁਸ਼ ਹਨ। ਉਨ੍ਹਾਂ ਕਿਹਾ ਕਿ ਅਸੀਂ ਸਾਰੇ ਚੰਦਰ ਕਲੋਨੀ ਨਿਵਾਸੀ ਵਿਧਾਇਕ ਦੇ ਤਹਿ ਦਿਲੋਂ ਧੰਨਵਾਦੀ ਹਾਂ ਤੇ ਆਸ ਕਰਦੇ ਹਾਂ ਕਿ ਭਵਿੱਖ ਵਿਚ ਵੀ ਵਿਧਾਇਕ ਇਮਾਨਦਾਰੀ ਨਾਲ ਆਪਣਾ ਕੰਮ ਕਰਦੇ ਰਹਿਣਗੇ। ਇਸ ਮੌਕੇ ਦਰਸ਼ਨ ਸਿੰਘ, ਸੁਸ਼ਮਾ ਅਰੋੜਾ, ਗੁਰਚਰਨ ਸਿੰਘ, ਬਲਜੀਤ ਸਿੰਘ, ਗੁਰਬੀਰ ਸਿੰਘ ਗੋਰਾ, ਸ਼ੰਕਰ, ਹਰਦੀਪ ਸਿੰਘ ਰਾਜੂ, ਇੰਦਰਜੀਤ ਕੌਰ ਕੁਲਜੀਤ ਸਿੰਘ, ਮਦਨ ਲਾਲ ਫੈਂਸੀ, ਦਿਲਬਾਗ ਸਿੰਘ, ਨਰਿੰਦਰ ਸਿੰਘ ਮਾਹਲਾ, ਗਗਨਦੀਪ ਦਸਮੇਸ਼ ਮਕੈਨੀਕਲ ਆਦਿ ਤੋਂ ਇਲਾਵਾ ਹੋਰ ਵੀ ਇਲਾਕਾ ਵਾਸੀ ਹਾਜ਼ਰ ਸਨ।

# ਮਾਤਾ ਜਗੀਰ ਕੌਰ ਨਮਿੱਤ ਸ਼ਰਧਾਂਜਲੀ ਸਮਾਗਮ 11 ਨੂੰ

ਸਰਹਾਲੀ ਕਲਾਂ (ਹਰਪ੍ਰੀਤ ਸਿੰਘ ਚੰਬਾ)-ਸਥਾਨਕ ਬੱਸ ਸਟੈਂਡ 'ਚ ਸਥਿੱਤ ਸੰਧੂ ਟੂਰ ਟ੍ਰੈਵਲਜ਼ ਅਤੇ ਐਸਪੀ ਓਪਨ ਸਕਾਈਜ਼ ਤਰਨ ਤਾਰਨ ਦੇ ਮਾਲਕ ਅੰਮ੍ਰਿਤਪਾਲ ਸਿੰਘ ਸੰਧੂ ਦੀ ਦਾਦੀ ਮਾਤਾ ਜਗੀਰ ਕੌਰ (92) ਧਰਮ ਪਤਨੀ ਸਵਰਗੀ ਮੇਲਾ ਸਿੰਘ ਕਰਮੂਵਾਲਾ ਜੋ ਸੰਖੇਪ ਜਿਹੀ ਬਿਮਾਰੀ ਤੋਂ ਬਾਅਦ ਸਦੀਵੀ ਵਿਛੋੜਾ ਦੇ ਗਏ ਸੀ, ਦਾ ਅੰਤਿਮ ਸੰਸਕਾਰ ਚੋਹਲਾ ਸਾਹਿਬ ਵਿਖੇ ਕੀਤਾ ਗਿਆ। ਸੰਸਕਾਰ ਮੌਕੇ ਵੱਖ-ਵੱਖ ਸਿਆਸੀ, ਗੈਰ-ਸਿਆਸੀ ਪਾਰਟੀਆਂ ਦੇ ਆਗੂਆਂ ਤੇ ਇਲਾਕੇ ਦੇ ਪੰਚਾਂ-ਸਰਪੰਚਾਂ ਤੇ ਪਤਵੰਤਿਆਂ ਨੇ ਮਾਤਾ ਨੂੰ ਹੰਝੂਆਂ ਭਰੀ ਵਿਦਾਇਗੀ ਦਿੱਤੀ। ਮਾਤਾ ਦੇ ਵੱਡੇ ਸਪੁੱਤਰ ਸੁਖਵੰਤ ਸਿੰਘ ਜੇਈ ਨੇ ਦੱਸਿਆ ਕਿ ਆਤਮਿਕ ਸ਼ਾਂਤੀ ਲਈ ਰੱਖੇ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ 11 ਜੂਨ ਐਤਵਾਰ ਨੂੰ ਉਨ੍ਹਾਂ ਦੇ ਗ੍ਰਹਿ ਪੱਤੀ ਦੌਲੇ ਕੀ ਚੋਹਲਾ ਸਾਹਿਬ ਵਿਖੇ ਪੈਣਗੇ। ਭੋਗ ਉਪਰੰਤ ਅੰਤਿਮ ਅਰਦਾਸ/ਕੀਰਤਨ ਤੇ ਸ਼ਰਧਾਂਜਲੀ ਸਮਾਗਮ ਗੁਰਦਵਾਰਾ ਪਾਤਸ਼ਾਹੀ ਪੰਜਵੀਂ ਚੋਹਲਾ ਸਾਹਿਬ ਵਿਖੇ ਹੋਵੇਗਾ।

# ਕਲਾਸਵਾਲਾ ਖਾਲਸਾ ਸਕੂਲ 'ਚ ਵਿਸ਼ਵ ਵਾਤਾਵਰਣ ਦਿਵਸ ਮਨਾਇਆ



ਕਾਦੀਆਂ (ਯਾਦਵਿੰਦਰ ਸਿੰਘ ਮਲਹੋਤਰਾ)-ਸਥਾਨਕ ਕਲਾਸਵਾਲਾ ਖਾਲਸਾ ਸੀਨੀਅਰ ਸੈਕੰਡਰੀ ਸਕੂਲ, ਕਾਦੀਆ ਵਿਖੇ ਵਿਸ਼ਵ ਵਾਤਾਵਰਣ ਦਿਵਸ ਮਨਾਇਆ ਗਿਆ ਜਿਸ ਵਿਚ ਐਨਸੀਸੀ ਕੈਡਿਟਾਂ ਅਤੇ ਐਨਐੱਸਐੱਸ ਵਲੰਟੀਅਰ ਵਿਦਿਆਰਥੀਆਂ ਨੇ ਬੜੇ ਉਤਸ਼ਾਹ ਨਾਲ ਭਾਗ ਲਿਆ ਅਤੇ ਪਲੀਤ ਹੋ ਰਹੇ ਵਾਤਾਵਰਣ ਪ੍ਰਤੀ ਚਿੰਤਾ ਜ਼ਾਹਰ ਕੀਤੀ।

ਵਿਦਿਆਰਥੀਆਂ ਨੇ ਵੱਖ-ਵੱਖ ਤਰ੍ਹਾਂ ਦੇ ਪੋਸਟਰ ਬਣਾ ਕੇ ਵਾਤਾਵਰਨ ਸੰਭਾਲ ਦਾ ਸੰਦੇਸ਼ ਦਿੱਤਾ। ਵਿਦਿਆਰਥੀਆਂ ਨੇ ਸਕੂਲ ਕੈਂਪਸ, ਘਰਾਂ ਅਤੇ ਆਸ ਪਾਸ ਦੇ ਇਲਾਕਿਆਂ ਵਿੱਚ ਬੂਟੇ ਲਗਾ ਕੇ ਉਨ੍ਹਾਂ ਦੀ ਸੰਭਾਲ ਦਾ ਪ੍ਰਣ ਲਿਆ। ਇਸ ਮੌਕੇ ਸਕੂਲ ਪ੍ਰਿੰਸੀਪਲ ਸ਼ਾਲਿਨੀ ਸ਼ਰਮਾ, ਸਟਾਫ ਅਤੇ ਵਿਦਿਆਰਥੀਆਂ ਵੱਲੋਂ ਫਲਦਾਰ ਅਤੇ ਛਾਂਦਾਰ ਬੂਟੇ ਲਗਾਏ ਗਏ। ਪ੍ਰਿੰਸੀਪਲ ਸ਼ਰਮਾ ਨੇ ਸਭ ਨੂੰ ਵਾਤਾਵਰਣ ਦਿਵਸ ਦੀ ਵਧਾਈ ਦਿੱਤੀ ਅਤੇ ਕਿਹਾ ਕਿ ਸਾਨੂੰ ਸਿੰਗਲ ਯੂਜ਼ ਪਲਾਸਟਿਕ ਨਹੀਂ ਵਰਤਣੀ ਚਾਹੀਦੀ ਅਤੇ ਹਰ ਮਨੁੱਖ ਨੂੰ ਆਪਣੀ ਜ਼ਿੰਦਗੀ ਵਿਚ ਇੱਕ ਪੌਦਾ ਜ਼ਰੂਰ ਲਗਾਉਣਾ ਚਾਹੀਦਾ ਹੈ। ਇਸ ਮੌਕੇ ਸਕੂਲ ਵਾਈਸ ਪ੍ਰਿੰਸੀਪਲ ਪਰਮਿੰਦਰ ਕੌਰ, ਹੈੱਡ ਮਾਸਟਰ ਪਰਮਜੀਤ ਸਿੰਘ, ਹਰਦੀਪ ਸਿੰਘ ਅਤੇ ਰੂਹੀ ਭਗਤ ਹਾਜ਼ਰ ਸਨ।

# ਸਰਕਾਰੀ ਸਕੂਲ ਕਾਦੀਆਂ 'ਚ ਵਿਸ਼ਵ ਵਾਤਾਵਰਨ ਦਿਵਸ ਮਨਾਇਆ



ਕਾਦੀਆਂ (ਯਾਦਵਿੰਦਰ ਸਿੰਘ ਮਲਹੋਤਰਾ)-ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਕਾਦੀਆਂ ਵਿੱਚ ਪ੍ਰਿੰਸੀਪਲ ਡਾਕਟਰ ਸੁਨੀਤਾ ਕੌਸ਼ਲ ਦੀ ਅਗਵਾਈ ਹੇਠ ਵਿਸ਼ਵ ਵਾਤਾਵਰਨ ਦਿਵਸ ਮਨਾਇਆ ਗਿਆ। ਸਕੂਲ ਨੂੰ ਹਰਿਆ-ਭਰਿਆ ਤੇ ਖੁਸ਼ਹਾਲ ਰੱਖਣ ਲਈ ਸਕੂਲ ਦੀ ਬਿਲਡਿੰਗ ਵਿਚ ਸਮੂਹ ਸਟਾਫ ਵੱਲੋਂ ਫਲਦਾਰ ਅਤੇ ਸੰਘਣੀ ਛਾਂ ਵਾਲੇ ਪੌਦੇ ਲਗਾਏ ਗਏ। ਇਸ ਮੌਕੇ ਪ੍ਰਿੰ. ਡਾ. ਸੁਨੀਤਾ ਕੌਸ਼ਲ ਨੇ ਗੱਲਬਾਤ ਕਰਦਿਆਂ ਹੋਇਆਂ ਕਿਹਾ ਕਿ ਧਰਤੀ ਨੂੰ ਸਾਫ ਸੁਥਰਾ ਅਤੇ ਹਰਿਆ ਰੱਖਣ ਲਈ ਰੁੱਖਾਂ ਦਾ ਹੋਣਾ ਜ਼ਰੂਰੀ ਹੈ। ਇਸ ਲਈ ਹਰ ਇਨਸਾਨ ਨੂੰ ਆਪਣੀ ਜ਼ਿੰਦਗੀ ਵਿਚ ਇਕ ਰੁੱਖ ਜ਼ਰੂਰ ਲਗਾਉਣਾ ਚਾਹੀਦਾ ਹੈ। ਇਸ ਨਾਲ ਵਾਤਾਵਰਨ ਸਾਫ-ਸੁਥਰਾ ਰਹਿੰਦਾ ਹੈ ਅਤੇ ਜਿਸ ਨਾਲ ਧਰਤੀ ਉੱਤੇ ਵਧੇਰੇ ਆਕਸੀਜਨ ਹੋਵੇਗੀ ਜਿਸ ਨਾਲ ਇਨਸਾਨਾਂ ਨੂੰ ਹੋਣ ਵਾਲੀਆਂ ਭਿਆਨਕ ਅਤੇ ਖਤਰਨਾਕ ਬਿਮਾਰੀਆਂ ਤੋਂ ਬਚਾਇਆ ਜਾ ਸਕਦਾ ਹੈ। ਇਸ ਮੌਕੇ ਸਕੂਲ ਪ੍ਰਿੰ. ਕੌਸ਼ਲ ਤੋਂ ਇਲਾਵਾ ਪ੍ਰਦੀਪ ਕੁਮਾਰ, ਵਿਪਨ ਕੁਮਾਰ, ਕਾਂਤਾ ਦੇਵੀ, ਗੁਰਟੇਕ ਸਿੰਘ, ਅਜੇ ਕੁਮਾਰ, ਬਲਵਿੰਦਰ ਕੁਮਾਰ, ਜਗਦੀਸ, ਸੋਨੀਆ ਆਦਿ ਸਟਾਫ ਮੈਂਬਰ ਹਾਜ਼ਰ ਸਨ।

# ਰੋਟਰੀ ਕਲੱਬ ਆਸਥਾ ਨੇ ਰੁੱਖ ਲਗਾ ਕੇ ਮਨਾਇਆ ਵਿਸ਼ਵ ਵਾਤਾਵਰਣ ਦਿਹਾੜਾ



ਅੰਮ੍ਰਿਤਸਰ (ਅਰੋੜਾ): ਰੋਟਰੀ ਕਲੱਬ ਅੰਮ੍ਰਿਤਸਰ ਆਸਥਾ ਵੱਲੋਂ ਕਲੱਬ ਦੇ ਪ੍ਰਧਾਨ ਅਸ਼ਵਨੀ ਅਵਸਥੀ ਸਕੱਤਰ ਅਮਨ ਸ਼ਰਮਾ ਦੀ ਪ੍ਰਧਾਨਗੀ ਵਿੱਚ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਸੋਹੀਆਂ ਕਲਾਂ ਵਿੱਚ ਰੁੱਖ ਲਗਾ ਕੇ ਵਿਸ਼ਵ ਵਾਤਾਵਰਨ ਦਿਵਸ ਮਨਾਇਆ। ਇਸ ਮੌਕੇ ਇੱਕ ਸਾਦੇ ਸਮਾਗਮ ਦਾ ਆਯੋਜਨ ਵੀ ਕੀਤਾ ਗਿਆ।

ਕਲੱਬ ਦੇ ਮੈਂਬਰਾਂ ਅਤੇ ਸਕੂਲ ਸਟਾਫ ਨੇ ਵਾਤਾਵਰਨ ਦੀ ਦੇਖਭਾਲ ਲਈ ਜ਼ਿਆਦਾ ਤੋਂ ਜ਼ਿਆਦਾ ਰੁੱਖ ਲਗਾਉਣ ਦਾ ਸੰਕਲਪ ਕੀਤਾ। ਪ੍ਰਧਾਨ ਅਸ਼ਵਨੀ ਅਵਸਥੀ ਨੇ ਕਿਹਾ ਕਿ ਰੁੱਖ ਲਗਾਉਣਾ ਸਮੇਂ ਦੀ ਸਭ ਤੋਂ ਵੱਡੀ ਜ਼ਰੂਰਤ ਹੈ। ਵਾਤਾਵਰਨ ਦੀ ਦੇਖਭਾਲ ਅਤੇ ਪ੍ਰਦੂਸ਼ਣ ਰਹਿਤ ਬਣਾਉਣ ਲਈ ਰੁੱਖ ਲਗਾਉਣਾ ਹੀ ਇੱਕ ਮਾਤਰ ਸਾਧਨ ਹੈ। ਇਸ ਨਾਲ ਆਕਸੀਜਨ ਦੀ ਕਮੀ ਵੀ ਮਹਿਸੂਸ ਨਹੀਂ ਹੋਵੇਗੀ। ਹਰੇਕ ਪਰਿਵਾਰ ਨੂੰ ਆਪਣੇ ਘਰ ਦੇ ਵਿਹੜੇ ਜਾਂ ਫਿਰ ਆਲੇ ਦੁਆਲੇ ਕਿਸੇ ਵੀ ਖੁੱਲੀ ਜਗ੍ਹਾ ਤੇ ਰੁੱਖ ਜ਼ਰੂਰ ਲਗਾਉਣੇ ਚਾਹੀਦੇ ਹਨ। ਇਸ ਮੌਕੇ ਸਕੂਲ ਦੇ ਪ੍ਰਿੰਸੀਪਲ ਪਵਨਪ੍ਰੀਤ ਕੌਰ, ਹਰਪ੍ਰੀਤ ਸਿੰਘ, ਹਰਪਾਲ ਸਿੰਘ, ਗੋਪੀ ਚੰਦ, ਅਨੀਤਾ ਕੋਹਲੀ, ਨੀਤੂ ਜੋਸ਼ੀ, ਸਤਿੰਦਰਜੀਤ, ਰੇਣੂਕਾ, ਬਲਬੀਰ ਕੌਰ, ਨਵੀਨ ਗੌਰਵ ਗੰਭੀਰ, ਅਮਨਪ੍ਰੀਤ ਸਿੰਘ, ਮੁਕੇਸ਼ ਜੋਸ਼ੀ, ਹਰਪ੍ਰੀਤ ਸਿੰਘ ਹੈਪੀ ਆਦਿ ਸਮੂਹ ਮੈਂਬਰ ਮੌਜੂਦ ਸਨ।

# ਦਾਜ ਮੰਗਣ 'ਤੇ ਪਤੀ ਖ਼ਿਲਾਫ਼ ਮਾਮਲਾ ਦਰਜ

ਗੁਰਦਾਸਪੁਰ (ਜਨਕ ਮਹਾਜਨ)-ਥਾਣਾ ਬਹਿਰਾਮਪੁਰ ਪੁਲਸ ਨੇ ਦਹੇਜ ਦੀ ਮੰਗ ਕਰਨ ਵਾਲੇ ਪਤੀ ਵਿਅਕਤੀ ਖਿਲਾਫ ਮਾਮਲਾ ਦਰਜ ਕੀਤਾ ਗਿਆ ਹੈ। ਮਿਲੀ ਜਾਣਕਾਰੀ ਅਨੁਸਾਰ ਥਾਣਾ ਬਹਿਰਾਮਪੁਰ ਵਿਖੇ ਗਗਨਦੀਪ ਕੌਰ ਪੁੱਤਰ ਸੁਲੱਖਣ ਸਿੰਘ ਵਾਸੀ ਸਾਦੜ ਨੇ ਸ਼ਿਕਾਇਤ ਕੀਤੀ ਕਿ ਉਸ ਦਾ ਵਿਆਹ ਮਿਤੀ 11.4.2021 ਨੂੰ ਹਰਮਨਜੀਤ ਸਿੰਘ ਪੁੱਤਰ ਬਲਦੇਵ ਸਿੰਘ ਵਾਸੀ ਕਠਿਆਲੀ ਥਾਣਾ ਦੋਰਾਂਗਲਾ ਨਾਲ ਹੋਇਆ ਸੀ। ਵਿਆਹ ਤੋਂ ਬਾਅਦ ਉਸ ਦਾ ਪਤੀ ਉਸ ਨੂੰ ਆਪਣੇ ਪੇਕੇ ਘਰੋਂ ਕਾਰ ਲਿਆਉਣ ਲਈ ਤੰਗ ਪਰੇਸ਼ਾਨ ਕਰਦਾ ਸੀ ਅਤੇ ਮਿਤੀ 11.12.22 ਨੂੰ ਉਸ ਦੇ ਪਤੀ ਨੇ ਕੁੱਟਮਾਰ ਕਰਕੇ ਉਸ ਨੂੰ ਘਰੋਂ ਕੱਢ ਦਿੱਤਾ ਅਤੇ ਉਹ ਉਦੋਂ ਤੋਂ ਹੀ ਆਪਣੀ ਬੱਚੀ ਸਮੇਤ ਪੇਕੇ ਘਰ ਰਹਿ ਰਹੀ ਹੈ। ਪੀੜਤ ਦੀ ਸ਼ਿਕਾਇਤ 'ਤੇ ਉਪ ਪੁਲਸ ਕਪਤਾਨ ਦੇ ਹੁਕਮਾਂ 'ਤੇ ਜਾਂਚ ਪੜਤਾਲ ਦੌਰਾਨ ਪੀੜਤਾ ਦੇ ਪਤੀ ਹਰਮਨਜੀਤ ਸਿੰਘ ਪੁੱਤਰ ਬਲਦੇਵ ਸਿੰਘ ਖਿਲਾਫ ਦਾਜ ਮੰਗਣ 'ਤੇ ਧਾਰਾ 406, 498 ਏ ਤਹਿਤ ਮਾਮਲਾ ਦਰਜ ਕਰਕੇ ਅਗਲੇਰੀ ਕਾਰਵਾਈ ਆਰੰਭ ਕਰ ਦਿੱਤੀ ਹੈ।

# ਗੁਰੂ ਹਰਗੋਬਿੰਦ ਸਾਹਿਬ ਜੀ ਦਾ ਪ੍ਰਕਾਸ਼ ਪੁਰਬ ਮਨਾਇਆ



ਤਰਸਿੱਕਾ, (ਤਰਸੇਮ ਸਿੰਘ ਸਾਧਪੁਰ)—ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੀ ਚਰਨ ਛੋਹ ਪ੍ਰਾਪਤ ਗੁਰਦੁਆਰਾ ਗੁਰੂ ਕੀ ਬੇਰ ਸਾਹਿਬ ਵਿਖੇ ਮੁੱਖ ਸੇਵਾਦਾਰ ਸੰਤ ਬਾਬਾ ਜੰਗ ਸਿੰਘ ਦੀ ਅਗਵਾਈ ਹੇਠ ਇਲਾਕੇ ਦੀਆਂ ਸੰਗਤਾਂ ਵੱਲੋਂ ਸਾਹਿਬ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦਾ ਪ੍ਰਕਾਸ਼ ਗੁਰਪੁਰਬ ਸਰਧਾ ਭਾਵਨਾ ਅਤੇ ਉਤਸਾਹ ਨਾਲ ਮਨਾਇਆ ਗਿਆ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਰੱਖੇ ਗਏ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਪੈਣ ਉਪਰੰਤ ਰਾਗੀ ਢਾਡੀ ਅਤੇ ਕਵੀਸਰੀ ਜਥਿਆਂ ਵੱਲੋਂ ਗੁਰੂ ਕੀਆਂ ਸੰਗਤਾਂ ਨੂੰ ਨਿਹਾਲ ਕੀਤਾ ਗਿਆ ਅਤੇ ਸਾਹਿਬ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਦੇ ਜੀਵਨ ਤੋਂ ਸੰਗਤਾਂ ਨੂੰ ਜਾਣੂ ਕਰਵਾਇਆ ਗਿਆ। ਇਸ ਮੌਕੇ ਬੁਲਾਰਿਆਂ ਨੇ ਸੰਗਤਾਂ ਨੂੰ ਅਪੀਲ ਕੀਤੀ ਕਿ ਸਾਹਿਬ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਵੱਲੋਂ ਦੱਸੇ ਹੋਏ ਮਾਰਗ 'ਤੇ ਚੱਲ ਕੇ ਨਾਮ ਸਿਮਰਨ ਕਰਕੇ ਆਪਣਾ ਜੀਵਨ ਸਫਲਾ ਕਰਨਾ ਚਾਹੀਦਾ ਹੈ। ਇਸ ਇਸ ਮੌਕੇ ਗੁਰੂ ਕੇ ਲੰਗਰ ਅਤੇ ਠੰਡੇ-ਮਿੱਠੇ ਜਲ ਦੀਆਂ ਛਬੀਲਾਂ ਵੀ ਸੰਗਤਾਂ ਨੂੰ ਛਕਾਈਆਂ ਗਈਆਂ। ਹੋਰਨਾਂ ਤੋਂ ਇਲਾਵਾ ਸਰਪੰਚ ਸਰਬਜੀਤ ਸਿੰਘ, ਨਿੰਦਰ ਸਿੰਘ ਬਾਠ, ਰਣਜੀਤ ਸਿੰਘ ਬਾਠ, ਬਾਬਾ ਜੱਸਾ ਸਿੰਘ, ਬਾਬਾ ਸੁੱਖਾ ਸਿੰਘ, ਬਲਰਾਜ ਸਿੰਘ ਰਾਜਾ, ਬਲਜਿੰਦਰ ਸਿੰਘ ਨਿੰਬਰਵਿੰਡ, ਦਲਬੀਰ ਸਿੰਘ ਬੁਲਾਰਾ, ਕੁਲਦੀਪ ਸਿੰਘ ਬੋਪਰਾਏ, ਜਸਬੀਰ ਸਿੰਘ ਖਿਦੋਵਾਲੀ, ਅਵਤਾਰ ਸਿੰਘ ਬੋਪਰਾਏ, ਸਰਪੰਚ ਪ੍ਰੇਮ ਸਿੰਘ ਤਰਫਾਂਨ, ਹਰਦੀਪ ਸਿੰਘ ਜੰਡ ਅਤੇ ਹੋਰ ਆਗੂ ਵੀ ਸੰਗਤਾਂ ਵਿੱਚ ਹਾਜ਼ਰ ਸਨ।

# ਨਸ਼ੀਲੀਆਂ ਗੋਲੀਆਂ ਸਮੇਤ ਦੋ ਕਾਬੂ, ਮਾਮਲਾ ਦਰਜ



ਭਿੱਖੀਵਿੰਡ/ਖਾਲੜਾ (ਲਖਵਿੰਦਰ ਸਿੰਘ ਗੋਲਣ/ਰਣਬੀਰ ਸਿੰਘ ਗੋਲਣ) ਥਾਣਾ ਭਿੱਖੀਵਿੰਡ ਦੀ ਪੁਲਸ ਨੇ ਡਰੱਗ ਇੰਸਪੈਕਟਰ ਤਰਨ ਤਾਰਨ ਦੀ ਹਾਜ਼ਰੀ 'ਚ ਬਲੇਹਰ ਰੋਡ 'ਤੇ ਸਥਿਤ ਮੈਡੀਕਲ ਸਟੋਰ ਤੋਂ ਨਸ਼ੀਲੀਆਂ ਗੋਲੀਆਂ ਸਮੇਤ ਦੋ ਨੌਜਵਾਨਾਂ ਨੂੰ ਕਾਬੂ ਕੀਤਾ ਹੈ। ਇਸ ਸੰਬੰਧੀ ਜਾਣਕਾਰੀ ਦਿੰਦਿਆਂ ਥਾਣਾ ਭਿੱਖੀਵਿੰਡ ਦੇ ਐਸ.ਐਚ.ਓ. ਬਲਜਿੰਦਰ ਸਿੰਘ ਨੇ ਦੱਸਿਆ ਕਿ ਜਦੋਂ ਐਸ.ਆਈ ਗੁਰਬਖਸ ਸਿੰਘ ਨੇ ਜ਼ਿਲ੍ਹਾ ਡਰੱਗ ਇੰਸਪੈਕਟਰ ਹਰਪ੍ਰੀਤ ਸਿੰਘ ਦੀ ਮੌਜੂਦਗੀ 'ਚ ਸਮੇਤ ਪੁਲਸ ਪਾਰਟੀ ਭਿੱਖੀਵਿੰਡ ਪਿੰਡ ਦੇ ਬਲੇਹਰ ਰੋਡ 'ਤੇ ਸਥਿਤ ਅਰਦਾਸ ਮੈਡੀਕਲ ਸਟੋਰ 'ਤੇ ਛਾਪੇਮਾਰੀ ਕੀਤੀ ਤਾਂ ਪੁਲਸ ਪਾਰਟੀ ਨੂੰ ਤਲਾਸ਼ੀ ਦੌਰਾਨ ਉਪਰੋਕਤ ਮੈਡੀਕਲ ਸਟੋਰ ਤੋਂ ਨਸ਼ੀਲੀਆਂ ਗੋਲੀਆਂ ਬਰਾਮਦ ਹੋਈਆਂ। ਥਾਣਾ ਮੁਖੀ ਨੇ ਦੱਸਿਆ ਕਿ ਡਰੱਗ ਇੰਸਪੈਕਟਰ ਵੱਲੋਂ ਪੁਲਸ ਪਾਰਟੀ ਨਾਲ ਕੀਤੀ ਗਈ ਤਲਾਸ਼ੀ ਦੌਰਾਨ ਟਰਾਮਾਡੋਲ ਹਾਈਡਰੋਕਲੋਰਾਇਡ (100 ਐਮਜੀ) ਨਾਮਕ ਸਾਲਟ ਦੀਆਂ ਗੋਲੀਆਂ ਦੇ ਚਾਰ ਡੱਬੇ ਜਿਨ੍ਹਾਂ 'ਚ ਹਰੇਕ ਡੱਬੇ 'ਚ 10-10 ਗੋਲੀਆਂ ਵਾਲੇ 20-20 ਸਟਰਿੱਪਸ ਸਨ ਅਤੇ 1 ਡੱਬਾ ਟਰਾਮਾਡੋਲ ਹਾਈਡਰੋਕਲੋਰਾਇਡ (100 ਐਮਜੀ), ਜਿਸ 'ਚ 10-10 ਗੋਲੀਆਂ ਵਾਲੇ 8 ਸਟਰਿੱਪਸ ਸਨ, ਬਰਾਮਦ ਹੋਏ। ਥਾਣਾ ਮੁਖੀ ਨੇ ਦੱਸਿਆ ਕਿ ਉਪਰੋਕਤ ਮੈਡੀਕਲ ਸਟੋਰ ਤੋਂ ਬਰਾਮਦ ਹੋਈਆਂ ਨਸ਼ੀਲੀਆਂ ਗੋਲੀਆਂ ਦੀ ਕੁੱਲ ਗਿਣਤੀ 880 ਹੈ। ਇਸ ਮੌਕੇ ਐੱਸਐੱਚਓ ਨੇ ਦੱਸਿਆ ਕਿ ਜਦੋਂ ਪੁਲਸ ਪਾਰਟੀ ਵੱਲੋਂ ਮੈਡੀਕਲ ਸਟੋਰ ਤੇ ਮੌਜੂਦ ਦੋ ਨੌਜਵਾਨਾਂ ਦਾ ਨਾਮ ਪਤਾ ਪੁੱਛਿਆ ਗਿਆ ਤਾਂ ਉਨ੍ਹਾਂ ਵਿੱਚੋਂ ਇੱਕ ਨੇ ਆਪਣਾ ਨਾਮ ਹਰਪਾਲ ਸਿੰਘ ਪੁੱਤਰ ਰਣਜੀਤ ਸਿੰਘ ਅਤੇ ਦੂਜੇ ਨੇ ਆਪਣਾ ਨਾਮ ਅਮ੍ਰਿਤਪਾਲ ਸਿੰਘ ਪੁੱਤਰ ਰਣਜੀਤ ਸਿੰਘ ਵਾਸੀ ਚੜ੍ਹਦੀ ਪੱਤੀ ਭਿੱਖੀਵਿੰਡ ਦੱਸਿਆ। ਉਨ੍ਹਾਂ ਕਿਹਾ ਕਿ ਉਪਰੋਕਤ ਵਿਅਕਤੀਆਂ ਖਿਲਾਫ ਐੱਨਡੀਪੀਐਸ ਐਕਟ 22,61,85 ਅਧੀਨ ਮੁਕੱਦਮਾ ਦਰਜ ਕੀਤਾ ਗਿਆ ਹੈ।

# ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਦਾ ਪ੍ਰਕਾਸ਼ ਪੁਰਬ ਸ਼ਰਧਾ ਸਹਿਤ ਮਨਾਇਆ



ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)-ਖਾਲਸਾ ਕਾਲਜ ਗਵਰਨਿੰਗ ਕੌਂਸਲ ਵੱਲੋਂ ਛੇਵੀਂ ਪਾਤਸ਼ਾਹੀ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਦਾ ਪ੍ਰਕਾਸ਼ ਪੁਰਬ ਖ਼ਾਲਸਾ ਕਾਲਜ ਕੈਂਪਸ ਸਥਿਤ ਗੁਰਦੁਆਰਾ ਸਾਹਿਬ ਵਿਖੇ ਬੜੀ ਸ਼ਰਧਾਭਾਵਨਾ ਤੇ ਉਤਸ਼ਾਹ ਨਾਲ ਮਨਾਇਆ ਗਿਆ। ਇਸ ਮੌਕੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਤੋਂ ਹਜ਼ੂਰੀ ਰਾਗੀ ਭਾਈ ਅਰਵਿੰਦਰ ਸਿੰਘ ਨੂਰ ਦੇ ਕੀਰਤਨੀ ਜਥੇ ਨੇ ਰਸਭਿੰਨੇ ਕੀਰਤਨ ਦੁਆਰਾ ਹਾਜ਼ਰ ਸੰਗਤ ਨੂੰ ਗੁਰ ਚਰਨਾਂ ਨਾਲ ਜੋੜਿਆ। ਇਸ ਪਵਿੱਤਰ ਦਿਹਾੜੇ ਮੌਕੇ ਕੌਂਸਲ ਦੇ ਆਨਰੇਰੀ ਸਕੱਤਰ ਰਜਿੰਦਰ ਮੋਹਨ ਸਿੰਘ ਛੀਨਾ ਉੱਚੇਚੇ ਤੌਰ 'ਤੇ ਗੁਰੂ ਚਰਨਾਂ 'ਚ ਹਾਜ਼ਰੀ ਲਵਾਉਂਦਿਆਂ ਸਰਬੱਤ ਦੇ ਭਲੇ ਦੀ ਅਰਦਾਸ ਕੀਤੀ। ਇਸ ਮੌਕੇ ਸਿੱਖ ਇਤਿਹਾਸ ਮਾਹਿਰ ਅਤੇ ਖ਼ਾਲਸਾ ਕਾਲਜ ਸੀਨੀਅਰ ਸੈਕੰਡਰੀ ਸਕੂਲ ਦੇ ਪ੍ਰਿੰਸੀਪਲ ਡਾ. ਇੰਦਰਜੀਤ ਸਿੰਘ ਗੋਗੋਆਣੀ ਨੇ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਦੇ ਜੀਵਨ ਫਲਸਫ਼ੇ ਬਾਰੇ ਆਈ ਹੋਈ ਸੰਗਤ ਨੂੰ ਵਿਸਥਾਰਪੂਰਵਕ ਚਾਨਣਾ ਪਾਇਆ। ਇਸ ਮੌਕੇ ਸ: ਛੀਨਾ ਨੇ ਸ਼ਬਦ ਗਾਇਨ ਕਰਨ ਵਾਲੇ ਕੀਰਤਨੀ ਜਥੇ ਨੂੰ ਸਿਰੋਪਾਓ ਭੇਟ ਕਰਕੇ ਸਨਮਾਨਿਤ ਕੀਤਾ। ਇਸ ਮੌਕੇ ਜੁਆਇੰਟ ਸਕੱਤਰ ਅਜਮੇਰ ਸਿੰਘ ਹੇਰ, ਮੈਂਬਰ ਪ੍ਰਿੰਸੀਪਲ ਜਗਦੀਸ਼ ਸਿੰਘ, ਗੁਰਪ੍ਰੀਤ ਸਿੰਘ ਗਿੱਲ, ਲਖਵਿੰਦਰ ਸਿੰਘ ਢਿੱਲੋਂ, ਸਰਬਜੀਤ ਸਿੰਘ ਹੁਸ਼ਿਆਰ ਨਗਰ, ਖ਼ਾਲਸਾ ਕਾਲਜ ਆਫ਼ ਐਜੂਕੇਸ਼ਨ ਜੀ. ਟੀ. ਰੋਡ ਪ੍ਰਿੰਸੀਪਲ ਡਾ. ਹਰਪ੍ਰੀਤ ਕੌਰ, ਖ਼ਾਲਸਾ ਕਾਲਜ ਫ਼ਾਰ ਵੂਮੈਨ ਪ੍ਰਿੰਸੀਪਲ ਡਾ. ਸੁਰਿੰਦਰ ਕੌਰ, ਖ਼ਾਲਸਾ ਕਾਲਜ ਆਫ਼ ਐਜੂਕੇਸ਼ਨ, ਰਣਜੀਤ ਐਵੀਨਿਊ ਦੀ ਕਾਰਜਕਾਰੀ ਪ੍ਰਿੰ: ਡਾ. ਮਨਦੀਪ ਕੌਰ, ਖ਼ਾਲਸਾ ਕਾਲਜ ਆਫ਼ ਵੈਟਰਨਰੀ ਐਂਡ ਐਨੀਮਲ ਸਾਇੰਸਸ ਪ੍ਰਿੰਸੀਪਲ ਡਾ. ਹਰੀਸ਼ ਕੁਮਾਰ ਵਰਮਾ, ਖ਼ਾਲਸਾ ਕਾਲਜ ਆਫ਼ ਲਾਅ ਪ੍ਰਿੰ: ਡਾ. ਜਸਪਾਲ ਸਿੰਘ, ਖ਼ਾਲਸਾ ਕਾਲਜ ਚਵਿੰਡਾ ਦੇਵੀ ਪ੍ਰਿੰਸੀਪਲ ਪ੍ਰੋ: ਗੁਰਦੇਵ ਸਿੰਘ, ਖ਼ਾਲਸਾ ਕਾਲਜ ਆਫ਼ ਫ਼ਾਰਮੇਸੀ ਪ੍ਰਿੰਸੀਪਲ ਡਾ. ਆਰ. ਕੇ. ਧਵਨ, ਖ਼ਾਲਸਾ ਕਾਲਜ ਗਰਲਜ਼ ਸੀਨੀਅਰ ਸੈਕੰਡਰੀ ਸਕੂਲ ਪ੍ਰਿੰਸੀਪਲ ਪੁਨੀਤ ਕੌਰ ਨਾਗਪਾਲ, ਖ਼ਾਲਸਾ ਕਾਲਜ ਪਬਲਿਕ ਸਕੂਲ ਪ੍ਰਿੰਸੀਪਲ ਏ. ਐਸ. ਗਿੱਲ, ਖ਼ਾਲਸਾ ਕਾਲਜ ਇੰਟਰਨੈਸ਼ਨਲ ਪਬਲਿਕ ਸਕੂਲ ਪ੍ਰਿੰਸੀਪਲ ਨਿਰਮਲਜੀਤ ਕੌਰ ਗਿੱਲ, ਖ਼ਾਲਸਾ ਕਾਲਜ ਪਬਲਿਕ ਸਕੂਲ, ਹੇਰ ਪ੍ਰਿੰ. ਗੁਰਿੰਦਰਜੀਤ ਕੰਬੋਜ, ਅੰਡਰ ਸੈਕਟਰੀ ਡੀ. ਐਸ. ਰਟੌਲ, ਅਧਿਆਪਕ ਸਾਹਿਬਾਨ, ਗੈਰ-ਅਧਿਆਪਨ ਸਟਾਫ਼ ਮੈਂਬਰ ਹਾਜ਼ਰ ਸਨ।

# 'ਭਾਰਤੀ ਸਮਾਜ 'ਚੋਂ ਜਾਤ-ਪਾਤ ਦਾ ਖਾਤਮਾ ਕਿਵੇਂ ?' ਵਿਸ਼ੇ 'ਤੇ ਸੈਮੀਨਾਰ ਆਯੋਜਿਤ



**ਅੰਮ੍ਰਿਤਸਰ** (ਨਜ਼ਸ)-ਤਰਕਸ਼ੀਲ ਸੁਸਾਇਟੀ ਪੰਜਾਬ ਦੀ ਗੁਰਦਾਸਪੁਰ ਇਕਾਈ ਵਲੋਂ 'ਭਾਰਤੀ ਸਮਾਜ 'ਚੋਂ ਜਾਤ-ਪਾਤ ਦਾ ਖਾਤਮਾ ਕਿਵੇਂ ? ਵਿਸ਼ੇ ਸਬੰਧੀ ਇਕ ਸੈਮੀਨਾਰ ਕਰਵਾਇਆ ਗਿਆ ਜਿਸ ਦੀ ਪ੍ਰਧਾਨਗੀ ਸੂਬਾਈ ਸਭਿਆਚਾਰਕ ਵਿਭਾਗ ਦੇ ਮੁੱਖੀ ਜੋਗਿੰਦਰ ਕੁੱਲੇਵਾਲ, ਪੰਜਾਬ ਸਟੂਡੈਂਟਸ ਯੂਨੀਅਨ ਦੇ ਆਗੂ ਅਮਰ ਕ੍ਰਾਂਤੀ, ਸੂਬਾਈ ਮੀਡੀਆ ਵਿਭਾਗ ਦੇ ਮੁਖੀ ਸੁਮੀਤ ਸਿੰਘ, ਸੋਸ਼ਲ ਮੀਡੀਆ ਵਿਭਾਗ ਦੇ ਮੁੱਖੀ ਸੰਦੀਪ ਧਾਰੀਵਾਲ ਭੋਜਾ, ਮਾਝਾ ਜ਼ੋਨ ਦੇ ਮੁਖੀ ਰਾਜਵੰਤ ਬਾਗੜੀਆਂ ਅਤੇ ਗੁਰਦਾਸਪੁਰ ਇਕਾਈ ਦੇ ਮੁੱਖੀ ਤਰਲੋਚਨ ਸਿੰਘ ਨੇ ਕੀਤੀ। ਇਸ ਸੈਮੀਨਾਰ ਵਿਚ ਮਾਝਾ ਜ਼ੋਨ ਦੀਆਂ ਅੰਮ੍ਰਿਤਸਰ, ਤਰਨਤਾਰਨ, ਗੋਪਾਲਪੁਰ ਮਝਵਿੰਡ, ਧਾਰੀਵਾਲ ਭੋਜਾਂ, ਜੰਡਿਆਲਾ, ਖਿਲਚੀਆਂ, ਗੁਰਦਾਸਪੁਰ ਇਕਾਈਆਂ ਦੇ ਸਾਥੀਆਂ ਨੇ ਵੱਡੀ ਗਿਣਤੀ ਵਿਚ ਭਾਗ ਲਿਆ।

ਇਸ ਮੌਕੇ ਮੁੱਖ ਬੁਲਾਰੇ ਜੋਗਿੰਦਰ ਕੁੱਲੇਵਾਲ ਨੇ ਕਿਹਾ ਕਿ ਜਾਤ ਪਾਤ ਦੀ ਹੋਂਦ ਜਿੱਥੇ ਸਰਾਸਰ ਮਨੁੱਖ ਵਿਰੋਧੀ ਹੈ ਉਥੇ ਹੀ ਸਾਡੇ ਸਮਾਜ ਉਤੇ ਬੜਾ ਵੱਡਾ ਕਲੰਕ ਵੀ ਹੈ ਜਿਸਨੂੰ ਖਤਮ ਕਰਨ ਲਈ ਸਾਨੂੰ ਵਿਗਿਆਨਕ ਸੋਚ ਅਪਣਾ ਕੇ ਇਸਨੂੰ ਆਪਣੀ ਮਾਨਸਿਕਤਾ ਚੋਂ ਮੁੱਢੋਂ ਹੀ ਮਨਫੀ ਕਰਨਾ ਚਾਹੀਦਾ ਹੈ। ਅਮਰ ਕ੍ਰਾਂਤੀ ਨੇ ਕਿਹਾ ਕਿ ਭਾਰਤੀ ਸਮਾਜ ਵਿਚ ਜਾਤ-ਪਾਤ ਦਾ ਸੰਕਲਪ ਅਤੇ ਵਿਤਕਰਾ ਸਦੀਆਂ ਤੋਂ ਚਲਿਆ ਆ ਰਿਹਾ ਹੈ। ਮਾਝਾ ਜੋਨ ਦੇ ਮੁਖੀ ਰਾਜਵੰਤ ਬਾਗੜੀਆਂ ਨੇ ਕਿਹਾ ਕਿ ਮੰਨੂ ਸਿਮਰਤੀ ਨੇ ਮਨੁੱਖ ਨੂੰ ਚਾਰ ਜਾਤਾਂ ਵਿਚ ਵੰਡ ਕੇ ਭਾਰਤੀ ਸਮਾਜ ਵਿਚ ਫਿਰਕੂ ਨਫਰਤ ਪੈਦਾ ਕੀਤੀ ਹੈ। ਉਨ੍ਹਾਂ ਨੇ ਰਾਜਸੀ ਪਾਰਟੀਆਂ ਵਲੋਂ ਜਾਤ-ਪਾਤ ਤੇ ਆਧਾਰਿਤ ਰਾਜਸੀ ਵਿੰਗ ਉਸਾਰਨ ਦੀ ਸਖਤ ਸ਼ਬਦਾਂ ਵਿਚ ਨਿਖੇਧੀ ਵੀ ਕੀਤੀ। ਇਸ ਮੌਕੇ ਸੁਮੀਤ ਸਿੰਘ ਨੇ ਕਿਹਾ ਕਿ ਸਾਮਰਾਜ ਪੱਖੀ ਹਾਕਮ ਜਮਾਤਾਂ ਅਤੇ ਫਿਰਕੂ ਸਿਆਸੀ ਪਾਰਟੀਆਂ ਨੇ ਸੱਤਾ ਉੱਤੇ ਲੰਬੇ ਸਮੇਂ ਤੱਕ ਕਾਬਜ਼ ਹੋਣ ਲਈ ਸਮਾਜ ਵਿਚ ਹਮੇਸ਼ਾ ਜਾਤ-ਪਾਤ ਅਤੇ ਧਰਮ ਦੇ ਵਖਰੇਵਿਆਂ ਨੂੰ ਹੋਰ ਵਧਾਇਆ ਹੈ।

ਇਸ ਮੌਕੇ ਸੰਦੀਪ ਧਾਰੀਵਾਲ ਭੋਜਾਂ ਨੇ ਕਿਹਾ ਕਿ ਜਾਤ-ਪਾਤ ਦੇ ਸੰਕਲਪ ਨੇ ਭਾਰਤੀ ਸਮਾਜ ਨੂੰ ਖੋਖਲਾ ਕਰ ਦਿੱਤਾ ਹੈ। ਗੁਰਦਾਸਪੁਰ ਇਕਾਈ ਦੇ ਮੁੱਖੀ ਤਰਲੋਚਨ ਸਿੰਘ ਨੇ ਆਏ ਹੋਏ ਮੁੱਖ ਬੁਲਾਰਿਆਂ ਅਤੇ ਸੈਮੀਨਾਰ ਵਿਚ ਹਾਜ਼ਰ ਚੇਤਨ ਲੋਕਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਜਾਤ-ਪਾਤ ਨੂੰ ਸਮਾਜ 'ਚੋਂ ਖਤਮ ਕਰਨ ਲਈ ਲਗਾਤਾਰ ਅਜਿਹੇ ਸੈਮੀਨਾਰ ਕਰਕੇ ਵੱਡੇ ਪੱਧਰ ਉੱਤੇ ਯਤਨ ਕੀਤੇ ਜਾਣੇ ਚਾਹੀਦੇ ਹਨ।

ਜਸਪਾਲ ਬਾਸਰਕੇ, ਬੇਟੀ ਸਿਮਰ ਗੋਪਾਲਪੁਰ ਅਤੇ ਰੰਜਨ ਵਫਾ ਨੇ ਜਾਤ-ਪਾਤ ਵਿਰੁੱਧ ਲੜਾਈ ਨੂੰ ਆਪਣੇ ਘਰਾਂ ਤੋਂ ਸ਼ੁਰੂ ਕਰਨ ਦੀ ਲੋੜ ਉਤੇ ਜ਼ੋਰ ਦਿੱਤਾ। ਵਿੱਤ ਮੁਖੀ ਮੁਖਤਿਆਰ ਗੋਪਾਲਪੁਰਾ ਵਲੋਂ ਸਟੇਜ ਦੀ ਕਾਰਵਾਈ ਬਾਖੂਬੀ ਚਲਾਉਣ ਦੇ ਇਲਾਵਾ ਇਸ ਮੌਕੇ ਕੁਝ ਮਤੇ ਵੀ ਪਾਸ ਕੀਤੇ ਗਏ ਜਿਸ ਵਿਚ ਮੰਗ ਕੀਤੀ ਗਈ ਕਿ ਸਰਕਾਰੀ ਅਤੇ ਗੈਰ-ਸਰਕਾਰੀ ਫਾਰਮਾਂ ਵਿਚ ਧਰਮ ਅਤੇ ਜਾਤ-ਪਾਤ ਦੀ ਜਾਣਕਾਰੀ ਲੈਣੀ ਬੰਦ ਕੀਤੀ ਜਾਵੇ ਅਤੇ ਸਰਕਾਰਾਂ ਅਤੇ ਸਮਾਜ ਵਲੋਂ ਅੰਤਰਜਾਤੀ ਵਿਆਹਾਂ ਨੂੰ ਉਤਸਾਹਿਤ ਕੀਤਾ ਜਾਵੇ। ਇਸਦੇ ਇਲਾਵਾ ਰਾਜਸੀ ਪਾਰਟੀਆਂ ਵਲੋਂ ਜਾਤ-ਪਾਤ ਆਧਾਰਿਤ ਰਾਜਸੀ ਵਿੰਗ ਉਸਾਰਨ ਉਤੇ ਪਾਬੰਦੀ ਲਾਈ ਜਾਵੇ। ਇਸ ਮੌਕੇ ਹੋਰਨਾਂ ਤੋਂ ਇਲਾਵਾ ਤਰਕਸ਼ੀਲ ਆਗੂ ਰਣਜੀਤ ਗੱਗੋਮਾਹਲ, ਰਾਜੂ ਝਕੋਲਾੜੀ, ਹਰਪ੍ਰੀਤ, ਦੀਵਾਨ ਸਿੰਘ, ਅਸ਼ਵਨੀ ਕੁਮਾਰ, ਅਜੈ ਪਾਲ, ਅਰੁਣ ਕੁਮਾਰ, ਕਪਤਾਨ ਸਿੰਘ ਜੰਡਿਆਲਾ, ਮੇਜਰ ਸੋਮ ਨਾਥ, ਜੈ ਸਿੰਘ ਸੈਣੀ, ਸੁੱਚਾ ਸਿੰਘ, ਮਾਸਟਰ ਤਸਵੀਰ ਸਿੰਘ, ਮਾਸਟਰ ਸ਼ਿੰਗਾਰਾ ਸਿੰਘ, ਸੁਖਮੀਤ ਸਿੰਘ, ਰਮੇਸ਼ ਕੁਮਾਰ, ਅਮਨ ਗੱਗੋਮਾਹਲ, ਡਾ. ਜਸਬੀਰ ਸਿੰਘ ਖਡੂਰ ਸਾਹਿਬ, ਸੰਦੀਪ ਕੁਮਾਰ, ਵਿਸ਼ਵਜੋਤ, ਮੇਲਾ ਰਾਮ ਬੀਈਓ, ਰਾਮ ਲਾਲ ਸਦਾਨਾ, ਸ਼ਕਤੀ, ਕੰਵਲਜੀਤ ਸਿੰਘ ਆਦਿ ਹਾਜ਼ਰ ਸਨ।

# ਪਹਿਲਵਾਨ ਧੀਆਂ ਲਈ ਇਨਸਾਫ ਦੀ ਮੰਗ ਕਰਦਿਆਂ ਬ੍ਰਿਜ ਭੂਸ਼ਣ ਦਾ ਪੁਤਲਾ ਫੂਕਿਆ



ਝਬਾਲ (ਹਰਜਿੰਦਰ ਸਿੰਘ ਸੋਨੀ/ਰੌਬਿਨ ਸਿੰਘ ਸੋਨੀ)-ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਦੇ ਨੌਸ਼ਹਿਰਾ ਪੰਨੂੰਆਂ ਬਲਾਕ ਵੱਲੋਂ ਜਨਰਲ ਸਕੱਤਰ ਤਰਸੇਮ ਸਿੰਘ ਕੁਹਾੜਕਾ, ਗੁਰਦਿਆਲ ਸਿੰਘ ਨੱਥੂਚੱਕ ਅਤੇ ਜਥੇਦਾਰ ਸੰਤੋਖ ਸਿੰਘ ਪੱਟੀ ਦੀ ਅਗਵਾਈ ਹੇਠ ਪਹਿਲਵਾਨਾਂ ਦੇ ਹੱਕ ਵਿੱਚ ਪਿੰਡ ਲੌਹਕਾ ਵਿੱਚ ਰੋਸ ਮਾਰਚ ਕਰਕੇ ਲੌਹਕੇ ਚੌਕ ਵਿੱਚ ਬ੍ਰਿਜ ਭੂਸ਼ਣ ਸ਼ਰਨ ਦਾ ਪੁਤਲਾ ਫੂਕਿਆ ਗਿਆ। ਇਸ ਮੌਕੇ ਆਗੂਆ ਨੇ ਕਿਹਾ ਕਿ ਭਾਰਤ ਦੀਆਂ ਮਹਾਨ ਧੀਆਂ ਪਿਛਲੇ ਕਾਫੀ ਸਮੇਂ ਤੋਂ ਬ੍ਰਿਜ ਭਸ਼ਣ ਨੂੰ ਗ੍ਰਿਫਤਾਰ ਕਰਨ ਲਈ ਜੰਤਰ ਮੰਤਰ 'ਤੇ ਬੈਠੀਆਂ।

ਇਹ ਭਾਰਤ ਦੀਆਂ ਉਹ ਧੀਆਂ ਹਨ ਜਿਨ੍ਹਾਂ ਨੇ ਉਲੰਪਿਕ ਖੇਡਾਂ ਵਿੱਚ ਭਾਰਤ ਦੀ ਝੋਲੀ ਵਿੱਚ ਗੋਲਡ ਮੈਡਲ ਪਾਏ ਅਤੇ ਭਾਰਤ ਦੇਸ਼ ਦਾ ਨਾਮ ਪੂਰੀ ਦੁਨੀਆ ਵਿੱਚ ਰੌਸ਼ਨ ਕੀਤਾ। ਜਦੋਂ ਇਹ ਧੀਆਂ ਗੋਲਡ ਮੈਡਲ ਜਿੱਤ ਕੇ ਆਈਆਂ ਸਨ ਤਾਂ ਕੇਂਦਰ ਨੇ ਏਅਰਪੋਰਟ 'ਤੇ ਜਾ ਕੇ ਇਨਾਂ ਦੇ ਗਲਾਂ ਵਿੱਚ ਫੁੱਲਾਂ ਦੇ ਹਾਰ ਪਾਏ ਸਨ ਅਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਇਨ੍ਹਾਂ ਧੀਆਂ ਨੂੰ ਬਹੁਤ ਵੱਡਾ ਮਾਣ-ਸਨਮਾਨ ਦਿੱਤਾ ਸੀ, ਪਰ ਅੱਜ ਮੈਡਲ ਜੇਤੂ ਧੀਆਂ ਨੂੰ ਸੜਕਾਂ 'ਤੇ ਘਸੀਟਿਆ ਜਾ ਰਿਹਾ ਸੀ। ਇਸ ਮੌਕੇ ਆਗੂਆਂ ਨੇ ਮੰਗ ਕੀਤੀ ਕਿ ਬ੍ਰਿਜ ਭੂਸ਼ਣ ਨੂੰ ਅਹੁਦੇ ਤੋਂ ਬਰਖਾਸਤ ਕਰ ਕੇ ਫੌਰੀ ਗ੍ਰਿਫਤਾਰ ਕੀਤਾ ਜਾਵੇ।

ਇਸ ਮੌਕੇ ਜ਼ਿਲ੍ਹਾ ਖਜ਼ਾਨਚੀ ਹਰਦੀਪ ਸਿੰਘ ਜੌੜਾ ਅਤੇ ਮੇਹਰ ਸਿੰਘ ਸਕੀਰਾ ਨੇ ਵਿਸ਼ੇਸ਼ ਤੌਰ 'ਤੇ ਸੰਬੋਧਨ ਕੀਤਾ। ਇਸ ਮੌਕੇ ਕਸ਼ਮੀਰ ਸਿੰਘ ਲੌਹਕਾ, ਅਮਰੀਕ ਸਿੰਘ ਜੌੜਾ, ਹਰਦੀਪ ਸਿੰਘ ਕੁਹਾੜਕਾ, ਅਵਤਾਰ ਸਿੰਘ ਲੌਹਕਾ, ਮਲਕੀਤ ਸਿੰਘ, ਕੁਲਦੀਪ ਸਿੰਘ ਕੁਹਾੜਕਾ, ਮੇਸਾ ਸਿੰਘ ਮਾਨੋਚਾਹਲ, ਗੁਰਪਾਲ ਸਿੰਘ, ਜਤਿੰਦਰ ਸਿੰਘ ਪੰਨੂ, ਪਲਵਿੰਦਰ ਸਿੰਘ ਲੌਹਕਾ, ਚੰਨਾ ਖਡੂਰੀਆ, ਰਸ਼ਪਾਲ ਸਿੰਘ ਅਤੇ ਕੁਲਵਿੰਦਰ ਸਿੰਘ ਪੱਟੀ ਆਦਿ ਹਾਜ਼ਰ ਹੋਏ।

# ਡੱਲਾ ਸਾਹਿਬ ਦੇ ਛੱਪੜ ਨੂੰ 'ਸੀਚੇਵਾਲ ਮਾਡਲ' ਵਜੋਂ ਵਿਕਸਤ ਕੀਤਾ ਜਾਵੇਗਾ



**ਸੁਲਤਾਨਪੁਰ ਲੋਧੀ, (ਬਲਵਿੰਦਰ ਸਿੰਘ ਧਾਲੀਵਾਲ, ਰਾਜਵੀਰ ਸਿੰਘ)**- ਇਤਿਹਾਸਕ ਨਗਰ ਡੱਲਾ ਸਾਹਿਬ ਦੇ ਛੱਪੜ ਨੂੰ 'ਸੀਚੇਵਾਲ ਮਾਡਲ' ਵਜੋਂ ਵਿਕਸਤ ਕੀਤਾ ਜਾਵੇਗਾ ਅਤੇ ਨਗਰ ਦੀ ਇਤਿਹਾਸਕ ਮਹੱਤਤਾ ਨੂੰ ਦੇਖਦੇ ਹੋਏ ਇਸ ਦੇ ਵਿਕਾਸ ਕਾਰਜਾਂ ਲਈ ਫੰਡਾਂ ਦੀ ਕੋਈ ਕਮੀ ਨਹੀਂ ਆਉਣ ਦਿੱਤੀ ਜਾਵੇਗੀ। ਇਹ ਪ੍ਰਗਟਾਵਾ ਅੱਜ ਵਾਤਾਵਰਣ ਪ੍ਰੇਮੀ ਅਤੇ ਰਾਜ ਸਭਾ ਮੈਂਬਰ ਸੰਤ ਬਲਬੀਰ ਸਿੰਘ ਸੀਚੇਵਾਲ ਨੇ ਗੋਦ ਲਏ ਪਿੰਡ ਡੱਲਾ ਸਾਹਿਬ ਦੇ ਗੰਦੇ ਪਾਣੀ ਵਾਲੇ ਛੱਪੜ ਦੇ ਸਫਾਈ ਕਾਰਜ ਆਰੰਭ ਕਰਨ ਮੌਕੇ ਕੀਤਾ। ਸੰਤ ਸੀਚੇਵਾਲ ਵੱਲੋਂ ਗੋਦ ਲਏ ਪਿੰਡ ਡੱਲਾ ਸਾਹਿਬ ਵਿਖੇ ਵਿਕਾਸ ਕਾਰਜਾਂ ਨੂੰ ਜੰਗੀ ਪੱਧਰ 'ਤੇ ਅੱਗੇ ਵਧਾਇਆ ਜਾ ਰਿਹਾ ਹੈ, ਇਸੇ ਤਹਿਤ ਹੀ ਕਰੀਬ 8 ਲੱਖ ਰੁਪਏ ਦੀ ਲਾਗਤ ਨਾਲ ਛੱਪੜ ਤੋਂ ਖੇਤਾਂ ਤੱਕ ਪਾਈਪ ਲਾਈਨ ਵਿਛਾਈ ਗਈ ਹੈ ਜਿਸ ਨਾਲ ਸੋਧਿਆ ਹੋਇਆ ਪਾਣੀ ਖੇਤੀ ਨੂੰ ਲਗਾਇਆ ਜਾਣਾ ਹੈ। ਇਸ ਮੌਕੇ ਸੰਤ ਸੁਖਜੀਤ ਸਿੰਘ ਸੀਚੇਵਾਲ ਨੇ ਦੱਸਿਆ ਕਿ ਅੱਜ ਛੱਪੜ ਨੂੰ ਖਾਲੀ ਕਰਕੇ ਉਸ ਦੀ ਸਫਾਈ ਦਾ ਕਾਰਜ ਆਰੰਭ ਕੀਤਾ ਗਿਆ ਹੈ। ਉਨ੍ਹਾਂ ਦੱਸਿਆ ਕਿ ਇਤਿਹਾਸਕ ਨਗਰ ਡੱਲਾ ਸਾਹਿਬ ਦੇ ਛੱਪੜ ਨੂੰ ਸੀਚੇਵਾਲ ਮਾਡਲ ਵਜੋਂ ਵਿਕਸਤ ਕੀਤਾ ਜਾਵੇਗਾ, ਜਿਸ ਦੀ ਅੱਜ ਸੰਤ ਬਲਬੀਰ ਸਿੰਘ ਸੀਚੇਵਾਲ ਵੱਲੋਂ ਸ਼ੁਰੂਆਤ ਕੀਤੀ ਗਈ ਹੈ। ਇਸ ਮੌਕੇ ਸੰਤ ਬਲਬੀਰ ਸਿੰਘ ਸੀਚੇਵਾਲ ਨੇ ਕਿਹਾ ਕਿ ਪਿੰਡ ਡੱਲਾ ਸਾਹਿਬ ਦੀ ਇਤਿਹਾਸਕ ਮਹੱਤਤਾ ਨੂੰ ਦੇਖਦੇ ਹੋਏ ਇਸ ਨਗਰ ਦੇ ਵਿਕਾਸ ਕਾਰਜਾਂ ਲਈ ਫੰਡਾਂ ਦੀ ਕੋਈ ਕਮੀ ਨਹੀਂ ਆਉਣ ਦਿੱਤੀ ਜਾਵੇਗੀ। ਇਸ ਮੌਕੇ ਸੰਤ ਸੁਖਜੀਤ ਸਿੰਘ ਸੀਚੇਵਾਲ, ਜਥੇਦਾਰ ਹਰਜਿੰਦਰ ਸਿੰਘ ਵਿਰਕ, ਸੀਨੀਅਰ ਆਪ ਆਗੂ ਨਰਿੰਦਰ ਸਿੰਘ ਖਿੰਡਾ, ਤਰਲੋਕ ਸਿੰਘ, ਜਸਵਿੰਦਰ ਸਿੰਘ, ਸਰਪੰਚ ਤਰਸੇਮ ਸਿੰਘ, ਜੈਲ ਸਿੰਘ ਤਾਰਪੁਰ ਅਤੇ ਬਲਬੀਰ ਸਿੰਘ ਰਾਣਾ ਆਦਿ ਹਾਜ਼ਰ ਸਨ।

# ਭਗਤ ਕਬੀਰ ਜੈਅੰਤੀ 'ਤੇ ਸ਼ੋਭਾ ਯਾਤਰਾ ਦਾ ਨਿੱਘਾ ਸਵਾਗਤ ਕੀਤਾ



**ਨੂਰਮਹਿਲ ( ਬਾਲ ਕ੍ਰਿਸ਼ਨ ਬਾਲੀ )**-ਭਗਤ ਕਬੀਰ ਜੈਅੰਤੀ ਦੇ ਅਵਸਰ 'ਤੇ ਜਲੰਧਰ ਵਿਖੇ ਕੱਢੀ ਗਈ ਸ਼ੋਭਾ ਯਾਤਰਾ ਦਾ ਪੰਜਾਬ ਨੈਸ਼ਨਲ ਬੈਂਕ ਐਸ ਸੀ ਐਸ ਟੀ ਇੰਪਲਾਈਜ਼ ਵੈਲਫੇਅਰ ਐਸੋਸੀਏਸ਼ਨ ਵੱਲੋਂ ਨਿੱਘਾ ਸਵਾਗਤ ਕੀਤਾ ਗਿਆ । ਇਸ ਸਮਾਗਮ ਵਿੱਚ ਡਿਪਟੀ ਐਮ ਜੀ ਜ਼ੋਨਲ ਐਮ ਕੇ ਸੇਠੀ, ਡਿਪਟੀ ਸਰਕਲ ਹੈੱਡ ਰਮੇਸ਼ ਕੁਮਾਰ, ਐਸ ਕੇ ਜੈਨ, ਏ ਜੀ ਐਮ ਸੁਨੀਲ ਕੁਮਾਰ, ਲਾਈਨ ਅਫਸਰ ਐਸ ਸੀ ਐਸ ਟੀ,ਦਲਜੀਤ ਸਿੰਘ, ਸਰਕਲ ਮੈਨੇਜਰ, ਬਲਬੀਰ ਕੁਮਾਰ ਚੀਫ ਐਡੀਟਰ,ਸੰਸਦ ਮੈਂਬਰ ਸੁਸ਼ੀਲ ਕੁਮਾਰ ਰਿੰਕੂ, ਵਿਧਾਇਕ ਸ਼ੀਤਲ ਅੰਗੁਰਾਲ, ਆਪ ਆਗੂ ਮਹਿੰਦਰ ਭਗਤ, ਨੀਟੂ ਸ਼ਟਰਾਂ ਵਾਲੇ ਨੂੰ ਸਨਮਾਨਤ ਕੀਤਾ । ਇਸ ਮੌਕੇ ਸਰਕਲ ਪ੍ਰਧਾਨ ਬਲਦੇਵ ਕ੍ਰਿਸ਼ਨ ਬਿਰਦੀ, ਮੁਨੀਸ਼ ਕੁਮਾਰ ਵਾਈਸ ਪ੍ਰਧਾਨ , ਨਰਿੰਦਰ ਜੱਸੀ ਸਰਕਲ ਸਕੱਤਰ, ਹਨੀ ਥਾਪਰ ਅਰਗੇਨਾਈਜ਼ਰ ਸਕੱਤਰ, ਸਰੂਪ ਲਾਲ ਜੁਆਇੰਟ ਸਕੱਤਰ, ਨੀਰਜ ਕੁਮਾਰ ਜੁਆਇੰਟ ਸਕੱਤਰ, ਰਾਹੁਲ ਭਗਤ ਖਜ਼ਾਨਚੀ, ਜਗਮੋਹਨ ਉਪ ਖਜ਼ਾਨਚੀ, ਬਲਵਿੰਦਰ ਕੁਮਾਰ, ਅਰੁਣ ਕੁਮਾਰ, ਸ਼ੈਲੀ ਸੋਹਲ, ਵੀਨਾ ਭਗਤ, ਸਰਬਜੀਤ ਭਾਰਦਵਾਜ, ਰਣਜੀਤ ਸਿੰਘ, ਪਵਨ ਕੁਮਾਰ, ਸੰਜੀਵ ਕੁਮਾਰ, ਪ੍ਰਵੇਸ਼ ਸਾਂਪਲਾ, ਦੀਪਕ ਕੁਮਾਰ ਅਤੇ ਕਰਨ ਕੁਮਾਰ ਹਾਜ਼ਰ ਸਨ । ਐਸੋਸੀਏਸ਼ਨ ਵਲੋਂ ਕੜਾਹ ਪ੍ਰਸ਼ਾਦ ਦੇ ਲੰਗਰ ਵੀ ਲਗਾਏ ਗਏ।

# ਕਿਸਾਨੀ ਅੰਦੋਲਨ ਦੇ ਸ਼ਹੀਦ ਸੰਤੋਖ ਸਿੰਘ ਸਰਾਂ ਦੀ ਦੂਜੀ ਬਰਸੀ ਅੱਜ



ਖੇਤੀ ਵਿਰੋਧੀ ਕਾਲੇ ਕਾਨੂੰਨਾਂ ਖਿਲਾਫ ਚੱਲੇ ਕਿਸਾਨ ਅੰਦੋਲਨ ਦੌਰਾਨ ਸੱਤ ਸੌ ਤੋਂ ਉੱਪਰ ਕਿਸਾਨਾਂ ਨੇ ਸ਼ਹੀਦੀਆਂ ਪ੍ਰਾਪਤ ਕੀਤੀਆਂ। ਕੁੱਲ ਹਿੰਦ ਕਿਸਾਨ ਸਭਾ ਜ਼ਿਲ੍ਹਾ ਰੋਪੜ ਦਾ ਆਗੂ ਸੰਤੋਖ ਸਿੰਘ ਸਰਾਂ ਵੀ ਸ਼ਹੀਦਾਂ ਦੀ ਕਤਾਰ ਲੰਬੀ ਕਰ ਗਿਆ। ਸਿੰਘੂ ਬਾਰਡਰ 'ਤੇ ਲੰਬਾ ਸਮਾਂ ਰਿਹਾ। ਮੋਰਚੇ ਵੱਲੋਂ ਜੋ ਵੀ ਡਿਊਟੀ ਲਗਾਈ ਪੂਰੀ ਤਨਦੇਹੀ ਨਾਲ ਨਿਭਾਈ। ਸੰਤੋਖ ਸਿੰਘ ਦਾ ਜਨਮ 15/9/1959 ਨੂੰ ਪਿਤਾ ਕਰਨੈਲ ਸਿੰਘ ਤੇ ਮਾਤਾ ਮਹਾਂ ਕੌਰ ਦੇ ਘਰ ਹੋਇਆ। ਸੰਤੋਖ ਸਿੰਘ ਦੇ ਦੋ ਵੱਡੇ ਭਰਾ ਤੇ ਤਿੰਨ ਵੱਡੀਆਂ ਭੈਣਾਂ ਸਨ। ਉਨ੍ਹਾਂ ਦੇ ਪਿਤਾ ਖੇਤੀ ਕਰਦੇ ਸਨ। ਮੁੱਢਲੀ ਪੜ੍ਹਾਈ ਤੋਂ ਬਾਅਦ ਸੰਤੋਖ ਸਿੰਘ ਬਿਜਲੀ ਬੋਰਡ ਵਿੱਚ ਭਰਤੀ ਹੋ ਗਏ। ਟੈਕਨੀਕਲ ਸਰਵਿਸਿਜ ਯੂਨੀਅਨ ਦੇ ਮੈਂਬਰ ਅਤੇ ਆਗੂ ਬਣੇ। ਵਿਆਹ ਤੋਂ ਬਾਅਦ ਉਹਨਾਂ ਦੇ ਦੋ ਪੁੱਤਰ ਹੋਏ। 2017 ਨੂੰ ਬਜਰੂੜ ਫੀਡਰ (ਬੈਂਸਾ ਦਫਤਰ) ਤੋਂ ਸੇਵਾ ਮੁਕਤ ਹੋਣ ਤੋਂ ਬਾਅਦ ਇਹ ਸੀ ਪੀ ਆਈ ਐਮ ਦੇ ਦੇ ਮੈਂਬਰ ਬਣ ਗਏ। ਇਸ ਤੋਂ ਬਾਅਦ ਇਹ ਕਿਸਾਨਾਂ ਮਜਦੂਰਾਂ ਵੱਲੋਂ ਲੜੇ ਜਾ ਰਹੇ ਸੰਘਰਸ਼ਾਂ ਦੇ ਮੋਹਰੀ ਬਣ ਗਏ। ਕੁੱਲ ਹਿੰਦ ਕਿਸਾਨ ਸਭਾ ਦੇ ਜ਼ਿਲ੍ਹਾ ਆਗੂ ਬਣੇ। ਖੇਤੀ ਵਿਰੋਧੀ ਕਾਲੇ ਕਾਨੂੰਨਾਂ ਖਿਲਾਫ ਚੱਲੇ ਕਿਸਾਨ ਅੰਦੋਲਨ ਵਿੱਚ ਬਹੁਤ ਵੱਡਾ ਯੋਗਦਾਨ ਪਾਇਆ। ਜਦੋਂ ਤੋਂ ਕੇਂਦਰ ਦੀ ਮੋਦੀ ਸਰਕਾਰ ਨੇ ਆਰਡੀਨੈਂਸ ਲਿਆਂਦਾ, ਕੁੱਲ ਹਿੰਦ ਕਿਸਾਨ ਸਭਾ ਨੇ 10/6/2020 ਤੋਂ ਹੀ ਵਿਰੋਧ ਕਰਨ ਦੇ ਨਾਲ ਨਾਲ ਕਿਸਾਨਾਂ ਨੂੰ ਜਾਗਰੂਕ ਕਰਨਾ ਸ਼ੁਰੂ ਕਰ ਦਿੱਤਾ। ਰੋਪੜ ਤੇ ਨੱਕੀਆਂ ਟੋਲ ਪਲਾਜਾ ਤੇ ਜੋ ਪ੍ਰੋਗਰਾਮ ਤੈਅ ਕੀਤੇ ਉਨ੍ਹਾਂ ਵਿਚ ਬਹੁਤ ਵੱਡਾ ਰੋਲ ਅਦਾ ਕੀਤਾ। ਜਦੋਂ ਦਿੱਲੀ ਨੂੰ ਕਿਸਾਨਾਂ ਨੇ ਚਾਲੇ ਪਾਏ ਤਾਂ ਜਥੇ ਵਿਚ ਆਪਣੇ ਸਾਥੀਆਂ ਨਾਲ ਬੁੰਗਾ ਸਾਹਿਬ ਤੋਂ ਰਵਾਨਾ ਹੋਏ। ਯੂਨੀਅਨ ਵਿੱਚ ਤਜਰਬਾ ਹੋਣ ਕਰਕੇ ਹਰਿਆਣਾ ਪੁਲਸ ਦੇ ਹਰ ਅੜਿੱਕੇ ਦਾ ਵਿਰੋਧ ਕਰਦੇ ਹੋਏ ਦਿੱਲੀ ਬਾਰਡਰ 'ਤੇ ਪੁੱਜੇ। ਸੰਯੁਕਤ ਕਿਸਾਨ ਮੋਰਚੇ ਵੱਲੋਂ ਜੋ ਵੀ ਡਿਊਟੀ ਲਗਾਈ ਇਨ੍ਹਾਂ ਪੂਰੀ ਕੀਤੀ। 26 ਜਨਵਰੀ ਦੀ ਘਟਨਾ ਤੋਂ ਬਾਅਦ ਇਨ੍ਹਾਂ ਨੇ ਡਾਂਗ ਫੜ ਕੇ ਵਲੰਟੀਅਰ ਦੀ ਜ਼ਿੰਮੇਵਾਰੀ ਨਿਭਾਈ। ਸਾਰੀ ਰਾਤ ਜਾਗਦੇ ਰਹਿੰਦੇ ਸਨ। ਨਿੱਤਨੇਮ ਦੇ ਇਹ ਬਹੁਤ ਪਾਬੰਦ ਸਨ। ਆਪਣੇ ਸਾਥੀਆਂ ਨਾਲ ਘੁਲ ਮਿਲ ਕੇ ਰਹਿੰਦੇ ਸਨ। ਕੋਈ ਨਸ਼ਾ ਜ਼ਿੰਦਗੀ ਵਿੱਚ ਨਹੀਂ ਕੀਤਾ। ਮੋਰਚੇ ਵਿੱਚ ਠੰਢ ਲੱਗਣ ਕਾਰਨ ਸਾਡੀ ਇਜਾਜਤ ਲੈ ਕੇ ਵਾਪਸ ਪਿੰਡ ਆ ਗਏ। ਪਰ ਇਨ੍ਹਾਂ ਦੀ ਸਿਹਤ ਵਿਗੜਦੀ ਹੀ ਚੱਲੇ ਗਈ। ਮੋਹਾਲੀ ਦੇ ਇੱਕ ਨਿੱਜੀ ਹਸਪਤਾਲ ਵਿਚ 17 ਜੂਨ 2021 ਨੂੰ ਅਲਵਿਦਾ ਆਖ ਗਏ। ਸੱਤ ਜੂਨ ਨੂੰ ਪਿੰਡ ਸਰਾਂ ਵਿਚ ਦੂਜੀ ਬਰਸੀ ਮਨਾਈ ਜਾ ਰਹੀ ਹੈ। ਪਿੰਡ ਦੇ ਗੁਰਦੁਆਰਾ ਸਾਹਿਬ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਭੋਗ ਪਾਏ ਜਾਣਗੇ ਤੇ ਕਿਸਾਨ ਆਗੂਆਂ ਵੱਲੋਂ ਸ਼ਰਧਾ ਦੇ ਫੁੱਲ ਭੇਂਟ ਕੀਤੇ ਜਾਣਗੇ। ਇਨ੍ਹਾਂ ਦਾ ਪੁੱਤਰ ਜਸਕਰਨ ਸਿੰਘ, ਸਮੇਤ ਹੋਰ ਪਰਵਾਰਕ ਮੈਂਬਰ ਕਿਸਾਨ ਲਹਿਰ ਵਿੱਚ ਬਣਦਾ ਯੋਗਦਾਨ ਦਾ ਪਾ ਰਹੇ ਹਨ।

**ਸੁਰਜੀਤ ਸਿੰਘ ਢੇਰ**

# ਗੁਰਪ੍ਰੀਤ ਦਿਓ ਲਾਈਫ ਟਾਈਮ ਅਚੀਵਮੈਂਟ ਐਵਾਰਡ ਨਾਲ ਸਨਮਾਨਤ

**ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ)**-ਸਪੈਸ਼ਲ ਡੀ ਜੀ ਪੀ ਕਮਿਊਨਿਟੀ ਅਫੇਅਰ ਡਵੀਜ਼ਨ (ਕੈਡ), ਗੁਰਪ੍ਰੀਤ ਦਿਓ ਆਈ ਪੀ ਐਸ ਨੂੰ ਹੁਸ਼ਿਆਰਪੁਰ ਫੇਰੀ ਦੌਰਾਨ ਲਾਇਨਜ਼ ਕਲੱਬ ਇੰਟਰਨੈਸ਼ਨਲ ਰਿਹਾਣਾ ਜੱਟਾਂ ਕੋਹਿਨੂਰ 321 ਡੀ ਵੱਲੋਂ ਲਾਈਫ ਟਾਈਮ ਅਚੀਵਮੈਂਟ ਐਵਾਰਡ ਨਾਲ ਸਨਮਾਨਤ ਕੀਤਾ ਗਿਆ। ਸਰਵਿਸਿਜ਼ ਕਲੱਬ ਹੁਸ਼ਿਆਰਪੁਰ ਵਿਖੇ ਆਯੋਜਿਤ ਇਸ ਰਸਮ ਦੀ ਪ੍ਰਧਾਨਗੀ ਐੱਸ ਐੱਸ ਪੀ ਸਰਤਾਜ ਸਿੰਘ ਚਾਹਲ ਆਈ ਪੀ ਐਸ ਨੇ ਕੀਤੀ । ਕਲੱਬ ਪ੍ਰਧਾਨ ਲਾਇਨ ਡਾਕਟਰ ਮੁਖਤਿਆਰ ਸਿੰਘ ਧਾਲੀਵਾਲ ਅਤੇ ਸਕੱਤਰ ਲਾਇਨ ਡਾਕਟਰ ਤੇਜਬੀਰ ਸਿੰਘ ਧਾਲੀਵਾਲ ਵੱਲੋਂ ਯਾਦਗਾਰੀ ਸਨਮਾਨ ਚਿੰਨ੍ਹ ਭੇਟ ਕੀਤਾ ਗਿਆ। ਅਕਾਕਸ਼ੀ ਜੈਨ ਆਈ ਪੀ ਐਸ, ਮਨਜੀਤ ਕੌਰ ਐਸ ਪੀ ਹੈਡਕੁਆਟਰ, ਸਰਬਜੀਤ ਸਿੰਘ ਐੱਸ ਪੀ ਡੀ ਨੇ ਵਿਸ਼ੇਸ਼ ਸ਼ਿਰਕਤ ਕੀਤੀ । ਲਾਇਨਜ਼ ਕਲੱਬ ਇੰਟਰਨੈਸ਼ਨਲ ਵੱਲੋਂ ਆਈ ਪੀ ਐੱਸ ਗੁਰਪ੍ਰੀਤ ਦਿਓ ਵੱਲੋਂ ਸੇਵਾ ਦੌਰਾਨ ਸਮਾਜ ਸੇਵਾ ਦੇ ਖੇਤਰ ਵਿੱਚ ਪਾਏ ਵਡਮੁੱਲੇ ਯੋਗਦਾਨ ਦੀ ਭਰਪੂਰ ਪ੍ਰਸ਼ੰਸਾ ਕੀਤੀ ਗਈ।



# ਪਹਿਲਵਾਨ ਭੈਣਾਂ ਦੇ ਹੱਕ 'ਚ ਜਨਵਾਦੀ ਇਸਤਰੀ ਸਭਾ ਰੋਸ ਪ੍ਰਦਰਸ਼ਨ ਜਾਰੀ ਰੱਖੇਗੀ



**ਨੂਰਮਹਿਲ ( ਬਾਲ ਕ੍ਰਿਸ਼ਨ ਬਾਲੀ )**-ਜਨਵਾਦੀ ਇਸਤਰੀ ਸਭਾ ਜ਼ਿਲ੍ਹਾ ਜਲੰਧਰ ਦੇ ਯੂਨਿਟ ਨੂਰਮਹਿਲ ਵਿੱਚ ਪਹਿਲਵਾਨ ਭੈਣਾਂ ਦੇ ਹੱਕ ਵਿੱਚ ਭਾਜਪਾ ਸਾਂਸਦ ਬ੍ਰਿਜ ਭੂਸ਼ਣ ਦਾ ਪੁਤਲਾ ਫੂਕਿਆ ਗਿਆ। ਐਨ ਸੀ ਆਰ ਟੀ ਦੀ ਰਿਪੋਰਟ ਅਨੁਸਾਰ ਹਰ 3 ਮਿੰਟ ਵਿੱਚ ਕਿਸੇ ਨਾ ਕਿਸੇ ਪਿੰਡ ਸ਼ਹਿਰ ਗਲੀ ਵਿਚ ਔਰਤ, ਬੱਚੀ, ਬਜ਼ੁਰਗ ਬਲਾਤਕਾਰ ਦਾ ਸ਼ਿਕਾਰ ਹੁੰਦੀਆਂ ਹਨ। ਮੰਦਭਾਗੀ ਗੱਲ ਇਹ ਹੈ ਕਿ ਇਨ੍ਹਾਂ ਸਭ ਲਈ ਸਾਡੇ ਦੇਸ਼ ਦੀ ਬਾਲ ਵਿਕਾਸ ਤੇ ਮਹਿਲਾ ਮੰਤਰੀ ਕੋਲ ਦੋਸ਼ੀਆਂ ਖਿਲਾਫ ਕੋਈ ਕਾਰਵਾਈ ਕਰਨ ਦਾ ਸਮਾਂ ਨਹੀਂ ਹੈ। ਦੂਜੇ ਪਾਸੇ ਦੇਸ਼ ਦੇ ਪ੍ਰਧਾਨ ਮੰਤਰੀ ਜਿਹੜੇ ਇਨ੍ਹਾਂ ਓਲੰਪਿਕ ਚੈਂਪੀਅਨ ਨੂੰ ਆਪਣਾ ਪਰਵਾਰ, ਆਪਣੀਆਂ ਬੱਚੀਆਂ ਦੱਸਦੇ ਸੀ, ਉਨ੍ਹਾ ਕੋਲ ਫਿਲਮ ਸਟਾਰ ਅਤੇ ਸਪੋਰਟਸ ਸਟਾਰ ਨਾਲ ਫੋਟੋਆਂ ਕਰਾਉਣ ਲਈ ਸਮਾਂ ਹੈ ਪਰ ਇਨ੍ਹਾਂ ਭੈਣਾਂ ਦੇ ਉਪਰ ਹੋ ਰਹੇ ਅੱਤਿਆਚਾਰ ਤੇ ਉਨ੍ਹਾ ਦੀ ਸੁਰੱਖਿਆ ਦੀ ਜ਼ਿੰਮੇਵਾਰੀ ਲਈ ਸਮਾਂ ਨਹੀਂ ਹੈ। ਇਨ੍ਹਾਂ ਸਭ ਗੱਲਾਂ ਦੀ ਜਨਵਾਦੀ ਇਸਤਰੀ ਸਭਾ ਘੋਰ ਨਿੰਦਾ ਕਰਦੀ ਹੈ। ਜਦੋਂ ਤਕ ਬ੍ਰਿਜ ਭੂਸ਼ਣ ਨੂੰ ਪੋਕਸੋ ਐਕਟ ਦੇ ਤਹਿਤ ਇਸ ਦੇ ਪਦ ਤੋਂ ਬਰਖਾਸਤ ਕਰਕੇ ਉਸ ਨੂੰ ਗ੍ਰਿਫਤਾਰ ਨਹੀਂ ਕਰਦੀ ਉਦੋਂ ਤੱਕ ਪਹਿਲਵਾਨ ਭੈਣਾਂ ਦੇ ਹੱਕ ਵਿੱਚ ਜਨਵਾਦੀ ਇਸਤਰੀ ਸਭਾ ਰੋਸ ਪ੍ਰਦਰਸ਼ਨ ਜਾਰੀ ਰੱਖੇਗੀ। ਇਸ ਮੌਕੇ ਵਿਸ਼ੇਸ਼ ਤੌਰ 'ਤੇ ਡੀ ਵਾਈ ਐੱਫ ਆਈ ਤੇ ਲੀਡਰ ਕਾਮਰੇਡ ਕਮਲਜੀਤ ਸਿੰਘ ਫਿਲੌਰ, ਕੁਲ ਹਿੰਦ ਖੇਤ ਮਜ਼ਦੂਰ ਯੂਨੀਅਨ ਦੇ ਲੀਡਰ ਮਾਸਟਰ ਪੁਰਸ਼ੋਤਮ ਬਿਲਗਾ, ਜ਼ਿਲ੍ਹਾ ਸਕੱਤਰ ਪੂਨਮ ਗੁਰਾਇਆ, ਊਸ਼ਾ, ਨਿੰਮੋ, ਬਿਮਲਾ, ਗੀਤਾ ਹੋਰ ਸਾਥੀ ਸ਼ਾਮਲ ਹੋਏ।

# ਅਮਨਦੀਪ ਕੌਰ ਨੇ ਵੇਟਲਿਫਟਿੰਗ ਚੈਂਪੀਅਨਸ਼ਿਪ 'ਚ ਜਿੱਤਿਆ ਸੋਨ ਤਗਮਾ



**ਚੰਡੀਗੜ੍ਹ (ਗੁਰਜੀਤ ਬਿੱਲਾ)**— ਚੰਡੀਗੜ੍ਹ ਗਰੁੱਪ ਆਫ ਕਾਲਜਿਜ਼ (ਸੀਜੀਸੀ) ਲਾਂਡਰਾਂ ਦੀ ਅਮਨਦੀਪ ਕੌਰ, ਵੇਟਲਿਫਟਿੰਗ ਕੋਚ ਅਤੇ ਸਹਾਇਕ ਡੀਪੀਈ ਨੇ ਹਾਲ ਹੀ ਵਿੱਚ ਹੈਦਰਾਬਾਦ ਵਿੱਚ ਹੋਈ ਦੂਜੀ ਨੈਸ਼ਨਲ ਮਾਸਟਰਜ਼ ਵੇਟਲਿਫਟਿੰਗ ਚੈਂਪੀਅਨਸ਼ਿਪ (ਪੁਰਸ਼ ਅਤੇ ਮਹਿਲਾ) ਦੇ 35 ਸਾਲ ਤੋਂ 40 ਸਾਲ ਉਮਰ ਵਰਗ ਵਿੱਚ 87-ਪਲੱਸ ਕਿਲੋਗ੍ਰਾਮ ਭਾਰ ਵਰਗ ਵਿੱਚ ਸੋਨ ਤਗਮਾ ਜਿੱਤਿਆ ਹੈ। ਇਸ ਕੌਮੀ ਪੱਧਰ ਦੀ ਚੈਂਪੀਅਨਸ਼ਿਪ ਵਿੱਚ ਦੇਸ਼ ਭਰ ਤੋਂ 150 ਤੋਂ ਵੱਧ ਖਿਡਾਰੀਆਂ ਨੇ ਹਿੱਸਾ ਲਿਆ।

ਅਮਨਦੀਪ ਕੌਰ ਨੇ ਸਨੈਚ ਵਿੱਚ 45 ਕਿਲੋਗ੍ਰਾਮ ਅਤੇ ਕਲੀਨ ਐਂਡ ਜਰਕ ਈਵੈਂਟ ਵਿੱਚ 60 ਕਿਲੋਗ੍ਰਾਮ ਅਤੇ ਕੁੱਲ 105 ਕਿਲੋਗ੍ਰਾਮ ਭਾਰ ਚੁੱਕਿਆ ਅਤੇ ਅਦਾਰੇ ਦਾ ਨਾਂਅ ਰੌਸ਼ਨ ਕੀਤਾ ਹੈ। ਜ਼ਿਕਰਯੋਗ ਹੈ ਕਿ ਨੇਤਾਜੀ ਸੁਭਾਸ਼ ਨੈਸ਼ਨਲ ਇੰਸਟੀਚਿਊਟ ਆਫ ਸਪੋਰਟਸ, ਪਟਿਆਲਾ ਤੋਂ ਵੇਟਲਿਫਟਿੰਗ ਕੋਚਿੰਗ ਵਿੱਚ ਡਿਪਲੋਮਾ ਹੋਲਡਰ, ਅਮਨਦੀਪ ਨੇ ਫਰਵਰੀ ਵਿੱਚ ਚੰਡੀਗੜ੍ਹ ਯੂਨੀਵਰਸਿਟੀ ਵਿੱਚ ਆਯੋਜਿਤ ਵਿਸ਼ਵ ਸਟ੍ਰਾਂਗਮੈਨ ਚੈਂਪੀਅਨਸ਼ਿਪ ਖੇਡਾਂ, 2023 ਵਿੱਚ ਵੀ ਸੋਨ ਤਗਮਾ ਹਾਸਲ ਕੀਤਾ ਸੀ।

# ਬਾਬਾ ਬਲਬੀਰ ਸਿੰਘ ਚਮਕੌਰ ਸਾਹਿਬ ਵਾਲਿਆਂ ਦਾ ਮੋਟਰਸਾਈਕਲ ਨਾਲ ਸਨਮਾਨ



**ਸੁਲਤਾਨਪੁਰ ਲੋਧੀ (ਬਲਵਿੰਦਰ ਸਿੰਘ ਧਾਲੀਵਾਲ ਰਾਜਵੀਰ ਸਿੰਘ)**-ਇਤਿਹਾਸਕ ਗੁਰਦੁਆਰਾ ਸ੍ਰੀ ਬੇਰ ਸਾਹਿਬ ਵਿਖੇ ਸੰਤ ਬਾਬਾ ਬਲਬੀਰ ਸਿੰਘ ਚਮਕੌਰ ਸਾਹਿਬ ਵਾਲੇ ਪਿੰਡ ਗੱਗੋ ਉਚੇਚੇ ਤੌਰ 'ਤੇ ਨਤਮਸਤਕ ਹੋਣ ਲਈ ਪੁੱਜੇ। ਇਸ ਮੌਕੇ ਉਨ੍ਹਾਂ ਇਤਿਹਾਸਕ ਗੁਰਦੁਆਰਾ ਸ੍ਰੀ ਬੇਰ ਸਾਹਿਬ ਵਿਖੇ ਬੇਰੀ ਸਾਹਿਬ , ਭੋਰਾ ਸਾਹਿਬ ਅਤੇ ਪਵਿੱਤਰ ਵੇਈਂ ਨਦੀ ਦੇ ਦਰਸ਼ਨ ਕੀਤੇ । ਉਪਰੰਤ ਦਰਬਾਰ ਹਾਲ ਵਿਖੇ ਕੀਰਤਨ ਸਰਵਣ ਕੀਤਾ। ਬਾਬਾ ਬਲਬੀਰ ਸਿੰਘ ਚਮਕੌਰ ਸਾਹਿਬ ਵਾਲਿਆਂ ਨੇ ਕਿਹਾ ਕਿ ਧੰਨ ਧੰਨ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਪਾਵਨ ਧਰਤੀ ਗੁਰਦੁਆਰਾ ਸ੍ਰੀ ਬੇਰ ਸਾਹਿਬ ਵਿਖੇ ਦਰਸ਼ਨ ਕਰਨ ਦਾ ਸੁਭਾਗ ਪ੍ਰਾਪਤ ਹੋਇਆ ਹੈ ਅਤੇ ਉਹ ਭਾਗਾਂ ਵਾਲੇ ਹਨ। ਬਾਬਾ ਬਲਬੀਰ ਸਿੰਘ ਚਮਕੌਰ ਸਾਹਿਬ ਵਾਲਿਆਂ ਦਾ ਸੁਪਰ ਮੋਟਰ 650 ਰਾਇਲ ਇੰਨਫੀਲਡ ਮੋਟਰਸਾਈਕਲ, ਸੋਨੇ ਦੀ ਚੇਨ, ਆਈ ਫੋਨ 14 ਪਰੋ ਦੇ ਕੇ ਯੋਗਰਾਜ ਸਿੰਘ ਤੇ ਵਿਰਸਾ ਸਿੰਘ ਆਸਟ੍ਰੇਲੀਆ ਵੱਲੋਂ ਵਿਸ਼ੇਸ਼ ਸਨਮਾਨ ਕੀਤਾ ਗਿਆ। ਇਸ ਮੌਕੇ ਹੋਰਨਾਂ ਤੋਂ ਇਲਾਵਾ ਗੁਰਫਤਿਹ ਸਿੰਘ , ਗੁਰਪ੍ਰੀਤ ਸਿੰਘ ਸਰਾਂ ਇੰਚਾਰਜ, ਸਤਨਾਮ ਸਿੰਘ, ਸੁਖਚੈਨ ਸਿੰਘ, ਜਸਵਿੰਦਰ ਸਿੰਘ, ਗੁਰਜੰਟ ਸਿੰਘ ਮੁੰਡੀ ਜਮਾਤ, ਅਮਨਪ੍ਰੀਤ ਸਿੰਘ ਬੂਲੇ ਸੇਵਾਦਾਰ, ਮਨਦੀਪ ਸਿੰਘ ਸੇਵਾਦਾਰ, ਭਾਈ ਸਰਵਣ ਸਿੰਘ ਚੱਕਾਂ, ਭਾਈ ਗੁਰਪ੍ਰੀਤ ਸਿੰਘ ਫੱਤੂਢੀਂਗਾ, ਭਾਈ ਸੁਖਜਿੰਦਰ ਸਿੰਘ ਆਦਿ ਵੀ ਹਾਜ਼ਰ ਸਨ।

# ਜਲਾਲਪੁਰ ਵਿਖੇ ਸ਼ਿਕਾਇਤ ਨਿਵਾਰਨ ਕੈਂਪ ਅੱਜ



**ਟਾਂਡਾ ਉੜਮੁੜ, (ਜਸਵਿੰਦਰ ਸੰਧੂ ,ਉਂਕਾਰ ਸਿੰਘ )**- ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਲੋਕਾਂ ਨਾਲ ਕੀਤੇ ਵਾਅਦੇ ਪੂਰੇ ਕਰਨ ਅਤੇ ਉਨ੍ਹਾਂ ਨੂੰ ਦਰਪੇਸ਼ ਆ ਰਹੀਆਂ ਮੁਸ਼ਕਿਲਾਂ ਨੂੰ ਉਨ੍ਹਾਂ ਦੇ ਪਿੰਡਾਂ ਤੇ ਜਸਵਿੰਦਰ ਸੰਧੂ ਉਂਕਾਰ ਸਿੰਘ ਸ਼ਹਿਰਾਂ ਵਿੱਚ ਹੀ ਹੱਲ ਕਰਵਾਉਣ ਦੇ ਠੋਸ ਉਪਰਾਲੇ ਕੀਤੇ ਜਾ ਰਹੇ ਹਨ। ਇਸੇ ਕੜੀ ਤਹਿਤ ਲੋਕਾਂ ਦੀਆਂ ਸ਼ਿਕਾਇਤਾਂ ਦਾ ਮੌਕੇ 'ਤੇ ਹੀ ਨਿਪਟਾਰਾ ਕਰਨ ਲਈ ਵੇਟ ਏਰੀਆ ਇੰਚਾਰਜ ਰਾਜਿੰਦਰ ਸਿੰਘ ਮਾਰਸ਼ਲ ਦੀ ਅਗਵਾਈ ਵਿਚ ਲੋਕ ਸ਼ਿਕਾਇਤ ਨਿਵਾਰਨ ਕੈਂਪ 7 ਜੂਨ ਨੂੰ ਪਿੰਡ ਜਲਾਲਪੁਰ ਵਿਖੇ ਸਵੇਰੇ 8 ਵਜੇ ਤੋਂ 12 ਵਜੇ ਤੱਕ ਲਗਾਇਆ ਜਾ ਰਿਹਾ ਹੈ, ਜਿਸ ਵਿੱਚ ਹਰ ਮਹਿਕਮੇ ਦੇ ਸੰਬੰਧਤ ਅਧਿਕਾਰੀਆਂ ਦਾ ਹੋਣਾ ਯਕੀਨੀ ਬਣਾਇਆ ਗਿਆ ਹੈ। ਇਸ ਕੈਂਪ ਦੌਰਾਨ ਹਲਕਾ ਵਿਧਾਇਕ ਜਸਵੀਰ ਸਿੰਘ ਰਾਜਾ ਗਿੱਲ ਲੋਕਾਂ ਦੀਆਂ ਸ਼ਿਕਾਇਤਾਂ ਦਾ ਮੌਕੇ 'ਤੇ ਹੀ ਨਿਪਟਾਰਾ ਕਰਨਗੇ। ਕੈਂਪ ਸੰਬੰਧੀ ਜਾਣਕਾਰੀ ਦਿੰਦੇ ਹੋਏ ਵਿਧਾਇਕ ਜਸਵੀਰ ਸਿੰਘ ਰਾਜਾ ਨੇ ਦੱਸਿਆ ਕਿ ਮਾਨ ਸਰਕਾਰ ਦੀਆਂ ਨੀਤੀਆਂ 'ਤੇ ਅਮਲ ਕਰਦੇ ਹੋਏ ਆਮ ਜਨਤਾ ਨੂੰ ਦਰਪੇਸ਼ ਔਕੜਾਂ ਤੇ ਉਨ੍ਹਾਂ ਦੀਆਂ ਸ਼ਿਕਾਇਤਾਂ ਦਾ ਮੌਕੇ 'ਤੇ ਹੀ ਨਿਪਟਾਰਾ ਕਰ ਦਿੱਤਾ ਜਾਵੇਗਾ ਅਤੇ ਬਾਕੀ ਰਹਿੰਦੀਆਂ ਸ਼ਿਕਾਇਤਾਂ ਦਾ ਨਿਪਟਾਰਾ ਜਲਦ ਕਰਨ ਲਈ ਸੰਬੰਧਤ ਵਿਭਾਗ ਦੇ ਅਧਿਕਾਰੀਆਂ ਨੂੰ ਹਦਾਇਤਾਂ ਕਰ ਦਿੱਤੀਆਂ ਜਾਣਗੀਆਂ। ਉਨ੍ਹਾਂ ਕਿਹਾ ਕਿ ਪਿੰਡਾਂ ਦੀਆਂ ਪੰਚਾਇਤਾਂ ਨੂੰ ਉਨ੍ਹਾਂ ਦੀ ਜ਼ਰੂਰਤ ਅਨੁਸਾਰ ਗ੍ਰਾਂਟਾਂ ਮੁਹੱਈਆ ਕਰਵਾਈਆਂ ਜਾ ਰਹੀਆਂ ਹਨ ਤਾਂ ਜੋ ਪੰਜਾਬ ਨੂੰ ਇਕ ਖ਼ੁਸ਼ਹਾਲ ਸੂਬਾ ਬਣਾਇਆ ਜਾ ਸਕੇ। ਰਾਜਿੰਦਰ ਸਿੰਘ ਮਾਰਸ਼ਲ ਨੇ ਕਿਹਾ ਕਿ ਬੇਟ ਏਰੀਆ ਦੇ ਲੋਕਾਂ ਨੂੰ ਹਰ ਸੁਵਿਧਾ ਮੁਹੱਈਆ ਕਰਵਾਉਣ ਲਈ ਹਰ ਪਿੰਡ ਦੀ ਪੰਚਾਇਤ ਨਾਲ ਤਾਲਮੇਲ ਕਰਕੇ ਨੁੱਕੜ ਮੀਟਿੰਗਾਂ ਦਾ ਆਯੋਜਨ ਕੀਤਾ ਜਾ ਰਿਹਾ ਹੈ ਤਾਂ ਜੋ ਉਨ੍ਹਾਂ ਦੇ ਪਿੰਡਾਂ ਦੀ ਨੁਹਾਰ ਬਦਲੀ ਜਾ ਸਕੇ।

# ਪੀਰ ਬਾਬਾ ਫਾਜ਼ਲ ਸ਼ਾਹ ਦਾ ਸਲਾਨਾ ਮੇਲਾ ਸ਼ਾਨੋ-ਸ਼ੌਕਤ ਨਾਲ ਸਮਾਪਤ



**ਬਹਿਰਾਮ (ਅਵਤਾਰ ਕਲੇਰ)**- ਦਰਬਾਰ ਪੀਰ ਬਾਬਾ ਫਾਜਲ ਸ਼ਾਹ ਮਿਸਤਰੀ ਫਾਰਮ ਬੀੜ ਸਾਰੰਗਵਾਲ ਵਿਖੇ ਸਲਾਨਾ ਮੇਲਾ ਸਮੂਹ ਪ੍ਰਬੰਧਕ ਕਮੇਟੀ, ਐਨ ਆਰ ਆਈ ਵੀਰਾਂ ਅਤੇ ਇਲਾਕੇ ਦੀਆਂ ਸੰਗਤਾਂ ਦੇ ਸਹਿਯੋਗ ਨਾਲ ਬੜੀ ਸ਼ਰਧਾ ਭਾਵਨਾ ਨਾਲ ਮਨਾਇਆ ਗਿਆ । ਇਸ ਤਿੰਨ ਰੋਜ਼ਾ ਮੇਲੇ ਦੌਰਾਨ ਚਿਰਾਗਾਂ ਦੀ ਰਸਮ, ਝੰਡੇ ਦੀ ਰਸਮ, ਚਾਦਰ ਦੀ ਰਸਮ ਅਦਾ ਕੀਤੀ ਗਈ। ਪੰਜਾਬ ਦੇ ਮਸ਼ਹੂਰ ਕਲਾਕਾਰਾਂ ਦਲਵਿੰਦਰ ਦਿਆਲਪੁਰੀ - ਬੀਬਾ ਮਨੀਸ਼, ਪ੍ਰੇਮ ਹੀਰਾ, ਸਾਬਾ ਸੰਘਾ, ਜਗਪਾਲ ਸੰਧੂ , ਸੰਦੀਪ, ਰਾਜਪ੍ਰੀਤ ਚਮਕ, ਅਸ਼ ਫਿਲੌਰੀਆ, ਸਾਹਿਲ ਟੰਡਨ , ਸਰਤਾਜ ਅਲੀ, ਬਲਜੀਤ ਜੱਸੀ, ਅਰਮਾਨ ਢਿੱਲੋਂ, ਜਮੀਲ ਅਖਤਰ, ਬਲਜਿੰਦਰ ਬਿੱਲਾ, ਮਨਦੀਪ ਮਨੀ, ਜਿੰਮੀ ਗਰੇਵਾਲ , ਪੰਮਾ ਕੁਲਥਮ, ਲੱਕੀ ਬੌਸ, ਮਨਜਿੰਦਰ ਹੈਪੀ, ਚਰਨਜੀਤ, ਕਸ਼ਰ ਕਮਲ, ਗੁਰਜਿੰਦਰ ਗੁਰੂ, ਭੋਲਾ ਕੋਮਲ - ਜਗਦੀਸ਼ ਕੋਮਲ, ਦਿਲਪ੍ਰੀਤ, ਮਮਤਾ ਵਰਮਾ ਆਦਿ ਕਲਾਕਾਰਾਂ ਨੇ ਸੱਭਿਆਚਾਰਕ ਪ੍ਰੋਗਰਾਮ ਪੇਸ਼ ਕੀਤਾ । ਠੰਢੇ ਮਿੱਠਾ ਜਲ ਅਤੇ ਲੰਗਰ ਅਤੁੱਟ ਵਰਤਾਇਆ ਗਿਆ । ਸਟੇਜ ਸੈਕਟਰੀ ਦੀ ਭੂਮਿਕਾ ਰਾਮ ਪਾਲ ਰੱਲੂ ਨੇ ਨਿਭਾਈ । ਇਸ ਮੌਕੇ ਸੰਤੋਖ ਸਿੰਘ ਪ੍ਰਧਾਨ, ਕਸ਼ਮੀਰਾ ਸਿੰਘ ਅਧਿਕਾਰਤ ਸਰਪੰਚ ਚੱਕ ਮੰਡੇਰ, ਗੁਰਵਿੰਦਰ ਸਿੰਘ ਅਟਵਾਲ, ਸੁਰਿੰਦਰ ਸਿੰਘ ਚੱਕ ਮੰਡੇਰ, ਸਾਭਾ ਸਿੰਘ ਖਲਵਾੜਾ, ਪ੍ਰੇਮ ਸਿੰਘ ਚੱਕ ਮੰਡੇਰ, ਵਿੱਕੀ ਬਸਰਾ ਆਦਿ ਹਾਜ਼ਰ ਸਨ ।

# ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲ 'ਚ ਵਿਸ਼ਵ ਵਾਤਾਵਰਣ ਦਿਵਸ ਮਨਾਇਆ



**ਕਪੂਰਥਲਾ, ( ਹਨੀ )**- ਰੇਲ ਕੋਚ ਫੈਕਟਰੀ ਸਾਹਮਣੇ ਸਥਿਤ ਸ੍ਰੀ ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲ ਵਿਖੇ ਪ੍ਰਿੰਸੀਪਲ ਪ੍ਰਭਦੀਪ ਕੌਰ ਮੋਂਗਾ ਦੀ ਅਗਵਾਈ ਵਿੱਚ ਵਾਤਾਵਰਣ ਦਿਵਸ ਸੰਬੰਧੀ ਸਮਾਗਮ ਦਾ ਆਯੋਜਨ ਕੀਤਾ ਗਿਆ । ਸਕੂਲ ਦੀ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਬੀਬੀ ਗੁਰਪ੍ਰੀਤ ਕੌਰ ਮੈਂਬਰ ਸ੍ਰੋਮਣੀ ਕਮੇਟੀ ਅੰਮ੍ਰਿਤਸਰ ਅਤੇ ਇੰਜੀਨੀਅਰ ਸਵਰਨ ਸਿੰਘ ਪ੍ਰਧਾਨ ਗੁਰੂ ਨਾਨਕ ਖਾਲਸਾ ਕਾਲਜ ਸੁਲਤਾਨਪੁਰ ਲੋਧੀ ਸਮਾਗਮ ਵਿੱਚ ਵਿਸ਼ੇਸ਼ ਤੌਰ 'ਤੇ ਸ਼ਾਮਲ ਹੋਏ । ਉਨ੍ਹਾਂ ਕਿਹਾ ਕਿ ਰੁੱਖਾਂ ਦੀ ਧੜਾਧੜ ਹੋ ਰਹੀ ਕਟਾਈ ਚਿੰਤਾ ਦਾ ਵਿਸ਼ਾ ਹੈ, ਜੇ ਇਸ ਨੂੰ ਨਾ ਰੋਕਿਆ ਗਿਆ ਤਾਂ ਸਾਡੀਆਂ ਆਉਣ ਵਾਲੀਆਂ ਪੀੜ੍ਹੀਆਂ ਨੂੰ ਸ਼ੁੱਧ ਵਾਤਾਵਰਣ ਨਹੀਂ ਮਿਲ ਸਕੇਗਾ । ਉਨਾਂ ਸਮੂਹ ਸਟਾਫ ਮੈਂਬਰਾਂ ਅਤੇ ਵਿਦਿਆਰਥੀਆਂ ਨੂੰ ਪ੍ਰੇਰਿਤ ਕਰਦਿਆਂ ਕਿਹਾ ਕਿ ਸਾਨੂੰ ਆਪਣੇ ਘਰਾਂ ਦੇ ਆਸ-ਪਾਸ ਅਤੇ ਖਾਲੀ ਸਥਾਨਾਂ 'ਤੇ ਵੱਧ ਤੋਂ ਵੱਧ ਪੌਦੇ ਲਗਾਉਣੇ ਚਾਹੀਦੇ ਹਨ, ਤਾਂ ਜੋ ਸਾਡੀਆਂ ਆਉਣ ਵਾਲੀਆਂ ਪੀੜ੍ਹੀਆਂ ਨੂੰ ਸ਼ੁੱਧ ਅਤੇ ਤਾਜ਼ਾ ਵਾਤਾਵਰਣ ਮਿਲ ਸਕੇ । ਇਸ ਦੌਰਾਨ ਬੀਬੀ ਗੁਰਪ੍ਰੀਤ ਕੌਰ, ਇੰਜੀਨੀਅਰ ਸਵਰਨ ਸਿੰਘ, ਇੰਜੀਨੀਅਰ ਹਰਨਿਆਮਤ ਕੌਰ, ਇੰਜੀਨੀਅਰ ਨਿਮਰਤਾ ਕੌਰ, ਪ੍ਰਿੰਸੀਪਲ ਪ੍ਰਭਦੀਪ ਕੌਰ ਮੋਂਗਾ, ਸਟਾਫ਼ ਮੈਂਬਰਾਂ ਅਤੇ ਐਨ ਸੀ ਸੀ ਵਲੰਟੀਅਰ ਨੇ ਸਕੂਲ ਦੇ ਵਿਹੜੇ ਵਿਚ ਛਾਂਦਾਰ ਅਤੇ ਫਲਦਾਰ ਪੌਦੇ ਲਗਾਏ ।

# ਮਾਹਿਲਪੁਰ ਵਿਖੇ ਧਾਰਮਕ ਸਮਾਗਮ ਅਤੇ ਖ਼ੂਨਦਾਨ ਕੈਂਪ

**ਮਾਹਿਲਪੁਰ, (ਨਿਰਮਲ ਸਿੰਘ ਮੁੱਗੋਵਾਲ)**- ਤਥਾਗਤ ਭਗਵਾਨ ਬੁੱਧ, ਬਾਬਾ ਸਾਹਿਬ ਅੰਬੇਡਕਰ ਉਪਾਸਕ ਮੰਚ ਵੱਲੋਂ ਇਨਕਲਾਬੀ ਰਹਿਬਰ ਧੰਨ- ਧੰਨ ਸਤਿਗੁਰੂ ਕਬੀਰ ਮਹਾਰਾਜ ਜੀ ਦੇ 625 ਵੇਂ ਪ੍ਰਕਾਦਚ ਦਿਹਾੜੇ ਨੂੰ ਸਮਰਪਤ ਵਿਸ਼ੇਸ਼ ਸਮਾਗਮ ਨਿਰਵਾਣੁ ਕੁਟੀਆ ਮਾਹਿਲਪੁਰ ਵਿਖੇ 10 ਜੂਨ ਦਿਨ ਸ਼ਨੀਵਾਰ ਨੂੰ ਸਵੇਰੇ 10 ਤੋਂ 2 ਵਜੇ ਤੱਕ ਕਰਵਾਇਆ ਜਾ ਰਿਹਾ ਹੈ। ਇਸ ਮੌਕੇ ਸਭ ਤੋਂ ਪਹਿਲਾ ਅਦਾਰਾ ਸ਼ਿਵਾਲਿਕ ਨਿਊਜ਼ ਦੇ ਮੁੱਖ ਸੰਪਾਦਕ ਫੂਲਾ ਸਿੰਘ ਬੀਰਮਪੁਰੀ ਵੱਲੋਂ ਆਪਣੀ ਸਮੁੱਚੀ ਟੀਮ ਅਤੇ ਸੰਤ ਬਾਬਾ ਜਵਾਲਾ ਸਿੰਘ ਹਰਖੋਵਾਲੀਏ ਚੈਰੀਟੇਬਲ ਸੁਸਾਇਟੀ ਦੇ ਪ੍ਰਧਾਨ ਸੰਤ ਬਲਵੀਰ ਸਿੰਘ ਲੰਗੇਰੀ ਦੇ ਸਹਿਯੋਗ ਨਾਲ ਲਗਾਏ ਜਾ ਰਹੇ ਖੂਨਦਾਨ ਕੈਂਪ ਦਾ ਇਲਾਕੇ ਦੀਆਂ ਪ੍ਰਮੁੱਖ ਸ਼ਖ਼ਸੀਅਤਾਂ ਦੀ ਹਾਜ਼ਰੀ ਵਿੱਚ ਉਦਘਾਟਨ ਕੀਤਾ ਜਾਵੇਗਾ। ਇਸ ਤੋਂ ਬਾਅਦ ਸਤਿਗੁਰੂ ਕਬੀਰ ਮਹਾਰਾਜ ਜੀ ਦੀ ਤਸਵੀਰ ਅੱਗੇ ਗਿਆਨ ਦੇ ਪ੍ਰਤੀਕ ਵਜੋਂ ਮੋਮਬੱਤੀ ਅਤੇ ਅਗਰਬੱਤੀ ਬਾਲ ਕੇ ਸਮੂਹਿਕ ਤੌਰ 'ਤੇ ਮੈਡੀਟੇਸ਼ਨ ਕੀਤੀ ਜਾਵੇਗੀ। ਇਸ ਤੋਂ ਬਾਅਦ ਅਦਾਰਾ ਸ਼ਿਵਾਲਿਕ ਨਿਊਜ਼ ਦਾ ਪੰਜਵਾਂ ਅੰਕ ਰਿਲੀਜ਼ ਕੀਤਾ ਜਾਵੇਗਾ। ਉਪਰੰਤ ਸਤਿਗੁਰੂ ਕਬੀਰ ਮਹਾਰਾਜ ਦੇ ਪ੍ਰਕਾਸ਼ ਦਿਹਾੜੇ ਦੀਆਂ ਖੁਸ਼ੀਆਂ ਵਿੱਚ ਕੇਕ ਕੱਟਿਆ ਜਾਵੇਗਾ ਅਤੇ ਇੱਕ ਹੁਸ਼ਿਆਰ ਬੱਚੀ ਨੂੰ ਸਕੂਲ ਜਾਣ ਵਾਸਤੇ ਸਾਈਕਲ ਲੈ ਕੇ ਦਿੱਤਾ ਜਾਵੇਗਾ। ਸਮਾਗਮ ਦੇ ਅਖੀਰ ਵਿਚ ਲਾਫਿੰਗ ਮੈਡੀਟੇਸ਼ਨ ਕੀਤੀ ਜਾਵੇਗੀ। ਸਮਾਗਮ ਦੇ ਆਯੋਜਕਾਂ ਨੇ ਦੱਸਿਆ ਕਿ ਇਸ ਤਰ੍ਹਾਂ ਦੇ ਸਮਾਗਮ ਕਰਵਾਉਣ ਦਾ ਮੁੱਖ ਮਨੋਰਥ ਇਨਕਲਾਬੀ ਸੰਤਾਂ-ਮਹਾਂਪੁਰਸ਼ਾਂ ਦੀ ਵਿਚਾਰਧਾਰਾ ਨੂੰ ਘਰ ਘਰ ਤੱਕ ਪਹੁੰਚਾਉਣਾ ਹੈ ਤਾਂ ਕਿ ਲੋਕ ਅੰਧ ਵਿਸ਼ਵਾਸੀ ਸੋਚ ਅਤੇ ਕਰਮਕਾਂਡਾਂ ਦਾ ਤਿਆਗ ਕਰਕੇ ਬਰਾਬਰਤਾ ਦਾ ਸਮਾਜ ਸਿਰਜਣ ਲਈ ਯਤਨਸ਼ੀਲ ਹੋਣ।

# ਪਹਿਲਵਾਨਾਂ ਦੇ ਹੱਕ 'ਚ ਡਟਿਆ ਸੰਯੁਕਤ ਕਿਸਾਨ ਮੋਰਚਾ



**ਕਾਲਾ ਸੰਘਿਆਂ 5 ਜੂਨ (ਮਨਜੀਤ ਮਾਨ)**-ਜਿਨਸੀ ਸੋਸ਼ਣ ਮਾਮਲੇ 'ਚ ਭਾਜਪਾ ਸੰਸਦ ਬ੍ਰਿਜ ਭੂਸ਼ਣ ਸਰਨ ਸਿੰਘ ਖਿਲਾਫ ਕਾਰਵਾਈ ਦੀ ਮੰਗ ਨੂੰ ਲੈ ਕੇ ਦਿੱਲੀ ਵਿਖੇ ਧਰਨਾ ਪ੍ਰਦਰਸ਼ਨ ਕਰ ਰਹੇ ਪਹਿਲਵਾਨਾਂ ਦੇ ਹੱਕ ਕਿਰਤੀ ਕਿਸਾਨ ਯੂਨੀਅਨ ਪੰਜਾਬ ਅਤੇ ਕਿਰਤੀ ਕਿਸਾਨ ਯੂਨੀਅਨ ਵੱਲੋਂ ਸਾਂਝੇ ਤੌਰ 'ਤੇ ਕਾਲਾ ਸੰਘਿਆਂ ਦੇ ਕਪੂਰਥਲਾ-ਨਕੋਦਰ ਬੱਸ ਸਟੈਂਡ ਚੌਂਕ ਵਿਖੇ ਸੰਸਦ ਬ੍ਰਿਜ ਭੂਸ਼ਣ ਸਰਨ ਸਿੰਘ ਦਾ ਪੁਤਲਾ ਫੂਕਿਆ ਗਿਆ ਅਤੇ ਸਰਕਾਰ ਖਿਲਾਫ ਨਾਅਰੇਬਾਜੀ ਕੀਤੀ ਗਈ। ਇਸ ਮੌਕੇ ਬਲਵਿੰਦਰ ਸਿੰਘ ਬਾਜਵਾ ਜ਼ਿਲ੍ਹਾ ਪ੍ਰਧਾਨ ਕਿਰਤੀ ਕਿਸਾਨ ਯੂਨੀਅਨ ਪੰਜਾਬ, ਪਰਗਣ ਸਿੰਘ, ਸੁਰਿੰਦਰ ਸਿੰਘ ਗਦਰੀ ਬਾਬਾ, ਲੁਭਾਇਆ ਸਿੰਘ ਸਾਬਕਾ ਸਰਪੰਚ, ਲਹਿੰਬਰ ਸਿੰਘ ਸਾਬਕਾ ਸਰਪੰਚ, ਬਲਵਿੰਦਰ ਸਿੰਘ ਖਜਾਨਚੀ ਆਦਿ ਆਗੂਆਂ ਨੇ ਕੇਂਦਰ ਸਰਕਾਰ 'ਤੇ ਵਰ੍ਹਦਿਆਂ ਕਿਹਾ ਕਿ ਸਰਕਾਰ ਤਾਨਾਸ਼ਾਹੀ ਰਵੱਈਆ ਅਪਣਾਉਣਾ ਬੰਦ ਕਰੇ, ਜਿਨਸੀ ਸੋਸ਼ਣ ਮਾਮਲੇ 'ਤੇ ਬ੍ਰਿਜ ਭੂਸ਼ਣ ਨੂੰ ਗ੍ਰਿਫਤਾਰ ਕਰਨਾ ਚਾਹੀਦਾ ਹੈ। ਇਸ ਮੌਕੇ ਸਤਨਾਮ ਸਿੰਘ ਸੰਘਾ, ਬਲਵਿੰਦਰ ਕਾਕਾ, ਸੋਹਣ ਸਿੰਘ ਨਿੱਝਰ, ਬਲਦੇਵ ਸਿੰਘ ਸੰਘਾ, ਭਜਨ ਲਾਲ ਸਾਬਕਾ ਪ੍ਰਧਾਨ ਰਵਿਦਾਸ ਗੁਰਦੁਆਰਾ ਕਮੇਟੀ,ਸੋਹਣ ਸਿੰਘ,ਨਿੰਦੀ ਨਿੱਝਰ, ਪਵਨ ਕੁਮਾਰ ਸਮੇਤ ਵੱਡੀ ਗਿਣਤੀ ਵਿੱਚ ਲੋਕ ਹਾਜ਼ਰ ਸਨ।

# 9ਵਾਂ ਗੱਤਕਾ ਨੈਸ਼ਨਲ ਕੱਪ ਪੰਜਾਬ ਦੀ ਟੀਮ ਨੇ ਜਿੱਤਿਆ

**ਸੁਲਤਾਨਪੁਰ ਲੋਧੀ( ਬਲਵਿੰਦਰ ਸਿੰਘ ਧਾਲੀਵਾਲ ਰਾਜਵੀਰ ਸਿੰਘ)**ਨਿਰਮਲ ਕੁਟੀਆ ਸੀਚੇਵਾਲ ਵਿੱਚ ਦੋ ਦਿਨ ਚੱਲੇ ਕੌਮੀ ਮੁਕਾਬਲਿਆਂ ਵਿੱਚ 9ਵਾਂ ੧ਓ ਗੱਤਕਾ ਨੈਸ਼ਨਲ ਕੱਪ ਪੰਜਾਬ ਨੇ ਜਿੱਤਿਆ। ਦਿੱਲੀ ਦੀ ਟੀਮ 73 ਨੰਬਰ ਲੈ ਕੇ ਦੂਜੇ ਸਥਾਨ 'ਤੇ ਰਹੀ ਜਦ ਕਿ ਚੰਡੀਗੜ੍ਹ ਦੀ ਟੀਮ ਤੀਜੇ ਸਥਾਨ 'ਤੇ ਰਹੀ। ਜੇਤੂ ਟੀਮਾਂ ਨੂੰ ਇਨਾਮਾਂ ਦੀ ਵੰਡ ਰਾਜ ਸਭਾ ਮੈਂਬਰ ਸੰਤ ਬਲਬੀਰ ਸਿੰਘ ਸੀਚੇਵਾਲ ਤੇ ਕਪੂਰਥਲਾ ਦੇ ਡਿਪਟੀ ਕਮਿਸ਼ਨਰ ਕੈਪਟਨ ਕਰਨੈਲ ਸਿੰਘ ਨੇ ਕੀਤੀ। ਇੰਨ੍ਹਾਂ ਵਿੱਚ ਫਰੀ ਸੋਟੀ ਤੇ ਸਿੰਗਲ ਸੋਟੀ ਦੇ ਮੁਕਾਬਲੇ ਕਰਵਾਏ ਗਏ। ਪੂਰੇ ਸ਼ਾਸ਼ਤਰਾਂ ਸਮੇਤ ਪ੍ਰਦਰਸ਼ਨੀ ਕਰਤੱਵ ਵੀ ਦਿਖਾਏ ਗਏ। ਜ਼ਿਕਰਯੋਗ ਕਿ ਸੰਤ ਅਵਤਾਰ ਸਿੰਘ ਜੀ ਦੀ 35ਵੀਂ ਬਰਸੀ ਨੂੰ ਸਮਰਪਿਤ 7 ਦਿਨਾਂ ਖੇਡ ਮੇਲਾ ਸੰਪਨ ਹੋ ਗਿਆ। ਇਸ ਖੇਡ ਮੇਲੇ ਵਿੱਚ ਕੁਸ਼ਤੀਆਂ, ਹਾਕੀ, ਵਾਲੀਬਾਲ, ਕੱਬਡੀ ਅਤੇ ਗੱਤਕੇ ਦੇ ਮੁਕਾਬਲੇ ਕਰਵਾਏ ਗਏ ਸਨ। ਇਸ ਕੌਮੀ ਗੱਤਕਾ ਟੂਰਨਾਮੈਂਟ ਵਿੱਚ ਦੇਸ਼ ਦੇ 21 ਸੂਬਿਆਂ ਦੀਆਂ ਟੀਮਾਂ ਨੇ ਹਿੱਸਾ ਲਿਆ ਸੀ ਜਿਸ ਵਿੱਚ 650 ਤੋਂ ਵੱਧ ਖਿਡਾਰੀ ਪਹੁੰਚੇ। ਇਸ ਵਿੱਚ ਵਿਰਾਸਤੀ ਖੇਡ ਗੱਤਕਾ ਵਿੱਚ ਲੜਕੀਆਂ ਨੇ ਵੀ ਵੱਡੀ ਗਿਣਤੀ ਵਿੱਚ ਹਿੱਸਾ ਲਿਆ। ਇਸ ਮੌਕੇ ਸੰਤ ਸੁਖਜੀਤ ਸਿੰਘ ਸੀਚੇਵਾਲ,ਸੁਰਜੀਤ ਸਿੰਘ ਸ਼ੰਟੀ, ਸਰਪੰਚ ਜੋਗਾ ਸਿੰਘ, ਸਰਪੰਚ ਤੀਰਥ ਸਿੰਘ,ਆਪ ਦੇ ਆਗੂ ਰਤਨ ਸਿੰਘ ਕਾਕੜ ਕਲਾਂ, ਹਰਜਿੰਦਰ ਸਿੰਘ ਤੇ ਹੋਰ ਬਹੁਤ ਸਾਰੀਆਂ ਸਖ਼ਸ਼ੀਅਤਾਂ ਹਾਜ਼ਰ ਸਨ।



# 20 ਦਿਨਾ ਗੁਰਮਤਿ ਸਿਖਲਾਈ ਕੈਂਪ ਭਲਕੇ



**ਟਾਂਡਾ ਉੜਮੁੜ,( ਜਸਵਿੰਦਰ ਸੰਧੂ ,ਉਂਕਾਰ ਸਿੰਘ )**-ਸੰਤ ਬਾਬਾ ਹਜ਼ਾਰਾ ਸਿੰਘ ਗੁਰੂ ਕਾ ਬਾਗ ਅੰਮ੍ਰਿਤਸਰ, ਸੰਤ ਬਾਬਾ ਅਜੈਬ ਸਿੰਘ ਮੱਖਣ ਵਿੰਡੀ ਅੰਮ੍ਰਿਤਸਰ, ਸੰਤ ਬਾਬਾ ਸਰਦਾਰਾ ਸਿੰਘ ਮੋਰਚਾ ਸਾਹਿਬ ਵਾਲਿਆਂ ਦੀ ਪ੍ਰੇਰਨਾ ਸਦਕਾ ਗੁਰਦੁਆਰਾ ਗੁਰੂ ਨਾਨਕ ਦਰਬਾਰ ਨੇੜੇ ਪਿੰਡ ਕੁਰਾਲਾ ਕਲਾਂ ਵਿਖੇ ਬੱਚਿਆਂ ਨੂੰ ਗੁਰਮਤਿ ਤੇ ਗੁਰਬਾਣੀ ਦੇ ਨਾਲ ਜੁੜਨ ਦਾ ਉਪਰਾਲਾ ਕਰਦੇ ਹੋਏ 20 ਦਿਨਾ ਗੁਰਮਤਿ ਸਿਖਲਾਈ ਕੈਂਪ ਭਲਕੇ 8 ਜੂਨ ਤੋਂ ਸ਼ੁਰੂ ਹੋਵੇਗਾ। ਇਸ ਗੁਰਮਤਿ ਕੈਂਪ ਸੰਬੰਧੀ ਪੋਸਟਰ ਜਾਰੀ ਕਰਦਿਆਂ ਪ੍ਰਬੰਧਕ ਸੇਵਾਦਾਰ ਜਥੇਦਾਰ ਲਖਵੀਰ ਸਿੰਘ ਖਾਲਸਾ, ਜਥੇਦਾਰ ਸੁਖਦੇਵ ਸਿੰਘ, ਜਥੇਦਾਰ ਮਹਿੰਦਰ ਸਿੰਘ ਕੁਰਾਲਾ, ਗੁਰਦੀਪ ਸਿੰਘ ਸਿਹਰਾ, ਜਥੇਦਾਰ ਸੁਰਜੀਤ ਸਿੰਘ ਭੂਲਪੁਰ, ਭਾਈ ਪਰਮਿੰਦਰ ਸਿੰਘ ਕੁਰਾਲਾ ਨੇ ਦੱਸਿਆ ਕਿ ਇਲਾਕੇ ਦੀਆਂ ਸੰਗਤਾਂ ਦੇ ਸਹਿਯੋਗ ਨਾਲ ਲਗਾਏ ਜਾ ਰਹੇ ਇਸ ਗੁਰਮਤਿ ਸਿਖਲਾਈ ਕੈਂਪ ਦੌਰਾਨ ਭਾਗ ਲੈਣ ਵਾਲੇ ਬੱਚਿਆਂ ਨੂੰ ਗੁਰਬਾਣੀ ਸ਼ੁੱਧ ਉਚਾਰਨ, ਸ਼ਬਦ ਕੀਰਤਨ ਸਿਖਿਆ, ਸਿੱਖ ਇਤਿਹਾਸ, ਸਿੱਖ ਮਾਰਸ਼ਲ ਆਰਟ ਗਤਕੇ ਦੀ ਸਿਖਲਾਈ ਦਿੱਤੀ ਜਾਵੇਗੀ। ਪ੍ਰਬੰਧਕ ਸੇਵਾਦਾਰਾਂ ਨੇ ਹੋਰ ਦੱਸਿਆ ਕਿ 28 ਜੂਨ ਨੂੰ ਇਸ ਗਤਕਾ ਕੈਂਪ ਦੀ ਸਮਾਪਤੀ 'ਤੇ ਸੰਤਾਂ ਮਹਾਂਪੁਰਸ਼ਾਂ ਵੱਲੋਂ ਵਿਸ਼ੇਸ਼ ਤੌਰ 'ਤੇ ਪਹੁੰਚੇ ਭਾਗ ਲੈਣ ਵਾਲੇ ਬੱਚਿਆਂ ਨੂੰ ਸਨਮਾਨਤ ਕੀਤਾ ਜਾਵੇਗਾ। ਇਸ ਮੌਕੇ ਪ੍ਰਬੰਧਕ ਸੇਵਾਦਾਰ ਜਥੇਦਾਰ ਲਖਵੀਰ ਸਿੰਘ ਖਾਲਸਾ ਤੇ ਸੁਰਜੀਤ ਸਿੰਘ ਫੂਲ ਕੌਰ ਨੇ ਦੱਸਿਆ ਕਿ ਇਸ ਕੈਂਪ ਦਾ ਮੁੱਖ ਮੰਤਵ ਬੱਚਿਆਂ ਨੂੰ ਗੁਰਬਾਣੀ ਅਤੇ ਗੁਰਮਤਿ ਨਾਲ ਜੋੜਨਾ ਹੈ।

# ਸ੍ਰੀ ਗੁਰੂ ਹਰਗੋਬਿੰਦ ਸਾਹਿਬ ਦੇ ਪ੍ਰਕਾਸ਼ ਪੁਰਬ ਮੌਕੇ ਛਬੀਲ ਲਗਾਈ



ਜਲੰਧਰ (ਰਾਜੇਸ਼ ਥਾਪਾ )ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਦੇ ਪ੍ਰਕਾਸ਼ ਪੁਰਬ ਦੇ ਸ਼ੁੱਭ ਦਿਹਾੜੇ 'ਤੇ ਬਸਤੀ ਦਾਨਿਸ਼ਮੰਦਾਂ ਵਿਖੇ ਸੀ ਗੁਰੂ ਨਾਨਕ ਦੇਵ ਚੈਰੀਟੇਬਲ ਸੁਸਾਇਟੀ ਵੱਲੋਂ ਸੁਸਾਇਟੀ ਸਰਪ੍ਰਸਤ ਗੁਰਦੀਪ ਸਿੰਘ ਛਾਬੜਾ ਦੀ ਅਗਵਾਈ ਹੇਠ ਛਬੀਲ ਦਾ ਲੰਗਰ ਲਗਾਇਆ ਗਿਆ। ਡਾ: ਗੁਰਵਿੰਦਰ ਪਾਲ ਸਿੰਘ ਛਾਬੜਾ (ਪ੍ਰਧਾਨ), ਡਾ: ਮਨਮੀਤ ਬੀ.ਐਸ. ਮਦਾਨ (ਜਨਰਲ ਸਕੱਤਰ), ਪਰਵੀਨ ਕੇ ਰਮਦਾਸੀਆ (ਖਜਾਨਚੀ) ਅਤੇ ਸ੍ਰੀਮਤੀ ਕਮਲਜੀਤ ਕੌਰ ਗਿੱਲ (ਕਾਰਜਕਾਰੀ ਮੈਂਬਰ) ਹਾਜ਼ਰ ਸਨ।

# ਫਗਵਾੜਾ ਵਿਖੇ ਰੋਜ਼ਗਾਰ ਮੇਲਾ ਅੱਜ

**ਫਗਵਾੜਾ, (ਇੰਦਰਜੀਤ ਸਿੰਘ ਮਠਾੜੂ )**-ਪੰਜਾਬ ਸਰਕਾਰ ਵੱਲੋਂ ਨੌਜਵਾਨਾਂ ਨੂੰ ਰੁਜ਼ਗਾਰ ਦੇਣ ਦੇ ਮੰਤਵ ਨਾਲ ਲਾਏ ਜਾ ਰਹੇ ਰੁਜ਼ਗਾਰ ਮੇਲਿਆਂ ਦੀ ਲੜੀ ਵਿਚ 7 ਜੂਨ ਨੂੰ ਸਰਕਾਰੀ ਆਈ.ਟੀ.ਆਈ.(ਲੜਕੀਆਂ) ਫਗਵਾੜਾ ਵਿਖੇ ਰੁਜ਼ਗਾਰ ਮੇਲਾ ਲਗਾਇਆ ਜਾਵੇਗਾ। ਡਿਪਟੀ ਕਮਿਸ਼ਨਰ ਕੈਪਟਨ ਕਰਨੈਲ ਸਿੰਘ ਨੇ ਵੱਧ ਤੋਂ ਵੱਧ ਨੌਜਵਾਨਾਂ ਨੂੰ ਰੁਜ਼ਗਾਰ ਮੇਲੇ ਦਾ ਲਾਭ ਲੈਣ ਦਾ ਸੱਦਾ ਦਿੰਦਿਆਂ ਕਿਹਾ ਕਿ ਮੇਲੇ ਦੌਰਾਨ ਜਿੱਥੇ ਵੱਧ ਤੋਂ ਵੱਧ ਨੌਜਵਾਨਾਂ ਨੂੰ ਨਾਮੀ ਕੰਪਨੀਆਂ ਵਿਚ ਰੁਜ਼ਗਾਰ ਦਿਵਾਉਣ ਲਈ ਅਗਵਾਈ ਪ੍ਰਦਾਨ ਕੀਤੀ ਜਾਵੇਗੀ ਉੱਥੇ ਹੀ ਉਨ੍ਹਾਂ ਨੂੰ ਸਵੈ ਰੁਜ਼ਗਾਰ ਦੇ ਕਾਬਲ ਬਣਾਉਣ ਲਈ ਤਕਨੀਕੀ, ਪ੍ਰਸ਼ਾਸਕੀ ਸਹਾਇਤਾ ਪ੍ਰਦਾਨ ਕਰਨ ਦੇ ਨਾਲ-ਨਾਲ ਅਸਾਨ ਦਰਾਂ 'ਤੇ ਕਰਜ਼ ਮੁਹੱਈਆ ਕਰਵਾਉਣ ਦੇ ਯਤਨ ਵੀ ਕੀਤੇ ਜਾਣਗੇ। ਉਨ੍ਹਾਂ ਦੱਸਿਆ ਕਿ ਮੇਲੇ ਵਿੱਚ ਪ੍ਰਾਈਵੇਟ ਖੇਤਰ ਦੀਆਂ ਨਾਮਵਰ ਕੰਪਨੀਆਂ ਜੇ.ਸੀ.ਟੀ., ਫਾਈਨ ਸਵਿੱਚਸ, ਬਾਵਾ ਇੰਡਸਟਰੀਜ਼, ਜੀ.ਐਨ.ਏ ਐਕਸਲ, ਜੀ.ਐਨ.ਏ. ਇੰਟਰਪ੍ਰਾਈਜਸ ਅਤੇ ਸੁਖਜੀਤ ਸਟਾਰਚ ਆਦਿ ਵੱਲੋਂ ਭਾਗ ਲੈ ਕੇ ਯੋਗ ਉਮੀਦਵਾਰਾਂ ਦੀ ਚੋਣ ਕੀਤੀ ਜਾਵੇਗੀ। ਵਧੀਕ ਡਿਪਟੀ ਕਮਿਸ਼ਨਰ (ਵਿ) ਕਮ ਸੀ.ਈ.ਓ. ਜ਼ਿਲ੍ਹਾ ਰੁਜ਼ਗਾਰ ਅਤੇ ਕਾਰੋਬਾਰ ਬਿਊਰੋ ਪਰਮਜੀਤ ਕੌਰ ਨੇ ਦੱਸਿਆ ਕਿ ਮੇਲੇ ਵਿੱਚ ਦਸਵੀਂ, ਬਾਰ੍ਹਵੀਂ, ਆਈ.ਟੀ.ਆਈ., ਡਿਪਲੋਮਾ ਹੋਲਡਰ, ਬੀ.ਟੈਕ, ਗਰੈਜੂਏਟ ਅਤੇ ਪੋਸਟ ਗਰੈਜੂਏਟ ਪ੍ਰਾਰਥੀ ਭਾਗ ਲੈ ਸਕਦੇ ਹਨ। ਉਨ੍ਹਾਂ ਦੱਸਿਆ ਕਿ ਜਾਣਕਾਰੀ ਲਈ ਜ਼ਿਲ੍ਹਾ ਰੋਜ਼ਗਾਰ ਅਤੇ ਕਾਰੋਬਾਰ ਬਿਊਰੋ ਦੇ ਹੈਲਪਲਾਈਨ ਨੰਬਰ 98882-19247 'ਤੇ ਸੰਪਰਕ ਕੀਤਾ ਜਾ ਸਕਦਾ ਹੈ।

# ਡੈਮ ਮੁਲਾਜ਼ਮਾਂ ਦੀਆਂ ਮੁਸ਼ਕਲਾਂ ਵਾਰੇ ਕੈਬਨਿਟ ਮੰਤਰੀ ਨਾਲ ਕੀਤਾ ਵਿਚਾਰ-ਵਟਾਂਦਰਾ



**ਭੋਗਪੁਰ: (ਗੁਰਪ੍ਰੀਤ ਸਿੰਘ ਭੋਗਲ)**-ਹਲਕਾ ਕਰਤਾਰਪੁਰ ਦੇ ਵਿਧਾਇਕ ਬਲਕਾਰ ਸਿੰਘ ਨੂੰ ਕੈਬਨਿਟ ਮੰਤਰੀ ਬਣਨ 'ਤੇ ਕ੍ਰਾਂਤੀਕਾਰੀ ਪ੍ਰੈੱਸ (ਰਜਿ) ਦੇ ਚੇਅਰਮੈਨ ਪੀ ਸੀ ਰਾਉਤ ਅਤੇ ਆਰ ਐਸ ਡੀ ਸ਼ਾਹਪੁਰ ਕੰਡੀ ਫੌਰਮੈਨ ਯੂਨੀਅਨ ਦੇ ਪ੍ਰਧਾਨ ਅਮਰਜੀਤ ਸਿੰਘ ਜੰਡੀਰ ਨੇ ਉਨ੍ਹਾਂ ਨੂੰ ਵਧਾਈ ਦਿੱਤੀ ਫੁੱਲਾਂ ਦੇ ਗੁਲਦਸਤੇ ਨਾਲ ਸਨਮਾਨਤ ਕੀਤਾ ਗਿਆ। ਟੂਲ ਪਲਾਜ਼ਾ ਅਤੇ ਰਣਜੀਤ ਸਾਗਰ ਡੈਮ ਮੁਲਾਜ਼ਮਾਂ ਨੂੰ ਆ ਰਹੀਆਂ ਮੁਸ਼ਕਲਾਂ ਬਾਰੇ ਵਿਚਾਰ ਵਟਾਂਦਰਾ ਵੀ ਕੀਤਾ ਗਿਆ। ਕੈਬਨਿਟ ਮੰਤਰੀ ਬਲਕਾਰ ਸਿੰਘ ਵੱਲੋਂ ਵਿਸ਼ਵਾਸ ਦੁਆਇਆ ਗਿਆ ਕਿ ਉਹ ਪਹਿਲ ਦੇ ਅਧਾਰ 'ਤੇ ਮੁਸ਼ਕਲਾਂ ਦਾ ਹੱਲ ਕਰਨਗੇ। ਇਸ ਮੌਕੇ ਡਾ. ਮਹਿੰਦਰਜੀਤ ਸਿੰਘ, ਗੁਰਪਾਲ ਸਿੰਘ, ਸਲਵਿੰਦਰ ਸਿੰਘ ਲੱਕੀ, ਗੁਰਨਾਮ ਸਿੰਘ, ਵਰਿੰਦਰ ਸਿੰਘ, ਭਪਿੰਦਰ ਸਿੰਘ ਸਰਪੰਚ, ਨਰਿੰਦਰ ਪਾਲ, ਗੁਰਪਾਲ ਸਿੰਘ, ਸੁਭਾਸ਼ ਚੰਦਰ, ਅੰਮ੍ਰਿਤਪਾਲ ਸਿੰਘ, ਇੰਦਰਜੀਤ, ਚੱਡਾ, ਜਸਵੀਰ ਸਿੰਘ, ਰਮਨ ਮਿੱਤਲ, ਸੁਖਵਿੰਦਰ ਜੰਡੀਰ ਸ਼ਹਿਰੀ ਪ੍ਰਧਾਨ, ਹਰਮੀਤ ਸਿੰਘ, ਆਦਿ ਹਾਜ਼ਰ ਸਨ।

# ਅਫੀਮ ਵੇਚਣ ਵਾਲੇ 2 ਤਸਕਰ ਗ੍ਰਿਫਤਾਰ

**ਅੱਡਾ ਸਰਾਂ (ਜਸਵੀਰ ਕਾਜਲ)**-ਇੰਸਪੈਕਟਰ ਉਕਾਰ ਸਿੰਘ ਬਰਾੜ ਮੁੱਖ ਅਫਸਰ ਥਾਣਾ ਟਾਂਡਾ ਜ਼ਿਲ੍ਹਾ ਹੁਸ਼ਿਆਰਪੁਰ ਨੇ ਦੱਸਿਆ ਕਿ ਸੀਨੀਅਰ ਪੁਲਸ ਕਪਤਾਨ ਹੁਸ਼ਿਆਰਪੁਰ ਸਰਤਾਜ ਸਿੰਘ ਚਾਹਲ ਨੇ ਜ਼ਿਲ੍ਹੇ ਅੰਦਰ ਮਾੜੇ ਅਨਸਰਾਂ ਉਪਰ ਕਾਬੂ ਪਾਉਣ ਲਈ ਵਿਸ਼ੇਸ਼ ਮੁਹਿੰਮ ਚਲਾਈ ਹੋਈ ਸੀ ਜਿਸ ਤਹਿਤ ਸਰਬਜੀਤ ਸਿੰਘ ਐਸ ਪੀ, ਕੁਲਵੰਤ ਸਿੰਘ ਡੀ.ਐਸ.ਪੀ ਸਬ ਡਵੀਜ਼ਨ ਟਾਂਡਾ ਦੀ ਅਗਵਾਈ ਵਿਚ ਥਾਣਾ ਟਾਂਡਾ ਦੇ ਅਧੀਨ ਆਉਂਦੇ ਏਰੀਆਂ ਵਿਚ ਨਸ਼ਾ ਸਪਲਾਈ ਕਰਨ ਵਾਲੇ/ਮਾੜੇ ਅਨਸਰਾਂ ਨੂੰ ਗ੍ਰਿਫਤਾਰ ਕਰਨ ਲਈ ਉਪਰਾਲੇ ਕੀਤੇ ਜਾ ਰਹੇ ਹਨ। 5 ਜੂਨ ਨੂੰ ਏ.ਐਸ.ਆਈ ਮਦਨ ਸਿੰਘ ਚੌਕੀ ਸਰਾ ਸਮੇਤ ਪੁਲਸ ਪਾਰਟੀ ਨੂੰ ਉਸ ਸਮੇਂ ਵੱਡੀ ਸਫਲਤਾ ਹਾਸਲ ਹੋਈ ਜਦੋਂ ਗਸ਼ਤ ਦੇ ਸੰਬੰਧ ਵਿਚ ਮੇਨ ਜੀ ਟੀ ਰੋਡ ਪਿੰਡ ਦੱਟਾ ਪੁਲੀ ਮੌਜੂਦ ਸੀ ਕਿ ਪਿੰਡ ਹੰਬੜਾਂ ਵੱਲੋਂ ਪੈਦਲ ਆਉਂਦੇ ਦੋ ਨੌਜਵਾਨਾਂ ਨੂੰ ਕਾਬੂ ਕੀਤਾ ਜਿਨ੍ਹਾਂ ਪਾਸੋਂ ਭਾਰੀ ਮਾਤਰਾ ਵਿਚ ਅਫੀਮ ਬ੍ਰਾਮਦ ਹੋਈ। ਜਿਸ 'ਤੇ ਤੁਰੰਤ ਮੁਕੱਦਮਾ ਦਰਜ ਰਜਿਸਟਰ ਕਰਕੇ ਲੋੜੀਂਦੀ ਕਾਰਵਾਈ ਅਮਲ ਵਿਚ ਲਿਆਂਦੀ ਗਈ। ਦੋਸ਼ੀਆਨ ਨੂੰ ਮਾਨਯੋਗ ਅਦਾਲਤ ਵਿਚ ਪੇਸ਼ ਕਰਕੇ ਰਿਮਾਂਡ ਹਾਸਲ ਕਰਕੇ ਹੋਰ ਵੀ ਡੂੰਘਾਈ ਨਾਲ ਪੁੱਛਗਿੱਛ ਕੀਤੀ ਜਾਵੇਗੀ ਕਿ ਇਹ ਅਫੀਮ ਕਿਥੇ ਅਤੇ ਕਿਨ੍ਹਾਂ ਸਾਥਨਾ ਰਾਹੀਂ ਖਰੀਦੀ ਗਈ ਹੈ। ਤਫਤੀਸ਼ ਕੀਤੀ ਜਾ ਰਹੀ ਹੈ ।



# ਬੇਰੋਜ਼ਗਾਰ ਨੌਜਵਾਨਾਂ ਲਈ ਰੋਜ਼ਗਾਰ ਮੇਲਾ ਅੱਜ

**ਜਲੰਧਰ (ਇਕਬਾਲ ਸਿੰਘ ਉਭੀ)**- ਜ਼ਿਲ੍ਹਾ ਰੋਜ਼ਗਾਰ ਤੇ ਕਾਰੋਬਾਰ ਬਿਊਰੋ ਵੱਲੋਂ ਅੱਜ ਆਪਣੇ ਦਫਤਰ ਵਿਖੇ ਸਵੇਰੇ 10:00 ਵਜੇ ਤੋਂ ਰੋਜ਼ਗਾਰ ਮੇਲਾ ਲਗਾਇਆ ਜਾ ਰਿਹਾ ਹੈ, ਜਿਸ ਵਿੱਚ ਨੌਜਵਾਨਾਂ ਨੂੰ ਰੋਜ਼ਗਾਰ ਦੇ ਵੱਧ ਤੋਂ ਵੱਧ ਮੌਕੇ ਪ੍ਰਦਾਨ ਕਰਨ ਲਈ ਨਾਮੀ ਕੰਪਨੀਆਂ ਵੱਲੋਂ ਸ਼ਿਰਕਤ ਕੀਤੀ ਜਾਵੇਗੀ। ਇਸ ਸੰਬੰਧੀ ਰੋਜ਼ਗਾਰ ਉਤਪਤੀ, ਹੁਨਰ ਵਿਕਾਸ ਤੇ ਸਿਖਲਾਈ ਅਫ਼ਸਰ ਰਣਜੀਤ ਕੌਰ ਨੇ ਦੱਸਿਆ ਕਿ ਡਿਪਟੀ ਕਮਿਸ਼ਨਰ ਦੀਪ ਸ਼ਿਖਾ ਸ਼ਰਮਾ ਦੀ ਅਗਵਾਈ ਵਿੱਚ ਜ਼ਿਲ੍ਹੇ ਦੇ ਨੌਜਵਾਨ ਲੜਕੇ ਤੇ ਲੜਕੀਆਂ ਨੂੰ ਰੋਜ਼ਗਾਰ ਦੇ ਵੱਧ ਤੋਂ ਵੱਧ ਮੌਕੇ ਮੁਹੱਈਆ ਕਰਵਾਉਣ ਲਈ ਜ਼ਿਲ੍ਹਾ ਰੋਜ਼ਗਾਰ ਤੇ ਕਾਰੋਬਾਰ ਬਿਊਰੋ, ਕਮਰਾ ਨੰ.313 ਤੀਜੀ ਮੰਜ਼ਿਲ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਲਾਡੋਵਾਲੀ ਰੋਡ ਵਿਖੇ ਰੋਜ਼ਗਾਰ ਮੇਲਾ ਲਗਾਇਆ ਜਾ ਰਿਹਾ ਹੈ, ਜਿਸ ਵਿੱਚ ਐਕਸਿਸ ਬੈਂਕ, ਯੈਸ ਬੈਂਕ, ਐਸ.ਬੀ.ਆਈ., ਆਈ.ਸੀ.ਆਈ.ਸੀ.ਆਈ., ਐਚ.ਡੀ.ਐਫ.ਸੀ. ਬੈਂਕ, ਜਨ ਸਮਾਲ ਫਾਇਨਾਂਸ ਬੈਂਕ, ਪੇਅ ਟੀ ਐਮ, ਬਾਇਜੂਜ਼, ਐਲ.ਆਈ.ਸੀ., ਵਿਸ਼ਾਲ ਟੂਲਸ, ਮਾਹਵਾਹਾ ਆਟੋਜ਼, ਵਿਨੀਤ ਸਕਿਓਰਿਟੀ, ਹਰਬਲਾਈਫ਼ ਨਿਊਟ੍ਰੀਸ਼ਨ, ਪੁਖਰਾਜ ਹੈਲਥ ਕੇਅਰ ਅਤੇ ਏਜਾਇਲ ਆਦਿ ਵਰਗੀਆਂ ਉਘੀਆਂ ਕੰਪਨੀਆਂ ਸ਼ਿਰਕਤ ਕਰਨਗੀਆਂ। ਉਨ੍ਹਾਂ ਅੱਗੇ ਦੱਸਿਆ ਕਿ ਮੇਲੇ ਵਿੱਚ ਅੱਠਵੀਂ, ਦਸਵੀਂ, ਬਾਰ੍ਹਵੀਂ, ਆਈ.ਟੀ.ਆਈ., ਡਿਪਲੋਮਾ, ਗ੍ਰੈਜੂਏਟ ਅਤੇ ਪੋਸਟ ਗ੍ਰੈਜੂਏਟ ਆਦਿ ਲੜਕੇ ਤੇ ਲੜਕੀਆਂ ਭਾਗ ਲੈ ਸਕਦੇ ਹਨ ਅਤੇ ਚਾਹਵਾਨ ਉਮੀਦਵਾਰ ਰੋਜ਼ਗਾਰ ਮੇਲੇ ਵਿੱਚ ਆਪਣਾ ਬਾਇਓਡਾਟਾ, ਅਧਾਰ ਕਾਰਡ, ਵਿੱਦਿਅਕ ਯੋਗਤਾ ਦੇ ਸਰਟੀਫਿਕੇਟ ਆਦਿ ਨਾਲ ਲੈ ਕੇ ਆਉਣ। ਉਨ੍ਹਾਂ ਕਿਹਾ ਕਿ ਵਧੇਰੇ ਜਾਣਕਾਰੀ ਲਈ ਹੈਲਪਲਾਈਨ ਨੰਬਰ 90569-20100 'ਤੇ ਵੀ ਸੰਪਰਕ ਕੀਤਾ ਜਾ ਸਕਦਾ ਹੈ।

# ਕੇਂਦਰ ਨੇ ਸਵੱਛ ਭਾਰਤ ਮਿਸ਼ਨ ਤਹਿਤ ਕਾਰਪੋਰੇਸ਼ਨ ਨੂੰ ਭੇਜੇ ਪੰਜ ਟੈਂਪੂ ਤੇ ਇੱਕ ਟਿੱਪਰ

**ਫਗਵਾੜਾ ( ਡਾ. ਰਮਨ, ਢੱਡਾ )**- ਕੇਂਦਰ ਦੀ ਨਰਿੰਦਰ ਮੋਦੀ ਸਰਕਾਰ ਵੱਲੋਂ ਸਵੱਛ ਭਾਰਤ ਮਿਸ਼ਨ ਤਹਿਤ ਫਗਵਾੜਾ ਨਗਰ ਨਿਗਮ ਨੂੰ ਪੰਜ ਟੈਂਪੂ ਅਤੇ ਇੱਕ ਟਿੱਪਰ ਭੇਜਿਆ ਗਿਆ। ਇਸ ਸੰਬੰਧੀ ਜਾਣਕਾਰੀ ਦਿੰਦਿਆਂ ਸ਼ਹਿਰ ਦੇ ਸਾਬਕਾ ਮੇਅਰ ਅਰੁਣ ਖੋਸਲਾ ਨੇ ਦੱਸਿਆ ਕਿ ਕੇਂਦਰੀ ਮੰਤਰੀ ਸੋਮ ਪ੍ਰਕਾਸ਼ ਕੈਂਥ ਦੇ ਯਤਨਾਂ ਸਦਕਾ ਫਗਵਾੜਾ ਨੂੰ ਸਾਫ਼ ਸੁਥਰਾ ਰੱਖਣ ਲਈ ਇਹ ਤੋਹਫ਼ਾ ਦਿੱਤਾ ਗਿਆ ਹੈ, ਜਿਸ ਲਈ ਉਹ ਸ਼ਹਿਰ ਵਾਸੀਆਂ ਦੀ ਤਰਫੋਂ ਕੇਂਦਰੀ ਮੰਤਰੀ ਸੋਮ ਪ੍ਰਕਾਸ਼ ਅਤੇ ਕੇਂਦਰ ਸਰਕਾਰ ਦੇ ਧੰਨਵਾਦੀ ਹਨ। ਉਨ੍ਹਾਂ ਕਿਹਾ ਕਿ ਇਸ ਤੋਂ ਪਹਿਲਾਂ ਵੀ ਕੇਂਦਰ ਵੱਲੋਂ ਇਸ ਮਿਸ਼ਨ ਤਹਿਤ ਫਗਵਾੜਾ ਨਿਗਮ ਨੂੰ ਕਈ ਵਾਰ ਵਾਹਨ ਦਿੱਤੇ ਗਏ ਸਨ ਪਰ ਦੁੱਖ ਦੀ ਗੱਲ ਹੈ ਕਿ ਨਿਗਮ ਅਧਿਕਾਰੀਆਂ ਵੱਲੋਂ ਵਾਹਨਾਂ ਦੀ ਸਹੀ ਸੰਭਾਲ ਨਹੀਂ ਕੀਤੀ ਗਈ। ਉਨ੍ਹਾਂ ਆਸ ਪ੍ਰਗਟਾਈ ਕਿ ਇਸ ਵਾਰ ਪ੍ਰਾਪਤ ਹੋਏ ਵਾਹਨਾਂ ਦੀ ਸਹੀ ਸੰਭਾਲ ਕੀਤੀ ਜਾਵੇਗੀ ਤਾਂ ਜੋ ਫਗਵਾੜਾ ਸ਼ਹਿਰ ਨੂੰ ਸਾਫ਼ ਸੁਥਰਾ ਰੱਖਣ ਵਿੱਚ ਇਨ੍ਹਾਂ ਵਾਹਨਾਂ ਦੀ ਸਹੀ ਵਰਤੋਂ ਕੀਤੀ ਜਾ ਸਕੇ। ਇਸ ਮੌਕੇ ਉਨ੍ਹਾਂ ਨਾਲ ਭਾਜਪਾ ਮੰਡਲ ਫਗਵਾੜਾ ਦੇ ਪ੍ਰਧਾਨ ਵਿੱਕੀ ਸੂਦ, ਭਾਰਤੀ ਸ਼ਰਮਾ, ਬਲਰਾਮ ਸ਼ਰਮਾ, ਭੂਸ਼ਨ ਕਾਲੀਆ, ਹੈਪੀ ਬਰੋਕਰ, ਯੂਥ ਆਗੂ ਨਿਤਿਨ ਚੱਢਾ ਤੇ ਵਿਪਨ ਬੇਦੀ ਆਦਿ ਵੀ ਹਾਜ਼ਰ ਸਨ।



**ਸਾਂਝੀ ਵਿਰਾਸਤ ਸੋਸਾਇਟੀ ਵੱਲੋਂ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਨਕੋਦਰ ਵਿਖੇ ਦਰੱਖਤ ਲਗਾ ਕੇ ਵਿਸ਼ਵ ਵਾਤਾਵਰਣ ਦਿਵਸ ਮਨਾਉਂਦੇ ਹੋਏ ਲੈਕਚਰਾਰ ਸੁਖਵਿੰਦਰ ਕੌਰ, ਮੀਨਾ ਮੈਡਮ, ਸਰਸਾ ਮੈਡਮ,ਅਸੈਸਟੈਂਟ ਮਹਿੰਦਰ ਸਿੰਘ, ਜਸਪ੍ਰੀਤ, ਹਰਜੀਤ, ਧਰੁਵ, ਪ੍ਰਿੰਸ ਆਦਿ। (ਫੋਟੋ ਤੇ ਵੇਰਵਾ : ਬਾਲ ਕ੍ਰਿਸ਼ਨ ਬਾਲੀ)**